# ਸ੍ਰੀ ਉਪਾਸਕ ਦਸ਼ਾਂਗ ਸੂਤਰ

(सिरि उवासगदसा)

(SHRI UPASAK DASHANG SUTTRA)

(ਪੰਜਾਬੀ ਅਨੁਵਾਦ, ਟਿਪਨੀਆਂ ਅਤੇ ਤੁਲਨਾਤਮਕ ਅਧਿਐਨ)

ਪ੍ਰੇਰਕ :

**ਜੈਨ ਸਾਧਵੀ ਰਤਨ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ**




ਅਨੁਵਾਦਕ :

ਰਵਿੰਦਰ ਕੁਮਾਰ ਜੈਨ

ਸੰਪਾਦਕ :

ਪੁਰਸ਼ੋਤਮ ਦਾਸ ਜੈਨ



ਪ੍ਰਕਾਸ਼ਕ :

੨੫ਵੀਂ ਮਹਾਂਵੀਰ ਨਿਰਵਾਨ ਸ਼ਤਾਬਦੀ ਸੰਯੋਜਿਕਾ ਸਮਿਤੀ (ਪੰਜਾਬ)

# ਧੰਨਵਾਦ

ਪੰਚੀਸਵੀਂ ਮਹਾਂਵੀਰ ਨਿਰਵਾਨ ਸੰਤਾਵਦੀ ਸੰਯੋਜਿਕਾ ਸਮਿਤੀ ਪੰਜਾਬ ਦੀ ਸਥਾਪਨਾ ਭਗਵਾਨ ਮਹਾਂਵੀਰ ਦੇ ਉਪਦੇਸ਼ਾਂ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਲੈ ਕੇ ਹੋਈ ਸੀ। ਇਸ ਸਮਿਤੀ ਦੀ ਸਥਾਪਨਾ ਵਿਚ ਜੈਨ ਭੂਸ਼ਨ ਭੰਡਾਰੀ ਸ਼੍ਰੀ ਪਦਮ ਚੰਦ ਜੀ ਮਹਾਰਾਜ ਅਤੇ ਸਾਧਵੀਂ ਸਵਰਨ ਕਾਂਤਾ ਜੀ ਦਾ ਪ੍ਰਮੁਖ ਹੱਥ ਸੀ। ਇਸ ਦੇ ਸੰਸਥਾਪਕਾਂ ਵਿਚ ਇਸ ਗਰੰਥ ਦੇ ਅਨੁਵਾਦਕ ਰਵਿੰਦਰ ਕੁਮਾਰ ਜੈਨ ਦੇ ਅਤੇ ਸੰਪਾਦਕ ਪੁਰਸ਼ੋਤਮ ਦਾਸ ਜੈਨ ਦਾ ਪ੍ਰਮੁਖ ਹਿੱਸਾ ਰਿਹਾ ਹੈ। ਇਸੇ ਸਮਿਤੀ ਤੋਂ ਅਗੇ ਸਰਕਾਰੀ ਸਮਿਤੀ, ਫੇਰ ਸ਼੍ਰੀ ਮਹਾਂਵੀਰ ਜੈਨ ਸੰਘ ਪੰਜਾਬ ਬਣੇ। ਇਹ ਸਮਿਤੀ ਲਗਾਤਾਰ 8 ਸਾਲ ਤੋਂ ਅਪਣੇ ਪ੍ਰਚਾਰ ਵਿਚ ਲਗੀ ਹੋਈ ਹੈ। ਇਸਦਾ ਪ੍ਰਮੁਖ ਕੰਮ ਪੰਜਾਬੀ ਵਿਚ ਆਮ ਲੋਕਾਂ ਲਈ ਜੈਨ ਸਾਹਿਤ ਤਿਆਰ ਕਰਨਾ ਹੈ।

ਸਾਨੂੰ ਖੁਸ਼ੀ ਹੈ ਕਿ ਅਸੀਂ ਬੜੀਆਂ ਕਠਿਨਾਈਆਂ ਨੂੰ ਪਾਰ ਕਰਦੇ ਹੋਏ ਸ਼੍ਰੀ ਉਤਰਾਧਿਐਨ ਸੂਤਰ ਦੇ ਪੰਜਾਬੀ ਅਨੁਵਾਦ ਤੋਂ ਬਾਅਦ ਸ਼੍ਰੀ ਉਪਾਸਕ ਦਸਾਂਗ ਸੂਤਰ ਦਾ ਪੰਜਾਬੀ ਅਨੁਵਾਦ ਪਾਠਕਾਂ ਤਕ ਪਹੁੰਚਾ ਰਹੇ ਹਾਂ

ਇਸ ਗਰੰਥ ਦੇ ਪ੍ਰਕਾਸ਼ਨ, ਦਾ ਸਾਰਾ ਖਰਚਾ ਜੈਨ ਸਾਧਵੀ ਰਤਨ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ ਦੀ ਸੰਸਾਰਿਕ ਮਾਤਾ ਸ਼੍ਰੀ ਮਤੀ ਦੁਰਗੀ ਦੇਵੀ ਜੈਨ ਪਤਨੀ ਸਵਰਗੀਵਾਸੀ ਲਾਲਾ ਖਜਾਨਚੰਦ ਜੈਨ ਲਾਹੌਰ ਨੇ ਆਪਣੇ ਪਤਿ ਦੀ ਯਾਦ ਵਿਚ ਦਿਤਾ ਹੈ। ਮਾਤਾ ਜੀ ਸਮੇਂ ਸਮੇਂ ਧਰਮ ਕੰਮਾਂ ਵਿਚ ਸਹਿਯੋਗ ਦਿੰਦੇ ਰਹੇ ਹਨ। ਪਰ ਉਥੇ ਇਸ ਵਾਰ ਉਨ੍ਹਾਂ ਆਪਣੀ ਦਾਨ ਵੀਰਤਾ ਦਾ ਸਬੂਤ ਦੇ ਕੇ ਜਿਥੇ ਧਰਮ ਪ੍ਰਚਾਰ ਵਿਚ ਹੱਥ ਬਟਾਇਆ ਹੈ। ਸ਼੍ਰੀ ਸੰਘ ਦੀ ਸੇਵਾ ਕੀਤੀ ਹੈ ਉਥੇ ਸਾਰੇ ਪੰਜਾਬੀ ਪਾਠਕਾਂ ਨੂੰ ਇਕ ਅਨਮੋਲ ਰਤਨ ਸ਼੍ਰੀ ਉਪਾਸਕ ਦਸਾਂਗ ਸੂਤਰ ਰੂਪ ਵਿਕ ਭੇਂਟ ਕੀਤਾ ਹੈ। ਆਸ ਕਰਦੇ ਹਾਂ ਕਿ ਭਵਿੱਖ ਵਿਚ ਸ਼੍ਰੀ ਮਾਤਾ ਦੁਰਗਾ ਦੇਵੀ ਸਹਿਯੋਗ ਦਿੰਦੇ ਰਹਿਣਗੇ।

ਅਸੀਂ ਇਸ ਮੌਕੇ ਤੇ ਸਾਰੇ ਅਚਾਰਿਆ, ਸਾਧੂ, ਸਾਧਵੀਆਂ ਅਤੇ ਗ੍ਰਹਿਸਥਾਂ ਦਾ ਸਮਿਤਿ ਅਤੇ ਸੂਤਰ ਦੇ ਛਪਣ ਵਿਚ ਸਾਹਯੋਗ ਲਈ ਧੰਨਵਾਦੀ ਹਾਂ।

ਸ਼੍ਰੀ ਸੰਘ ਦੇ ਦਾਸ — ਸੰਤ ਕੁਮਾਰ ਜੈਨ ਜਨਰਲ ਸੈਕਟਰੀ

ਭੋਜ ਰਾਜ ਜੈਨ ਪ੍ਰਧਾਨ — M. A. B. T.

ਪਚੀਸਵੀਂ ਮਹਾਂਵੀਰ ਨਿਰਵਾਨ ਸ਼ਤਾਬਦੀ ਸੰਯੋਜਿਕਾ ਸਮਿਤੀ, ਪੰਜਾਬ

ਰਾਮਪੁਰੀਆਂ ਸਟਰੀਟ, ਮਾਲੇਰਕੋਟਲਾ

# ਸਮੱਰਪਨ

ਜੈਨ ਧਰਮ ਵਿਚ ਇਸਤਰੀ ਜਾਤੀ ਦਾ ਪ੍ਰਮੁੱਖ ਸਥਾਨ ਰਿਹਾ ਹੈ। ਹਰ ਤੀਰਥੰਕਰ ਸਾਧੂ, ਸਾਧਵੀ, ਉਪਾਸਕ ਉਪਾਸਿਕਾ ਰੂਪੀ ਤੀਰਥ ਦੀ ਸਥਾਪਨਾ ਕਰਦਾ ਹੈ। ਹਰ ਤੀਰਥੰਕਰ ਦੇ ਸਮੇਂ ਹਜ਼ਾਰਾਂ ਇਸਤਰੀਆਂ ਨੇ ਵੀ ਪੁਰਸ਼ਾਂ ਦੇ ਨਾਲ ਤੱਪ ਤਿਆਗ ਦਾ ਮਾਰਗ ਗ੍ਰਹਿਣ ਕਰਕੇ ਆਤਮ ਕਲਿਆਨ ਕੀਤਾ ਹੈ। ਇਕੱਲੇ ਭਗਵਾਨ ਮਹਾਂਵੀਰ ਦੀਆਂ 36000 ਸਾਧਵੀਆਂ ਸਨ। ਸੋ ਆਗਮਾਂ ਵਿਚ ਅਨੇਕਾਂ ਜੈਨ ਸਾਧਵੀਆਂ ਦੇ ਤੱਪ ਤਿਆਗ ਦਾ ਵਰਨਣ ਸ਼ਾਇਦ ਹੀ ਕਿਸੇ ਧਰਮ ਵਿਚ ਮਿਲਦਾ ਹੋਵੇ।

ਇਸੇ ਸਾਧਵੀ ਪਰੰਪਰਾ ਨੂੰ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਨੇ ਸਵੀਕਾਰ ਕੀਤਾ। ਆਪ ਦਾ ਜਨਮ ਪੰਜਾਬ ਦੇ ਇਕ ਪ੍ਰਸਿਧ ਜੈਨ ਘਰਾਣੇ ਵਿਚ 26 ਜਨਵਰੀ 1929 ਨੂੰ ਲਾਹੌਰ ਵਿਖੇ ਹੋਇਆ। ਆਪ ਦੇ ਪਿਤਾ ਸਵਰਗਵਾਸੀ ਖਜਾਨ ਚੰਦ ਸਨ ਅਤੇ ਮਾਤਾ ਸ੍ਰੀ ਮਤੀ ਦੁਰਗੀ ਦੇਵੀ ਜੀ ਸਨ। ਆਪ ਦੇ ਮਾਤਾ ਪਿਤਾ ਜੈਨ ਸਮਾਜ ਦੇ ਧਾਰਮਿਕ ਅਤੇ ਸਮਾਜਿਕ ਕਾਰਜਾਂ ਵਿਚ ਜੁਟੇ ਰਹਿੰਦੇ ਸਨ। ਆਪ ਦੀ ਮਾਤਾ ਜੀ, ਆਪ ਨੂੰ ਸਮਾਇਕ,ਮੁਨੀਆਂ ਦੇ ਪ੍ਰਵਚਨ ਅਤੇ ਹੋਰ ਸਵਾਧਿਐ ਕਰਨ ਦੀ ਪ੍ਰੇਰਣਾ ਦਿੰਦੇ ਰਹਿੰਦੇ ਸਨ ਸ੍ਰੀ ਸਵਰਨ ਕਾਂਤਾ ਜੀ ਦਾ ਮਨ ਵੀ ਇਨ੍ਹਾਂ ਜੈਨ ਸੰਸਕਾਰਾਂ ਵਿਚ ਇਨਾ ਜੁਟ ਗਿਆ ਕਿ ਉਹ ਸੰਸਾਰ ਨੂੰ ਅਸਾਰ ਸਮਝਣ ਲਗੇ। ਆਪ ਨੇ ਜਲੰਧਰ ਛਾਵਨੀ ਵਿਖੇ ਛੋਟੀ ਜਿਹੀ ਉਮਰ ਵਿਚ ਹੀ ਖੰਡੇ ਰੂਪੀ ਜੈਨ ਸਾਧਵੀ ਭੇਸ ਧਾਰਨ ਕੀਤਾ। ਆਪ ਬਚਪਨ ਤੋਂ ਬੜੇ ਤੀਖਣ ਬੁਧੀ ਸਨ। ਛੇਤੀ ਆਪਨੇ ਅੰਗਰੇਜੀ, ਪੰਜਾਬੀ, ਹਿੰਦੀ, ਰਾਜਸਥਾਨੀ, ਗੁਜਰਾਤੀ, ਸੰਸਕ੍ਰਿਤ, ਪ੍ਰਾਕ੍ਰਿਤ ਭਾਸ਼ਾ ਦਾ ਗਿਆਨ ਹਾਸਲ ਕਰ ਲਿਆ। ਆਪ ਨੇ ਜੈਨ ਧਰਮ ਦੇ ਪ੍ਰਚਾਰ ਲਈ ਜੰਮੂ ਕਸ਼ਮੀਰ, ਪੰਜਾਬ-ਹਰਿਆਣਾ, ਹਿਮਾਚਲ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿਚ ਭ੍ਰਮਣ ਕੀਤਾ। ਆਪ ਜੀ ਦੀ ਸ਼ੁਭ ਪ੍ਰੇਰਣਾ ਨਾਲ ਸਮਿਤੀ ਵਰਗੇ ਬੜੇ ਬੜੇ ਕੰਮ ਹੋਏ। ਨਾਲ ਨਾਲ ਪੰਜਾਬੀ ਵਿਚ ਜੈਨ ਸਾਹਿਤ ਦਾ ਕੰਮ ਵੀ ਸ਼ੁਰੂ ਹੋਇਆ। ਜੋ ਛੋਟੀਆਂ ੨ ਪੁਸਤਕਾਂ ਤੋਂ ਹਟ ਕੇ ਜੈਨ ਆਗਮਾਂ ਦੇ ਪੰਜਾਬੀ ਅਨੁਵਾਦ ਦਾ ਰੂਪ ਧਾਰਨ ਕਰ ਗਿਆ। ਪਹਿਲਾ ਮੂਲ ਸੂਤਰ ਸ੍ਰੀ ਉਤਰਾਧਿਐਨ ਸੂਤਰ ਦਾ ਅਨੁਵਾਦ (ਮੇਰੇ) ਦਾਸ ਹਥੋਂ ਪੂਰਾ ਹੋਇਆ। ਇਸ ਗਰੰਥ ਦੀ ਛਪਾਈ ਦਾ ਸਾਰਾ ਖਰਚਾ ਆਪ ਜੀ ਨੂੰ

ਜਨਮ ਦੇਣ ਵਾਲੀ ਸ਼੍ਰੀ ਮਤੀ ਦੁਰਗੀ ਦੇਵੀ ਜੈਨ ਨੇ ਆਪਣੇ ਪਤੀ ਸ਼੍ਰੀ ਖਜਾਨ ਚੰਦ ਜੈਨ ਲਾਹੌਰ ਦੀ ਯਾਦ ਵਿਚ ਕੀਤਾ ਹੈ। ਆਪ ਜੀ ਦੀ ਪ੍ਰੇਰਣਾ ਦਾ ਫਲ ਹੈ। ਹੁਣ ਸ਼੍ਰੀ ਉਪਾਸਕ ਦਸਾਂਗ ਸੂਤਰ ਦਾ ਪਹਿਲਾ ਪੰਜਾਬੀ ਅਨੁਵਾਦ ਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ ਨੂੰ ਭੇਂਟ ਕਰਦੇ ਮੈਨੂੰ ਬੇਹੱਦ ਖੁਸ਼ੀ ਹੋ ਰਹੀ ਹੈ। ਮੈਨੂੰ ਆਸ ਹੈ ਕਿ ਆਪ ਜੀ ਦੀ ਛੱਤਰ ਛਾਇਆ ਹੇਠ ਸਮਿਤੀ ਦੇ ਪ੍ਰਚਾਰ ਅਤੇ ਪ੍ਰਸਾਰ ਦਾ ਕੰਮ ਚਲਦਾ ਰਹੇਗਾ। ਅਤੇ ਆਪ ਦਾ ਆਸ਼ੀਰਵਾਦ ਸਾਡੇ (ਰਵਿੰਦਰ-ਪੁਰਸ਼ੋਤਮ) ਦੋਹਾਂ ਉਪਰ ਹਮੇਸ਼ਾ ਰਹੇਗਾ। ਆਗਮ ਦਾ ਕੰਮ ਬਹੁਤ ਔਖਾ ਹੈ। ਗਲਤੀ ਹੋ ਜਾਣਾ ਕੋਈ ਖਾਸ ਗਲ ਨਹੀਂ। ਜੇ ਕੋਈ ਵੀ ਗਲਤੀ ਮੇਰੇ ਵਲੋਂ ਸੰਪਾਦਕ ਤੇ ਪ੍ਰੈਸ ਵਲੋਂ ਹੋ ਗਈ ਹੋਵੇ। ਮੈਂ ਖਿਮਾ ਦਾ ਯਾਚਕ ਹਾਂ।

ਰਾਮਪੁਰੀਆਂ ਗਲੀ
ਮਲੇਰਕੋਟਲਾ

ਰਵਿੰਦਰ ਕੁਮਾਰ ਜੈਨ

# ਅਸ਼ੀਰਵਾਦ



ਸ੍ਰੀ ਉਪਾਸਕ ਦਸ਼ਾਂਗ ਭਗਵਾਨ ਮਹਾਂਵੀਰ ਦੇ 11 ਅੰਗ ਵਿਚੋਂ 7 ਅੰਗ ਹੈ ਅਤੇ ਮਹੱਤਵ ਪੂਰਣ ਹੈ। ਰਵਿੰਦਰ ਕੁਮਾਰ ਜੈਨ ਅਤੇ ਪੁਰਸ਼ੋਤਮ ਦਾਸ ਜੈਨ ਕਾਫੀ ਸਮੇਂ ਤੋਂ ਜੈਨ ਸਮਾਜ ਦੀ ਸੇਵਾ ਸਾਰੇ ਪਖੋਂ ਕਰਦੇ ਰਹੇ ਹਨ। ਕਾਫੀ ਸਮੇਂ ਤੋਂ ਮੈਂ ਆਗਮਾਂ ਦੇ ਪੰਜਾਬੀ ਅਨੁਵਾਦ ਬਾਰੇ ਸੋਚਿਆ ਸੀ। ਮੈਨੂੰ ਖੁਸ਼ੀ ਹੈ ਕਿ ਰਵਿੰਦਰ ਕੁਮਾਰ ਜੈਨ ਨੇ ਪਹਿਲਾਂ ਸ੍ਰੀ ਉਤਰਾਧਿਐਨ ਸੂਤਰ ਦਾ ਅਨੁਵਾਦ ਛਾਪਿਆ ਸੀ। ਹੁਣ ਸ੍ਰੀ ਉਪਾਸਕ ਦਸਾਂਗ ਸੂਤਰ ਦਾ ਪੰਜਾਬੀ ਅਨੁਵਾਦ ਛਪ ਰਿਹਾ ਹੈ ਇਹ ਅਨੁਵਾਦ ਪੰਜਾਬੀ ਪਾਠਕਾਂ ਲਈ ਜੈਨ ਸਾਧੂਆਂ ਅਤੇ ਗ੍ਰਹਿਸਥ ਦੇ ਫਰਕ ਜਾਨਣ ਅਤੇ ਜੈਨ ਗ੍ਰਹਿਸਥ ਦੇ ਫਰਜ ਜਾਨਣ ਵਿਚ ਸਹਾਇਕ ਸਿੱਧ ਹੋਵੇਗਾ।

ਭੰਡਾਰੀ ਪਦਮ ਚੰਦ

(ਜੈਨ ਭੂਸ਼ਨ ਭੰਡਾਰੀ ਸ੍ਰੀ ਪਦਮ ਚੰਦ ਜੀ ਮਹਾਰਾਜ)

ਜੈਨ ਸਥਾਨਕ, ਕੁਰਕਸ਼ੇਤਰ



# ਆਸ਼ੀਰਵਾਦ

ਮੈਨੂੰ ਇਹ ਜਾਣਕੇ ਬਹੁਤ ਖੁਸ਼ੀ ਹੋਈ ਹੈ ਕਿ ਆਪ ਅਤੇ ਤੁਹਾਡੇ ਸਾਥੀ ਪੁਰਸ਼ੋਤਮ ਦਾਸ ਜੈਨ ਨੇ ਸ਼੍ਰੀ ਉਪਾਸਕ ਦਸਾਂਗ ਸੂਤਰ ਦਾ ਪਹਿਲੀ ਵਾਰ ਪੰਜਾਬੀ ਅਨੁਵਾਦ ਕੀਤਾ ਹੈ। ਜੋ ਕਿ ਪ੍ਰਸੰਸ਼ਾ ਯੋਗ ਹੈ। ਸ਼੍ਰੀ ਉਪਾਸਕ ਦਸਾਂਗ ਸੂਤਰ ਦੇ ਪਹਿਲਾਂ ਵੀ ਕਈ ਭਾਸ਼ਾਵਾਂ ਵਿਚ ਅਨੁਵਾਦ ਹੋ ਚੁਕੇ ਹਨ। ਪਰ ਪੰਜਾਬੀ ਵਿਚ ਇਹ ਪਹਿਲਾ ਅਨੁਵਾਦ ਹੈ। ਮੈਨੂੰ ਆਸ ਹੈ ਕਿ ਸੂਝ ਵਾਲੇ ਪੰਜਾਬੀ ਸ਼੍ਰੀ ਉਪਾਸਕ ਦਸਾਂਗ ਸੂਤਰ ਰਾਹੀਂ ਭਗਵਾਨ ਮਹਾਂਵੀਰ ਰਾਹੀਂ ਪ੍ਰਗਟਾਏ ਗ੍ਰਹਿਸਥ ਧਰਮ ਦੇ ਨਿਯਮਾਂ ਨੂੰ ਸਮਝਕੇ ਜੀਵਨ ਸਫਲ ਬਨਾਉਣਗੇ। ਮੈਂ ਅਨੁਵਾਦਕ, ਸੰਪਾਦਕ, ਪ੍ਰਕਾਸ਼ਕ ਅਤੇ ਦਾਨ ਦੇਣ ਵਾਲੇ ਨੂੰ ਇਸ ਸ਼ੁਭ ਕੰਮ ਲਈ ਵਧਾਈ ਭੇਜਦਾ ਹਾਂ।

ਅਚਾਰਿਆ ਵਿਜੇਂਦਰ ਸੂਰੀ
ਜੈਨ ਉਪਾਸਰਅ
ਅੰਬਾਲਾ



# ਸੰਦੇਸ਼

ਸ੍ਰੀ ਉਪਾਸਕ ਦਸਾਂਗ ਸੂਤਰ ਦਾ ਪੰਜਾਬੀ ਵਿਚ ਅਨੁਵਾਦ ਕਰਕੇ ਤੁਸੀਂ ਛਪਵਾ ਰਹੇ ਹੋ । ਇਹ ਜਾਣ ਕੇ ਬਹੁਤ ਖੁਸ਼ੀ ਹੋਈ । ਸ੍ਰੀ ਉਤਰਾਧਿਐਨ ਸੂਤਰ ਤੋਂ ਬਾਅਦ ਪੰਜਾਬੀ ਭਾਸ਼ਾ ਜਨਤਾ ਲਈ ਇਹ ਦੂਸਰੀ ਕੋਸ਼ਿਸ਼ ਵੀ ਸਫਲ ਸਿਧ ਹੋਵੇਗੀ ਅਜੇਹੀ ਮੈਨੂੰ ਆਸ ਹੈ ।

ਸ੍ਰੀ ਉਪਾਸਕ ਦਸਾਂਗ ਸੂਤਰ ਵਿਚ 10 ਸ੍ਰਾਵਕਾਂ ਦਾ ਵਰਨਣ ਹੈ । ਉਨ੍ਹਾਂ ਨੇ ਇਕੋ ਹੀ ਵਾਰ ਭਗਵਾਨ ਮਹਾਂਵੀਰ ਦਾ ਉਪਦੇਸ ਸੁਣ ਕੇ ਜੀਵਨ ਦੀ ਰੂਪ ਰੇਖਾ ਹੀ ਬਦਲ ਦਿਤੀ । ਮੈਨੂੰ ਆਸ ਹੈ ਕਿ ਪਾਠਕ ਵਰਗ ਨੂੰ ਇਨ੍ਹਾਂ ਉਪਾਸਕਾਂ ਦੇ ਜੀਵਨ ਤੋਂ ਆਦਰਸ਼ ਗ੍ਰਹਿਸਥ ਜੀਵਨ ਦੀ ਪ੍ਰੇਰਣਾ ਮਿਲੇਗੀ । ਤੁਹਾਡੇ ਇਸ ਸ਼ੁਭ ਕੰਮ ਵਿਚ ਤੁਹਾਡੇ ਧਰਮ ਭਰਾ ਪੁਰਸ਼ੋਤਮ ਦਾਸ ਜੈਨ ਦਾ ਸੰਪਾਦਕੀ ਸਹਿਯੋਗ ਵੀ ਸ਼ਲਾਘਾ ਯੋਗ ਹੈ ।

ਜੈਨ ਭਵਨ
ਲੁਧਿਆਣਾ

ਗਣੀ ਜਨਕ ਵਿਜੈ ਜੀ ਮਹਾਰਾਜ ਦੀ
ਆਗਿਆ ਨਾਲ ਜੈ ਅੰਤ ਵਿਜੈ ।

# ਪ੍ਰੇਰਕ ਦੀ ਕਲਮ ਤੋਂ



ਸ਼੍ਰੀ ਰਵਿੰਦਰ ਕੁਮਾਰ ਨੂੰ ਮੈਂ ਮਹਾਂਵੀਰ ਨਿਰਵਾਨ ਸ਼ਤਾਵਦੀ ਦੇ ਸਮੇਂ ਤੋਂ ਜਾਣਦੀ ਹਾਂ। ਇਹ ਮੇਰਾ ਭਰਾ ਜੈਨ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕਾਫ਼ੀ ਲਗਨ ਅਤੇ ਮੇਹਨਤ ਕਰਦਾ ਹੈ ਇਸ ਦਾ ਹੀ ਧਰਮ ਭਰਾ ਸ਼੍ਰੀ ਪੁਰਸ਼ੋਤਮ ਦਾਸ ਜੈਨ ਹੈ ਜੋ ਅਪਣੀ ਸੰਪਾਦਨ ਕਲਾ ਵਿਚ ਮਾਹਿਰ ਹੈ। ਪਹਿਲਾਂ ਅਸੀਂ 'ਮਹਾਂਵੀਰ ਸਿਧਾਂਤ ਤੇ ਉਪਦੇਸ ਪੁਸਤਕ' ਛਪਵਾਈ ਸੀ ਉਸ ਤੋਂ ਬਾਅਦ ਸ਼੍ਰੀ ਉੱਤਰਾਧਿਐਨ ਸੂਤਰ ਦਾ ਅਰਧ ਮਾਗਧੀ ਭਾਸ਼ਾ ਵਿਚੋਂ ਪੰਜਾਬੀ ਵਿਚ ਪਹਿਲਾਂ ਅਨੁਵਾਦ ਛਪਿਆ। ਜਿਸ ਦਾ ਚਹੁ ਪਾਸੇ ਸਵਾਗਤ ਹੋਇਆ। ਹੁਣ ਇਨ੍ਹਾਂ ਨੇ ਸ਼੍ਰੀ ਉਪਾਸਕ ਦਸਾਂਗ ਸੂਤਰ (ਸਤਵੇਂ ਅੰਗ) ਦਾ ਪੰਜਾਬੀ ਅਨੁਵਾਦ ਕੀਤਾ ਹੈ। ਮੈਨੂੰ ਆਸ ਹੈ ਕਿ ਪੰਜਾਬ ਦੇ ਰਹਿਣ ਵਾਲੇ ਇਸ ਸ਼ਾਸਤਰ ਨੂੰ ਪੜ੍ਹ ਕੇ ਆਪਣਾ ਜੀਵਨ ਸਫਲ ਬਨਾਉਣਗੇ। ਮੇਰੀ ਕਾਫੀ ਸਮੇਂ ਦੀ ਪ੍ਰੇਰਣਾ ਨੂੰ ਸ਼੍ਰੀ ਰਵਿੰਦਰ ਕੁਮਾਰ ਜੈਨ ਨੇ ਸ਼੍ਰੀ ਉਪਾਸਕ ਦਸਾਂਗ ਸੂਤਰ ਦਾ ਰੂਪ ਦਿਤਾ। ਮੈਨੂੰ ਆਸ ਹੈ ਕਿ ਵਿਦਵਾਨ ਵਰਗ ਅਤੇ ਆਮ ਜਨਤਾ ਇਸ ਸੂਤਰ ਦਾ ਸਵਾਗਤ ਕਰੇਗੀ।

ਸਾਧਵੀ ਸਵਰਨ ਕਾਂਤਾ

# ਅੰਤਰ-ਰਾਸ਼ਟਰੀ ਮਹਾਂਵੀਰ ਜੈਨ ਮਿਸ਼ਨ

ਨਿਊਯਾਰਕ (U. S. A.)

ਮੈਨੂੰ ਇਹ ਜਾਣ ਕੇ ਬੇਹੱਦ ਖੁਸ਼ੀ ਹੋਈ ਹੈ ਕਿ ਤੁਸੀਂ ਸ੍ਰੀ ਉਪਾਸਕ ਦਸਾਂਗ ਸੂਤਰ ਦਾ ਪਹਿਲਾ ਪੰਜਾਬੀ ਅਨੁਵਾਦ ਛਪਾ ਰਹੇ ਹੋ। ਇਹ ਕੰਮ ਬਹੁਤ ਮਹੱਤਵਪੂਰਣ ਅਤੇ ਇਤਿਹਾਸਿਕ ਹੈ ਲੋਕ ਭਾਸ਼ਾ ਵਿਚ ਅਨੁਵਾਦ, ਆਮ ਲੋਕਾਂ ਵਿਚ ਧਰਮ ਪ੍ਰਚਾਰ ਦਾ ਬਹੁਤ ਬੜਾ ਸਾਧਨ ਹੈ। ਸਾਨੂੰ ਅਮਰੀਕੀਆਂ ਚੇਲਿਆਂ ਨੂੰ, ਗੁਰੂ ਜੀ ਨੇ (ਮੁਨੀ ਸ੍ਰੀ ਸੁਸੀਲ ਕੁਮਾਰ ਜੀ ਮਹਾਰਾਜ) ਸ੍ਰੀ ਉਪਾਸਕ ਦਸਾਂਗ ਦੀ ਸੂਤਰ ਦੀ ਵਿਸਥਾਰ ਨਾਲ ਜਾਣਕਾਰੀ ਦਿਤੀ ਹੈ। ਸ੍ਰੀ ਉਪਾਸਕ ਦਸਾਂਗ ਵਿਚ ਜੈਨ ਉਪਾਸਕ ਦੇ ਵਰਤ ਅਤੇ ਕਰਤੱਵਾਂ ਦਾ ਵਿਸਥਾਰ ਪੂਰਵਕ ਵਰਨਣ ਹੈ। ਗੁਰੂ ਜੀ ਇਸ ਮੌਕੇ ਤੇ ਆਪ ਨੂੰ ਅਸ਼ੀਰਵਾਦ ਅਤੇ ਸੁਭ ਕਾਮਨਾਵਾਂ ਭੇਜਦੇ ਹਨ। ਮੇਰੇ ਵਲੋਂ ਵੀ ਅਨੁਵਾਦਕ ਰਵਿੰਦਰ ਕੁਮਾਰ ਜੈਨ, ਸੰਪਾਦਕ ਸ੍ਰੀ ਪਰਸ਼ੋਤਮ ਦਾਸ ਜੈਨ ਨੂੰ ਬਹੁਤ ਬਹੁਤ ਸੁਭ ਕਾਮਨਾਵਾਂ।

ਜੈ ਜਿਨੇਂਦਰ

ਸੁਭ ਚਿੰਤਕ

ਸਵਾਮੀ ਗਿਆਨਾ ਨੰਦ 'ਗੁਰੂ ਸ਼ਕਤੀ'

ਨਿਊਯਾਰਕ (U.S.A.)



# ਅਭਿਨੰਦਨ

## ਰਾਸ਼ਟਰ ਸੰਤ ਉਪਾਧਿਆਇ ਸ਼੍ਰੀ ਅਮਰ ਮੁਨੀ ਜੀ ਮਹਾਰਾਜ

ਪੁਰਾਣੇ ਭਾਰਤੀ ਧਰਮਾਂ ਵਿੱਚ ਅਤੇ ਭਾਰਤੀ ਸੰਸਕ੍ਰਿਤੀ ਵਿੱਚ ਵਿਚਾਰ ਅਤੇ ਆਚਾਰ ਦੋਹਾਂ ਦੀ ਹੀ ਸਨਮਾਨ ਪੂਰਵਕ ਜਗ੍ਹਾ ਰਹੀ ਹੈ। ਪਰ ਆਮ ਵੇਖਿਆ ਜਾਂਦਾ ਹੈ ਕਿ ਕੁਝ ਲੋਕ ਵਿਚਾਰ ਨੂੰ ਮਹੱਤਵ ਦਿੰਦੇ ਹਨ ਅਤੇ ਕੁਝ ਆਚਾਰ ਨੂੰ। ਵਿਚਾਰਵਾਦੀਆਂ ਨੇ ਆਖਿਆ ਕਿ ਸਭ ਕੁਝ ਵਿਚਾਰ ਹੀ ਹੈ। ਆਚਾਰਵਾਦੀ ਇਕੱਲੇ ਆਚਾਰ ਤੇ ਹੀ ਜ਼ੋਰ ਦਿੰਦੇ ਹਨ। ਪਰ ਗੀਤਾ ਵਿੱਚ ਸ਼੍ਰੀ ਕ੍ਰਿਸ਼ਨ ਨੇ ਗਿਆਨ ਯੋਗ, ਕਰਮ ਯੋਗ ਅਤੇ ਭਗਤੀ ਯੋਗ ਦਾ ਸੁੰਦਰ ਸੁਮੇਲ ਪੇਸ਼ ਕੀਤਾ ਹੈ। ਜੋ ਕਰਮਵਾਦੀ ਹੈ ਉਹ ਗਿਆਨ ਤੋਂ ਬਿਨਾ ਜੀਵਨ ਦਾ ਵਿਕਾਸ ਨਹੀਂ ਕਰ ਸਕਦਾ। ਇਕੱਲਾ ਗਿਆਨ ਵੀ ਜੀਵਨ ਦੀ ਤਰੱਕੀ ਦਾ ਕਾਰਣ ਨਹੀਂ ਬਣ ਸਕਦਾ। ਇਸ ਲਈ ਜ਼ਿੰਦਗੀ ਵਿੱਚ ਗਿਆਨ ਅਤੇ ਕ੍ਰਿਆ ਦਾ ਅਤੇ ਵਿਚਾਰ ਤੇ ਆਚਰਣ ਦਾ ਸੁਮੇਲ ਮਨੁੱਖੀ ਜੀਵਨ ਦੀ ਤਰੱਕੀ ਦਾ ਕਾਰਣ ਬਣ ਸਕਦਾ ਹੈ।

ਭਾਰਤੀ ਰਿਸ਼ੀ ਮੁਨੀਆਂ ਦਾ ਇਹ ਵਿਸ਼ਵਾਸ ਰਿਹਾ ਹੈ ਕਿ ਜੇ ਵਿਚਾਰਾਂ ਨੂੰ ਆਚਾਰ ਦਾ ਰੂਪ ਨਾ ਦਿਤਾ ਜਾਵੇ ਜਾਂ ਆਚਾਰ-ਵਿਚਾਰ ਨੂੰ ਗ੍ਰਹਿਣ ਨਾ ਕਰੇ ਤਾਂ ਉਨ੍ਹਾਂ ਦੋਹਾਂ ਦਾ ਕੋਈ ਮੁੱਲ ਨਹੀਂ ਰਹੇਗਾ। ਵਿਚਾਰ ਜਦ ਵਿਵਹਾਰ ਦਾ ਰੂਪ ਗ੍ਰਹਿਣ ਕਰਦਾ ਹੈ ਤਾਂ ਉਸ ਨੂੰ ਆਚਾਰ ਕਿਹਾ ਜਾਂਦਾ ਹੈ।

ਭਗਵਾਨ ਮਹਾਂਵੀਰ ਅਤੇ ਭਗਵਾਨ ਬੁੱਧ ਨੇ ਅਪਣੀ ਅਪਣੀ ਪਰੰਪਰਾਵਾਂ ਵਿੱਚ ਆਚਾਰ ਅਤੇ ਵਿਚਾਰ ਦੋਹਾਂ ਦੀ ਸੁੰਦਰ ਸਥਾਪਨਾ ਕੀਤੀ ਹੈ। ਇਸ ਵਿੱਚ ਕੋਈ ਸ਼ਕ

ਨਹੀਂ ਕਿ ਸ਼੍ਰਮਣ ਪਰੰਪਰਾਂ ਦੇ ਦੋਹੇ ਪ੍ਰਵਰਤਕ ਭਗਵਾਨ ਮਹਾਂਵੀਰ ਅਤੇ ਭਗਵਾਨ ਬੁਧ ਗਿਆਨ ਸਮੇਤ ਆਚਾਰਵਾਦੀ ਰਹੇ ਹਨ। ਬੁਧ ਪ੍ਰੰਪਰਾ ਵਿਚ ਸ਼ਰਾਵਕ ਲਈ ਪੰਚਸ਼ੀਲ ਦਾ ਵਿਧਾਨ ਹੈ। ਪੰਚਸ਼ੀਲ ਨੂੰ ਆਦਰਸ਼ ਮੰਨ ਕੇ ਜੋ ਉਪਾਸਕ ਅਪਣੇ ਜੀਵਨ ਦੀ ਸਾਧਨਾ ਲਈ ਅਗੇ ਵੱਧਦਾ ਹੈ ਤਾਂ ਹੀ ਉਹ ਉਪਾਸਕ ਹੋਣ ਦੇ ਯੋਗ ਹੈ ਪਰ ਆਚਾਰ ਦੇ ਖੇਤਰ ਵਿਚ ਜਿੰਨੀ ਗੰਭੀਰਤਾ ਅਤੇ ਵਿਸ਼ਾਲਤਾ ਦੇ ਨਾਲ ਭਗਵਾਨ ਮਹਾਂਵੀਰ ਨੇ ਵਿਆਖਿਆ ਕੀਤੀ ਹੈ ਉੱਨੀ ਹੋਰ ਕਿਤੇ ਮਿਲਨੀ ਦੁਰਲਭ ਹੈ।

ਮਨੁਸਮ੍ਰਿਤਿ ਅਤੇ ਯਾਗਵਲਯਕਯ ਵਿੱਚ ਚਾਰ ਆਸ਼ਰਮਾਂ ਅਤੇ ਉਸ ਦੇ ਹਕਦਾਰ ਦੀ ਸੁੰਦਰ ਵਿਆਖਿਆ ਕੀਤੀ ਗਈ ਹੈ। ਮਨੁਸਮਿਰਤੀ ਅਤੇ ਧਰਮ ਸੂਤਰਾਂ ਵਿਚ ਧਰਮ ਅਤੇ ਆਚਾਰ ਦੀ ਵਿਆਖਿਆ ਤਾਂ ਜਰੂਰ ਕੀਤੀ ਗਈ ਹੈ ਪਰ ਸੰਨਿਆਸ ਆਸ਼ਰਮ ਦੀ ਵਿਆਖਿਆ ਛੁਪਾ ਦਿਤੀ ਗਈ ਹੈ। ਅਤੇ ਗ੍ਰਹਿਸਥ ਜੀਵਨ ਤੇ ਹੀ ਜਿਆਦਾ ਲਿਖਿਆ ਗਿਆ ਹੈ। ਗ੍ਰਹਿ-ਸੂਤਰਾਂ ਵਿਚ ਯੱਗ ਅਤੇ ਹੋਮ ਆਦਿ ਦਾ ਵਿਧਾਨ ਪ੍ਰਮੁਖ ਹੈ। ਗੋਤਮ ਧਰਮ ਸੂਤਰ, ਆਪਸਤੰਵ ਧਰਮ ਸੂਤਰ ਅਤੇ ਵਸ਼ਿਸ਼ਟ ਧਰਮ ਸੂਤਰਾਂ ਵਿਚ ਕਾਫੀ ਸਪਸ਼ਟ ਲਿਖਿਆ ਹੈ ਪਰ ਉਨਾਂ ਵਿਸ਼ਾਲ ਅਤੇ ਵਿਆਪਕ ਨਹੀਂ, ਜਿੰਨਾ ਜੈਨ ਆਗਮਾਂ ਅਤੇ ਬੁਧ ਪਿਟਕਾਂ ਵਿੱਚ ਭਿਕਸ਼ੂ ਜੀਵਨ ਸਬੰਧੀ ਲਿਖਿਆ ਗਿਆ ਹੈ।

ਭਗਵਾਨ ਮਹਾਂਵੀਰ ਨੇ ਸਾਧੂ ਜੀਵਨ ਦੇ ਆਚਾਰ ਦਾ ਜੋ ਵਿਧਾਨ ਕੀਤਾ ਸੀ ਉਹ ਅਚਾਰੰਗ ਸੂਤਰ ਵਿਚ ਮਿਲਦਾ ਹੈ, ਅਤੇ ਸ਼ਰਾਵਕਾਂ ਬਾਰੇ ਉਪਾਸ਼ਕਦਸ਼ਾਂਗ ਸੂਤਰ ਵਿੱਚ ਸ੍ਰੀ ਉਪਾਸਕਦਸਾਂਗ ਵਿਚ ਸ਼ਰਾਵਕਾਂ ਦੇ ਧਰਮ ਦਾ ਵਿਸਥਾਰ ਜੀਵਨ ਕਥਾਵਾਂ ਰਾਹੀਂ ਵਰਨਣ ਕੀਤਾ ਗਿਆ ਹੈ। ਭਗਵਾਨ ਮਹਾਂਵੀਰ ਦੇ ਸਮੇਂ ਉਨਾਂ ਦੇ ਲੱਖਾਂ ਸ਼ਰਾਵਕਾਂ (ਉਪਾਸਕਾ) ਵਿੱਚੋਂ 10 ਸ਼ਰਾਵਕਾਂ ਪ੍ਰਮੁੱਖ ਸਨ। ਸ਼ਰਮਣ ਪ੍ਰੰਪਰਾ ਵਿੱਚ ਇਨਾਂ ਨੂੰ ਆਦਰਸ਼ ਮੰਨਿਆ ਗਿਆ ਹੈ। ਦਸ ਸ਼ਰਾਵਕਾਂ ਵਿਚੋਂ ਮੁੱਖ ਸ਼ਰਾਵਕ ਗਾਥਾਪਤੀ ਆਨੰਦ ਸਨ। ਆਨੰਦ ਨੇ ਭਗਵਾਨ ਮਹਾਂਵੀਰ ਦੀ ਬਾਣੀ ਸੁਣਕੇ ਅਪਣਾ ਜੀਵਨ ਬਦਲਿਆ ਸੀ। ਉਸੇ ਦਾ ਸਪੱਸ਼ਟ ਅਤੇ ਸੁੰਦਰ ਚਿਤਰ ਉਪਾਸਕਦਸਾਂਗ ਸੂਤਰ ਵਿੱਚ ਖਿਚਿਆ ਗਿਆ ਹੈ। ਸ਼ਰਾਵਕ ਧਰਮ ਦੀ ਵਿਆਖਿਆ ਕਰਨ ਵਾਲਾ ਇਹ ਇਕੋ ਇਕ ਸ਼ਾਸਤਰ ਹੈ। ਇਸ ਵਿੱਚ ਸ਼ਰਾਵਕ ਦੇ ਸਮਿਕੱਤਵ ਦਾ ਮੂਲ ਪੰਜ ਅਣੂਵਰਤ, ਤਿੰਨੇ ਗੁਣਵਰਤ ਅਤੇ 4 ਸਿਖਿਆ ਵਰਤਾਂ ਦੀ ਸੁੰਦਰ ਵਿਆਖਿਆ ਹੈ। 25 ਕਰਮਾਂ ਦਾਨਾਂ (ਧੰਦਿਆਂ) ਨੂੰ ਛਡਣ ਦਾ ਉਪਦੇਸ਼ ਹੈ ਅਤੇ ਵਰਤੋਂ ਯੋਗ 26 ਨਿਯਮ ਦਸੇ ਗਏ ਹਨ। ਅਖੀਰ ਵਿੱਚ ਸੰਲੇਖਨਾ ਵਰਤ ਦੀ ਸੁੰਦਰ ਵਿਆਖਿਆ ਹੈ। ਉਪਾਸਕਦਸਾਂਗ ਸੂਤਰ ਵਿੱਚ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਇਹੋ ਫੁਰਮਾਇਆ ਗਿਆ ਹੈ ਕਿ ਸ਼ਰਾਵਕ ਦੇ ਕਰਤਵ ਹਨ ਕਿ ਨਾ ਕਰਨ ਜੋਗ ਕਰਤਵ ਹਨ। ਸ਼ਰਾਵਕ ਲਈ ਕੀ ਕਰਨਾ ਠੀਕ ਹੈ ਕੀ ਕਰਨਾ ਗਲਤ ਹੈ।

ਮੈਨੂੰ ਜਾਣ ਕੇ ਦਿਲੀ ਖੁਸ਼ੀ ਹੁੰਦੀ ਹੈ ਕਿ ਪ੍ਰੇਰਣਾ ਮੂਰਤੀ ਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਦੀ ਪ੍ਰੇਰਣਾ ਨਾਲ ਸ਼੍ਰੀ ਉਪਾਸਕਦਸਾਂਗ ਸੂਤਰ ਦਾ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਸੰਪਾਦਨ ਅਤੇ ਪ੍ਰਕਾਸ਼ਨ ਦਾ ਸ਼ੁਭ ਕੰਮ ਹੋਇਆ ਹੈ। ਕੁਝ ਸਮੇਂ ਪਹਿਲਾਂ ਨੌਜਵਾਨ ਸ਼੍ਰੀ ਰਵਿੰਦਰ ਕੁਮਾਰ ਅਤੇ ਸ਼੍ਰੀ ਪੁਰਸ਼ੋਤਮ ਨੇ ਸ਼੍ਰੀ ਉਤਰਾਧਿਐਨ ਸੂਤਰ ਦਾ ਪੰਜਾਬੀ ਅਨੁਵਾਦ ਕੀਤਾ ਸੀ ਜੋ ਕਾਫੀ ਮਸ਼ਹੂਰ ਹੋਇਆ। ਸਾਡੇ ਦੋਹਾਂ ਵਿਚਾਰਸ਼ੀਲ ਦੋਵੇਂ ਨੌਜਵਾਨਾਂ ਨੇ ਹੁਣ ਸ਼੍ਰੀ ਉਪਾਸਕਦਸਾਂਗ ਸੂਤਰ ਦਾ ਦੂਸਰਾ ਸਫਲ ਅਨੁਵਾਦ ਹੈ। ਮੈਂ ਇਸ ਦਾ ਸਵਾਗਤ ਕਰਦਾ ਹਾਂ ਅਤੇ ਇਸ ਸ਼ੁਭ ਕਾਰਜ ਲਈ ਦਿਲੋਂ ਆਸ਼ੀਰਵਾਦ ਦਿੰਦਾ ਹਾਂ ਭਵਿੱਖ ਵਿੱਚ ਵੀ ਇਸੇ ਪ੍ਰਕਾਰ ਹੋਰ ਆਗਮਾਂ ਦਾ ਅਨੁਵਾਦ ਤੇ ਸੰਪਾਦਨ ਪੰਜਾਬੀ ਭਾਸ਼ਾ ਵਿੱਚ ਕਰੋਗੇ, ਜਿਸ ਨਾਲ ਪੰਜਾਬੀਆਂ ਨੂੰ ਭਗਵਾਨ ਮਹਾਂਵੀਰ ਦੀ ਅਧਿ-ਆਤਮ ਬਾਣੀ ਨੂੰ ਪੜ੍ਹਨ ਦਾ ਸ਼ੁਭ ਮੌਕਾ ਮਿਲੇਗਾ। ਇਸ ਪੱਖੋਂ ਅਨੁਵਾਦਕ, ਪ੍ਰੇਰਕ ਅਤੇ ਪ੍ਰਕਾਸ਼ਕ ਤਿੰਨੇ ਹੀ ਧੰਨਵਾਦ ਦੇ ਪਾਤਰ ਹਨ।

ਮੇਰੀ ਇਹ ਦਿਲੀ ਇੱਛਾ ਹੈ ਕਿ ਭਾਰਤ ਦੀ ਹਰ ਪ੍ਰਾਂਤਕ ਬੋਲੀ ਵਿੱਚ ਭਗਵਾਨ ਮਹਾਂਵੀਰ ਦੇ ਸਾਰੇ ਉਪਦੇਸ਼ਾਂ ਦਾ ਇਸੇ ਪ੍ਰਕਾਰ ਅਨੁਵਾਦ, ਸੰਪਾਦਨ ਅਤੇ ਪ੍ਰਕਾਸ਼ਨ ਹੋਵੇ।

ਵੀਰਾਯਤਨ ਰਾਜਗ੍ਰਹਿ (ਬਿਹਾਰ) ਅਮਰ ਮੁਨੀ

# ਭੂਮਿਕਾ

ਜੈਨ ਧਰਮ ਵਿਚ ਤੀਰਥੰਕਰਾਂ ਦੀ ਸਭ ਤੋਂ ਉੱਚੀ ਜਗ੍ਹਾ ਹੈ। ਇਹ ਕਈ ਜਨਮਾਂ ਦੀ ਸਾਧਨਾ (ਭਗਤੀ) ਕਰਦੇ ਹੋਏ ਤੀਰਥੰਕਰ ਨਾਮ ਦੇ ਕਰਮ ਦੀ ਪ੍ਰਾਪਤੀ ਕਰਦੇ ਹਨ। 20 ਸਥਾਨਕ ਜਾਂ ਦਿਗੰਬਰ ਮਾਨਤਾ ਅਨੁਸਾਰ 16 ਕਰਨ ਦੀ ਅਰਾਧਨਾ ਅਤੇ ਸਭ ਜੀਵਾਂ ਦੇ ਕਲਿਆਨ ਦੀ ਭਾਵਨਾ ਸਦਕਾ ਹੀ ਉਹ ਤੀਰਥੰਕਰ ਬਣਦੇ ਹਨ।

ਉਨ੍ਹਾਂ ਦੀਆਂ ਅਤਿਸ਼ੈ ਆਦਿ ਕੁਝ ਖਾਸ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਪਰ ਸਾਰੇ ਤੀਰਥੰ-ਕਰ ਤਿਆਗ ਮਾਰਗ ਨੂੰ ਅਪਣਾ ਕੇ ਸਾਧੂ ਬਣਦੇ ਹਨ ਅਤੇ ਸਾਧਨਾ ਕਰਦੇ ਹੋਏ 4 ਘਾਤੀ ਕਰਮਾਂ ਦਾ ਨਾਸ਼ ਕਰਕੇ ਕੇਵਲ-ਗਿਆਨ ਪ੍ਰਾਪਤ ਕਰਦੇ ਹਨ। ਉਸ ਤੋਂ ਬਾਅਦ ਜਗ੍ਹਾ ੨ ਘੁਮ ਕੇ ਸੰਸਾਰ ਦੇ ਜੀਵਾਂ ਨੂੰ ਧਰਮ-ਉਪਦੇਸ਼ ਦਿੰਦੇ ਹਨ। ਉਨ੍ਹਾਂ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਮਨੁੱਖ ਸਾਧੂ ਜਾਂ ਸਾਧਵੀ ਬਣ ਜਾਂਦੇ ਹਨ। ਜੋ ਇੰਨਾ ਔਖਾ ਮਾਰਗ ਗ੍ਰਹਿਣ ਕਰਨ ਵਿਚ ਅਸਮਰਥ ਹੁੰਦੇ ਹਨ ਉਹ ਸ਼੍ਰਾਵਕ (ਗ੍ਰਹਿਸਥ ਧਰਮ) ਦੇ ਬਾਰਾਂ ਵਰਤਾਂ ਨੂੰ ਗ੍ਰਹਿਣ ਕਰਦੇ ਹਨ। ਇਸ ਤਰ੍ਹਾਂ ਉਹ ਸਾਧੂ ਸਾਧਵੀ ਸ਼੍ਰਾਵਕ ਅਤੇ ਸ਼੍ਰਾਵਿਕਾ ਆਦਿ 4 ਪ੍ਰਕਾਰ ਦੇ ਧਰਮ ਦੀ ਸਥਾਪਨਾ ਕਰਨ ਦੇ ਕਾਰਣ ਤੀਰਥੰਕਰ ਅਖਵਾਉਂਦੇ ਹਨ।

ਇਸ ਅਵਸਰਪਣੀ ਕਾਲ (ਯੁਗ) ਵਿਚ 24 ਤੀਰਥੰਕਰ ਹੋਏ ਹਨ। ਜਿਨ੍ਹਾਂ ਵਿਚ ਭਗਵਾਨ ਮਹਾਂਵੀਰ ਆਖਰੀ ਸਨ ਉਨ੍ਹਾਂ ਨੇ ਲੱਖਾਂ ਮਨੁੱਖਾਂ ਨੂੰ ਮੁਕਤੀ ਦੇ ਰਾਹ ਵਲ ਅੱਗੇ ਵਧਾਇਆ। ਭਗਵਾਨ ਮਹਾਂਵੀਰ ਦੇ ਲੱਖਾਂ ਉਪਾਸਕ-ਉਪਾਸਿਕਾ (ਸ਼੍ਰਾਵਕ-ਸ਼੍ਰਾਵਿਕਾਵਾਂ) ਸਨ। ਪਰ ਉਪਾਸਕਦਸ਼ਾਂਗ ਸੂਤਰ ਵਿਚ ਸਿਰਫ 10 ਸ਼੍ਰਾਵਕਾਂ ਦਾ ਵਰਨਣ ਆਉਂਦਾ ਹੈ। ਸ਼੍ਰਾਵਕਾਂ ਦੇ ਵਰਤ, ਆਚਾਰ ਅਤੇ 10 ਸ਼੍ਰਾਵਕਾਂ ਦੀ ਸਾਧਨਾ ਦਾ ਵਰਨਣ ਇਸ ਸੂਤਰ ਵਿਚ ਆਇਆ ਹੈ। ਇਹ ਸ਼੍ਰਾਵਕ ਸਮੁੱਚੇ ਸ਼੍ਰਾਵਕ-ਸ਼੍ਰਾਵਿਕਾ ਵਰਗ ਲਈ ਆਦਰਸ਼ ਹਨ। ਇਨ੍ਹਾਂ ਦਾ ਜੀਵਨ ਸਿਖਿਆਦਾਇਕ ਹੈ।

ਭਗਵਾਨ ਮਹਾਂਵੀਰ ਨੇ ਲੋਕ-ਭਾਸ਼ਾ ਅਰਧ-ਮਾਗਧੀ ਪ੍ਰਾਕ੍ਰਿਤ ਵਿਚ ਅਰਥ ਰੂਪ ਵਿਚ ਉਪਦੇਸ਼ ਦਿਤਾ। ਉਸੇ ਉਪਦੇਸ਼ ਨੂੰ ਉਨ੍ਹਾਂ ਦੇ ਗਨਧਰ (ਪ੍ਰਮੁਖ ਚੇਲਿਆਂ) ਨੇ 12 ਸੂਤਰਾਂ (ਆਗਮਾਂ) ਵਿਚ ਸੰਗ੍ਰਹਿ ਕੀਤਾ। ਇਸੇ ਨੂੰ ਦਵਾਦਸ਼ ਅੰਗੀ ਆਖਦੇ ਹਨ। ਇਨ੍ਹਾਂ ਵਿਚ ਬਾਰ੍ਹਵਾਂ ਦਰਿਸ਼ਟੀਵਾਦ ਨਾਉਂ ਦਾ ਆਗਮ ਨਹੀਂ ਮਿਲਦਾ। 11 ਅੰਗਾਂ ਵਿਚੋਂ ਉਪਾਸਕ-ਦਸ਼ਾਂਗ ਸੂਤਰ ਦਾ ਸੱਤਵਾਂ ਸਥਾਨ ਹੈ। ਸਮਵਾਯਾਂਗ ਅਤੇ ਨੰਦੀ ਸੂਤਰ ਵਿਚ ਇਸ ਸੂਤਰ ਦੇ ਵਿਸ਼ੇ ਦਾ ਵਰਨਣ ਮਿਲਦਾ ਹੈ। ਹੋਰਾਂ ਸ਼ਾਸਤਰਾਂ ਦੀ ਤਰ੍ਹਾਂ ਇਸ ਸ਼ਾਸਤਰ ਦਾ ਸੰਖੇਪ ਰੂਪ ਹੀ ਮਿਲਦਾ ਹੈ। ਸਾਧੂਆਂ ਦੇ ਨਿਯਮ ਅਚਾਰੰਗ, ਦਸ਼ਵੈਕਾਲਿਕ, ਅੰਤਕ੍ਰਿਦਸਾਂਗ ਆਦਿ ਕਈ ਆਗਮਾਂ ਵਿਚ ਮਿਲਦੇ ਹਨ ਪਰ ਸ਼੍ਰਾਵਕਾਂ ਬਾਰੇ ਇਸੇ ਆਗਮ ਵਿਚ ਮਿਲਦਾ ਹੈ।

ਇਸ ਪੱਖੋਂ ਇਹ ਆਗਮ ਬਹੁਤ ਹੀ ਮਹਤੱਵ ਪੂਰਨ ਹੈ। ਸ਼੍ਰਾਵਕ ਸਮਾਜ ਲਈ ਤਾਂ ਇਹ ਵਾਰ ਵਾਰ ਪੜ੍ਹਨ ਯੋਗ ਹੈ। ਉਪਾਸਕਦਸ਼ਾਂਗ ਵਿਚ ਹੇਠ ਲਿਖੇ ਦਸ ਸ਼੍ਰਾਵਕਾਂ ਦੇ ਜੀਵਨ ਦਾ ਵਰਨਣ ਹੈ 1) ਆਨੰਦ 2) ਕਾਮਦੇਵ 3) ਚੂਲਨੀਪਿਤਾ 4) ਸੁਰਾਦੇਵ 5) ਚੂਲਸ਼ਤਕ 6) ਕੁੰਡਕੋਲਿਕ 7) ਸੱਦਾਲਪੁਤਰ 8) ਮਹਾਸ਼ਤਕ 9) ਨੰਦਨੀਪਿਤਾ 10) ਸਾਲਹੀਪਿਤਾ। ਇਸ ੧੦ ਸ਼੍ਰਾਵਕਾਂ ਦੇ ਵਰਨਣ ਕਾਰਣ ਇਸ ਸੂਤਰ ਦਾ ਨਾਉਂ ਉਪਾਸਕਦਸ਼ਾਂਗ-ਸੂਤਰ ਪਿਆ।

ਇਸ ਸੂਤਰ ਦੇ ਸੰਸਕਰਨਾਂ ਵਿਚ ਪੰ: ਭਗਵਾਨ ਦਾਸ ਹਰਸ਼ ਚੰਦ ਦਾ ਅਨੁਵਾਦ ਵਿਸਥਾਰ ਪੂਰਵਕ ਹੈ। ਇਸ ਵਿਚ 10 ਸ਼੍ਰਾਵਕਾਂ ਦੀ ਜੀਵਨੀ ਦਾ ਸੰਖੇਪ ਵਰਨਣ ਕੀਤਾ ਗਿਆ ਹੈ। ਬਹੁਤ ਸਾਰੀਆਂ ਗੱਲਾਂ ਸਾਰਿਆਂ ਸ਼੍ਰਾਵਕਾਂ ਵਿਚ ਇਕੱਠੀਆਂ ਮਿਲਦੀਆਂ ਹਨ। ਇਹਨਾਂ ਸ਼੍ਰਾਵਕਾਂ ਵਿਚੋਂ ਆਨੰਦ ਅਤੇ ਕਾਮਦੇਵ ਦੇ ਜੀਵਨ ਨੂੰ ਕਾਫੀ ਪ੍ਰਮੁਖਤਾ ਦਿਤੀ ਗਈ ਹੈ। ਆਨੰਦ ਸ਼੍ਰਾਵਕ ਨੇ 12 ਵਰਤਾਂ ਦੀ ਸਾਧਨਾ ਅਤੇ ਸ਼੍ਰਾਵਕਾਂ ਦੀ 11 ਪ੍ਰਤਿਮਾਵਾਂ ਦਾ ਪਾਲਨ ਕੀਤਾ, ਅਵੱਧੀ-ਗਿਆਨ ਪ੍ਰਾਪਤ ਕੀਤਾ। ਇਸ ਸ਼੍ਰਾਵਕ (ਆਨੰਦ) ਦੇ ਸੰਬੰਧ ਵਿਚ ਭਗਵਾਨ ਮਹਾਂਵੀਰ ਨੇ ਅਪਣੇ ਚੇਲੇ ਇੰਦਰਭੂਤੀ ਗੌਤਮ ਨੂੰ ਕਿਹਾ ਕਿ ਅਵਧੀ-ਗਿਆਨ ਸਬੰਧੀ ਆਨੰਦ ਸ਼੍ਰਾਵਕ ਦਾ ਆਖਣਾ ਠੀਕ ਹੈ। ਇਸ ਲਈ ਤੂੰ ਆਨੰਦ ਸ਼੍ਰਾਵਕ ਤੋਂ ਮੁਆਫੀ ਮੰਗ।" ਇਹ ਪ੍ਰਸੰਗ ਬਹੁਤ ਮਹੱਤਵ-ਪੂਰਨ ਹੈ ਭਗਵਾਨ ਮਹਾਂਵੀਰ ਦਾ ਇਕ ਵਿਗੜਿਆ ਚੇਲਾ ਉਸ ਸਮੇਂ ਬੜਾ ਮਹੱਤਵ ਪੂਰੇਨ, ਪ੍ਰਭਾਵਸ਼ਾਲੀ ਧਰਮ-ਪ੍ਰਚਾਰਕ ਰਿਹਾ ਹੈ। ਉਸ ਦੀਆਂ ਮਾਨਤਾਵਾਂ ਬਾਰੇ ਦੋ ਸ਼੍ਰਾਵਕ-ਕੁੰਡਕੋਲਿਕ ਅਤੇ ਸੱਦਾਲਪੁਤਰ ਦਾ ਵਰਨਣ ਹੈ।

## ਸੰਸਕ੍ਰਿਤ ਟੀਕਾ ਅਤੇ ਹਿੰਦੀ, ਗੁਜਰਾਤੀ ਭਾਸ਼ਾ ਟੀਕਾ

ਉਪਾਸਕਦਸ਼ਾਂਗ ਸੂਤਰ ਦੀ ਨਿਰਯੁਕਤੀ ਪ੍ਰਾਪਤ ਨਹੀਂ ਹੁੰਦੀ, ਸੰਸਕ੍ਰਿਤ ਨੌਂ ਅੰਗਾਂ ਦੇ ਟੀਕਾਕਾਰ ਅਚਾਰਿਆ ਅਭੈਦੇਵ ਸੂਰੀ ਨੇ 12 ਸਦੀ ਵਿਚ ਇਸ ਸੂਤਰ ਤੇ ਟੀਕਾ ਲਿਖੀ। ਇਸ ਨੂੰ ਅਧਾਰ ਮੰਨ ਨੇ ਕਈ ਬਾਲ ਬੋਧ ਅਤੇ ਟੱਬਾ ਰੂਪ ਵਿਚ ਟੀਕਾ ਖਰਤਰ ਗੱਛ ਦੇ ਹਰਸ਼ਬਲਭ ਤੇ ਬਨਾਈ ਹੈ। ਇਹ ਸਭ ਅਪ੍ਰਕਾਸ਼ਿਤ ਅਤੇ ਹੱਥ ਲਿਖਤਾਂ ਹਨ ਕੇਵਲ ਮੂਲ ਸੂਤਰ ਅਤੇ ਅਭੈਦੇਵ ਸੂਰੀ ਜੀ ਦੀ ਸੰਸਕ੍ਰਿਤ ਟੀਕਾ ਦੇ ਦੋ ਪ੍ਰਕਾਸ਼ਨ ਹੋਏ ਹਨ। ਜਿਨ੍ਹਾਂ ਵਿਚੋਂ ਇਕ ਵਿਕਰਮ ਸੰਮਤ 1976 ਵਿਚ ਆਗਮੋਦਯ ਸਮਿਤੀ ਰਾਹੀਂ ਪ੍ਰਕਾਸ਼ਿਤ ਕੀਤਾ ਗਿਆ। ਮੂਲ ਪਾਠ ਅਤੇ ਗੁਜਰਾਤੀ ਟੀਕਾ ਅਨੁਵਾਦ ਪੰਡਤ ਭਗਵਾਨਦਾਸ ਹਰਸ਼ਚੰਦਰ ਨੇ ਕੀਤਾ। ਜੋ ਦੇਵਨਾਗਰੀ ਲਿਪੀ ਵਿਚ ਪੱਤਰ ਅਕਾਰ ਰੂਪ ਵਿਚ ਸੰਮਤ 1992 ਵਿਚ ਪ੍ਰਕਾ-ਸ਼ਿਤ ਹੋਈਆਂ। ਮੂਲ ਸੂਤਰ, ਸੰਸਕ੍ਰਿਤ ਟੀਕਾ ਹਿੰਦੀ ਅਨੁਵਾਦ ਸਾਹਿਤ ਖਰਤਰ ਗੱਛ ਦੀ ਸਾਧਵੀ ਵਿਨੇ ਸ਼੍ਰੀ ਨੇ ਹਿੰਦੀ ਜੈਨ ਆਗਮ ਪ੍ਰਕਾਸ਼ਨ ਸਮਿਤੀ ਕਾਰਯਾਲੇਯ ਕੋਟਾ ਤੋਂ ਪਤਰਾ-

ਅਕਾਰ ਰੂਪ ਵਿਚ ਪ੍ਰਕਾਸ਼ਿਤ ਕਰਵਾਇਆ ।

## ਪ੍ਰਕਾਸ਼ਿਤ ਪਹਿਲਾ ਐਡੀਸ਼ਨ

ਉਪਾਸ਼ਕਦਸ਼ਾਂਗ ਸੂਤਰ ਦਾ ਪਹਿਲਾ ਸੰਸਕਰਣ ਅਜੀਮਗੰਜ ਦੇ ਰਾਏ ਧਨਪਤ ਸਿੰਘ ਰਾਏ ਬਹਾਦਰ ਨੇ ਸੰ: 1932 ਵਿਚ ਛਪਵਾਇਆ । ਇਸ ਵਿਚ ਮੂਲ ਪਾਠ, ਸੰਸਕ੍ਰਿਤ ਟੀਕਾ ਦੇ ਨਾਲ ਭਗਵਾਨ ਵਿਜੇ ਦੀ ਵਿਆਖਿਆ ਵੀ ਹੈ । ਉਸ ਨੂੰ ਛਪੇ 103 ਸਾਲ ਹੋ ਗਏ ਹਨ । ਇਹ ਦੀਆਂ 500 ਪ੍ਰਤੀਆਂ ਸਨ ਇਹ ਐਡੀਸ਼ਨ ਹੁਣ ਨਹੀਂ ਮਿਲਦਾ ।

## ਮੂਲ ਅਤੇ ਹਿੰਦੀ ਅਨੁਵਾਦ ਵਾਲੇ ਐਡੀਸ਼ਨ

ਮੂਲ ਨਾਲ ਸਰਲ ਹਿੰਦੀ ਵਿਚ ਪਹਿਲਾ ਅਨੁਵਾਦ ਸ਼੍ਰੀ ਖਜਾਨਚੀ ਰਾਮ ਜੈਨ ਲਾਹੌਰ ਨੇ ਕੀਤਾ । ਜੋ ਸ: 1973 ਵਿਚ ਉਨਾਂ ਦੀ ਪ੍ਰਕਾਸ਼ਨ ਸੰਸਥਾ ਮੇਹਰ ਚੰਦ ਲਛਮਣ ਦਾਸ ਰਾਹੀਂ ਛਪਿਆ । ਅਨੁਵਾਦਕ ਨੇ ਸ਼ੁਰੂ ਵਿਚ ਲਿਖਿਆ ਹੈ ਕਿ ਜੈਨ ਮੁਨੀ ਕਾਲੂ ਰਾਮ ਜੀ ਨੇ ਮੈਨੂੰ ਲਾਹੌਰ ਵਿਚ ਉਪਾਸਕਦਸ਼ਾਂਗ ਸੂਤਰ ਪੜ੍ਹਾਇਆ ਸੀ । ਮੇਰੇ ਹਿੰਦੀ ਅਨੁਵਾਦ ਨੂੰ ਅਚਾਰਿਆ ਸ਼੍ਰੀ ਆਤਮਾ ਰਾਮ ਜੀ ਨੇ ਠੀਕ ਕੀਤਾ ਹੈ । ਇਹ ਸੂਤਰ ਪ੍ਰਾਕ੍ਰਿਤ ਭਾਸ਼ਾ ਵਿਚ ਹੋਣ ਕਰਕੇ, ਅਰਥ ਸਮਝਣ ਵਾਲਿਆਂ ਨੂੰ ਪਰ-ਅਧੀਨ ਕਰਦਾ ਸੀ । ਇਸ ਕਮੀ ਨੂੰ ਵੇਖ ਕੇ ਮੈਂ ਇਸ ਦਾ ਹਿੰਦੀ ਅਨੁਵਾਦ ਕੀਤਾ ਹੈ । ਮੈਨੂੰ ਸੰਸਕ੍ਰਿਤ ਜਾਂ ਪ੍ਰਾਕ੍ਰਿਤ ਭਾਸ਼ਾ ਦਾ ਗਿਆਨ ਨਹੀਂ ।

ਇਸੇ ਸਮੇਂ ਦੇ ਲਾਗੇ 32 ਆਗਮਾਂ ਦੇ ਅਨੁਵਾਦਕ ਅਚਾਰਿਆ ਅਮੋਲਕ ਰਿਸ਼ੀ ਜੀ ਨੇ ਇਸ ਸੂਤਰ ਦਾ ਹਿੰਦੀ ਅਨੁਵਾਦ ਕਰਕੇ ਪਤਰ-ਅਕਾਰ ਰੂਪ ਵਿਚ ਜੈਨ ਸ਼ਾਸਤਰ ਉੱਧਾਰ ਸਮਿਤੀ ਹੈਦਰਾਬਾਦ ਤੋਂ ਛਪਵਾਇਆ । ਇਨ੍ਹਾਂ ਆਗਮਾਂ ਦੇ ਅਨੁਵਾਦ ਦਾ ਕੰਮ ਸੰ 1972 ਤੋਂ 1976 ਤਕ ਚਲਦਾ ਰਿਹਾ । ਬਹੁਤ ਥੋੜੇ ਸਮੇਂ ਵਿਚ 32 ਆਗਮਾਂ ਦਾ ਹਿੰਦੀ ਅਨੁਵਾਦ ਰਾਏ ਬ਼ਹਾਦਰ ਸੁਖਦੇਵ ਸਹਾਏ ਜਵਾਲਾ ਪ੍ਰਸਾਦ ਜੀ ਜੌਹਰੀ ਦੇ ਸਹਿਯੋਗ ਨਾਲ ਛੱਪ ਗਏ । ਪੁਸਤਕ ਅਕਾਰ ਰੂਪ ਵਿਚ ਇਹ ਸ਼ਾਸਤਰ ਖਜਾਨਚੀ ਰਾਮ ਜੀ ਰਾਹੀਂ ਸੰਮਤ 1973 ਵਿਚ ਨਿਰਨੇ ਸਾਗਰ ਪ੍ਰੈਸ ਬੰਬਈ ਤੋਂ ਛਪਿਆ ਸੀ ।

ਸੰ: 2021 ਵਿਚ ਅਚਾਰਿਆ ਸ਼੍ਰੀ ਆਤਮਾ ਰਾਮ ਜੀ ਮਹਾਰਾਜ ਦੀ ਇਸ ਸੂਤਰ ਤੇ ਲਿਖੀ ਵਿਸ਼ਾਲ ਟੀਕਾ ਮੂਲ ਪਾਠ ਸੰਸਕ੍ਰਿਤ ਛਾਇਆ ਸਹਿਤ ਅਚਾਰਿਆ ਸ਼੍ਰੀ ਆਤਮਾ ਰਾਮ ਜੈਨ ਪ੍ਰਕਾਸ਼ਨ ਸਮਿਤੀ ਲੁਧਿਆਣਾ ਤੋਂ ਛਪੀ ਜਿਸ ਦਾ ਸੰਪਾਦਨ ਡਾ: ਇੰਦਰ ਚੰਦਰ ਸ਼ਾਸਤਰੀ M.A. Ph.D. ਨੇ ਕੀਤਾ । ਸੰ: .035 ਵਿਚ ਸ੍ਰੀ ਘੀਸੂਲਾਲ ਪਿਤਲਿਆ ਦਾ ਹਿੰਦੀ ਅਨੁਵਾਦ ਜੈਨ ਸੰਸਕ੍ਰਿਤੀ ਸੰਘ ਸੈਲਾਨਾ ਤੋਂ ਛਪਿਆ ।

**ਅੰਗਰੇਜੀ ਅਨੁਵਾਦ—**

ਡਾ: ਹਰਨੇਲ ਨੇ ਅੰਗਰੇਜੀ ਅਨੁਵਾਦ ਪ੍ਰਕਾਸ਼ਿਤ ਕੀਤਾ । ਜੋ ਮੇਰੇ ਸਾਹਮਣੇ

ਨਹੀਂ ਹੈ।

**ਸਾਰ—**

ਸ੍ਰੀ ਬਾਡੀ ਲਾਲ ਮੋਤੀ ਲਾਲ ਸ਼ਾਹ ਅਹਿਮਦਾਬਾਦ ਨੇ ਜੈਨ ਸ਼ਾਸਤਰ ਮਾਲਾ ਤੋਂ ਸੰ: 1967 ਵਿਚ ਸਾਰ ਰੂਪ ਵਿਚ ਛਪਵਾਇਆ। ਮੁਨੀ ਗਿਆਨ ਸੁੰਦਰ ਜੀ ਨੇ ਸ਼ੀਘਰ ਬੋਧ ਮਾਰਗ ਸੰ: 1989 ਵਿਚ ਸੂਤਰ ਦਾ ਸਾਰ ਛਪਵਾਇਆ।

**ਮੂਲ-ਪਾਠ ਦਾ ਸੰਸਕਰਣ**

ਇਸ ਸੂਤਰ ਦਾ ਮੂਲਪਾਠ ਜੈਨ ਵਿਸ਼ਵ ਭਾਰਤ ਤੋਂ ਪ੍ਰਕਾਸ਼ਿਤ **'ਅੰਗਸੁਤਾਣੀ'** ਵਿਚ ਛਪਿਆ। ਮੁਨੀ ਸ੍ਰੀ ਪੁੱਫ ਭਿੱਖੂ ਤੇ ਸੁਤਾਗਮ ਦੇ ਪਹਿਲੇ ਭਾਗ ਵਿਚ ਇਸ ਦਾ ਮੂਲ ਪਾਠ ਦਿਤਾ।

**ਸੰਸਕ੍ਰਿਤ ਟੀਕਾ ਅਤੇ ਹਿੰਦੀ ਗੁਜਰਾਤੀ ਅਨੁਵਾਦ—**

ਅਚਾਰਿਆ ਸ੍ਰੀ ਘਾਸੀ ਲਾਲ ਜੀ ਨੇ ਇਸ ਸੂਤਰ ਦੀ ਨਵੀਂ ਸੰਸਕ੍ਰਿਤ ਟੀਕਾ ਬਨਾਈ। ਇਸ ਦੇ ਨਾਲ ੨ ਹਿੰਦੀ ਗੁਜਰਾਤੀ ਅਨੁਵਾਦ ਜੈਨ ਸ਼ਾਸਤਰ ਉੱਧਾਰ ਸਮਿਤੀ ਅਹਿਮਦਾਬਾਦ ਤੋਂ ਪ੍ਰਕਾਸ਼ਿਤ ਕਰਵਾਇਆ ਹੈ। ਹਿੰਦੀ ਵਿਚ ਅਗਰਚੰਦ ਭੈਰੋਦਾਨ ਸੈਠੀਆ ਸੰਸਥਾ ਨੇ 10 ਸ਼੍ਰਾਵਕ ਨਾਉਂ ਦਾ ਗ੍ਰੰਥ ਛਪਵਾਇਆ ਹੈ। ਸ੍ਰੀ ਕਾਂਸ਼ੀ ਰਾਮ ਜੈਨ ਨੇ ਕਈ ਸ਼੍ਰਾਵਕਾਂ ਦੇ ਜੀਵਨ-ਚਿਤਰਾਂ ਸਹਿਤ ਛਪਵਾਏ ਹਨ।

**ਸਿਰਫ ਗੁਜਰਾਤੀ ਸਾਰ—**

ਪੰਡਿਤ ਬੇਚਰ ਦਾਸ ਜੀ ਨੇ ਭਗਵਾਨ ਮਹਾਂਵੀਰ ਦੇ 10 ਸ਼੍ਰਾਵਕਾਂ ਦੇ ਚਾਰਿਤਰ ਦਾ ਸਾਰ ਸਹਿਤ ਗੁਜਰਾਤੀ ਅਨੁਵਾਦ ਕੀਤਾ। ਜੋ ਟਿਪਣੀਆਂ ਸਹਿਤ ਹੈ ਅਤੇ ਪੂਜਾ ਭਾਈ ਗ੍ਰੰਥਮਾਲਾ ਤੋਂ ਸੰਨ 1931 ਵਿਚ ਛਪਿਆ। ਸ਼੍ਰਾਵਕਾਂ ਦੇ ਵਰਤ ਅਤੇ ਆਚਾਰ ਸਬੰਧੀ ਗਰੰਥਾਂ ਦੀ ਸੰਖਿਆ ਅਗੇ ਚਲ ਕੇ ਬਹੁਤ ਵਧ ਗਈ। ਦਿਗੰਬਰ ਫਿਰਕੇ ਵਿਚ ਸ਼ਰਾਵਕਾਚਾਰ ਸਬੰਧੀ ਗਰੰਥ ਰਚੇ ਗਏ। ਉਨਾਂ ਸਭ ਦਾ ਸੰਗ੍ਰਹਿ ਜ਼ੀਵਰਾਜ ਗਰੰਥਮਾਲਾ ਸ਼ੋਲਾਪੁਰ ਤੋਂ 5 ਭਾਗਾਂ ਵਿਚ ਛਪ ਚੁਕਿਆ ਹੈ। ਪੰਡਤ ਹੀਰਾ ਲਾਲ ਜੀ ਸਿਧਾਂਤ ਸ਼ਾਸਤਰੀ ਨੇ ਬੜੀ ਮੇਹਨਤ ਨਾਲ ਸ਼੍ਰਾਵਕਾਚਾਰ ਦੇ ਗਰੰਥਾਂ ਦਾ ਸੰਗ੍ਰਹਿ ਅਤੇ ਅਨੁਵਾਦ ਕੀਤਾ ਹੈ। ਇਸ ਦੇ ਚੌਥੇ ਭਾਗ ਵਿਚ ਉਨਾਂ ਵਿਸਥਾਰ ਨਾਲ ਅਧਿਐਨ ਪੇਸ਼ ਕੀਤਾ ਹੈ। ਸਵੇਤਾਂਬਰ ਫਿਰਕੇ ਵਿਚ ਵੀ ਕਾਫੀ ਸ਼ਰਾਵਕਾਚਾਰ ਗਰੰਥਾਂ ਦੀ ਰਚਨਾ ਕਾਫੀ ਮਹੱਤਵ ਪੂਰਨ ਹੈ। ਉਨ੍ਹਾਂ ਵਿਚ ਸ਼ਰਾਵਕ ਪ੍ਰਗਯਾਪਤਿ, ਧਰਮਬਿੰਦੂ, ਸ਼ਰਾਵਕ ਨਿਧੀ ਪ੍ਰਕਰਣ ਆਦਿ ਛਪ ਚੁਕੇ ਹਨ। ਇਨ੍ਹਾਂ ਬਾਰੇ ਸੰਖੇਪ ਵਿਚ ਜਾਣਕਾਰੀ ਮੈਂ ਇਕ ਲੇਖ ਵਿਚ ਦੇ ਚੁਕਾ ਹਾਂ ਜੋ ਮਾਸਿਕ ਜਿਨਬਾਨੀ ਵਿਚ ਛਪੀ ਹੈ।

ਜੈਨ ਧਰਮ ਦਾ ਪੁਰਾਣਾ ਨਾਉਂ ਸ਼੍ਰਮਣ ਧਰਮ ਹੈ। ਭਗਵਾਨ ਮਹਾਵੀਰ ਦਾ

ਕਲਪਸੂਤਰ ਵਿਚ ਸ਼੍ਰਮਣ ਦੇ ਰੂਪ ਵਿਚ ਵਿਸ਼ੇਸ਼ਨ ਆਇਆ ਹੈ। ਭਗਵਾਨ ਮਹਾਂਵੀਰ ਦੇ ਮੁਨੀਆਂ ਲਈ ਸ਼੍ਰਮਣ, ਸਾਧਵੀਆਂ ਲਈ ਸ਼੍ਰਮਣੀ, ਸ਼੍ਰਾਵਕ ਲਈ ਸ਼੍ਰਮਣੋ ਉਪਾਸਕ, ਸ਼੍ਰਾਵਕਾ ਲਈ ਸ਼੍ਰਮਣੋ-ਉਪਾਸਿਕਾ ਸ਼ਬਦ ਮਿਲਦਾ ਹੈ। ਉਤਰਾਧਿਐਨ ਸੂਤਰ ਵਿਚ ਸ਼੍ਰਮਣ ਸ਼ਬਦ ਦੀ ਵਿਆਖਿਆ ਕਰਦੇ ਆਖਿਆ ਗਿਆ ਹੈ।

ਸਮਤਾ ਨਾਲ ਸ਼੍ਰਮਣ ਹੁੰਦਾ ਹੈ। ਸਾਧੂ-ਸਾਧਵੀ ਲਈ ਪਹਿਲਾ ਚਾਰਿਤਰ ਸਮਾਇਕ ਚਾਰਿਤਰ ਹੈ ਇਨਾਂ ਨੂੰ ਤਿੰਨ ਕਰਨ, ਤਿੰਨ ਯੋਗ ਨਾਲ ਸਮਾਇਕ ਵਰਤ ਦਾ ਪਾਲਨ ਕਰਨਾ ਹੈ। ਗ੍ਰਹਿਸਥੀ ਕਿਉਂਕਿ ਉਸ ਰੂਪ ਵਿਚ ਸਮਾਇਕ ਚਾਰਿਤਰ ਗ੍ਰਹਿਣ ਨਹੀਂ ਕਰ ਸਕਦਾ। ਇਸ ਲਈ ਉਸ ਨੂੰ ਦੋ ਕਰਨ ਤਿੰਨ ਯੋਗ ਰਾਹੀਂ ਸਮਾਇਕ ਕਰਨ ਦਾ ਹੁਕਮ ਹੈ। 6 ਆਵਸ਼ਕ ਵਿਚ ਸਮਾਇਕ ਪਹਿਲਾ ਆਵਸ਼ਕ ਹੈ।

ਪ੍ਰਤਿਕ੍ਰਮਣ ਵਿਚ ਪੰਜ ਆਵਸ਼ਕਾਂ ਵਿਚ ਸਮਾਇਕ ਨਾਲ ਕੀਤੀ ਜਾਂਦੀ ਹੈ। ਸਮਤ ਦੀ ਸਾਧਨਾ ਹਰ ਰੋਜ ਕਰਨਾ ਹਰ ਸਾਧੂ ਅਤੇ ਸ਼ਰਾਵਕ ਲਈ ਜਰੂਰੀ ਹੈ।

ਗ੍ਰਹਿਸਥੀ ਹੋਣ ਕਾਰਣ ਸ਼੍ਰਾਵਕ 5 ਮਹਾਂਵਰਤਾਂ ਦਾ ਪਾਲਨ ਨਹੀਂ ਕਰ ਸਕਦਾ। ਇਸ ਲਈ ਸਥੂਲ ਅਨੁਵਰਤਾਂ ਗ੍ਰਹਿਣ ਕਰਦਾ ਹੈ। ਸ਼੍ਰਾਵਕ ਦੇ ਤਿੰਨ ਮਨੋਰਥਾਂ ਵਿਚ ਇਹ ਵੀ ਹੈ ਕਿ ਮੈਂ ਕਦ ਸੰਸਾਰ ਦੀ ਮਾਇਆ ਅਤੇ ਕੂੜ ਭਰੇ ਸੰਸਾਰ ਨੂੰ ਛਡ ਕੇ ਸਾਧੂ ਬਣਾਂਗਾ। ਅਰਥਾਤ ਉਸਦਾ ਅੰਤਮ ਨਿਸ਼ਾਨਾ ਮੋਕਸ਼ ਹੈ।

10 ਸ਼੍ਰਾਵਕ 12 ਵਰਤ 14 ਸਾਲ ਪਾਲ ਕੇ ਸ਼੍ਰਾਵਕ ਦੀਆਂ 11 ਪ੍ਰਤਿਮਾਵਾਂ ਗ੍ਰਹਿਣ ਕਰਦੇ ਸਨ। ਸਾਰੇ ਦੇਵ ਲੋਕ ਵਿਚ ਗਏ, ਉਥੋਂ ਮਹਾਵਿਦੇਹ ਖੇਤਰ ਵਿਚ ਜਨਮ ਲੈ ਕੇ ਮੋਕਸ਼ ਪਧਾਰਨਗੇ। ਸ਼ਵੇਤਾਂਬਰ ਸਮਾਜ ਵਿਚ 12 ਵਰਤ ਧਾਰਨ ਕਰਨ ਵਾਲੇ ਸ਼ਰਾਵਕ ਥੋੜੇ ਹਨ। ਪਰ ਪ੍ਰਤਿਮਾਧਾਰੀ ਨਾ ਦੇ ਬਰਾਬਰ ਹਨ। ਜਦੋਂ ਕਿ ਦਿਗੰਬਰ ਸਮਾਜ ਵਿਚ ਪ੍ਰਤਿਮਾਧਾਰੀ ਸਰਾਵਕ ਬਹੁਤ ਹਨ। ਇਸ ਲਈ ਸ਼ਵੇਤਾਂਬਰ ਸਮਾਜ ਨੂੰ 11 ਪ੍ਰਤਿਮਾਵਾਂ ਗ੍ਰਹਿਣ ਕਰਨੀਆਂ ਚਾਹੀਦੀਆਂ ਹਨ।

ਸ਼੍ਰੀ ਰਵਿੰਦਰ ਕੁਮਾਰ ਜੈਨ ਨੇ ਕੁਝ ਸਾਲ ਪਹਿਲਾਂ ਸ਼੍ਰੀ ਉਤਰਾਧਿਐਨ ਸੂਤਰ ਦਾ ਅਨੁਵਾਦ ਕੀਤਾ ਸੀ। ਇਸੇ ਅਨੁਵਾਦ ਦੀ ਕੜੀ ਵਜੋਂ ਉਨ੍ਹਾਂ ਨੇ ਉਪਾਸਕਦਸ਼ਾਂਗ ਸੂਤਰ ਦਾ ਪੰਜਾਬੀ ਭਾਸ਼ਾ ਵਿਚ ਅਨੁਵਾਦ ਕਰਕੇ ਵਿਸ਼ੇਸ਼ ਕੰਮ ਕੀਤਾ ਹੈ। ਇਸ ਗਰੰਥ ਦਾ ਸੰਪਾਦਨ ਉਤਰਾਧਿਐਨ ਸੂਤਰ ਦੇ ਸੰਪਾਦਕ ਸ਼੍ਰੀ ਪਰਸ਼ੋਤਮ ਦਾਸ ਜੈਨ ਨੇ ਕੀਤਾ ਹੈ। ਪੰਜਾਬੀ ਜਨਤਾ ਨੂੰ ਇਸ ਅਨੁਵਾਦ ਦਾ ਲਾਭ ਪਹੁੰਚੇਗਾ। ਸ਼੍ਰੀ ਰਵਿੰਦਰ ਕੁਮਾਰ ਜੈਨ ਅਤੇ ਸ਼੍ਰੀ ਪੁਰਸ਼ੋਤਮ ਦਾਸ ਜੈਨ ਦੋਵੇਂ ਧਰਮ ਭਰਾਵਾਂ ਦਾ ਇਹ ਕਦਮ ਪ੍ਰਸ਼ੰਸਾ ਯੋਗ ਹੈ।

ਨਾਹਟੋਂ ਕੀ ਗਵਾੜ, ਬੀਕਾਨੇਰ — ਅਗਰ ਚੰਦ ਨਾਹਟਾ

# ਸੰਪਾਦਕ ਦੀ ਕਲਮ ਤੋਂ

ਅਨਾਦਿ ਕਾਲ ਤੋਂ ਇਹ ਆਤਮਾ ਜਨਮ-ਮਰਨ ਦੇ ਚੱਕਰ ਵਿਚ ਗੇੜੇ ਖਾ ਰਹੀ ਹੈ ਕਰਮਾਂ ਦੇ ਵਸ ਪਈ ਆਤਮਾ ਨੂੰ ਉਹ ਕਿਹੜੀ ਗਤੀ ਹੈ, ਜਿਸ ਵਿਚ ਜਨਮ ਲੈਣਾ ਨਹੀਂ ਪਿਆ ? ਪਰ ਕੁਝ ਆਤਮਾਵਾਂ ਜਨਮ-ਮਰਨ ਦਾ ਮੂਲ ਕਾਰਨ ਕਰਮਾਂ ਦਾ ਖਾਤਮਾ ਕਰਕੇ ਆਤਮਾ ਤੋਂ ਪ੍ਰਮਾਤਮਾ ਬਣ ਜਾਂਦੀਆਂ ਹਨ। ਇਹੋ ਸਿਧ ਜਾਂ ਮੁਕਤ ਅਵਸਥਾ ਹੈ। ਇਹੋ ਨਿਰਵਾਨ ਜਾਂ ਪ੍ਰਮਾਤਮ-ਪਦ ਹੈ। ਆਤਮਾ ਦਾ ਦੇਹ ਤੋਂ ਵਿਦੇਹ ਹੋਣਾ ਹੀ ਕਰਮਾਂ ਦਾ ਖਾਤਮਾ ਹੈ। ਅਜੇਹੀ ਸਥਿਤੀ ਨੂੰ ਪਹੁੰਚਣ ਵਾਲੀਆਂ ਜਿਉਂਦੇ ਮਨੁੱਖੀ ਸਰੀਰ ਵਿਚ ਅਰਹਤ, ਸਰਵਗ, ਕੇਵਲੀ ਅਖਵਾਉਂਦੀਆਂ ਹਨ। ਪਰ ਕੁਝ ਆਤਮਾ ਪਿਛਲੇ ਜਨਮਾਂ ਦੇ ਸ਼ੁਭ ਕਰਮ ਸਦਕਾ ਤੀਰਥੰਕਰ (ਭਾਵ ਧਰਮ ਸੰਸਥਾਪਕ) ਅਖਵਾਉਂਦੀਆਂ ਹਨ। ਇਨ੍ਹਾਂ ਦੇ ਲੱਛਣ ਆਮ ਮਨੁੱਖਾਂ ਤੋਂ ਬਚਪਨ ਵਿਚ ਵਖ ਹੁੰਦੇ ਹਨ।

ਇਨ੍ਹਾਂ ਤੀਰਥੰਕਰਾਂ ਦੀ ਗਿਣਤੀ 24 ਹੈ। ਪਹਿਲੇ ਤੀਰਥੰਕਰ ਰਿਸ਼ਵਦੇਵ ਦਾ ਵਰਨਣ ਜੈਨ ਸਾਹਿਤ ਤੋਂ ਛੁਟ ਵੈਦਿਕ ਸਾਹਿਤ ਵਿਚ ਵੀ ਆਇਆ ਹੈ। ਆਖਰੀ ਤੀਰਥੰਕਰ ਸ਼੍ਰਮਣ ਭਗਵਾਨ ਵਰਧਮਾਨ ਮਹਾਂਵੀਰ ਸਨ ਅਜ ਤੋਂ 2500 ਸਾਲ ਪਹਿਲਾਂ ਉਨਾਂ ਧਰਮ ਉਪਦੇਸ਼ ਛੁਟ ਸਮਾਜ ਵਿਚ ਫੈਲੀਆਂ ਬੁਰਾਈਆਂ ਵਿਰੁਧ ਅਹਿੰਸਕ ਜੰਗ ਲੜੀ। ਸਿਟੇ ਵਜੋਂ ਪਸ਼ੂ ਬਲੀ, ਦਾਸ ਪ੍ਰਥਾ, ਜਾਤਪਾਤ ਖਤਮ ਹੋਈ। ਇਸਤਰੀ ਨੂੰ ਧਾਰਮਿਕ ਅਤੇ ਸਾਮਾਜਿਕ ਅਧਿਕਾਰ ਮਿਲੇ। ਉਨ੍ਹਾਂ ਨੇ ਹੋਰ ਤੀਰਥੰਕਰਾਂ ਵਾਂਗ ਹੀ ਸ੍ਰੀ ਸੰਘ (ਸਾਧੂ, ਸਾਧਵੀ, ਸ਼੍ਰਾਵਕ, ਸ਼੍ਰਾਵਿਕਾ) ਦੀ ਸਥਾਪਨਾ ਕੀਤੀ। ਉਨਾਂ ਦਾ ਉਪਦੇਸ਼ ਉਨਾਂ ਦੇ ਪ੍ਰਮੁਖ ਸ਼ਿਸ ਸ੍ਰੀ ਸੁਧਰਮਾ ਸਵਾਮੀ ਅਤੇ ਜੰਬੂ ਸਵਾਮੀ ਨੇ ਸੰਭਾਲ ਕੇ ਰਖਿਆ।

ਹੁਣ ਅਸੀਂ ਇਸ ਲੰਬੇ ਆਗਮ ਇਤਿਹਾਸ ਦੀ ਚਰਚਾ ਕਰਾਂਗੇ।

ਜੈਨ ਸਾਹਿਤ ਦਾ ਪੁਰਾਤਨ ਰੂਪ ਚੌਦਾਂ ਪੂਰਵ ਮੰਨੇ ਜਾਂਦੇ ਹਨ। ਭਾਵੇਂ ਅੱਜ ਕੱਲ੍ਹ ਕੋਈ ਵੀ ਪੂਰਵ ਨਹੀਂ ਮਿਲਦਾ ਪਰ ਇਨ੍ਹਾਂ ਪੂਰਵਾਂ ਦੇ ਨਾਂ ਆਗਮ ਸਾਹਿਤ ਵਿਚ ਮਿਲਦੇ ਹਨ। ਨੰਦੀ ਸੂਤਰ ਵਿਚ ਇਨ੍ਹਾਂ ਪੂਰਵਾਂ ਦਾ ਵਿਸ਼ਾ ਤੇ ਸ਼ਲੋਕ ਸੰਖਿਆ ਦਾ ਵਰਨਣ ਵਿਸਥਾਰ ਨਾਲ ਮਿਲਦਾ ਹੈ।

ਭਗਵਾਨ ਮਹਾਂਵੀਰ ਦੇ ਸਮੇਂ ਇਹ ਪੂਰਵ ਮੌਜੂਦ ਸਨ। ਪਰ ਮਹਾਂਵੀਰ ਨਿਰਵਾਨ ਸੰਮਤ 1000 ਦੇ ਕਰੀਬ ਪੂਰਵਾਂ ਦਾ ਗਿਆਨ ਬਿਲਕੁਲ ਖਤਮ ਹੋ ਗਿਆ।

ਇਨ੍ਹਾਂ ਪੂਰਵਾਂ ਦੇ ਅਧਾਰ ਤੇ ਹੀ ਅੰਗ, ਉਪਾਂਗ ਮੂਲ ਸੂਤਰ, ਛੇਦ ਸੂਤਰ ਅਤੇ ਪ੍ਰਾਕਿਰਨਕਾਂ ਦੀ ਰਚਨਾ ਹੋਈ।

ਭਗਵਤੀ ਸੂਤਰ ਵਿੱਚ ਭਗਵਾਨ ਮਹਾਂਵੀਰ ਦੇ ਸਾਧੂਆਂ ਦਾ ਗਿਆਰ੍ਹਾਂ ਅੰਗ ਜਾਂ

ਬਾਰ੍ਹਾਂ ਅੰਗ ਪੜ੍ਹਨ ਦਾ ਵਰਨਣ ਮਿਲਦਾ ਹੈ। ਜੈਨ ਪਰੰਪਰਾ ਵਿਚ ਸ਼ਰੁਤ ਸਾਹਿਤ ਦੀ ਪਰੰਪਰਾ ਮਿਲਦੀ ਹੈ। ਤੀਰਥੰਕਰ ਜੋ ਉਪਦੇਸ਼ ਦਿੰਦੇ ਹਨ ਉਨ੍ਹਾਂ ਦੇ ਗਿਆਨੀ ਸ਼ਿਸ਼ ਉਸ ਨੂੰ ਸੁਣ ਕੇ ਵਿਸ਼ਾਲ ਸਾਹਿਤ ਦੀ ਰਚਨਾ ਕਰਦੇ ਹਨ। ਜੈਨ ਆਗਮਾਂ ਦੀ ਭਾਸ਼ਾ ਅਰਧ-ਮਾਗਧੀ ਪ੍ਰਾਕ੍ਰਿਤ ਹੈ।

ਜੈਨ ਆਗਮ ਸਾਹਿਤ ਦੇ ਵਿਕਾਸ ਦੀ ਕਹਾਣੀ ਬਹੁਤ ਲੰਬੀ ਤੇ ਦਿਲਚਸਪ ਹੈ। ਜੈਨ ਪਰੰਪਰਾ ਅਨੁਸਾਰ ਜੈਨ ਆਗਮਾਂ ਦਾ ਕਦੇ ਵੀ ਖਾਤਮਾ ਨਹੀਂ ਹੁੰਦਾ, ਹਰ ਤੀਰਥੰਕਰ ਦੇ ਸ਼ਿਸ਼ ਆਗਮਾਂ ਦੀ ਰਚਨਾ ਕਰਦੇ ਹਨ।

ਭਗਵਾਨ ਰਿਸ਼ਵਦੇਵ ਸਮੇਂ 84000 ਪ੍ਰਕੀਰਨਕ ਗ੍ਰੰਥ ਸਨ। ਭਗਵਾਨ ਮਹਾਂਵੀਰ ਸਮੇਂ ਇਨ੍ਹਾਂ ਦੀ ਸੰਖਿਆ 14000 ਰਹਿ ਗਈ। ਪਰ ਦੇਵਾਰਧੀ ਕਸ਼ਮਾਂ ਸ਼ਮਾ ਸ਼ਰਮਣ ਸਮੇਂ ਇਹ ਸੰਖਿਆ 84 ਰਹਿ ਗਈ ਸੀ।

ਪਾਠਕਾਂ ਦੀ ਜਾਣਕਾਰੀ ਲਈ ਅਸੀਂ 14 ਪੂਰਵਾਂ ਦੇ ਨਾਂ ਤੇ ਸ਼ਲੋਕ ਸੰਖਿਆ ਦੱਸਦੇ ਹਾਂ।

| 14 ਪੂਰਵਾਂ ਦੇ ਨਾਂ | ਸ਼ਲੋਕ ਸੰਖਿਆ |
|---|---|
| 1) ਉਤਪਾਦ ਪੂਰਵ | 1 ਕਰੋੜ |
| 2) ਅਗਰਾਏਨੀਯ ਪੂਰਵ | 96 ਲੱਖ |
| 3) ਵੀਰਯ | 70 ਲੱਖ |
| 4) ਅਸਤੀ ਨਾਸਤੀ ਪ੍ਰਵਾਦ | 60 ਲੱਖ |
| 5) ਗਿਆਨ ਪ੍ਰਵਾਦ ਪੂਰਵ | 99 ਲੱਖ 99 ਹਜਾਰ 999 |
| 6) ਸਤਯ ਪ੍ਰਵਾਦ | 1 ਕਰੋੜ |
| 7) ਆਤਮ ਪ੍ਰਵਾਦ | 26 ਕਰੋੜ |
| 8) ਕਰਮ ਪ੍ਰਵਾਦ | 1 ਕਰੋੜ 80 ਹਜ਼ਾਰ |
| 9) ਪ੍ਰਤਿਆਖਿਆਨ ਪਦ | 84 ਲੱਖ |
| 10) ਵਿਦਿਆਨੁਵਾਦ | 1 ਕਰੋੜ 10 ਲੱਖ |
| 11) ਅਵੰਧਯ | 26 ਕਰੋੜ |
| 12) ਪ੍ਰਾਣਆਯੂ | 1 ਕਰੋੜ 56 ਲੱਖ |
| 13) ਕਿਰਿਆਵਿਸ਼ਾਲ | 9 ਕਰੋੜ |
| 14) ਲੋਕਬਿੰਦੂਸਾਰ | 12½ ਕਰੋੜ |

ਉਪਰੋਕਤ ਪੂਰਵਾਂ ਦੀ ਸੂਚੀ ਵੇਖਣ ਤੇ ਪਤਾ ਲਗਦਾ ਹੈ ਕਿ ਇਹ ਸਾਹਿਤ ਭਗਵਾਨ ਪਾਰਸ਼ਵ ਨਾਥ ਤੇ ਮਹਾਂਵੀਰ ਸਵਾਮੀ ਤੋਂ ਪਹਿਲਾਂ ਦੀਆਂ ਰਚਨਾ ਸਨ। ਇਨ੍ਹਾਂ

ਦੀ ਭਾਸ਼ਾ ਵੀ ਸੰਸਕ੍ਰਿਤ ਲਗਦੀ ਹੈ ।

ਭਗਵਾਨ ਮਹਾਂਵੀਰ ਦੇ ਉਪਦੇਸ਼ ਨੂੰ ਉਨ੍ਹਾਂ ਦੇ ਪ੍ਰਮੁਖ ਸ਼ਿਸ ਸੁਧਰਮਾ ਸੁਆਮੀ ਨੇ ਇਕੱਠਾ ਕੀਤਾ । ਉਸ ਸਮੇਂ ਪੜ੍ਹਾਈ ਦਾ ਕੰਮ ਮੂੰਹ ਜ਼ਬਾਨੀ ਹੁੰਦਾ ਸੀ । ਗੁਰੂ ਸ਼ਿਸ਼ ਨੂੰ ਆਗਮ ਸੁਣਾ ਦਿੰਦਾ ਸੀ । ਇਹੋ ਸਿਲਸਿਲਾ ਕਈ ਸਦੀਆਂ ਤਕ ਚਲਦਾ ਰਿਹਾ । ਕਿਸੇ ਨੇ ਵੀ ਭਗਵਾਨ ਨਿਰਵਾਨ ਮਹਾਂਵੀਰ ਸੰਮਤ 1000 ਤਕ ਸੂਤਰਾਂ ਨੂੰ ਲਿਖਣਾ ਠੀਕ ਨਹੀਂ ਸਮਝਿਆ ਪਰ ਇਸਦਾ ਇਹ ਅਰਥ ਨਹੀਂ ਕਿ ਆਗਮਾਂ ਦੇ ਸੰਬੰਧੀ ਕੋਈ ਵਿਦਵਾਨਾਂ ਦਾ ਸੰਮੇਲਨ ਨਾ ਹੋਇਆ ਹੋਵੇ ।

**ਪਹਿਲੀ ਵਾਚਨਾ**—ਜੈਨ ਇਤਿਹਾਸ ਵਿਚ ਜੈਨ ਆਗਮਾਂ ਦੇ ਸੰਪਾਦਨ ਦਾ ਕੰਮ ਭਿੰਨ ਭਿੰਨ ਸਮੇਂ ਪੰਜ ਕਾਨਫਰੰਸਾਂ ਵਿਚ ਹੁੰਦਾ ਰਿਹਾ । ਸਭ ਤੋਂ ਪਹਿਲੀ ਕਾਨਫਰੰਸ ਮਹਾਂਵੀਰ ਨਿਰਵਾਨ ਸੰਮਤ ਦੀ ਦੂਸਰੀ ਸਦੀ (160 B. C.) ਵਿਚ ਹੋਈ । ਉਸ ਸਮੇਂ ਅਚਾਰਿਆ ਭੱਦਰਵਾਹੁ ਸਵਾਮੀ ਨੇਪਾਲ ਵਿਚ ਸਨ । ਸਾਰੇ ਦੇਸ਼ ਵਿਚ ਅਕਾਲ ਪਿਆ ਹੋਇਆ ਸੀ । ਲੋਕ ਭੁੱਖ ਨਾਲ ਮਰ ਰਹੇ ਸਨ । ਸਾਧੂਆਂ ਨੂੰ ਵੀ ਭੋਜਨ ਮਿਲਨਾ ਬਹੁਤ ਮੁਸ਼ਕਿਲ ਹੋ ਗਿਆ ਸੀ । ਇਹ ਅਕਾਲ 12 ਸਾਲ ਰਿਹਾ । ਉਸ ਸਮੇਂ ਬਹੁਤ ਸਾਰੇ ਸਾਧੂ ਮਗਧ ਦੀ ਰਾਜਧਾਨੀ ਪਾਟਲੀ ਪੁੱਤਰ ਇਕੱਠੇ ਹੋਏ, ਉਨ੍ਹਾਂ ਨੇ 11 ਅੰਗਾਂ ਦਾ ਸੰਪਾਦਨ ਕੀਤਾ । 12ਵਾਂ ਦ੍ਰਿਸ਼ਟੀਵਾਦ ਅੰਗ ਸਭ ਭੁਲ ਚੁਕੇ ਸਨ । ਇਸ ਕੰਮ ਦੀ ਪੂਰਤੀ ਲਈ ਭੱਦਰਬਾਹੁ ਸਵਾਮੀ ਦੇ ਸ਼ਿਸ਼ ਸਥੂਲ ਭੱਦਰ ਨੇਪਾਲ ਬਾਰ੍ਹਵਾਂ ਅੰਗ ਸਿਖਣ ਗਏ ਜੋਕਿ ਪੂਰਾ ਨਾ ਹੋ ਸਕਿਆ ਕਿਉਂਕਿ ਮਹਾਂਵੀਰ ਸੰਮਤ 170 ਵਿਚ ਭੱਦਰਬਾਹੁ ਸਵਾਮੀ ਦਾ ਸਵਰਗਵਾਸ ਹੋ ਗਿਆ । ਇਸ ਸਭਾ ਵਿਚ ਜੇਹੜੇ ਭਿਕਸ਼ੂਆਂ ਦੇ ਜੋ ਕੁਝ ਵੀ ਯਾਦ ਸੀ ਉਹ ਇਕੱਠਾ ਕਰ ਲਿਆ ਗਿਆ ਪਰ ਬਹੁਤ ਸਾਰਾ ਆਗਮਾਂ ਦਾ ਗਿਆਨ ਭਿਕਸ਼ੂ ਭੁਲ ਚੁਕੇ ਸਨ । ਇਸ ਸਾਹਿਤ ਨੂੰ ਕਈ ਵਿਦਵਾਨ ਭਿਕਸ਼ੂਆਂ ਨੇ ਮਾਨਤਾ ਦੇਣ ਤੋਂ ਇਨਕਾਰ ਕਰ ਦਿਤਾ । ਇਸਦੇ ਵਜੋਂ ਜੈਨੀਆਂ ਦੇ ਦੋ ਪ੍ਰਮੁਖ ਸੰਪਰਦਾਏ ਸ਼ਵੇਤਾਂਬਰ ਤੇ ਦਿਗੰਬਰ ਸਾਹਮਣੇ ਆਏ ।

**ਦੂਸਰੀ ਵਾਚਨਾ**—ਈਸਾ ਦੀ ਦੂਜੀ ਸ਼ਤਾਬਦੀ ਵਿਚ ਮਹਾਰਾਜ ਖਾਰਵੇਲ ਕਲਿੰਗ ਰਾਜ ਦਾ ਸਮਰਾਟ ਬਣਿਆ । ਉਹ ਇਕ ਜੈਨ ਸਮਰਾਟ ਸੀ । ਉਸ ਦੇ ਸਮੇਂ ਆਗਮਾਂ ਦਾ ਸੰਪਾਦਨ ਕਰਨ ਦੀ ਇਕ ਕੋਸ਼ਿਸ਼ ਕੀਤੀ ਗਈ ਜਿਸ ਦਾ ਖੰਡ-ਗਿਰੀ ਤੇ ਉਦੇ-ਗਿਰੀ ਦੀਆਂ ਗੁਫਾਵਾਂ ਵਿੱਚ ਖੁਦੇ ਸ਼ਿਲਾ-ਲੇਖਾਂ ਤੋਂ ਪਤਾ ਲਗਦਾ ਹੈ । ਪਰ ਜੈਨ ਇਤਿਹਾਸਕਾਰ ਨੇ ਇਸਦਾ ਕੋਈ ਵਰਨਣ ਨਹੀਂ ਕੀਤਾ ।

**ਤੀਸਰੀ ਵਾਚਨਾ**—ਮਹਾਂਵੀਰ ਸੰਮਤ 827-840 ਦੇ ਕਰੀਬ ਜੈਨ ਸੰਘ ਮਥੁਰਾ ਵਿਖੇ ਇਕੱਠਾ ਹੋਇਆ । ਉਸ ਸਮੇਂ ਭਾਰੀ ਅਕਾਲ ਪਿਆ ਹੋਇਅ ਸੀ । ਗਿਆਨੀ ਸਾਧੂ ਮਰ ਚੁਕੇ ਸਨ । ਬਾਕੀ ਸਾਧੂ ਕਾਫੀ ਕੁਝ ਭੁਲ ਚੁਕੇ ਸਨ । ਅਚਾਰਿਆ ਸਕੰਦਲ

ਨਿਰਮਲ, ਰਤਨਾਂ ਨਾਲ ਜੜਿਆ, ਪਾਦ ਪੀਠੀਕਾ ਵਾਲਾ ਸਿੰਘਾਸਣ ਹੁੰਦਾ ਹੈ ।

(10) ਬਹੁਤੀ ਉਚੀ, ਰਤਨ ਜੜਤ, ਖੰਬੀਆਂ ਵਾਲੀ ਅਤੇ ਅਨੇਕਾ ਛੋਟੇ ਬੜੇ ਝੰਡਿਆਂ ਵਾਲੀ ਇੰਦਰ ਧਵੱਜਾ ਭਗਵਾਨ ਦੇ ਅੱਗੇ ਚਲਦੀ ਹੈ ।

(11) ਅਨੇਕਾਂ ਫੁਲਾਂ, ਫ਼ਲਾਂ ਨਾਲ ਭਰਪੂਰ ਅਸ਼ੋਕ ਦਰਖਤ ਭਗਵਾਨ ਦੇ ਸ਼ਰੀਰ ਨੂੰ ਆਪਣੀ ਛਾਂ ਨਾਲ ਢਕਦਾ ਹੈ ।

(12) ਸਰਦੀ ਵਿਚ ਸੂਰਜ 12 ਗੁਣਾ ਗਰਮੀ ਨਾਲ ਚਮਕਦਾ ਭਗਵਾਨ ਦੇ ਪਿਛੇ ਵਿਖਾਈ ਦਿੰਦਾ ਹੈ ।

(13) ਜਿਥੇ ਭਗਵਾਨ ਵਿਰਾਜਦੇ ਹਨ ਉਹ ਭੂਮੀ ਟੋਏ ਟਿੱਬਿਆਂ ਤੋਂ ਰਹਿਤ ਹੋ ਜਾਂਦੀ ਹੈ ।

(14) ਭਗਵਾਨ ਦੇ ਪੁੰਨ ਪ੍ਰਤਾਪ ਨਾਲ ਕੰਡੇ ਪੁਠੇ ਹੋ ਜਾਂਦੇ ਹਨ ਅਰਥਾਤ ਉਹ ਅਪਣੇ ਤਿੱਖੇ ਮੂੰਹ ਹੇਠਾਂ ਨੂੰ ਕਰ ਲੈਂਦੇ ਹਨ ।

(15) ਭਗਵਾਨ ਦੀ ਕ੍ਰਿਪਾ ਨਾਲ ਸਰਦੀ ਵਿਚ ਮੌਸਮ ਗਰਮ ਅਤੇ ਗਰਮੀ ਵਿਚ ਠੰਡਾ ਤੇ ਸੁਹਾਵਨਾ ਹੋ ਜਾਂਦਾ ਹੈ ।

(16) ਜਿਥੇ ਜਿਥੇ ਭਗਵਾਨ ਘੁੰਮਦੇ ਹਨ ਉਥੋਂ ਚਹੁੰ ਪਾਸੇ ਯੋਜਨ ਤਕ ਗੰਦੇ ਪਦਾਰਥ ਅਪਣੇ ਆਪ ਦੂਰ ਹੋ ਜਾਂਦੇ ਹਨ ਅਤੇ ਖੁਸ਼ਬੂਦਾਰ ਠੰਡੀ ਹਵਾ ਚਲਦੀ ਹੈ ।

(17) ਤੀਰਥੰਕਰ ਦੇ ਚਹੁੰ ਪਾਸੇ ਇਕ ਯੋਜਨ ਸੁਗੰਧਿਤ ਪਾਣੀ ਦੀ ਵਰਖਾ ਹੁੰਦੀ ਹੈ ਜਿਸ ਨਾਲ ਧੂੜ ਦਬ ਜਾਂਦੀ ਹੈ ।

(18) ਤੀਰਥੰਕਰ ਦੇਵਤਾਵਾਂ ਰਾਹੀਂ ਪੰਜ ਪ੍ਰਕਾਰ ਦੇ ਫੁਲਾਂ ਦੀ ਵਰਖਾ ਨਾਲ ਸ਼ੋਭਾ ਪਾਉਂਦੇ ਹਨ । ਇਨ੍ਹਾਂ ਫੁਲਾਂ ਦੀਆਂ ਡੰਡੀਆਂ ਹੇਠਾਂ ਨੂੰ ਅਤੇ ਮੂੰਹ ਉਪਰ ਨੂੰ ਹੁੰਦੇ ਹਨ ।

(19) ਤੀਰਥੰਕਰ ਜਿਥੇ ਵਿਰਾਜਦੇ ਹਨ ਉਥੇ ਅਸ਼ੁਭ, ਭੈੜਾ, ਰੰਗ, ਰਸ, ਵਰਨ ਖਤਮ ਹੋ ਜਾਂਦੇ ਹਨ ।

(20) ਉਸ ਥਾਂ ਤੇ ਚੰਗੇ ਰੰਗ, ਰਸ, ਵਰਨ, ਸਪਰਸ਼ ਪੈਦਾ ਹੁੰਦੇ ਹਨ ।

(21) ਤੀਰਥੰਕਰ ਦਾ ਉਪਦੇਸ਼ ਚਹੁੰ ਪਾਸੇ ਇਕ ਯੋਜਨ ਤਕ ਸੁਣਿਆ ਜਾ ਸਕਦਾ ਹੈ ।

(22) ਤੀਰਥੰਕਰ ਅਰਧ ਮਗਧੀ ਭਾਸ਼ਾ ਵਿਚ ਉਪਦੇਸ਼ ਕਰਦੇ ਹਨ ।

(23) ਇਹ ਉਪਦੇਸ਼, ਮਨੁਖ, ਪਸ਼ੂ ਅਤੇ ਦੇਵਤੇ ਆਪਣੀ ਆਪਣੀ ਭਾਸ਼ਾ ਵਿਚ ਆਸਾਨੀ ਨਾਲ ਸਮਝ ਸਕਦੇ ਹਨ ।

(24) ਭਗਵਾਨ ਦੇ ਦਰਬਾਰ ਵਿਚ ਮਨੁਖ, ਪਸ਼ੂ ਅਤੇ ਦੇਵਤੇ ਅਪਣੇ ਕੁਦਰਤੀ ਵੈਰ ਨੂੰ ਭੁਲ ਜਾਂਦੇ ਹਨ। ਬਿੱਲੀ, ਕੁੱਤਾ, ਸ਼ੇਰ,ਬਕਰੀ, ਚੂਹਾ, ਸੱਪ, ਨਿਉਲਾ ਪ੍ਰੇਮ ਨਾਰ ਬੈਠ ਕੇ ਸਭ ਰੁਚੀ ਨਾਲ ਸੁਣਦੇ ਹਨ।

(25) ਤੀਰਥੰਕਰ ਦੇ ਦਰਬਾਰ ਵਿਚ ਦੂਸਰੇ ਮਤਾਂ ਦੇ ਪਾਖੰਡੀ ਅਪਣਾ ਹੰਕਾਰ ਛੱਡ ਦਿੰਦੇ ਹਨ।

(26) ਤੀਰਥੰਕਰ ਦੇ ਦਰਬਾਰ ਵਿਚ ਹੋਰ ਮਤਾਂ ਵਾਲੇ ਅਸਮਰਥ ਹੋ ਜਾਂਦੇ ਹਨ ਉਨ੍ਹਾਂ ਦੀ ਤਰਕ ਬੁਧੀ ਨਸ਼ਟ ਹੋ ਜਾਂਦੀ ਹੈ।

(27) ਚਹੁ ਪਾਸੇ 25 ਯੋਜਨ ਤਕ ਟਿਡੀਆਂ ਆਦਿ ਰਾਹੀਂ ਖੇਤਾਂ ਨੂੰ ਨੁਕਸਾਨ ਨਹੀਂ ਪਹੁੰਚਦਾ।

(28) ਮਹਾਮਾਰੀ ਨਹੀਂ ਫੈਲਦੀ।

(29) ਰਾਜਾ ਅਤੇ ਸੈਨਾ ਵਿਚ ਵਿਦਰੋਹ ਨਹੀਂ ਹੁੰਦਾ।

(30) ਨਾਲ ਲਗਦੇ ਦੇਸ਼ ਵਿਚ ਵੀ ਅਜੇਹੀ ਘਟਨਾ ਨਹੀਂ ਵਾਪਰਦੀ।

(31) ਜ਼ਿਆਦਾ ਵਾਰਸ਼ ਨਹੀਂ ਹੁੰਦੀ।

(32) ਇੰਨੀ ਘੱਟ ਵਾਰਸ਼ ਵੀ ਨਹੀਂ ਪੈਂਦੀ ਕਿ ਅਕਾਲ ਪੈ ਜਾਵੇ।

(33) ਅਕਾਲ ਨਹੀਂ ਪੈਂਦਾ।

(34) ਜਿਥੇ ਭਗਵਾਨ ਪਧਾਰ ਜਾਂਦੇ ਹਨ ਉਥੇ ਮਹਾਮਾਰੀ ਧਰਮ ਚੱਕਰ ਦੇ ਕਾਰਨ ਹੀ ਸ਼ਾਂਤ ਹੋ ਜਾਂਦੀ ਹੈ।

ਤੀਰਥੰਕਰਾਂ ਦੇ ਭਾਸ਼ਾ ਦੇ 35 ਗੁਣ ਇਸ ਪ੍ਰਕਾਰ ਹਨ—

(1) ਸੰਸਕਾਰਾਂ ਵਾਲਾ ਉਪਦੇਸ਼ ਹੁੰਦਾ ਹੈ।

(2) ਇਕ-ਇਕ ਯੋਜਨ ਤਕ ਸੁਣਾਈ ਦਿੰਦਾ ਹੈ।

(3) ਇਸ ਵਿਚ ਓਏ, ਤੂੰ ਜਿਹੇ ਸ਼ਬਦ ਨਹੀਂ ਵਰਤੇ ਜਾਂਦੇ।

(4) ਉਨ੍ਹਾਂ ਦਾ ਉਪਦੇਸ਼ ਬੱਦਲਾਂ ਦੀ ਗਰਜ ਦੀ ਤਰਾਂ ਗੰਭੀਰ ਹੁੰਦਾ ਹੈ।

(5) ਉਨ੍ਹਾਂ ਦਾ ਉਪਦੇਸ਼ ਇਸ ਪ੍ਰਕਾਰ ਗੂੰਜਦਾ ਹੈ ਜਿਵੇਂ ਗੁਫਾ ਜਾਂ ਮਹਿਲਾਂ ਵਿਚ ਆਵਾਜ਼।

(6) ਉਹਨਾਂ ਦੇ ਬਦਨ ਘੀ ਦੀ ਤਰ੍ਹਾਂ ਚਿਕਨੇ ਅਤੇ ਸ਼ਹਿਦ ਦੀ ਤਰ੍ਹਾਂ ਮਿੱਠੇ ਹੁੰਦੇ ਹਨ।

(7) ਉਨ੍ਹਾਂ ਦੇ ਬਚਨਾਂ ਤੋਂ 62 ਰਾਗ ਅਤੇ 30 ਰਾਗਣੀਆਂ ਪ੍ਰਗਟ ਹੁੰਦੀਆਂ ਹਨ। ਜਿਨ੍ਹਾਂ ਨੂੰ ਸੁਣ ਕੇ ਸਰੋਤੇ ਝੂਮ ਉਠਦੇ ਹਨ।

(8) ਤੀਰਥੰਕਰਾਂ ਦੀ ਬਾਣੀ ਘਟ ਸ਼ਬਦਾਂ ਵਾਲੀ ਤੇ ਜ਼ਿਆਦਾ ਅਰਥਾਂ ਨਾਲ ਭਰਪੂਰ ਹੁੰਦੀ ਹੈ।

(9) ਉਨ੍ਹਾਂ ਦਾ ਉਪਦੇਸ਼ ਵਿਚ ਕੋਈ ਅਜੇਹੀ ਗੱਲ ਨਹੀਂ ਹੁੰਦੀ ਜੋ ਇਕ ਦੂਸਰੀ ਨਾਲ ਟਕਰਾਵੇ ।

(10) ਇਹ ਉਪਦੇਸ਼ ਬਿਨਾਂ ਰੁਕਾਵਟ ਤੋਂ ਚਲਦਾ ਹੈ ।

(11) ਤੀਰਥੰਕਰਾਂ ਦਾ ਉਪਦੇਸ਼ ਸਪਸ਼ਟ ਤੇ ਸ਼ੱਕ ਰਹਿਤ ਹੁੰਦਾ ਹੈ ।

(12) ਇਹ ਉਪਦੇਸ਼ ਦੋਸ਼ ਰਹਿਤ ਹੁੰਦਾ ਹੈ ।

(13) ਇਸ ਉਪਦੇਸ਼ ਨੂੰ ਸਰੋਤੇ ਇਕ ਮਨ ਹੋ ਕੇ ਸੁਣਦੇ ਹਨ ।

(14) ਤੀਰਥੰਕਰ ਦੇਸ਼ ਦੀ ਸਥਿਤੀ ਨੂੰ ਵੇਖ ਕੇ ਉਪਦੇਸ਼ ਕਰਦੇ ਹਨ ।

(15) ਤੀਰਥੰਕਰ ਅਰਥ ਭਰਪੂਰ ਗੱਲਾਂ ਕਰਦੇ ਹਨ । ਇਧਰ ਉਧਰ ਦੀਆਂ ਗੱਲਾਂ ਨਾਲ ਸਮਾਂ ਖਤਮ ਨਹੀਂ ਕਰਦੇ ।

(16) ਤੀਰਥੰਕਰ ਜੀਵ ਅਜੀਵ ਆਦਿ 9 ਤੱਤਾਂ ਦਾ ਉਪਦੇਸ਼ ਸਾਰ ਭਰਪੂਰ ਸ਼ਬਦਾਂ ਵਿਚ ਕਰਦੇ ਹਨ ।

(17) ਸੰਸਾਰਿਕ ਕੰਮਾਂ ਦਾ ਵਰਨਣ ਸੰਖੇਪ ਵਿਚ ਕਰਦੇ ਹਨ ।

(18) ਤੀਰਥੰਕਰਾਂ ਦੀ ਬਾਣੀ ਨੂੰ ਬੱਚਾ ਵੀ ਸਮਝ ਸਕਦਾ ਹੈ ।

(19) ਤੀਰਥੰਕਰ ਆਪਣੇ ਉਪਦੇਸ਼ ਵਿਚ ਅਪਣੀ ਪ੍ਰਸੰਸਾ ਜਾਂ ਕਿਸੇ ਹੋਰ ਦੀ ਨਿੰਦਾ ਨਹੀਂ ਕਰਦੇ ।

(20) ਤੀਰਥੰਕਰਾਂ ਦੀ ਬਾਣੀ ਦੁਧ ਤੇ ਮਿਸਰੀ ਦੀ ਤਰਾਂ ਮਿੱਠੀ ਹੁੰਦੀ ਹੈ ।

(21) ਕਿਸੇ ਦੇ ਗੁਪਤ ਭੇਦ ਵੀ ਤੀਰਥੰਕਰ ਪ੍ਰਗਟ ਨਹੀਂ ਕਰਦੇ ।

(22) ਤੀਰਥੰਕਰ ਕਿਸੇ ਆਦਮੀ ਦੀ ਖੁਸ਼ਾਮਦ ਨਹੀਂ ਕਰਦੇ । ਪਰ ਸੱਚੇ ਗੁਣਾਂ ਨੂੰ ਪ੍ਰਗਟ ਜਰੂਰ ਕਰਦੇ ਹਨ ।

(23) ਉਨ੍ਹਾਂ ਦਾ ਉਪਦੇਸ਼ ਲੋਕ ਭਲਾਈ ਲਈ ਅਤੇ ਆਤਮਾ ਦੇ ਕਲਿਆਣ ਲਈ ਹੁੰਦਾ ਹੈ ।

(24) ਉਹ ਆਤਮਾ ਨੂੰ ਛਿੰਨ ਭਿੰਨ ਨਹੀਂ ਕਰਦੇ ।

(25) ਉਹ ਆਪਣੀ ਭਾਸ਼ਾ ਵਿਚ ਸ਼ੁਧ ਸ਼ਬਦਾਂ ਦੀ ਵਰਤੋਂ ਕਰਦੇ ਹਨ ।

(26) ਉਹ ਨਾ ਹੀ ਜ਼ੋਰ ਨਾਲ ਬੋਲਦੇ ਹਨ ਨਾ ਹੀ ਹੌਲੀ । ਸਗੋਂ ਦਰਮਿਆਨੀ ਭਾਸ਼ਾ ਬੋਲਦੇ ਹਨ ।

(27) ਉਨ੍ਹਾਂ ਦੇ ਭਾਸ਼ਨ ਨੂੰ ਸੁਣ ਕੇ ਲੋਕ ਧੰਨ ਧੰਨ ਕਹਿ ਉਠਦੇ ਹਨ ।

(28) ਉਹ ਭਾਸ਼ਨ ਇਸ ਤਰੀਕੇ ਨਾਲ ਦਿੰਦੇ ਹਨ ਕਿ ਸੁਣਨ ਵਾਲੇ ਦੇ

ਸਾਹਮਣੇ ਇਕ ਤਸਵੀਰ ਜਿਹੀ ਬਣ ਜਾਂਦੀ ਹੈ।

(29) ਧਰਮ ਉਪਦੇਸ਼ ਕਰਨ ਲੱਗੇ ਵਿਚਕਾਰ ਉਹ ਆਰਾਮ ਨਹੀਂ ਕਰਦੇ।

(30) ਉਨ੍ਹਾਂ ਦੇ ਭਾਸ਼ਨ ਵਿਚ ਜੋ ਵੀ ਆਉਂਦਾ ਹੈ ਉਸਦੇ ਸ਼ੱਕ ਬਿਨਾਂ ਪੁਛੇ ਹੀ ਦੂਰ ਹੋ ਜਾਂਦੇ ਹਨ।

(31) ਉਹ ਜੋ ਆਖਦੇ ਹਨ ਸੁਨਣ ਵਾਲੇ ਉਸ ਨੂੰ ਦਿਲ ਵਿਚ ਵਸਾ ਲੈਂਦੇ ਹਨ।

(32) ਤੀਰਥੰਕਰਾਂ ਦਾ ਉਪਦੇਸ਼ ਹਰ ਪੱਖੋਂ ਸਹੀ ਹੁੰਦਾ ਹੈ ਉਲਟ-ਪੁਲਟ ਨਹੀਂ ਹੁੰਦਾ।

(33) ਉਨ੍ਹਾਂ ਦੇ ਵਾਕ ਪ੍ਰਭਾਵਸ਼ਾਲੀ ਤੇ ਤੇਜਸਵੀ ਹੁੰਦੇ ਹਨ।

(34) ਉਹ ਹਰ ਤੱਥ ਦਾ ਦਰਿੜਤਾ ਨਾਲ ਵਰਨਣ ਕਰਦੇ ਹਨ।

(35) ਉਹ ਉਪਦੇਸ਼ ਕਰਦੇ ਕਦੇ ਵੀ ਨਹੀਂ ਥਕਦੇ।

ਉਪਰੋਕਤ ਕਥਨ ਦਾ ਸਾਰ ਇਹ ਹੈ ਕਿ ਅਰਿਹੰਤ ਸਭ ਕੁਝ ਜਾਨਣ ਤੇ ਵੇਖਣ ਵਾਲੇ ਸਰਵੱਗ, ਦੇਵਤਿਆਂ, ਪਸ਼ੂਆਂ ਅਤੇ ਮਨੁੱਖਾਂ ਰਾਹੀਂ ਸਤਿਕਾਰ ਯੋਗ, ਜਨਮ ਮਰਨ ਦੀ ਪਰੰਪਰਾ ਦਾ ਖਾਤਮਾ ਕਰਕੇ ਨਿਰਵਾਨ ਪ੍ਰਾਪਤ ਕਰਨ ਵਾਲੇ ਜੀਵ ਹੁੰਦੇ ਹਨ।

## ਸਿੱਧ ਪੱਦ ਦੀ ਵਿਆਖਿਆ

ਜੈਨ ਧਰਮ ਵਿਚ ਆਤਮਾ ਦਾ ਉਦੇਸ਼ ਨਿਰਵਾਨ ਜਾਂ ਜਨਮ ਮਰਨ ਤੋਂ ਮੁਕਤ ਸਿਧ ਅਵਸਥਾ ਪ੍ਰਾਪਤ ਕਰਨਾ ਹੈ, ਕਰਮਾਂ ਦੇ ਬੰਧਨਾਂ ਤੋਂ ਮੁਕਤ ਹੋਣਾ ਹੈ। ਜਨਮ, ਜਰਾ, ਵਿਆਦੀ ਤੋਂ ਮੁਕਤ ਹੋਣ ਦਾ ਨਾਂ ਸਿੱਧ ਹੈ। ਸਿੱਧਾਂ ਵਾਰੇ ਹੋਰ ਆਗਮਾਂ ਦੀ ਤਰ੍ਹਾਂ ਸ੍ਰੀ ਉਤਰਾਧਿਐਨ ਸੂਤਰ ਵਿਚ ਕਾਫ਼ੀ ਵਿਸਥਾਰ ਨਾਲ ਕੀਤਾ ਗਿਆ ਹੈ। ਫੇਰ ਵੀ ਪ੍ਰਸੰਗ ਵਜੋਂ ਸੰਖੇਪ ਵਿਚ ਇਥੇ ਵਰਨਣ ਕਰਨਾ ਜ਼ਰੂਰੀ ਹੈ। ਜੈਨ ਧਰਮ ਵਿਚ ਹਰ ਆਤਮਾ ਦੀ ਆਪਣੀ ਅਲੱਗ ਸੱਤਾ ਹੈ। ਹਰ ਆਤਮਾ, ਪ੍ਰਮਾਤਮਾ ਦਾ ਪੱਦ ਪਾ ਸਕਦੀ ਹੈ। ਪਰ ਉਸ ਤੋਂ ਪਹਿਲਾਂ ਉਸ ਨੂੰ ਅਰਿਹੰਤ ਦਸ਼ਾ ਪ੍ਰਾਪਤ ਕਰਨੀ ਹੁੰਦੀ ਹੈ। ਇਸਦੇ ਨੌਂ ਗੁਣ ਇਹ ਹਨ :—

(1) ਕੇਵਲ ਗਿਆਨ—ਉਹ ਸਭ ਕੁਝ ਜਾਨਣ ਵਾਲੇ ਸਰਵੱਗ ਹੁੰਦੇ ਹਨ।

(2) ਕੇਵਲ ਦਰਸ਼ਨ—ਉਹ ਸਾਰੇ ਸੰਸਾਰ ਦੀਆਂ ਵਸਤਾਂ ਵੇਖਣ ਵਿਚ ਸਮਰੱਥ ਹੁੰਦੇ ਹਨ।

(3) ਅਵੱਯਾਵਾਦ ਸੁਖ—ਉਹ ਅਨੰਤ ਸੁਖਾਂ ਦੇ ਮਾਲਕ ਹੁੰਦੇ ਹਨ। ਉਨ੍ਹਾਂ ਦਾ ਵੇਦਨੀਆ ਕਰਮ ਖਤਮ ਹੋ ਜਾਂਦਾ ਹੈ।

(4) ਅਕਸ਼ੈ ਸਥਿਤੀ—ਸਿੱਧਾਂ ਦੀ ਅਵਸਥਾ ਹਮੇਸ਼ਾ ਲਈ ਰਹਿੰਦੀ ਹੈ। ਉਹ ਮੁੜ ਕੇ ਵਾਪਿਸ ਜਨਮ ਮਰਨ ਦੇ ਚੱਕਰ ਵਿਚ ਨਹੀਂ ਪੈਂਦੀ।

(5) ਸ਼ਾਯਕ ਸਮਿਕਤਵ—ਉਨ੍ਹਾਂ ਦਾ ਸਮਿਕਤਵ ਨਾਂ ਖਤਮ ਹੋਣ ਵਾਲਾ ਹੁੰਦਾ ਹੈ।

(6) ਅਰੁਪਿਤਾ—ਉਨ੍ਹਾਂ ਦਾ ਕੋਈ ਸਰੀਰ ਨਹੀਂ ਹੁੰਦਾ ਕਿਉਂਕਿ ਸਰੀਰ ਦਾ ਕਾਰਨ ਤਾਂ ਕਰਮ ਹਨ। ਜਦ ਕਰਮ ਖ਼ਤਮ ਹੋ ਜਾਂਦੇ ਹਨ ਤਾਂ ਫਲ ਭੋਗਨ ਲਈ ਸਰੀਰ ਦੀ ਕੀ ਜਰੂਰਤ ਹੈ।

(7) ਅਗੁਰੁਲਘੁਤਾ—ਸਿੱਧਾਂ ਦੀ ਆਤਮਾ ਨਾ ਹਲਕੀ ਹੈ, ਨਾ ਭਾਰੀ, ਨਾ ਹੀ ਛੋਟੀ ਹੈ।

(8) ਅਨੰਤ ਸ਼ਕਤੀ—ਉਨ੍ਹਾਂ ਦੀ ਆਤਮਾ ਅਨੰਤ ਸ਼ਕਤੀ ਦੀ ਧਨੀ ਹੈ।

ਸਿੱਧਾਂ ਦੇ ਹੋਰ ਗੁਣ ਇਸ ਪ੍ਰਕਾਰ ਹਨ ਜੋ ਪਹਿਲੇ ਸਮੇਂ ਹੀ ਉਤਪਨ ਹੋ ਜਾਂਦੇ ਹਨ :—

(1) ਮਤੀ ਗਿਆਨਾਵਰਨ ਦਾ ਖਾਤਮਾ (2) ਸ਼ਰੁਤ ਗਿਆਨਾਵਰਨ ਦਾ ਖਾਤਮਾ (3) ਅਵਧੀ ਗਿਆਨਾਵਰਨ ਦਾ ਖਾਤਮਾ (4) ਮਨ ਪਰਿਆਏ ਵਰਨ ਦਾ ਖਾਤਮਾ (5) ਕੇਵਲ ਗਿਆਨਾਵਰਨ ਦਾ ਖਾਤਮਾ (6) ਚਕਸ਼ੂ ਦਰਸ਼ਨਾਵਰਨ ਦਾ ਖਾਤਮਾ (7) ਅਚਕਸ਼ੂ ਦਰਸ਼ਨਾ ਵਰਨ ਦਾ ਖਾਤਮਾ (8) ਅਵਧੀ ਦਰਸ਼ਨਾ ਵਰਨ ਦਾ ਖਾਤਮਾ (9) ਕੇਵਲਾ ਦਰਸ਼ਨਾ ਵਰਨ ਦਾ ਖਾਤਮਾ (10-14) ਨਿੰਦਰਾ, ਨਿਦਰਾ-ਨਿਦਰਾ; ਪ੍ਰਚਲਾ; ਪ੍ਰਚਲਾ-ਪ੍ਰਚਲਾ; ਅਤੇ ਸ਼ਤਿਯਕਾਰਨਧਿ ਇਨ੍ਹਾਂ ਪੰਜਾਂ ਨੀਦਾਂ ਦਾ ਖਾਤਮਾ (15) ਸਾਤਾ ਵੇਦਨੀਆ ਕਰਮ ਦਾ ਖਾਤਮਾ (16) ਅਸਾਤਾ ਵੇਦਨੀਆ ਕਰਮਾਂ ਦਾ ਖਾਤਮਾ (17) ਦਰਸ਼ਨਾ ਵਰਤੀਆ ਮੋਹਨੀਆਂ ਦਾ ਖਾਤਮਾ (18) ਚਾਰਿਤਰ ਮੋਹਨੀਆ ਦਾ ਖਾਤਮਾ (19—22) ਨਾਰਕੀ, ਪਸ਼ੂ, ਮਨੁਖ ਅਤੇ ਦੇਵਤੇ ਦੀ ਉਮਰ ਦਾ ਖਾਤਮਾ (23-24) ਉੱਚੇ ਤੇ ਨੀਵੇਂ ਗੋਤ ਦਾ ਖਾਤਮਾ (25-26) ਸ਼ੁਭ ਨਾਉਂ ਅਤੇ ਅਸ਼ੁਭ ਨਾਉਂ ਦਾ ਖਾਤਮਾ (27-31) ਦਾਨ ਅੰਤਰਾਏ; ਲਾਭ ਅੰਤਰਾਏ; ਭੋਗ ਅੰਤਰਾਏ (ਰੁਕਾਵਟ) ਉਪਭੋਗ ਅੰਤਰਾਏ ਅਤੇ ਵੀਰਜ ਅੰਤਰਾਏ ਦਾ ਖਾਤਮਾ।

ਸਿੱਧਾਂ ਦੇ 31 ਗੁਣ ਹੋਰ ਵੀ ਹੁੰਦੇ ਹਨ :

(1-5) ਸੰਸਥਾਨ, ਪਰਿਮੰਡਲ, ਗੋਲ, ਤਿਕੋਨ, ਚਤੁਰਭੁਜ, ਆਯਤ ਆਦਿ ਅਕਾਰਾਂ ਤੋਂ ਰਹਿਤ (6) ਪੰਜਰੰਗ (13) 5 ਰਸ (16) 2 ਖੁਸ਼ਬੂਆਂ (25) 8 ਸਪਰਸ਼ (28) 3 ਵੇਦ (29) ਸ਼ਰੀਰ ਰਹਿਤ (30) ਮੇਲ ਮਿਲਾਪ ਤੋਂ ਰਹਿਤ

(31) ਰੂਪ ਤੋਂ ਰਹਿਤ ।[1]

## ਅਚਾਰੀਆ

ਨਵਕਾਰ ਮੰਤਰ ਵਿਚ ਤੀਸਰਾ ਨਮਸਕਾਰ ਅਚਾਰੀਆ ਨੂੰ ਕੀਤਾ ਗਿਆ ਹੈ। ਅਚਾਰੀਆ ਸ਼ਬਦ ਦੀ ਵਿਆਖਿਆ ਸੰਸਕ੍ਰਿਤ ਲੇਖਕਾਂ ਨੇ ਇਸ ਪ੍ਰਕਾਰ ਕੀਤੀ ਹੈ :—

ਜਿਸ ਮਹਾਂਪੁਰਸ਼ ਦਾ ਆਚਰਣ ਮਰਿਆਦਾ ਪੂਰਵਕ ਹੁੰਦਾ ਹੈ ਉਹ ਹੀ ਅਚਾਰੀਆ ਹੈ। ਅਚਾਰੀਆ ਸਾਧੂ, ਸਾਧਵੀ, ਸ਼ਰਾਵਕ, ਸ਼ਰਾਵਿਕਾ ਰੂਪ ਸੰਘ ਦਾ ਨੇਤਾ ਹੁੰਦਾ ਹੈ। ਸਾਰੇ ਸੰਘ ਦਾ ਚਲਾਉਣ ਵਾਲਾ, ਸੰਘ ਦੇ ਗੁੰਝਲਦਾਰ ਮਾਮਲਿਆਂ ਵਾਰੇ ਆਖਰੀ ਫੈਸਲਾ ਦੇਣ ਵਾਲਾ, ਦੀਖਿਆ ਅਤੇ ਚੋਮਾਸੇ ਦੀ ਇਜਾਜ਼ਤ ਦੇਣ ਵਾਲਾ, ਗਲਤੀ ਹੋਣ ਤੇ ਸਾਧੂ, ਸਾਧਵੀਆਂ ਨੂੰ ਦੰਡ ਰੂਪ ਵਿਚ ਤਪੱਸਿਆ ਨਾਲ ਪ੍ਰਾਸ਼ਚਿਤ ਕਰਾਉਣ ਵਾਲਾ, ਸੰਘ ਦੀ ਸਮਾਜਿਕ ਤੇ ਧਾਰਮਿਕ ਨੀਤੀ ਨਿਰਧਾਰਤ ਕਰਨ ਵਾਲਾ ਅਚਾਰੀਆ ਹੀ ਹੈ। ਅੱਜ ਕੱਲ ਜਦ ਸਰਵੱਗ ਭਗਵਾਨ ਨਹੀਂ, ਅਚਾਰੀਆ ਹੀ ਭਗਵਾਨ ਦੇ ਹੁਕਮ ਅਨੁਸਾਰ ਸੰਘ ਦਾ ਕੰਮ ਕਾਜ ਚਲਾਉਂਦੇ ਹਨ।

ਅਚਾਰੀਆ ਬਨਣ ਲਈ 36 ਗੁਣਾਂ ਦਾ ਹੋਣਾ ਜ਼ਰੂਰੀ ਹੈ। ਪਰ ਉਨ੍ਹਾਂ ਦੀ ਗਿਣਤੀ ਬਾਰੇ ਮੱਤ ਭੇਦ ਹਨ।

ਪਹਿਲੀ ਕਲਪਨਾ ਅਨੁਸਾਰ ਇਹ ਭੇਦ ਇਸ ਪ੍ਰਕਾਰ ਹਨ :

(1) ਅਚਾਰ ਸੰਪਦਾ ਦੇ ਚਾਰ ਭੇਦ (2) ਸ਼ਰੁਤ ਸੰਪਦਾ ਦੇ ਚਾਰ ਭੇਦ। (3) ਸ਼ਰੀਰ ਸੰਪਦਾ ਦੇ ਚਾਰ ਭੇਦ (4) ਬਚਨ ਸੰਪਦਾ ਦੇ ਚਾਰ ਭੇਦ (5) ਵਾਚਨਾ ਸੰਪਦਾ ਦੇ ਚਾਰ ਭੇਦ (6) ਮਤੀ ਸੰਪਦਾ ਦੇ ਚਾਰ ਭੇਦ (7) ਪ੍ਰਯੋਗਮਤੀ ਸੰਪਦਾ ਦੇ ਚਾਰ ਭੇਦ (8) ਸੰਗ੍ਰਹਿ ਪ੍ਰਗਿਆ ਦੇ ਚਾਰ ਭੇਦ (33) ਅਚਾਰ (34) ਵਿਕਸ਼ੇਪਨਾ (35) ਸ਼ਰੁਤ (36) ਦੋਸ਼ ਨਿਘਾਰਤਨ ।[2]

ਦੂਸਰੀ ਮਾਨਤਾ ਅਨੁਸਾਰ 36 ਗੁਣ ਇਸ ਪ੍ਰਕਾਰ ਹਨ :

(1) ਗਿਆਨਾਚਾਰ ਦੇ ਚਾਰ ਭੇਦ (2) ਦਰਸਨਾਚਾਰ ਦੇ ਚਾਰ ਭੇਦ (3) ਚਰਿਤਰਾਚਾਰ ਦੇ ਚਾਰ ਭੇਦ (36) 12 ਪ੍ਰਕਾਰ ਦਾ ਤਪ।

ਤੀਸਰੀ ਮਾਨਤਾ ਇਸ ਪ੍ਰਕਾਰ ਹੈ :

---

1. ਇਸ ਵਾਰੇ ਸ਼੍ਰੀ ਉਤਰਾਧਿਐਨ ਸੂਤਰ ਦੇ 36ਵੇਂ ਅਧਿਐਨ ਦੀਆਂ ਟਿਪਣੀਆਂ ਵੇਖੋ।
2. ਸ਼੍ਰੀ ਭੈਰੋਦਾਨ ਸੇਠੀਆ ਜੈਨ ਗਰੰਥ ਮਾਲਾ ਭਾਗ 7।

ਅੱਠ ਪ੍ਰਕਾਰ ਦੀ ਸੰਪਦਾ, ਦਸ ਪ੍ਰਕਾਰ ਦਾ ਸਥਿਤੀ ਕਲਪ, ਬਾਰ੍ਹਾਂ ਪ੍ਰਕਾਰ ਦਾ ਤਪ, ਛੇ ਆਵਸ਼ਕ ਇਹ ਕੁਲ 36 ਗੁਣ ਮਿਥੇ ਗਏ ਹਨ।

ਅਚਾਰੀਆ ਸ੍ਰੀ ਅਮੋਲਕ ਰਿਸ਼ੀ ਜੀ ਨੇ ਜੈਨ ਤੱਤਵ ਪ੍ਰਕਾਸ ਵਿਚ ਅਚਾਰੀਆ ਦੇ 36 ਗੁਣ ਇਸ ਪ੍ਰਕਾਰ ਦੱਸੇ ਹਨ :

> 5 ਇੰਦਰੀਆਂ ਦਾ ਸੰਬਰ, 9 ਪ੍ਰਕਾਰ ਦਾ ਬ੍ਰਹਮਚਰਜ ਪਾਲਨ ਦਾ ਢੰਗ, 4 ਕਸ਼ਾਏ ਤੇ ਕਾਬੂ, 5 ਮਹਾਂਵਾਰਤ, 5 ਪ੍ਰਕਾਰ ਦਾ ਅਚਾਰ, 5 ਸਮਿਤੀਆਂ ਅਤੇ 5 ਗੁਪਤੀਆਂ।

ਇਹ 36 ਗੁਣ ਅਚਾਰੀਆ ਭਗਵਾਨ ਦੇ ਆਖੇ ਗਏ ਹਨ।

## ਉਪਾਧਿਆ

ਉਪਾਧਿਆ ਦਾ ਪੱਦ ਬਹੁਤ ਮਹੱਤਵਪੂਰਨ ਹੈ। ਉਸਦਾ ਫਰਜ ਸੰਘ ਦੇ ਸਾਧੂ, ਸਾਧਵੀਆਂ ਨੂੰ ਸ਼ਾਸਤਰ ਪੜ੍ਹਾਉਣਾ, ਪ੍ਰਸ਼ਨਾਂ ਦੇ ਉਤਰ ਦੇਣਾ ਅਤੇ ਸ਼ੰਕਾਵਾਂ ਦੂਰ ਕਰਨਾ ਹੈ।

ਉਪਾਧਿਆ ਪਦ ਦੀ ਵਿਆਖਿਆ ਸੰਸਕ੍ਰਿਤ ਦੇ ਇਕ ਵਿਦਵਾਨ ਨੇ ਇਸ ਪ੍ਰਕਾਰ ਕੀਤੀ ਹੈ।

ਅਧਿਆਤਮਕ ਵਿਦਿਆ ਪ੍ਰਦਾਨ ਕਰਨ ਵਾਲਾ ਹੀ ਉਪਾਧਿਆ ਅਖਵਾਉਂਦਾ ਹੈ। ਉਪਾਧਿਆ ਸੰਘ ਦਾ ਸਿਖਿਆ ਮੰਤਰੀ ਹੁੰਦਾ ਹੈ। ਉਹ ਅਗਿਆਨ ਦਾ ਖਾਤਮਾ ਕਰਕੇ ਗਿਆਨ ਦਾ ਪ੍ਰਕਾਸ਼ ਫੈਲਾਉਂਦਾ ਹੈ।

ਉਪਾਧਿਆ ਦੇ 25 ਗੁਣ ਹੁੰਦੇ ਹਨ :

> (11) ਅੰਗਾਂ ਦੇ ਜਾਨਕਾਰ, (12) ਉਪਾਗਾਂ ਦਾ ਜਾਨਕਾਰ+ਚਰਨ ਸਪਤਿਤੀ+ਕਰਨ ਸਪਤਿਤੀ ਇਹ 25 ਗੁਣ ਉਪਾਧਿਆ ਦੇ ਹੁੰਦੇ ਹਨ।

ਚਰਨਸਪਤਿਤੀ—ਜਿਨ੍ਹਾਂ 70 ਬੋਲਾਂ ਦਾ ਹਰ ਸਮੇਂ ਪਾਲਨ ਕੀਤਾ ਜਾਂਦਾ ਹੈ ਇਹ ਚਰਨ ਸਪਤਿਤੀ ਹੈ। ਇਸ ਵਿਚ 5 ਮਹਾਂਵਰਤ+10 ਪ੍ਰਕਾਰ ਦਾ ਧਰਮ + 17 ਪ੍ਰਕਾਰ ਦਾ ਸੰਜਮ + 10 ਪ੍ਰਕਾਰ ਦਾ ਵੈਯਾ-ਵਰਿਤਯ + 9 ਪ੍ਰਕਾਰ ਨਾਲ ਬ੍ਰਹਮਚਰਜ ਪਾਲਨ ਦਾ ਢੰਗ + 3 ਰਤਨ (ਗਿਆਨ+ਦਰਸ਼ਨ+ਚਾਰਿਤਰ) + 12 ਪ੍ਰਕਾਰ ਦਾ ਤਪ+ 4 ਪ੍ਰਕਾਰ ਦੇ ਕਸ਼ਾਏ ਸ਼ਾਮਲ ਹਨ।

ਕਰਣ ਸਪਤਿਤੀ—ਪ੍ਰਸੰਗ ਵਜੋਂ 70 ਬੋਲਾਂ ਦਾ ਆਚਰਣ ਕਰਨਾ ਕਰਣ ਸਪਤਿਤੀ ਅਖਵਾਉਂਦਾ ਹੈ। ਇਸ ਵਿਚ 4 ਪਿੰਡ ਵਿਸ਼ੁਧੀ+5 ਸਮਿਤੀ

+12 ਭਾਵਨਾ+12 ਪ੍ਰਤਿਮਾ+5 ਇੰਦਰੀਆਂ ਤੇ ਕਾਬੂ ਪਾਉਣਾ+ 25 ਪ੍ਰਤਿਲੇਖਣਾਂ+3 ਗੁਪਤੀ+ਅਭੀਰਕਹਿ।

ਜੈਨ ਤਤਵ ਪ੍ਰਕਾਸ ਵਿਚ 25 ਗੁਣ ਇਸ ਪ੍ਰਕਾਰ ਆਖੇ ਗਏ ਹਨ :

12 ਅੰਗ+1 ਕਰਨ ਸਤਰੀ ਚਰਨ ਸ਼ਤਰੀ 8 ਪ੍ਰਕਾਰ ਦੀ ਧਰਮ ਪ੍ਰਭਾਵਨਾ (ਪ੍ਰਚਾਰ) 3 ਪ੍ਰਕਾਰ ਨਾਲ ਯੋਗਾਂ ਤੇ ਕਾਬੂ ਪਾਉਣਾ।

## ਸਾਧੂ

ਜੈਨ ਧਰਮ ਅਨੁਸਾਰ ਸਾਧੂ ਦੇ 27 ਗੁਣ ਆਖੇ ਗਏ ਹਨ :

5 ਮਹਾਂਵਰਤ 5 ਇੰਦਰੀਆਂ ਨੂੰ ਵਸ ਵਿਚ ਰੱਖਣਾ 4 ਕਸ਼ਾਏ ਤੋਂ ਪਰੇ ਰਹਿਣਾ 3 ਪ੍ਰਕਾਰ ਦੀ ਸਮਾਧਾਰਨਾ (ਮਨ, ਬਚਨ ਤੇ ਸਰੀਰ ਨੂੰ ਧਰਮ ਵਿਚ ਲਗਾਉਣਾ) 3 ਪ੍ਰਕਾਰ ਦਾ ਸੱਚ (ਭਾਵ ਸੱਚ, ਕਰਨ ਸੱਚ, ਯੋਗ ਸੱਚ) 3 ਰਤਨਾਂ ਦਾ ਪਾਲਨ ਕਰਨਾ ਖਿਮਾ ਵੈਰਾਗ।

ਹਰ ਪ੍ਰਕਾਰ ਦੇ ਕਸ਼ਟ ਸਹਿਣਾ ਮਰਨ ਸਮੇਂ ਨਾ ਡਰਨਾ। ਸ੍ਰੀ ਜੈਨ ਸਿਧਾਂਤ ਬੋਲ ਸੰਗ੍ਰਹਿ ਵਿਚ ਇਹ ਗੁਣ ਇਸ ਪ੍ਰਕਾਰ ਮਿਲਦੇ ਹਨ :

5 ਮਹਾਂਵਰਤ ਰਾਤਰੀ ਭੋਜਨ ਦਾ ਤਿਆਗ 5 ਇੰਦਰੀਆਂ ਨੂੰ ਵਸ ਵਿਚ ਰੱਖਣਾ 3 ਪ੍ਰਕਾਰ ਦਾ ਸੱਚ ਖ਼ਿਮਾ ਵੈਰਾਗ਼ 3 ਪ੍ਰਕਾਰ ਦੀ ਸਮਾਧਾਰਨਾ 6 ਪ੍ਰਕਾਰ ਦੇ ਜੀਵਾਂ ਦੀ ਰਖਿਆ (ਜ਼ਮੀਨ, ਪਾਣੀ, ਅੱਗ, ਹਵਾ, ਬਨਾਸਪਤੀ ਤੇ ਹਿਲਣ ਚਲਨ ਵਾਲੇ ਜੀਵ ਹਰ ਪ੍ਰਕਾਰ ਦੇ ਕਸ਼ਟ ਸਹਿਨ ਮਰਨ ਸਮੇਂ ਸਮਭਾਵ ਰਖਣਾ=36।

## ਜੈਨ ਇਤਿਹਾਸ ਬਾਰੇ ਕੁਝ ਮਹੱਤਵਪੂਰਨ ਜਾਣਕਾਰੀ

### ਤੀਰੰਥਕਰ

| ਨਾਮ ਤੀਰਥੰਕਰ | ਜਨਮ ਸਥਾਨ | ਰਾਜਾ/ਪਿਤਾ ਦਾ ਨਾਂ | ਰਾਣੀ/ਮਾਤਾ ਦਾ ਨਾਂ | ਚਿੰਨ੍ਹ | ਨਿਰਵਾਨ |
|---|---|---|---|---|---|
| 1. ਰਿਸ਼ਵਦੇਵ | ਵਿਨਿਤਾ ਨਗਰੀ | ਨਾਭੀ ਰਾਜਾ | ਮਰੂ ਦੇਵੀ | ਬਲਦ | ਅਸ਼ਟਾਪਦ ਪਰਵਤ |
| 2. ਅਜੀਤ ਨਾਥ | ਵਿਨਿਤਾ ਨਗਰੀ | ਜਿਤਸ਼ਤਰੂ | ਵਿਜੈ ਦੇਵੀ | ਹਾਥੀ | ਸਮੇਤ ਸਿਖਰ |
| 3. ਸੰਭਵ ਨਾਥ | ਸ਼ਰਾਵਸਤੀ | ਜਿਤ ਰਾਜਾ | ਸੈਨਾ ਦੇਵੀ | ਘੋੜਾ | ਸਮੇਤ ਸਿਖਰ |
| 4. ਅਭੀਨੰਦਨ | ਅਯੋਧਿਆ | ਸੰਬਰ | ਸਿਧਾਰਥਾ | ਕਪਿ | ਸਮੇਤ ਸਿਖਰ |
| 5. ਸੁਮਤੀ | ਅਯੋਧਿਆ | ਮੇਘਰਾਜਾ | ਮੰਗਲਾ | ਕਰੋਚ | ਸਮੇਤ ਸਿਖਰ |
| 6. ਪਦਮ ਪ੍ਰਭ | ਕੋਸ਼ਾਂਬੀ | ਧਰ ਰਾਜਾ | ਸੁਸੀਮਾ | ਕਮਲ | ਸਮੇਤ ਸਿਖਰ |
| 7. ਸੁਪਾਰਸ਼ਵ ਨਾਥ | ਵਾਰਾਨਸੀ | ਪ੍ਰਤਿਸਠ | ਪ੍ਰਿਥਵੀ | ਸਵਾਸਤਿਕ | ਸਮੇਤ ਸਿਖਰ |
| 8. ਚੰਦਰ ਪ੍ਰਭੂ | ਚੰਦਰ ਨਗਰੀ | ਮਹਾਂਸੇਨ | ਲਕਸ਼ਮਨਾ | ਚੰਦਰਮਾ | ਸਮੇਤ ਸਿਖਰ |
| 9. ਸੁਵਿਧੀਨਾਥ | ਕਾਕੰਦੀ | ਸੁਗਰੀਵ | ਰਾਮਾ | ਮਕਰ | ਸਮੇਤ ਸਿਖਰ |
| 10. ਸ਼ੀਤਲ ਨਾਥ | ਭਦਿਲਪੁਰ | ਦ੍ਰਿੜਰਥ | ਨੰਦਾ | ਸ੍ਰੀ ਵਤਸ | ਸਮੇਤ ਸਿਖਰ |
| 11. ਸ਼ਰਿਆਂਸ਼ ਨਾਥ | ਸਿੰਘਪੁਰ | ਵਿਸ਼ਨੂੰ ਰਾਜਾ | ਵਿਸ਼ਨੂੰ ਦੇਵੀ | ਗੈਂਡਾ | ਸਮੇਤ ਸਿਖਰ |
| 12. ਵਾਸੁਪੁਜਯ | ਚੰਪਾ ਨਗਰੀ | ਵਾਸੁਪੁਜ | ਜੈਆਰਾਣੀ | ਮੱਝ | ਚੰਪਾ |
| 13. ਵਿਮਲ ਨਾਥ | ਕੰਪਿਲ ਪੁਰ | ਕ੍ਰਿਤਵਰਮਾ | ਸਿਆਮਾ ਦੇਵੀ | ਸੂਰ | ਚੰਪਾ |

| | ਨਾਮ ਤੀਰਥੰਕਰ | ਜਨਮ ਸਥਾਨ | ਰਾਜਾ/ਪਿਤਾ ਦਾ ਨਾਂ | ਰਾਣੀ/ਮਾਤਾ ਦਾ ਨਾਂ | ਚਿੰਨ੍ਹ | ਨਿਰਵਾਨ |
|---|---|---|---|---|---|---|
| 14, | ਅਨੰਤ ਨਾਥ | ਅਯੋਧਿਆ | ਸਿੰਘਸੇਨ | ਸੁਯਸ਼ਾ | ਵਾਜ | ਚੰਪਾ |
| 15. | ਧਰਮ ਨਾਥ | ਰਤਨਪੁਰ | ਭਾਨੂੰ | ਸੁਵਰਤਾਦੇਵੀ | ਵਜ਼ਰ | ਸਮੇਤ ਸਿਖਰ |
| 16. | ਸ਼ਾਂਤੀ ਨਾਥ | ਹਸਤਨਾਪੁਰ | ਵਿਸ਼ਵ ਸੇਨ | ਅਚਰਾ ਦੇਵੀ | ਮਿਰਗ | ਸਮੇਤ ਸਿਖਰ |
| 17. | ਕੁੰਥੂ ਨਾਥ | ਹਸਤਨਾਪੁਰ | ਵੱਸੂ | ਸ੍ਰੀ ਦੇਵੀ | ਬਕਰਾ | ਸਮੇਤ ਸਿਖਰ |
| 18. | ਅਰ੍ਹਨਾਥ | ਹਸਤਨਾਪੁਰ | ਸੁਦਰਸ਼ਨ | ਮਹਾਂ ਦੇਵੀ | ਸਵੈਮਤਕ | ਸਮੇਤ ਸਿਖਰ |
| 19. | ਮੱਲੀ ਨਾਥ | ਮਿਥਿਲਾ | ਕੁੰਭ ਰਾਜਾ | ਪ੍ਰਭਾਵਤੀ | ਕਲਸ | ਸਮੇਤ ਸਿਖਰ |
| 20. | ਮੁਨੀਸੁਵਰਤ | ਰਾਜਗ੍ਰਹਿ | ਸੁਮਿਤਰ | ਪਦਮਾਵਤੀ | ਕੱਛ | ਸਮੇਤ ਸਿਖਰ |
| 21. | ਨਮਿਨਾਥ | ਮਿਥਲਾ | ਵਿਜੈ | ਵਿਪਰਾ ਦੇਵੀ | ਕਮਲ | ਸਮੇਤ ਿ ਖਰ |
| 22. | ਨੇਮਨਾਥ | ਸ਼ੌਰਿਆਪੁਰ | ਸਮੁਦਰ ਵਿਜੈ | ਸ਼ਿਵਾ ਦੇਵੀ | ਸ਼ੰਖ | ਸ਼ਤਰੂਜਯਾ ਪਰਵਤ |
| 23. | ਪਾਰਸ਼ਵ ਨਾਥ | ਵਾਰਾਨਸੀ | ਅਸ਼ਵਸੇਨ | ਵਾਮਾਦੇਵੀ | ਨਾਗ | ਸਮੇਤ ਸਿਖਰ |
| 24. | ਮਹਾਂਵੀਰ ਸਵਾਮੀ | ਖਤਰੀ ਕੁੰਡ ਗ੍ਰਾਮ | ਸਿਧਾਰਥ | ਤ੍ਰਿਸ਼ਲਾ | ਸ਼ੇਰ | ਪਾਵਾਪੁਰੀ |

*ਤੀਰਥੰਕਰ ਸ਼ਬਦ ਤੋਂ ਭਾਵ ਹੈ ਤੀਰਥ ਦੀ ਸਥਾਪਨਾ ਕਰਨ ਵਾਲਾ ਅਰਥਾਤ ਧਰਮ ਰੂਪੀ ਚਾਰ ਪ੍ਰਕਾਰ ਦੇ ਤੀਰਥ ਦੀ ਸਥਾਪਨਾ ਕਰਨ ਵਾਲਾ। ਤੀਰਥੰਕਰ ਦੀ ਆਤਮਾ ਰਾਗ ਦਵੇਸ਼ ਖਾਤਮਾ ਕਰਕੇ ਕੇਵਲ-ਗਿਆਨ, ਕੇਵਲ-ਦਰਸ਼ਨ, 4 ਕਰਮਾਂ ਦਾ ਨਾਸ਼ ਕਰ ਲੈਂਦਾ ਹੈ। ਕੇਵਲ ਗਿਆਨੀ ਤਾਂ ਇਕ ਯੁਗ ਵਿਚ ਕਈ ਹੋ ਸਕਦੇ ਹਨ ਪਰ ਤੀਰਥੰਕਰ 24 ਹੀ ਹੁੰਦੇ ਹਨ। ਤੀਰਥੰਕਰ ਦੀ ਮਾਤਾ 14 ਜਾਂ 16 ਸੁਪਨੇ ਵੇਖਦੀ ਹੈ। ਤੀਰਥੰਕਰ ਅਪਣੇ ਪਿਛਲੇ ਜਨਮ ਵਿਚ ਅਨੇਕਾਂ ਪ੍ਰਕਾਰ ਦੇ ਤੱਪ ਤੇ ਸਾਧਨਾ ਕਰਦਾ ਹੈ। 20 ਗੱਲਾਂ ਅਜਿਹੀਆਂ ਹਨ ਜਿਨ੍ਹਾਂ ਕਾਰਨ ਤੀਰਥੰਕਰ ਦੇ ਜਨਮ ਦੀ ਯੋਗਤਾ ਪ੍ਰਾਪਤ ਹੁੰਦੀ ਹੈ।

(1) ਅਰਿਹੰਤ ਦੀ ਭਗਤੀ (2) ਸਿਧ ਦੀ ਭਗਤੀ (3) ਭਾਸ਼ਨ ਦੀ ਭਗਤੀ (4) ਵਿਰਧ ਦੀ ਭਗਤੀ (5) ਵਿਰਧ ਦੀ ਸੇਵਾ-ਭਗਤੀ (6) ਗਿਆਨੀ ਦੀ ਭਗਤੀ (ਸੇਵਾ) (7) ਤਪੱਸਵੀ ਦੀ ਭਗਤੀ (ਸੇਵਾ) (8) ਗਿਆਨ ਦੀ ਲਗਾਤਾਰ ਵਰਤੋਂ ਕਰਦੇ ਰਹਿਣਾ (9) ਸਮਿਕਤਵ ਦਾ ਠੀਕ ਪਾਲਨਾ (10) ਗੁਣਵਾਨਾਂ ਦੀ ਸੇਵਾ ਭਗਤੀ (11) ਵਿਧੀ ਪੂਰਵਕ 6 ਨਿੱਤ ਕਰਮ ਕਰਨਾ (12) ਸੀਲ ਤੇ ਵਰਤਾਂ ਦਾ ਠੀਕ ਪਾਲਨ ਕਰਨਾ (13) ਉੱਚ ਦਰਜੇ ਦੀ ਵੈਰਾਗ ਭਾਵਨਾ (14) ਤੱਪ ਤੇ ਤਿਆਗ ਦਾ ਉੱਚਾ ਪਾਲਨ (15) ਸੰਘ ਦੇ ਭਲੇ ਦਾ ਕੰਮ ਕਰਨਾ (16) ਗਿਆਨ ਦਾ ਅਭਿਆਸ ਕਰਨਾ (17) ਵੀਤਰਾਗੀ ਬਚਨਾਂ ਤੇ ਸ਼ਰਧਾ, ਵਿਸ਼ਵਾਸ ਰੱਖਣਾ (18) ਸੁਪਾਤਰ ਦਾਨ ਕਰਨਾ (19) ਜੈਨ ਧਰਮ ਦੇ ਪ੍ਰਚਾਰ ਵਿਚ ਤਨ, ਮਨ-ਧਨ ਨਾਲ ਸਹਿਯੋਗ ਦੇਣਾ।

16 ਸੁਪਨੇ ਇਸ ਪ੍ਰਕਾਰ ਹਨ :

(1) ਹਾਥੀ (2) ਬੈਲ (3) ਸ਼ੇਰ (4) ਲਛਮੀ (5) ਦੋ ਫੁਲਾਂ ਦੀ ਮਾਲਾ (6) ਚੰਦਰਮਾ (7) ਸੂਰਜ (8) ਘੜਾ (9) ਦੋ ਮੱਛੀਆਂ ਦਾ ਜੋੜਾ (10) ਖੀਰ ਸਮੁੰਦਰ (11) ਤਲਾ (12) ਸਿੰਘਾਸਨ (13) ਦੇਵ ਵਿਮਾਨ (14) ਨਾਗ ਵਿਮਾਨ (15) ਰਤਨ ਦਾ ਢੇਰ (16) ਧੂੰਏ ਤੋਂ ਰਹਿਤ ਜਲਦੀ ਅੱਗ।

## 12 ਚਕਰਵਰਤੀਆਂ ਦੇ ਨਾਂ

(1) ਭਰਤ (2) ਸਗਲ (3) ਮਗਵਾ (4) ਸਨਤ ਕੁਮਾਰ (5) ਸਾਂਤੀ ਨਾਥ (6) ਕੁੰਥੂ ਨਾਥ (7) ਅਰ ਨਾਥ (8) ਸੁਭਮ (9) ਪਦਮ (10) ਹਰੀਸੇਨ (11) ਜੈਸੇਨ (12) ਬ੍ਰਹਮਦੱਤ।

## 9 ਬਲਦੇਵਾਂ ਦੇ ਨਾਂ

(1) ਵਿਜੈ (2) ਅਚਲ (3) ਸੁਧਰਮ (4) ਜੁਪ੍ਰਭਵ (5) ਸੁਦਰਸਨ (6) ਨੰਦੀ (7) ਨੰਦੀ ਮਿਤਰ (8) ਰਾਮ (9) ਪਦਮ।

## 9 ਪ੍ਰਤਿ ਵਾਸੁਦੇਵਾਂ ਦੇ ਨਾਂ

(1) ਅਵਸਗਰੀ (2) ਤਾਰਕ (3) ਮੇਰਕ (4) ਮਧੂ ਕੋਟਭ (5) ਨਿਸ਼ਭੂ (6) ਬਲੀ (7) ਪ੍ਰਹਲਾਦ (8) ਰਾਵਨ (9) ਜਰਾਸੰਧ।

## 9 ਵਾਸੁਦੇਵਾਂ ਦੇ ਨਾਂ

(1) ਤ੍ਰਿਪਿਸਟ (2) ਦਿਪ੍ਰਿਸ਼ਟ (3) ਸਵੈਭੂੰ (4) ਪੁਰਸ਼ੋਤਮ (5) ਪੁਰਸ਼ਸਿੰਹ (6) ਪੁਰਸ਼ ਪੁੰਡਰੀ 7) ਦਤ 8) ਨਰਾਇਣ (9) ਕ੍ਰਿਸ਼ਨ

## ਭਗਵਾਨ ਮਹਾਂਵੀਰ ਦੇ 11 ਗਨਧਰ (ਪ੍ਰਮੁਖ ਸ਼ਿਸ਼ਾਂ) ਦੇ ਨਾਂ

(1) ਇੰਦਰ ਭੂਤੀ (ਗੌਤਮ) (2) ਅਗਨੀ ਭੂਤੀ (3) ਵਾਯੂ ਭੂਤੀ (4) ਵਿਅੱਕਤ ਸਵਾਮੀ (5) ਸ਼ੁਧਰਮਾ ਸਵਾਮੀ (6) ਮੰਡਿਤ ਪੁਤਰ (7) ਮੌਰਿਆ ਪੁਤਰ (8) ਅੰਕਪਿਤ (9) ਅਚਲ ਭੂਤੀ (10) ਮੇਤਾਰਿਆ (11) ਪ੍ਰਭਾਸ।

# ਸਹਾਇਕ ਗਰੰਥਾਂ ਦੀ ਸੂਚੀ

## ਸ਼੍ਰੀ ਉਤਰਾਧਿਐਨ ਸੂਤਰ


(1) ਸ਼੍ਰੀ ਉਪਾਸਕ ਦਸਾਂਗ ਸੂਤਰ—ਅਨੁਵਾਦਕ ਅਚਾਰਿਆ ਸ਼੍ਰੀ ਆਤਮਾ ਰਾਮ ਜੀ ਮਹਾਰਾਜ

(2) ਸ਼੍ਰੀ ਉਪਾਸਕ ਦਸਾਂਗ ਸੂਤਰ—ਪੂਜਯ ਸ਼੍ਰੀ ਅਮੋਲਕ ਰਿਸ਼ੀ ਜੀ ਮਹਾਰਾਜ

(3) ਸ਼੍ਰੀ ਉਪਾਸਕ ਦਸਾਂਗ ਸੂਤਰ ਟੀਕਾ—ਅਚਾਰਿਆ ਸ਼੍ਰੀ ਅਭੈ ਦੇਵ ਸੂਰੀ।

(4) ਸ਼੍ਰੀ ਉਪਾਸਕ ਦਸਾਂਗ ਸੂਤਰ—(ਅਗਿਆਤਮ)

(5) ਸ਼੍ਰੀ ਉਪਾਸਕ ਦਸਾਂਗ ਸੂਤਰ—ਅਚਾਰਿਆ ਸ਼੍ਰੀ ਤੁਲਸੀ।

(6) ਸ਼੍ਰੀ ਉਪਾਸਕ ਦਸਾਂਗ ਸੂਤਰ—ਡਾ: ਹਾਰਕਲੈ।

(7) ਸ਼੍ਰੀ ਉਤਰਾਧਿਐਨ ਸੂਤਰ ਭਾਗ (1-3) ਲੇਖਕ : ਅਚਾਰਿਆ ਸਮਰਾਟ ਪੂਜਯ ਸ਼੍ਰੀ ਆਤਮਾ ਰਾਮ ਜੀ ਮਹਾਰਾਜ (ਜੈਨ ਸ਼ਾਸਤਰ ਮਾਲਾ ਲਾਹੌਰ) 1941।

(8) ਸ਼੍ਰੀ ਉਤਰਾਧਿਐਨ ਸੂਤਰ ਭਾਗ (1-2) ਵਾਚਨਾ ਪ੍ਰਮੁਖ ਅਚਾਰੀਆ ਸ਼੍ਰੀ ਤੁਲਸੀ ਜੀ ਸੰ: 2017 (ਜੈਨ ਸਵੇਤਾਂਵਰ ਤੇਰਾਂ ਪੰਥੀ ਮਹਾਂ ਸਭਾ ਕਲਕੱਤਾ)।

(9) ਸ਼੍ਰੀ ਉਤਰਾਧਿਐਨ ਸੂਤਰ ਅਨੁਵਾਦਕ ਸਾਧਵੀ ਸ਼੍ਰੀ ਚੰਦਨਾ ਜੀ ਮਹਾਰਾਜ ਸਨਮਤੀ ਗਿਆਨ ਪੀਠ ਆਗਰਾ) 1972।

(10) ਸ਼੍ਰੀ ਉਤਰਾਧਿਐਨ ਸੂਤਰ (ਉਪੱਸਲਾ ਵਿਸ਼ਵਵਿਦਿਆਲੇ) ਸੰ: 1972 ਡਾ: ਸਰਪੇਟੀਅਰ।

(11) ਸ਼੍ਰੀ ਉਤਰਾਧਿਐਨ ਸੂਤਰ (ਡਾ: ਹਰਮਨ ਜੈਕੋਵੀ) ਦੀ ਸੇਕਰੀਡ ਬੁਕ ਆਫ਼ ਈਸਟ ਵਾਲੂਯਮ XLV (ਮੋਤੀ ਲਾਲ ਬਨਾਰਸੀ ਦਾਸ ਦਿੱਲੀ) 1973।

(12) ਸ਼੍ਰੀ ਆਚਾਰਾਂਗ ਸੂਤਰ (1-2) ਅਨੁਵਾਦਕ ਅਚਾਰਿਆ ਸ਼੍ਰੀ ਆਤਮਾ ਰਾਮ ਜੀ ਮਹਾਰਾਜ (ਅਚਾਰਿਆ ਸ਼੍ਰੀ ਆਤਮਾ ਰਾਮ ਜੈਨ ਪ੍ਰਕਾਸ਼ਨ ਸਮਿਤੀ ਲੁਧਿਆਣਾ)।

(13) ਸ੍ਰੀ ਭਗਵਤੀ ਸੂਤਰ (1-7) ਅਨੁਵਾਦਕ ਸ੍ਰੀ ਵੀਰ ਪੁਤਰ ਜੀ ਮਹਾਰਾਜ (ਸ੍ਰੀ ਸਾਧੂ ਮਾਰਗੀ ਜੈਨ ਸੰਸਕ੍ਰਿਤੀ ਰਖਿਅਕ ਸੰਘ ਸੈਲਾਨਾ ।

(14) ਸ੍ਰੀ ਸਥਾਨਾਂਗ ਸੂਤਰ ਅਨੁਵਾਦਕ ਸ੍ਰੀ ਕਨ੍ਹਇਆ ਲਾਲ ਜੀ 'ਕਮਲ' ਮਹਾਰਾਜ (ਆਗਮ ਅਨੁਯੋਗ ਪ੍ਰਕਾਸ਼ਨ ਸਾਂਡੇਰਾਊ) 1972।

(15) ਸ੍ਰੀ ਦਸ਼ਵੈਕਾਲਿਕ ਸੂਤਰ ਅਨੁਵਾਦਕ ਅਚਾਰਿਆ ਸ੍ਰੀ ਆਤਮਾ ਰਾਮ ਜੀ ਮਹਾਰਾਜ (ਜੈਨ ਸ਼ਾਸਤਰਮਾਲਾ ਲਾਹੌਰ) ।

(16) ਸ੍ਰੀ ਗਿਆਤਾ ਧਰਮ ਕਥਾਂਗ ਸੂਤਰ ਅਨੁਵਾਦਕ ਸ੍ਰੀ ਸ਼ੋਭਾ ਚੰਦ ਭਾਰਿੱਲ (ਸ੍ਰੀ ਤਿਰਲੋਕ ਰਤਨ ਸਥਾਨਕਵਾਸੀ ਜੈਨ ਪ੍ਰੀਖਿਆ ਬੋਰਡ ਪਾਥਰੜੀ) 1967 ।

(17) ਸ੍ਰੀ ਸੂਤਰ ਕ੍ਰਿਤਾਂਗ ਸੂਤਰ ਅਨੁਵਾਦਕ ਡਾ: ਹਰਮਨ ਜੈਕੋਬੀ (ਮੋਤੀ ਲਾਲ ਬਨਾਰਸੀ ਦਾਸ ਜੈਨ) 1767 ।

(18) ਸ੍ਰੀ ਦਸ਼ਾਸਰੁਤ ਸਕੰਧ ਅਨੁਵਾਦਕ ਅਚਾਰਿਆ ਸ੍ਰੀ ਆਤਮਾ ਰਾਮ ਜੀ ਮਹਾਰਾਜ (ਜੈਨ ਸ਼ਾਸਤਰਮਾਲਾ ਲਾਹੌਰ) ।

(19) ਸ੍ਰੀ ਔਪਪਾਤਿਕ ਸੂਤਰ ਅਨੁਵਾਦਕ ਸ੍ਰੀ ਉਮੇਸ਼ ਮੁਨੀ ਜੀ 'ਅਣੂ' (ਸ੍ਰੀ ਸਾਧੂ ਮਾਰਗੀ ਜੈਨ ਸੰਸਕ੍ਰਿਤੀ ਰੱਖਿਅਕ ਸੰਘ ਸੈਲਾਨਾ) ।

(20) ਸ੍ਰੀ ਔਪਪਾਤਿਕ ਵਿਰਤੀ—ਲੇਖਕ ਅਚਾਰਿਆ ਸ੍ਰੀ ਅਭੈਦੇਵ ਸੂਰੀ ਆਗਮੋਦੇ ਸਮਿਤੀ ਬੰਬਈ ।

(21) ਸ੍ਰੀ ਆਵੱਸ਼ਕ ਨਿਉਕਤੀ (ਆਗਮੋਦੇ ਸਮਿਤਿ ਬੰਬਈ ਲੇਖਕ ਅਚਾਰਿਆ ਭਦਰਵਾਹੂ) 1928 ।

(22) ਸ੍ਰੀ ਆਵੱਸ਼ਕ ਭਾਸ਼ਯ (ਆਗਮੋਦੇ ਸਮਿਤੀ ਬੰਬਈ) ।

(23) ਸ੍ਰੀ ਆਵੱਸ਼ਕ ਵਿਰਤੀ (ਆਗਮੋਦੇ ਸਮਿਤਿ ਬੰਬਈ) ਅਚਾਰਿਆ ਮਲਯਗਿਰੀ ।

(24) ਸ੍ਰੀ ਆਵੱਸ਼ਕ (ਵਿਰਤੀ ਆਗਮੋਦੇ ਸਮਿਤਿ ਬੰਬਈ) ਅਚਾਰਿਆ ਹਰੀਭੱਦਰ ਸੂਰੀ ।

(25) ਸ੍ਰੀ ਪਰਿਗਿਆਪਨ ਸੂਤਰ (ਅਗਮੋਦੇ ਸਮਿਤੀ ਬੰਬਈ) ।

(26) ਸ੍ਰੀ ਨਿਰਯਬਾਲੀਕਾ ਸੂਤਰ (ਸ੍ਰੀ ਜੈਨ ਧਰਮ ਪ੍ਰਚਾਰਕ ਸਭਾ ਭਾਵਨਗਰ) ਸੰ: 1990 ਲੇ: ਸ੍ਰੀ ਘਾਸੀ ਲਾਲ ਜੀ ।

(27) ਸ੍ਰੀ ਕਲਪ ਸੂਤਰ ਲੇਖਕ ਅਚਾਰਿਆ ਭੱਦਰਵਾਹੂ (ਪ੍ਰਕਾਸ਼ਕ ਮੋਤੀ ਲਾਲ ਬਨਾਰਸੀ ਦਾਸ ਦਿੱਲੀ), ਅਨੁਵਾਦਕ ਡਾ: ਹਰਮਨ ਜੈਨੇਬੀ ।

(28) ਸ੍ਰੀ ਕਲਪ ਸੂਤਰ ਐਂਡ ਨਵਤੱਤਵ ਅਨੁਵਾਦਕ ਜੇ. ਸਟੀਵਨਸਨ D.D (ਭਾਰਤ-ਭਾਰਤੀ ਬਨਾਰਸ) 1972।

(29) ਸ੍ਰੀ ਸੱਮਵਾਯਾਗ ਸੂਤਰ ਅਨੁਵਾਦਕ ਸ੍ਰੀ ਕਨ੍ਹਈਆ ਲਾਲ ਜੀ 'ਕਮਲ' (ਆਗਮ ਅਨੁਯੋਗ ਪ੍ਰਕਾਸ਼ਨ ਦਿੱਲੀ) 1966।

(30) ਸ੍ਰੀ ਪ੍ਰਸ਼ਨ ਵਿਆਕਰਨ ਸੂਤਰ ਅਨੁਵਾਦਕ ਸ੍ਰੀ ਹੇਮ ਚੰਦ ਜੀ ਮਹਾਰਾਜ (ਸਨਮਤਿ ਗਿਆਨ ਪੀਠ ਆਗਰਾ)।

(31) ਉਪਾਸ਼ਕ ਧਿਆਨ ਸੂਤਰ (ਭਾਰਤੀਆ ਗਿਆਨ ਪੀਠ ਕਾਸ਼ੀ) ਅਚਾਰਿਆ ਸੋਮਦੇਵ ਸੂਰੀ।

(32) ਤਤਵਾਰਥ ਜੈਨ ਆਗਮ ਸਮਨਵਯ ਅਚਾਰਿਆ ਸ੍ਰੀ ਆਤਮਾ ਰਾਮ ਜੀ ਮਹਾਰਾਜ (ਜੈਨ ਸ਼ਾਸਤਰ ਮਾਲਾ ਲਾਹੌਰ) 1946।

(33) ਪਟਾਵਲੀ ਸਮੁਚਯ (ਚਾਰਿੱਤਰ ਸਮਾਰਕ ਗਰੰਥਮਾਲਾ)।

(34) ਪਦਮ ਪੁਰਾਣ (ਭਾਰਤੀਆ ਗਿਆਨ ਪੀਠ) 1958 ਲੇਖਕ ਅਚਾਰਿਆ ਰਵੀਸੇਨ।

(35) ਮਹਾਪੁਰਾਣ (ਭਾਰਤੀਆ ਗਿਆਨ ਪੀਠ) ਸੰ: 1944 ਲੇਖਕ ਜਿਨਸੇਨ।

(36) ਮੂਲਾਚਾਰ (ਜੈਨ ਗਰੰਥਮਾਲਾ ਸਮਿਤੀ) 1977 ਲੇਖਕ ਵਟੇਰਕਰ ਅਚਾਰਿਆ।

(37) ਅਮਿਤਗਤੀ ਸ਼ਰਾਵਕਾਚਾਰ ਮੁਨੀ ਸ੍ਰੀ ਅਨੰਤਕਿਰਤੀ (ਜੈਨ ਗ੍ਰੰਥਮਾਲਾ ਬੰਬਈ) ਸੰ: 1979 ਲੇਖਕ ਅਚਾਰਿਆ ਅਮਿਤ ਗਤੀ।

(38) ਵਸੂਨੰਦੀ ਸ਼ਰਾਵਕਾਚਾਰ (ਭਾਰਤੀਆ ਗਿਆਨ ਪੀਠ) 1952 ਲੇਖਕ ਅਚਾਰਿਆ ਵਾਸੂਨੰਦੀ।

(39) ਸ਼ਟ ਖੰਡ ਆਗਮ (ਸਿਤਾਵ ਰਾਏ ਲਖਮੀ ਚੰਦ)।

(40) ਤ੍ਰਿਸ਼ਟ ਪੁਰਸ਼ ਸਲਾਕਾ ਚਾਰਿੱਤਰ (ਓਰਿਅੰਟਲ ਇੰਨਟੀਚਯੂਟ ਪੂਨਾ) 1931 ਲੇਖਕ ਹੇਮਚੰਦ ਸੰਪਾਦਕ ਡਾ: ਐਚ ਐਸ. ਜਾਨਸਨ।

(41) ਸ਼ਟ ਦਰਸ਼ਨ ਸਮੁਚਯ (ਭਾਰਤੀਆ ਗਿਆਨ ਪੀਠ) ਲੇਖਕ ਅਚਾਰਿਆ ਹਰੀਭੱਦਰ ਸੂਰੀ।

(42) ਪ੍ਰਸ਼ਨ ਕੇ ਉੱਤਰ ਭਾਗ 2 ਲੇਖਕ ਗਿਆਨ ਮੁਨੀ ਜੀ (ਸ੍ਰੀ ਆਤਮਾ ਰਾਮ ਜੈਨ ਪ੍ਰਕਾਸ਼ਨ ਸਮਿਤੀ ਲੁਧਿਆਣਾ)।

(43) ਭਗਵਾਨ ਮਹਾਂਵੀਰ ਕੇ ਪਾਂਚ ਸਿਧਾਂਤ (ਸ੍ਰੀ ਆਤਮਾ ਰਾਮ ਜੈਨ ਪ੍ਰਕਾਸ਼ਨ ਸਮਿਤੀ ਲੁਧਿਆਣਾ) ਲੇਖਕ ਸ੍ਰੀ ਗਿਆਨ ਮੁਨੀ ਜੀ।

(44) ਗਿਆਨ ਕਾ ਅਮਰਿਤ (ਸ੍ਰੀ ਆਤਮਾ ਰਾਮ ਜੈਨ ਮਾਡਲ ਸਕੂਲ ਦਿਲੀ) ਲੇਖਕ ਸ੍ਰੀ ਗਿਆਨ ਮੁਨੀ ਜੀ।

(45) ਜ਼ੈਨ ਸਿਧਾਂਤ ਦੀਪੀਕਾ (ਆਦਰਸ਼ ਸਾਹਿਤ ਸੰਘ ਚੂਰ) ਲੇਖਕ ਅਚਾਰਿਆ ਸ੍ਰੀ ਤੁਲਸੀ।

(46) ਮਨੋਨੁਸ਼ਾਸਨਮ (ਆਦਰਸ਼ ਸਾਹਿਤ ਸੰਘ ਚੂਰੂ) ਲੇਖਕ ਅਚਾਰਿਆ ਸ੍ਰੀ ਤੁਲਸੀ।

(47) ਤੁਮ ਅਨੰਤ ਸ਼ਕਤੀ ਕੇ ਸਰੋਤ ਹੋ (ਭਾਰਤੀਯ ਗਿਆਨ ਪੀਠ) ਲੇਖਕ ਮੁਨੀ ਸ੍ਰੀ ਨੱਥਮੱਲ।

(48) ਚਿੰਤਨ ਕੀ ਮਨੋਭੂਮੀ (ਸਨਮਤਿ ਗਿਆਨ ਪੀਠ ਆਗਰਾ) ਲੇਖਕ ਉਪਾਧਿਆ ਸ੍ਰੀ ਅਮਰ ਮੁਨੀ ਜੀ।

(49) ਅਹਿੰਸਾ ਦਰਸ਼ਨ (ਸਨਮਤਿ ਗਿਆਨ ਪੀਠ ਆਗਰਾ) ਲੇਖਕ ਉਪਾਧਿਆ ਸ੍ਰੀ ਅਮਰ ਮੁਨੀ ਜੀ।

(50) ਸਤਯ ਦਰਸ਼ਨ ਸਨਮਤਿ ਗਿਆਨ ਪੀਠ ਆਗਰਾ ਲੇਖਕ ਉਪਾਧਿਆ ਸ੍ਰੀ ਅਮਰ ਮੁਨੀ ਜੀ।

(51) ਅਸਤੇਯ ਦਰਸਨ (ਸਨਮਤਿ ਗਿਆਨ ਪੀਠ ਆਗਰਾ) ਲੇਖਕ ਉਪਾਧਿਆ ਸ੍ਰੀ ਅਮਰ ਮੁਨੀ ਜੀ।

(52) ਬ੍ਰਹਮਚਰਯ ਦਰਸ਼ਨ (ਸਨਮਤਿ ਗਿਆਨ ਪੀਠ ਆਗਰਾ) ਲੇਖਕ ਉਪਾਧਿਆ ਸ੍ਰੀ ਅਮਰ ਮੁਨੀ ਜੀ।

(53) ਜੈਨ ਸਾਹਿਤ ਸੁਗਮ ਮਾਲਾ ਭਾਗ 1-12 (ਹਜਾਰੀ ਮੱਲ ਪ੍ਰਕਾਸ਼ਨ) ਲੇਖਕ ਮਧੂਕਰ ਮੁਨੀ।

(54) ਜੈਨ ਸਾਹਿਤ ਕਾ ਬ੍ਰਿਹਦ ਇਤਿਹਾਸ ਭਾਗ 1-6 (ਪਾਰਸ਼ ਨਾਥ ਜੈਨ ਆਸ਼ਰਮ ਬਨਾਰਸ)।

(55) ਜੈਨ ਧਰਮ ਕਾ ਇਤਿਹਾਸ ਭਾਗ 1-2 (ਜੈਨ ਇਤਿਹਾਸ ਪ੍ਰਕਾਸ਼ਨ ਸਮਿਤੀ) ਲੇਖਕ ਅਚਾਰਿਆ ਸ੍ਰੀ ਹਸਤੀ ਮੱਲ ਜੀ।

(56) ਜੈਨ ਧਰਮ ਕਾ ਇਤਿਹਾਸ (ਸਬਯਕ ਗਿਆਨ ਪ੍ਰਕਾਸਨ ਸੰਸਥਾ ਕਲਕੱਤਾ) ਲੇਖਕ ਮੁਨੀ ਸ੍ਰੀ ਸੁਸ਼ੀਲ ਕੁਮਾਰ ਜੀ।

(57) ਜੈਨ ਧਰਮ (ਸ੍ਰੀ ਅਖਿਲ ਭਾਰਤੀਆ ਸਥਾਨਕਵਾਸੀ ਜੈਨ ਕਾਨ-

ਫਰੰਸ ਦਿੱਲੀ) ਲੇਖਕ ਸ੍ਰੀ ਮੁਨੀ ਸੁਸ਼ੀਲ ਕੁਮਾਰ ।

(58) ਜੈਨ ਸਿਧਾਂਤ ਬੋਲ ਸੰਗ੍ਰਹਿ ਭਾਗ 1-8 (ਭੈਰੋਦਾਨ ਸੇਠੀਆ) ।

(59) ਗ੍ਰਹਿਸਥ ਧਰਮ-ਉਪਾਧਿਆ ਸ੍ਰੀ ਫੂਲਚੰਦਰ ਜੀ ਮਹਾਰਾਜ

## ਸਮਰਿਤੀ ਗਰੰਥ

(60) ਮੁਨੀ ਸ੍ਰੀ ਹਜਾਰੀ ਮੱਲ ਸਮਰਿਤੀ ਗ੍ਰੰਥ ।

(61) ਗੁਰੂਦੇਵ ਰਤਨ ਅਭਿਨੰਦਨ ਗ੍ਰੰਥ ।

(62) ਅਚਾਰਿਆ ਤੁਲਸੀ ਅਭਿਨੰਦਨ ਗ੍ਰੰਥ ।

(63) ਮਰੁਧਰ ਕੇਸਰੀ ਅਭਿਨੰਦਨ ਗ੍ਰੰਥ ।

(64) ਅਚਾਰਿਆ ਸ੍ਰੀ ਭਿਕਸ਼ੂ ਸਿਮਰਿਤੀ ਗ੍ਰੰਥ ।

(65) ਅਚਾਰਿਆ ਵਿਜੈ ਨੰਦ ਸਿਮਰਿਤੀ ਗ੍ਰੰਥ ।

(66) ਅਚਾਰਿਆ ਆਨੰਦ ਰਿਸ਼ੀ ।

(67) ਸ੍ਰੀ ਤਿਰਲੋਕ ਰਿਸ਼ੀ ਸਿਮਰਿਤੀ ਗ੍ਰੰਥ ।

## ਅਭਿਨੰਦਨ ਗਰੰਥ

(68) ਸ੍ਰੀ ਮਹਾਂਵੀਰ ਜੈਨ ਵਿਦਿਆਲੇ ਸਵਰਨ ਮਹੋਤਸਵ ਗ੍ਰੰਥ ।

(69) ਹੁਕਮ ਚੰਦ ਅਭਿਨੰਦਨ ਗ੍ਰੰਥ ।

## ਹਿੰਦੂ ਧਰਮ ਦੇ ਗਰੰਥ

(70) i) ਰਿਗਵੇਦ ਤੇ ii) ਅਥਰਵ ਵੇਦ (ਸਵਾਧਿਆਏ ਮੰਡਲ ਪਾਰਡੀ) ।

(71) ਮਹਾਂਭਾਰਤ ਗੀਤਾ ਪ੍ਰੈਸ ਗੋਰਖਪੁਰ ।

(72) ਭਾਗਵਤ ਪੁਰਾਣ ਗੀਤਾ ਪ੍ਰੈਸ ਗੋਰਖਪੁਰ ।

(73) ਵਿਸ਼ਨੂੰ ਪੁਰਾਣ ਗੀਤਾ ਪ੍ਰੈਸ ਗੋਰਖਪੁਰ ।

(74) ਸ੍ਰੀਮਦ ਭਾਗਵਤ ਗੀਤਾ ਗੀਤਾ ਪ੍ਰੈਸ ਗੋਰਖਪੁਰ ।

(75) ਮੁੰਡਕਪੋਨਿਸਧ ਗੀਤਾ ਪ੍ਰੈਸ ਗੋਰਖਪੁਰ ।

(76) ਸਵੇਤਾ ਉਪਨਿਸਧ ਸ਼ੰਕਰਭਾਸ਼ਯ ਗੀਤਾ ਪ੍ਰੈਸ ਗੋਰਖਪੁਰ ।

(77) ਮਾਰਕੰਡੇ ਪੁਰਾਣ ਗੀਤਾ ਪ੍ਰੈਸ ਗੋਰਖਪੁਰ ।

(78) ਪਤਿਜਲ ਯੋਗ ਸ਼ਾਸਤਰ ਪ੍ਰਦੀਪ ਗੀਤਾ ਪ੍ਰੈਸ ਗੋਰਖਪੁਰ ।

(79) ਸਾਖਯ ਕਾਮੋਦੀ ।

(80) ਸਿਵ ਸਵਰਉਦੇ ਟੀਕਾ ।

(81) ਮਨੁ ਸਿਮਰਿਤੀ ਸਵਾਮੀ ਪ੍ਰੈਸ ਮੇਰਠ ਸੰ: 1912 ਪੰਡਤ ਤੁਲਸੀ ਰਾਮ ਸਵਾਮੀ।

(82) i) ਵਾਯੂ ਪਰਾਣ ii) ਮਤਸਯ ਪੁਰਾਣ iii) ਬ੍ਰਹਮਾ ਪੁਰਾਣ iv) ਮਾਰਕੰਡੇ ਪੁਰਾਣ ਮਨਸੁਖ ਰਾਏ ਕਲਕੱਤਾ (1959-62)

(83) ਈਸ਼ ਆਦਿ ਨੌਂ ਉਪਨਿਸਦ (ਗੀਤਾ ਪ੍ਰੈਸ ਗੋਰਖਪੁਰ)

(84) ਹਨੂਮਾਨ ਛਾਟਕ।

(85) ਦੇਵੀ ਭਾਗਵਤ (ਮਨਸੁਖ ਰਾਏ ਮੋਰ ਕਲਕੱਤਾ 1960)।

(86) ਬਾਲਮੀਕ ਰਾਮਾਇਨ (ਗੀਤਾ ਪ੍ਰੈਸ ਗੋਰਖਪੁਰ)।

## ਬੁਧ ਧਰਮ ਦੇ ਗਰੰਥ

(87) ਅਗੁਤਰ ਨਿਕਾਏ ਕੀ ਅੱਠ ਕਥਾ।

(88) ਦੀਰਘ ਨਿਕਾਏ (ਮਹਾਬੋਧੀ ਸਭਾ ਬਨਾਰਸ) ਸੰ: 1936 ਰਾਹੁਲ ਸਕ੍ਰਿਤ ਆਯਨ।

(89) ਧਮ ਪੱਦ (ਪੰਜਾਬੀ ਯੂਨੀਵਰਸਿਟੀ ਪਟਿਆਲਾ) ਅਨੁਵਾਦਕ ਡਾ: ਐਲ. ਐਮ. ਜੋਸ਼ੀ ਤੇ ਸ਼ਾਰਦਾ ਗਾਂਧੀ।

(90) ਜਾਤਕ ਭਾਗ 1—5 (ਹਿੰਦੀ ਸਾਹਿਤ ਸਮੇਲਨ ਪ੍ਰਯਾਗ) ਸੰ: 2008 ਅਨੁਵਾਦਕ ਭਦੰਤ ਆਨੰਦ ਕੌਮਲਾਯਨ।

(91) ਵਿਨੈ ਪਿਟਕ (ਮਹਾਬੋਧੀ ਸਭਾ ਸਾਰਨਾਥ)।

(92) ਸੁਤਨਿਪਾਤ (ਮਹਾਬੋਧੀ ਸਭਾ ਸਾਰਨਾਥ) ਸੰ: ਭਿਖੂ ਧਰਮ ਰਤਨ।

(93) ਥੇਰੀ ਗਾਥਾ (ਮਹਾਬੋਧੀ ਸਭਾ) ਅਨੁਵਾਦਕ ਰਾਹੁਲ ਆਕ੍ਰਤ ਆਯਨ।

(94) ਦਿਵਯਾ ਦਾਨ (ਮਿਥਿਲਾ ਵਿਦਿਆ ਪੀਠ ਦਰਭੰਗਾ ਹੋਰ)।

(95) ਬਾਈਵਲ (ਭਾਰਤ, ਸ੍ਰੀ ਲੰਕਾ ਬਾਈਵਲ ਸੁਸਾਇਟੀ)।

## ਪਤ੍ਰਿਕਾਵਾਂ ਦੇ ਵਿਸ਼ੇਸ਼ ਅੰਕ

(96) ਜੈਨ ਭਾਰਤੀ ਕਲਕੱਤਾ।

(97) ਜੈਨ ਪ੍ਰਕਾਸ਼ ਦਿੱਲੀ।

(98) ਜੈਨ ਜਨਰਲ ਅੰਕ ਕਲਕੱਤਾ।

(99) ਸ਼੍ਰਮਣ ਬਨਾਰਸ।

(100) ਸੁਧਰਮਾ ਪਾਥੜੀ।

(101) ਵੱਲਭ ਸੰਦੇਸ਼ ਜੈਪੁਰ।

(102) ਜਿਨਬਾਨੀ ਜੈਪੁਰ।

(103) ਸ਼੍ਰੀ ਅਮਰ ਭਾਰਤੀ ਆਗਰਾ।

(104) ਆਤਮ ਰਸ਼ਮੀ ਲੁਧਿਆਣਾ।

(105) ਵੀਰ ਪਰੀਨਿਰਵਾਨ ਦਿੱਲੀ।

(106) ਧਰਮਯੁਗ ਬੰਬਈ।

(107) ਦੀ ਇਲਸਟਰਡ ਵੀਕਲੀ ਆਫ ਇੰਡੀਆ ਬੰਬਈ।

(108) ਨਵਭਾਰਤ ਟਾਈਮਜ਼ ਦਿੱਲੀ।

(109) ਜਾਹਨਵੀ ਦਿਲੀ।

(110) ਤੀਰਥੰਕਰ (ਹਿੰਦੀ) ਇੰਦੌਰ।

(111) ਤੀਰਥੰਕਰ (ਅੰਗਰੇਜ਼ੀ) ਇੰਦੌਰ।

(112) ਸਨਮਤਿ ਇੰਦੌਰ।

## ਕੋਸ਼

(113) ਜਿਨੇਂਦਰ ਸਿਧਾਂਤ ਕੋਸ਼ ਲੇਖਕ ਜਿਨੇਂਦਰ ਵਰਨੀ (ਭਾਰਤੀ ਗਿਆਨ ਪੀਠ ਦਿੱਲੀ) (1-4)।

(114) ਅਰਧ ਮਾਗਧੀ ਕੋਸ਼ (ਸ਼ਤਾਵਧਨੀ ਸ਼੍ਰੀ ਰਤਨ ਚੰਦਰ ਜੀ ਮਹਾਰਾਜ) ਅਖਿਲ ਭਾਰਤੀ ਸਥਾਨਕ ਵਾਸੀ ਜੈਨ ਕਾਨਫਰੰਸ ਬੰਬਈ।

(115) ਅਭਿਧਾਨ ਰਾਜੇਂਦਰ ਕੋਸ਼।

(116) ਵੈਦਿਕ ਕੋਸ਼।

## ਹੋਰ ਗਰੰਥ

(117) ਭਾਰਤੀਆ ਇਤਿਹਾਸ ਕੀ ਰੂਪ ਰੇਖਾ(ਹਿੰਦੀ ਗਰੰਥ ਰਤਨਾਕਰ ਬੰਬਈ)

(118) ਭਾਰਤ ਵਰਸ਼ ਮੇਂ ਜਾਤੀ ਭੇਦ (ਸ਼ਿਤੀ ਮੋਹਨ)।

(119) ਭਾਰਤੀਆ ਸੰਸਕ੍ਰਿਤੀ ਔਰ ਅਹਿੰਸਾ (ਧਰਮਾਨੰਦ ਕੋਸ਼ਾਂਬੀ)।

(120) ਹਿੰਦੂ ਸਭਿਅਤਾ (ਪ੍ਰੋ: ਰਾਧਾ ਕੁਮਦ ਮੁਕਰਜੀ)।

(121) ਵੈਦਿਕ ਸੰਸਕ੍ਰਿਤ ਕਾ ਵਿਕਾਸ।

ਦੀ ਪ੍ਰਧਾਨਗੀ ਹੇਠ ਇਕ ਵਾਰ ਆਗਮਾਂ ਦਾ ਸੰਪਾਦਨ ਫੇਰ ਕੀਤਾ ਗਿਆ। ਇਸ ਨੂੰ ਮਾਥੁਰੀ ਵਾਚਨਾਂ ਆਖਦੇ ਹਨ।

**ਚੌਥੀ ਵਾਚਨਾਂ**—ਮਹਾਂਵੀਰ ਸੰਮਤ 837-840 ਸਮੇਂ ਹੀ ਵੱਲਭੀ (ਗੁਜਰਾਤ) ਵਿਖੇ ਅਚਾਰਿਆ ਨਾਗਾ ਅਰੁਜਨ ਦੀ ਪ੍ਰਧਾਨਗੀ ਹੇਠ ਇਕ ਵਾਚਨਾਂ ਫੇਰ ਕੀਤੀ ਗਈ। ਉਸ ਸਮੇਂ ਕਾਫੀ ਕੁਝ ਸਾਧੂ ਭੁੱਲ ਚੁਕੇ ਸਨ।

**ਪੰਜਵੀਂ ਵਾਚਨਾਂ**—880 ਜਾਂ 973 ਮਹਾਂਵੀਰ ਸੰਮਤ ਸਮੇਂ ਵੱਲਭੀ ਵਿਖੇ ਸ਼ਰਮਣ ਸੰਘ ਅਚਾਰਿਆ ਦੇਵਾ ਰਿਧੀਗਣੀ ਸ਼ਮਾ ਸ਼ਰਮਣ ਦੀ ਪ੍ਰਧਾਨਗੀ ਹੇਠ ਇਕੱਠ ਹੋਇਆ। ਸਾਰੇ ਆਗਮਾਂ ਨੂੰ ਤਾੜ ਪੱਤਰ ਤੇ ਲਿਖ ਕੇ ਸੁਰੱਖਿਅਤ ਕੀਤਾ ਗਿਆ। ਅੱਜ ਕੱਲ ਉਸੇ ਵਾਚਨਾਂ ਵਿੱਚ ਲਿਖੇ ਰਾਏ ਆਗਮ ਹੀ ਮਿਲਦੇ ਹਨ। ਇਸ ਤੋਂ ਬਾਅਦ ਕੋਈ ਅਜੇਹੀ ਸੰਗੀਤੀ ਨਹੀਂ ਹੋਈ।

ਉਸ ਸਮੇਂ ਤੋਂ ਲੈ ਕੇ ਹੁਣ ਤੱਕ ਅਨੇਕਾਂ ਅਚਾਰਿਆਂ ਨੇ ਸੰਸਕ੍ਰਿਤ, ਪ੍ਰਾਕ੍ਰਿਤ, ਅਪਭਰਸ਼, ਤਾਮਿਲ, ਤੇਲਗੂ, ਕਨੜ, ਕਾਜਸਥਾਨੀ, ਗੁਜਰਾਤੀ ਤੇ ਹਿੰਦੀ ਵਿਚ ਆਗਮ ਤੇ ਅਨੇਕਾਂ ਟੀਕੇ; ਟੱਬਾ, ਨਿਉਕਤੀਆਂ, ਚੂਰਨੀਆ, ਭਾਸ਼ਯ ਤੇ ਅਵਚੂਰਨੀਆ ਭਾਰੀ ਸੰਖਿਆ ਵਿੱਚ ਲਿਖੇ ਗਏ। ਅੱਜ ਵੀ ਭਾਰਤ ਦੇ ਬੜੇ ਬੜੇ ਸ਼ਹਿਰਾਂ ਵਿੱਚ ਹਜ਼ਾਰ ' ਸਾਲ ਪਹਿਲਾਂ ਲਿਖੇ ਗ੍ਰੰਥਾਂ ਦੇ ਭੰਡਾਰ ਮਿਲਦੇ ਹਨ।

## ਸਵੇਤਾਂਵਰ ਜੈਨ ਪਰੰਪਰਾ ਅਨੁਸਾਰ ਆਗਮਾਂ ਦਾ ਵਰਗੀਕਰਨਾ[1]

ਸ਼੍ਰੀ ਨੰਦੀ ਸੂਤਰ ਅਨੁਸਾਰ ਆਗਮਾਂ ਦਾ ਵਰਗੀਕਰਨ ਇਸ ਪ੍ਰਕਾਰ ਹੈ :—

ਆਵਸ਼ਕ 6 ਹਨ

(1) ਸਮਾਇਕ (2) ਚਤੁਰਵਿਸ਼ਤਵ (3) ਬੰਦਨ (4) ਪ੍ਰਤਿਕ੍ਰਮਨ (5) ਕਯੋਤਸਰਗ (6) ਪ੍ਰਤਿਖਿਆਨ।

ਉਤਰਕਾਲਿਕ 29 ਹਨ

(1) ਦਸ਼ਵੈਕਾਲਿਕ (2) ਕਲਪਾਕਲਪ (3) ਚੁਲਕਕਲਪ (4) ਮਹਾਕਲਪ (5) ਔਪਪਾਤਿਕ (6) ਰਾਜਪ੍ਰਸਨੀਆ (7) ਜੀਵਾਭਿਗਮ (8) ਪ੍ਰਗਿਆਪਨਾ (9) ਮਹਾਪ੍ਰਗਿਆਪਨਾ (10)

---

ਵਿਸ਼ੇ ਪੱਖੋਂ ਆਗਮਾਂ ਦਾ ਵਰਗੀਕਰਨ ਚਾਰ ਪ੍ਰਕਾਰ ਨਾਲ ਕੀਤਾ ਜਾਂਦਾ ਹੈ।

(1) ਚਰਣ-ਕਰਨਾਯੋਗ (ਕਾਲਿਕ ਸ਼ਰੁਤ) (2) ਧਰਮਾਨੂੰਯੋਗ (ਰਿਸ਼ੀ ਭਾਸ਼ਤਿ ਆਦਿ ਸੂਤਰ) (3) ਗਣਿਤਾਨੁਯੋਗ (ਸੂਰਜ ਪਰਿਆਗਪਤੀ) (4) ਦਰਵਯਾਨੁਯੋਗ (ਦ੍ਰਿਸ਼ਟੀਵਾਦ ਜਾਂ ਸੂਤਰ ਕ੍ਰਿਤਾਂਗ)।

(11) ਨੰਦੀ (12) ਅਨੁਯੋਗਦਵਾਰ (13) ਦੇਵੇਂਦਰਸਤਵ (14) ਤਦੁਲਵੈਚਾਰਿਕ (15) ਚੰਦਰ ਵੇਦਯਕ (16) ਸੂਰਯ ਪ੍ਰਗਅਪਤੀ (17) ਪੌਰਸ਼ੀ ਮੰਡਲ (18) ਮੰਡਲ ਪ੍ਰਵੇਸ਼ (19) ਵਿਦਿਆਚਰਨ ਵਿਨਿਸ਼ਚੇ (20) ਗਣੀ ਵਿਦਿਆ (21) ਧਿਆਨ ਵਿਭੱਕਤੀ (22) ਮਰਨ ਵਿਭੱਕਤੀ (23) ਆਤਮ ਵਿਸ਼ੁਧੀ (24) ਵੀਤਰਾਗ ਸ਼ਰੁਤ (25) ਸਲੇਖਨਾ ਸ਼ਰੁਤ (26) ਵਿਹਾਰ ਕਲਪ (27) ਚਰਨਵਿਧੀ (28) ਆਤੁਰ ਪ੍ਰਤਿਖਿਆਨ (29) ਮਹਾਪ੍ਰਤਿ-ਖਿਆਨ ।

ਕਾਲਿਕ 35 ਹਨ

(1) ਉੱਤਰਾਧਿਐਨ (2) ਦਸ਼ਾਸ਼ਰੁਤ ਸਕੰਧ (3) ਬ੍ਰਹਮ ਕਲਪ (4) ਵਿਵਹਾਰ (5) ਨਸ਼ਿਥ (6) ਮਹਾਨਸ਼ਿਥ (7) ਰਿਸ਼ੀ ਭਾਸ਼ੀਤ (8) ਜੰਬੂ ਦੀਪ ਪ੍ਰਗਿਆਪਤੀ (9) ਦੀਪਸਾਗਰ ਪ੍ਰਗਿਆਪਤੀ (10) ਚੰਦਰ ਪ੍ਰਗਿਆਪਤੀ (11) ਲਘੁਵਿਮਾਨ ਪ੍ਰਵਿਭੱਕਤੀ (12) ਮਹਾਵਿਮਾਨ (13) ਅੰਗ ਚੁਲਿਕਾ (14) ਵਰਗ ਚੁਲਿਕਾ (15) ਵਿਆਖਿਆ ਚੁਲਿਕਾ (16) ਅਰੁਣੋਪਪਾਤ (17) ਵਰੁਣੋਪਪਾਤ (18) ਗਰੁਡੋ-ਪਪਾਤ (19) ਧਰਨੋਪਪਾਤ (20) ਵੇਸ਼ਰਮਨਪਪਾਤ (21) ਵੇਲਧੰਰ-ਪਪਾਤ (22) ਦੇਵੇਂਦਰਪਪਾਤ (23) ਉਥਾਨ ਸ਼ਰੁਤ (24) ਸਮੁਥਾਨ ਸ਼ਰੁਤ (25) ਨਾਗ ਪ੍ਰਗਿਆਪਨਿਕਾ (26) ਨਿਰਯਵਾਲਿਕਾ (27) ਕਲਪਾਵਤਸਿਕਾ (28) ਪੁਸ਼ਪਿਤਾ (29) ਪੁਸ਼ਪ ਚੁਲਿਕਾ (30) ਵਿਸ਼ਨ ਦਸ਼ਾ (31) ਆਸੀਵਿਸ਼ ਭਾਵਨਾ (32) ਦਰਿਸ਼ਟੀਵਿਸ਼ ਭਾਵਨਾ (33) ਸੁਪਨ ਭਾਵਨਾ (34) ਮਹਾਸੁਪਨ ਭਾਵਨਾ (35) ਤੇਜੋਨਿਸਰਗ ।

ਅੰਗ ਪ੍ਰਵਿਸ਼ਟ 12 ਹਨ ।

(1) ਅਚਾਰੰਗ (2) ਸੂਤਰ ਕ੍ਰਿਤਾਂਗ (3) ਸਥਾਨੰਗ (4) ਸਮਵਾਯਾਂਗ (5) ਵਿਆਖਿਆ ਪ੍ਰਗਿਆਪਤ (6) ਗਿਆਤਾ ਧਰਮ ਕਥਾਂਗ (7) ਉਪਾਸਕ ਦਸ਼ਾਂਗ (8) ਅੰਤਕ੍ਰਿਤਦਸਾਂਗ (9) ਅਨੁਤਰ ਔਪਪਾਤਿਕ (10) ਪ੍ਰਸ਼ਨ ਵਿਆਕਰਨ (11) ਵਿਪਾਕ (12) ਦ੍ਰਿਸ਼ਟੀਵਾਦ :

## ਦਿਗੰਬਰ ਪਰੰਪਰਾ ਅਨੁਸਾਰ ਆਗਮਾਂ ਦਾ ਵਰਗੀਕਰਨ

ਸ਼ਿਰੀ ਤੱਤਵਾਰਥ ਸੂਤਰ 1—20 ਸ਼ਰੁਤ ਸਾਗਰ ਵਿਰਤਅਨੁਸਾਰ ਇਸ ਪ੍ਰਕਾਰ ਹੈ :—

## ਆਗਮ

### ਅੰਗ ਪ੍ਰਵਿਸ਼ਟ

1. ਆਚਾਰ
2. ਸੂਤਰਕ੍ਰਿਤ
3. ਸਥਾਨ
4. ਸਮਵਾਯ
5. ਵਿਆਖਿਆ ਪ੍ਰਗਿਪਤੀ
6. ਗਿਆਤਾ ਧਰਮ ਕਥਾਂਗ
7. ਉਪਾਸ਼ਕ ਦਸਾਂਗ
8. ਅੰਤਕ੍ਰਿਤ ਦਸ਼ਾਗ
9. ਅਨੁਤਪੋਪਾਤਿਕ ਦਸ਼ਾਂਗ
10. ਪ੍ਰਸ਼ਨ ਵਿਆਕਰਨ
11. ਵਿਪਾਕ
12. ਦਰਿਸ਼ਟੀਵਾਦ

### ਅੰਗ ਬਾਹਰ

1. ਸਮਇਕ
2. ਚਤੁਰਵਿਸ਼ਤਵ
3. ਬੰਦਨਾ
4. ਪ੍ਰਤਿਕ੍ਰਮਨ
5. ਵੈਨਯੀਕ
6. ਕ੍ਰਿਤਿਕਰਮ
7. ਦਸਵੈਕਾਲਿਕ
8. ਉੱਤਰਾਧਿਐਨ
9. ਕਲਪ ਵਿਵਹਾਰ
10. ਕਲਪਾਕਲਪ
11. ਮਹਾਕਲਪ
12. ਪੁੰਡਰੀਕ
13. ਮਹਾ ਪੁੰਡਰੀਕ
14. ਅਸ਼ੀਤਕਾ

## ਦਰਿਸ਼ਟੀਵਾਦ

| ਪਰਿਕਰਮ | ਸੂਤਰ | ਪ੍ਰਥਮਾਨੁਯੋਗ | ਪੂਰਵਗਤ | ਚੁਲਿਕਾ |
|---|---|---|---|---|
| ਚੰਦਰ ਪ੍ਰਗਿਆਪਤੀ | | 1. ਉਤਪਾਦ | | 1. ਜਲਗਤਾ |
| ਸੂਰਜ ਪ੍ਰਗਿਆਪਤੀ | | 2. ਅਗਰਾਇਣੀਏ | | 2. ਸਥਲਗਤਾ |
| ਜੰਬੂਦੀਪ ਪ੍ਰਗਿਆਪਤੀ | | 3. ਵੀਰਯਾਨੁਪ੍ਰਵਾਦ | | 3. ਮਾਯਾਗਤਾ |
| ਦੀਪਸਾਗਰ ਪ੍ਰਗਿਆਪਤੀ | | 4. ਆਸਤੀਨਾਸਤੀਪ੍ਰਵਾਦ | | 4. ਅਕਾਸ਼ਗਤਾ |
| ਵਿਆਖਿਆ ਪ੍ਰਗਿਆਪਤੀ | | 5. ਗਿਆਨਪ੍ਰਵਾਦ | | 5. ਰੂਪਗਤਾ |
| | | 6. ਸਤਯਪ੍ਰਵਾਦ | | |
| | | 7. ਆਤਮ ਪ੍ਰਵਾਦ | | |
| | | 8. ਕਰਮ ਪ੍ਰਵਾਦ | | |

9. ਪ੍ਰਤਿਖਿਆਨ ਪ੍ਰਵਾਦ
10. ਵਿਦਿਆਨੁ ਪ੍ਰਵਾਦ
11. ਕਲਿਆਨ
12. ਪ੍ਰਾਣਾਵਾਯ
13. ਕ੍ਰਿਆਵਿਸ਼ਾਲ
14. ਲੋਕਵਿੰਦੂਸਾਰ

ਜੈਨ ਧਰਮ ਦੇ ਦੋਹੇ ਪ੍ਰਮੁਖ ਫਿਰਕੇ ਇਹ ਗੱਲ ਮੰਨਦੇ ਹਨ ਕਿ ਭਗਵਾਨ ਮਹਾਂਵੀਰ ਦਾ ਅਸਲ ਸਾਹਿਤ ਨਸ਼ਟ ਹੁੰਦਾ ਰਿਹਾ ਹੈ। ਇਸ ਬਾਰੇ ਜਦ ਅਸੀਂ ਦੋਹੇ ਫਿਰ-ਕਿਆਂ ਦਾ ਇਤਿਹਾਸ ਵੇਖਦੇ ਹਾਂ ਤਾਂ ਇਸ ਬਾਰੇ ਮਤਭੇਦ ਦਾ ਪਤਾ ਹੈ।

## ਆਗਮ ਦਾ ਨਸ਼ਟ ਹੋਣਾ
## ਦਿਗੰਬਰ ਪਰੰਪਰਾ ਅਨੁਸਾਰ

ਦਿਗੰਬਰ ਪਰੰਪਰਾ ਅਨੁਸਾਰ ਅੱਜ ਕਲ ਕੋਈ ਆਗਮ ਉਪਲਭਧ ਨਹੀਂ ਹੈ। ਭਗਵਾਨ ਮਹਾਂਵੀਰ ਦੇ ਨਿਰਵਾਨ ਤੋਂ 62 ਸਾਲ ਬਾਅਦ ਕੇਵਲ-ਗਿਆਨੀ (ਬ੍ਰਹਮ ਗਿਆਨੀ) ਖਤਮ ਹੋ ਗਏ। ਆਖਰੀ ਕੇਵਲ-ਗਿਆਨੀ ਸ੍ਰੀ ਜੰਬੂ ਸਵਾਮੀ ਸਨ। ਉਨ੍ਹਾਂ ਤੋਂ 100 ਸਾਲ ਬਾਅਦ ਸ਼ਰੁਤ ਕੇਵਲੀ ਦੀ ਪਰੰਪਰਾ ਵੀ ਖਤਮ ਹੋ ਗਈ। ਆਖਰੀ ਸ਼ਰੁਤ ਕੇਵਲੀ ਭਦਰਵਾਹੂ ਸਨ। ਇਸ ਤੋਂ 183 ਸਾਲ ਬਾਅਦ 10 ਪੂਰਵਾਂ ਦਾ ਗਿਆਨ ਵੀ ਨਸ਼ਟ ਹੋ ਗਿਆ। ਆਖਰੀ ਪੂਰਵਾਂ ਦੇ ਜਾਨਕਾਰ ਸੁਧਰਮਾਂ ਜਾਂ ਧਰਸੇਨ ਸਨ। ਉਨ੍ਹਾਂ ਤੋਂ 220 ਸਾਲ ਬਾਅਦ 11 ਅੰਗਾਂ ਦੇ ਜਾਨਕਾਰ ਵੀ ਖਤਮ ਹੋ ਗਏ। ਆਖਰੀ ਅੰਗਾਂ ਦੇ ਜਾਨਕਾਰ ਕੰਸ ਅਚਾਰਿਆ ਸਨ। ਇਸ ਤੋਂ 118 ਸਾਲ ਬਾਅਦ ਆਚਾਰੰਗ ਸੂਤਰ ਦੇ ਆਖਰੀ ਜਾਨਕਾਰੀ ਲੋਹ ਆਚਾਰਿਆ ਸਮੇਂ ਸਾਰਾ ਆਗਮ ਸਾਹਿਤ ਨਸ਼ਟ ਹੋ ਗਿਆ। ਇਸ ਪ੍ਰਕਾਰ 62+100+183+220+118=683 ਮਹਾਂਵੀਰ ਨਿਰਵਾਨ ਦੀ 7 ਸਦੀ ਵਿੱਚ ਸਾਰਾ ਸਾਹਿਤ ਨਸ਼ਟ ਹੋ ਗਿਆ। ਉਸ ਸਮੇਂ ਦ੍ਰਿਸ਼ਟੀਵਾਦਕ ਨਾਮਕ ਅੰਗ ਦੇ ਕੁਝ ਅੰਸ਼ ਅਚਾਰਿਆ ਧਰ ਸੇਨ ਨੂੰ ਯਾਦ ਸਨ। ਉਨ੍ਹਾਂ ਸੋਚਿਆ ਕਿ ਜੇ ਇਨ੍ਹਾਂ ਨੂੰ ਲਿਪਿਬੱਧ ਨਾ ਕੀਤਾ ਤਾਂ ਕੁਝ ਵੀ ਨਹੀਂ ਬਚੇਗਾ। ਸੋ ਉਨ੍ਹਾਂ ਨੇ ਪਹਿਲੀ ਸਦੀ ਦੇ ਸ਼ੁਰੂ ਵਿੱਚ ਗਿਰਨਾਰ ਪਰਬਤ ਦੀ ਚੰਦਰ ਗਿਰੀ ਗੁਫਾ ਵਿੱਚ ਆਪਣੇ ਚੇਲੇ ਪੁਸ਼ਪ ਦੇਵ ਅਤੇ ਭੂਤਵਲੀ ਨੂੰ ਇਕੱਠਾ ਕਰ ਕੇ ਸਾਹਿਤ ਨੂੰ ਲਿਖਾਇਆ ਜੋ ਕਿ ਮਹਾਬੰਧ ਨਾਉਂ ਦੇ ਵਿਸ਼ਾਲ ਗ੍ਰੰਥ ਦੇ ਰੂਪ ਵਿੱਚ ਸਾਡੇ ਸਾਹਮਣੇ ਹੈ। ਇਸ ਨੂੰ ਮਹਾਬੰਧ ਸਟਖੰਡ ਆਗਮ ਵੀ ਆਖਦੇ ਹਨ। ਇਸ ਤੋਂ ਛੁਟ ਦਿਗੰਬਰ ਫਿਰਕੇ ਵਾਲੇ ਤਤਵਾਰਥ ਸੂਤਰ, ਕਸ਼ਾਏ ਪਾਹੁੜ, ਗੋਮਟਸਾਰ, ਪ੍ਰਵਚਨਸਾਰ, ਨਿਅਮਸਾਰ, ਵਸੁਨੰਦੀ ਮੁਰਾਵਕਾਚਾਰ, ਤਿਲੋਯ ਪ੍ਰਣਤੀ ਆਦਿ ਗ੍ਰੰਥਾਂ ਨੂੰ ਆਗਮਾਂ ਦੀ

ਤਰਾਂ ਮੰਨਦੇ ਹਨ।

ਇਨ੍ਹਾਂ ਗ੍ਰੰਥਾਂ ਤੇ ਅਨੇਕਾਂ ਭਾਸ਼ਾ ਤੇ ਟੀਕਾਵਾਂ ਲਿਖੀਆਂ ਗਈਆਂ ਹਨ। ਤਤਵਾਰਥ ਸੂਤਰ ਦੀ ਪ੍ਰਮੁਖ ਟੀਕਾ ਤਤਵਾਰਥ ਰਾਜਵਾਰਤਿਕ ਹੈ। ਦਿਗੰਬਰ ਫਿਰਕਿਆਂ ਵਾਲਿਆਂ ਨੇ ਪ੍ਰਮਾਣ ਤੇ ਨਯ ਦੇ ਵਿਸ਼ੇ ਤੇ ਬਹੁਤ ਸਾਹਿਤ ਲਿਖਿਆ ਹੈ। ਦਿਗੰਬਰ ਸੰਪਰਦਾਏ ਵਾਲਿਆਂ ਨੇ ਸੰਸਕ੍ਰਿਤ ਤੇ ਅਪਭ੍ਰਸ਼ ਭਾਸ਼ਾ ਵਿੱਚ ਪੁਰਾਨ ਸਾਹਿਤ ਦੀ ਰਚਨਾ ਵੀ ਕੀਤੀ ਹੈ। ਦਿਗੰਬਰ ਸਾਹਿਤਕਾਰ ਵਿੱਚੋਂ ਪ੍ਰਮੁਖ ਅਚਾਰਿਆ ਉਮਾਸਵਾਤੀ, ਅੰਕਲਕ, ਵਿਦਿਆਨੰਦੀ ਕੁਦਕੁੰਦ, ਸਮੰਤਭਦਰ, ਵਸੁਨੰਦੀ ਆਦਿ ਦੇ ਨਾਂ ਬਹੁਤ ਪ੍ਰਸਿਧ ਹਨ।

## ਸ਼ਵੇਤਾਂਬਰ ਪਰੰਪਰਾ

ਸ਼ਵੇਤਾਂਬਰ ਪਰੰਪਰਾ ਅਨੁਸਾਰ ਜੰਬੂ ਸਵਾਮੀ ਤੋਂ ਬਾਅਦ ਕੇਵਲ-ਗਿਆਨ ਦੀ ਪਰੰਪਰਾ ਖਤਮ ਹੋ ਗਈ। ਅਚਾਰਿਆ ਸਥੂਲਭਦਰ ਮਹਾਂਵੀਰ ਸੰਮਤ 170-205 ਤਕ 14 ਪੂਰਵਾਂ ਦੇ ਜਾਨਕਾਰ ਸਨ, ਵਿਜੈ ਸੂਰੀ ਤਕ 10 ਪੂਰਵਾਂ ਦੇ ਜਾਨਕਾਰ ਸਨ। ਆਰੀਆ ਰਕਸ਼ਿਤ (ਮਹਾਂਵੀਰ ਸੰਮਤ 597) $9\frac{1}{2}$ ਪੂਰਵਾਂ ਦੇ ਜਾਨਕਾਰ ਸਨ। ਉਨ੍ਹਾਂ ਦੇ ਸ਼ਿਸ਼ ਪੁਸਯਮਿਤਰ 9 ਪੂਰਵਾਂ ਦੇ ਜਾਨਕਾਰ ਸਨ। 8—7—6 ਪੂਰਵਾਂ ਦੇ ਜਾਨਕਾਰਾਂ ਬਾਰੇ ਕੋਈ ਵਰਨਣ ਪ੍ਰਾਪਤ ਨਹੀਂ ਹੁੰਦਾ।

ਇਸ ਤੋਂ ਬਾਅਦ ਅਚਾਰੰਗ ਸੂਤਰ ਦਾ ਮਹਾਪ੍ਰਗਿਆ ਨਾਮਕ ਅਧਿਐਨ ਨਸ਼ਟ ਹੋ ਗਿਆ। ਪ੍ਰਸ਼ਨ ਵਿਆਕਰਨ ਦਾ ਸਾਰਾ ਵਿਸ਼ਾ ਹੀ ਬਦਲ ਗਿਆ। ਗਿਆਤਾ ਧਰਮ ਕਥਾਂਗ ਸੂਤਰ ਦੀਆਂ ਕਈ ਕਹਾਣੀਆਂ ਨਸ਼ਟ ਹੋ ਗਈਆਂ।

ਇਹ ਵੀ ਮੰਨਿਆ ਜਾਂਦਾ ਹੈ ਕਿ ਦੇਵਾਅਰਧਗਣੀ ਸ਼ਮਾ ਸ਼ਰਮਣ ਵੀ ਪੂਰਵਾਂ ਦਾ ਕੁਝ ਹਿੱਸਾ ਜਾਣਦੇ ਸਨ। ਇਹ ਉਹੀ ਅਚਾਰਿਆ ਸਨ ਜਿਨ੍ਹਾਂ ਦੀ ਅਗਵਾਈ ਹੇਠ ਮਹਾਂਵੀਰ ਦੀ ਦਸਵੀਂ ਸਦੀ ਹੇਠ ਆਗਮ ਸਾਹਿਤ ਲਿਪਿਬੱਧ ਕੀਤਾ ਗਿਆ। ਇਸ ਪ੍ਰਕਾਰ ਭਗਵਾਨ ਮਹਾਂਵੀਰ ਦੇ ਨਿਰਵਾਨ ਤੋਂ 1000 ਸਾਲ ਬਾਅਦ ਕੋਈ ਵੀ ਪੂਰਵਾਂ ਦਾ ਜਾਨਕਾਰ ਨਾ ਰਿਹਾ, ਅਤੇ ਆਗਮ ਸਾਹਿਤ ਦਾ ਕਾਫੀ ਹਿੱਸਾ ਵੀ ਨਸ਼ਟ ਹੋ ਗਿਆ।

ਆਗਮਾਂ ਦੀ ਸੰਖਿਆ ਬਾਰੇ ਅਨੇਕਾਂ ਮੱਤ ਪ੍ਰਚਲਤ ਹਨ। ਪਰ ਅੱਜ ਕਲ ਆਗਮ ਤਿੰਨ ਰੂਪ ਵਿੱਚ ਮਿਲਦੇ ਹਨ।

(1) 84 ਆਗਮ
(2) 45 ਆਗਮ
(3) 32 ਆਗਮ

## 84 ਆਗਮ

**ਉਤਕਾਲਿਕ**—(1) ਦਸ਼ਵੇਕਾਲਿਕ (2) ਕਲਪਿਕਾਕਲਪਿਕ (3) ਸ਼ੁਲ-

ਕਲਪ (4) ਮਹਾਕਲਪ (5) ਔਪਪਾਤਿਕ (6) ਰਾਜਪ੍ਰਸ਼ਨਿਆ (7) ਜੀਭਾਵਿਗਮ (8) ਪ੍ਰਗਿਆਪਨਾ (9) ਮਹਾਪ੍ਰਗਿਆਪਨਾ (10) ਨੰਦੀ (11) ਅਨੁਯੋਗਦਵਾਰ (12) ਅਨੁਯੋਗਦਵਾਰ (13) ਦੇਵੇਂਦਰਸਤਵ (14) ਤੰਦੁਲ ਵਿਚਾਰਕ (15) ਚੰਦਰ ਵੇਦਯਕ (16) ਸੂਰਜ ਪ੍ਰਗਿਆਪਤੀ (17) ਪੋਰਸੀ ਮੰਡਲ (18) ਮੰਡਲ ਪ੍ਰਵੇਸ਼ (19) ਵਿਦਿਆ-ਚਰਨ ਵਿਨਿਸਚੈ (20) ਗਣੀ ਵਿਦਿਆ (21) ਧਿਆਨ ਵਿਭਕਤੀ (22) ਮਰਨ ਵਿਭਕਤੀ (23) ਆਤਮ ਵਿਸ਼ੋਧੀ (24) ਵੀਤਰਾਗ ਸ਼ਰੁਤ (25) ਸੰਲੇਖਨਾ ਸ਼ਰੁਤ (26) ਵਿਹਾਰ ਕਲਪ (27) ਚਰਣਾ ਵਿਧਿ (28) ਆਤੁਰ ਪ੍ਰਤਿਖਿਆਨ (29) ਮਹਾਪ੍ਰਤਿਖਿਆਨ ।

**ਕਾਲਿਕ**—(1) ਉੱਤਰਾਧਿਐਨ (2) ਦਸ਼ਾ ਸ਼ਰੁਤ ਸਕੰਧ (3) ਬ੍ਰਹਮ ਕਲਪ (4) ਵਿਵਹਾਰ (5) ਨਸਿਥ (6) ਮਹਾਨਸਿਥ (7) ਰਿਸ਼ੀ ਭਾਸ਼ੀਤ (8) ਜੰਬੂਦੀਪ (9) ਦੀਪ ਸਾਗਰ ਪ੍ਰਗਿਆਪਤੀ (10) ਚੰਦਰ ਪ੍ਰਗਿਆਪਤੀ (11) ਸ਼ੁਲਿਕਾ ਵਿਮਾਨ ਵਿਭਕਤੀ (12) ਮਹਤੀ ਵਿਮਾਨ ਵਿਭਕਤੀ (13) ਅੰਗ ਚੁਲਿਕਾ (14) ਬੰਗ ਚੁਲਿਕਾ (15) ਵਿਵਾਹ ਚੁਲਿਕਾ (16) ਅਰਣੋਪਪਾਤ (17) ਵਰੁਣੋਪਪਾਤ (18) ਗਰੁੜੋ-ਪਪਾਤ (19) ਧਰਣੋਪਪਾਤ (20) ਵੇਸ਼ਰਸ਼ਣਪਪਾਤ (21) ਵੇਲਧਰੋਪਪਾਤ (22) (23) ਉਥਾਨ ਸ਼ਰੁਤ (24) ਸਮੁਥਾਨ ਸ਼ਰੁਤ (25) ਨਾਗਪਰਿਤਾਪਨਿਕਾ (26) ਕਲਪਿਕਾ (27) ਕਲਪੇਬਤਾਸਿਕਾ (28) ਪੁਸ਼ਪਿਕਾ (29) ਪੁਸ਼ਪਚੁਲਿਕਾ (30) ਬਿਸ਼ਨੀਦਸ਼ਾ ।

**ਅੰਗ**—(1) ਅਚਾਰ (2) ਸੂਤਰ ਕ੍ਰਿਤ (3) ਸਥਾਨ (4) ਸਮਵਾਯ (5) ਭਗਵਤੀ (6) ਗਿਆਤਾ ਧਰਮ ਕਥਾ (7) ਉਪਾਸਕਾ ਦਸ਼ਾ (8) ਅੰਤਕ੍ਰਿਤ ਦਸ਼ਾ (9) ਅਨੁਤਰੋਪਾਤਿਕ ਦਸ਼ਾ (10) ਪ੍ਰਸ਼ਨਵਿਆਕਰਨ (11) ਵਿਪਾਕ (12) ਦ੍ਰਿਸ਼ਟੀਵਾਦ (29+30+12=71)[1] (72) ਆਵਸ਼ਕ (73) ਅੰਤਕ੍ਰਿਤ ਦਸ਼ਾ (74) ਪ੍ਰਸ਼ਨਵਿਆਕਰਨ (75) ਅਨੁਤਰੋਪਾਤਿਕ ਦਸ਼ਾ (76) ਬੰਧ ਦਸ਼ਾ (77) ਦਿਵੀਗ੍ਰਿਧਿ ਦਸ਼ਾ (78) ਦੀਰਘ ਦਸ਼ਾ (79) ਸੁਪਨ ਭਾਵਨਾ (80) ਚਾਰਨ ਭਾਵਨਾ (੮1) ਤੇਜੋਨਿਗਰਗ (82) ਆਸੀਵਿਸ਼ ਭਾਵਨਾ (83) ਦਰਿਸ਼ਟੀਵਿਸ਼ ਭਾਵਨਾ (84) 55 ਅਧਿਐਨ ਕਲਿਆਨ ਫਲ ਵਿਪਾਕ ਤੇ 55 ਅਧਿਐਨ ਪਾਪ ਫਲ ਵਿਪਾਕ ।

**ਅੱਜ ਕਲ ਜੋ 45 ਆਗਮ ਮਿਲਦੇ ਹਨ ਉਨ੍ਹਾਂ ਦੇ ਨਾਉਂ ਇਸ ਪ੍ਰਕਾਰ ਹਨ :**

(1) 11 **ਅੰਗ**—(1) ਆਚਾਰੰਗ ਸੂਤਰ (2) ਸੂਤਰਕ੍ਰਿਤਾਂਗ ਸੂਤਰ (3)

---

(1) ਨੰਦੀ ਸੂਤਰ (2) 73 ਤੋਂ 78 ਸੂਤਰਾਂ ਦੇ ਨਾਉਂ ਸਥਾਨੰਗ ਸੂਤਰ (3) 72 ਤੋਂ 83 ਸੂਤਰਾਂ ਦੇ ਨਾਉਂ ਵਿਵਹਾਰ ਸੂਤਰ ਵਿਚ ਹਨ ।

ਸਥਾਨੰਗ ਸੂਤਰ (4) ਸਮਵਿਆਯਾਂਗ ਸੂਤਰ (5) ਭਗਵਤੀ ਜਾਂ ਵਿਆਖਿਆ ਪ੍ਰਾਗਪਤੀ ਸੂਤਰ (6) ਗਿਆਤਾ ਧਰਮ ਕਥਾਂਗ ਸੂਤਰ (7) ਉਪਾਸਕ ਦਸ਼ਾਂਗ ਸੂਤਰ (8) ਅੰਤਕ੍ਰਿ-ਦਸ਼ਾਂਗ ਸੂਤਰ (9) ਉਨਉਤਰੋਪਾਤਿਕ ਸੂਤਰ (10) ਪ੍ਰਸ਼ਨ ਵਿਆਕਰਣ ਸੂਤਰ (11) ਵਿਪਾਕ ਸੂਤਰ ।

(2) 12 **ਉਪਾਂਗ**—ਔਪਪਾਤਿਕ ਸੂਤਰ (2) ਰਾਜਪ੍ਰਸ਼ਨੀਯ (3) ਜੀਵਾ-ਭਿਗਮ (4) ਪ੍ਰਗਿਆਪਨਾ (5) ਜੰਬੂਦੀਪ ਪਰਿਗਿਆਪਤੀ (6) ਚੰਦਰ ਪ੍ਰਗਿਆ-ਪਤੀ (7) ਸੁਰਿਆ ਪ੍ਰਗਿਆਪਤੀ (8) ਨਿਰਿਆਬਲਿਆ (9) ਕਲਪਾਵਤਸਿੰਕਾ (10) ਪੁਸ਼ਪਿਕਾ (11) ਪੁਸ਼ਪਚੁਲਾ (12) ਵਰਿਸ਼ਨੀ ਦਸ਼ਾ ।

(3) 6 **ਛੇਦ ਸੂਤਰ**—(1) ਨਿਸਿਥ (2) ਮਹਾਨਿਸਿਥ (3) ਵਿਵਿਹਾਰ (4) ਦਸ਼ਾਸਰੁਤ ਸਕੰਧ (5) ਬ੍ਰਹਤਕਲਪ (6) ਪੰਚਕਲਪ ।

(4) 6 **ਮੂਲ ਸੂਤਰ**—(1) ਉੱਤਰਾਧਿਐਨ (2) ਆਵੱਸ਼ਕ (3) ਦਸ਼ਵੈ-ਕਾਲਿਕ (4) ਪਿੰਡਨਿਯੁਕਤੀ (5) ਨੰਦੀ (6) ਅਨੁਯੋਗ ਦਵਾਰ ।

(5) 10 **ਪਰਿਕਿਰਨਿਕ**—(1) ਚਤੁਸ਼ਰਨ (2) ਆਤੁਰ ਪ੍ਰਤਿਆਖਿਆਨ (3) ਮਹਾਂ ਪ੍ਰਤਿਆਖਿਆਨ (4) ਸੰਸ਼ਤਾਰਕ (5) ਭਕਤ ਪ੍ਰਤਿਖਿਆਨ (6) ਚੰਦਰ ਕਵੈਦਿਯਕ (7) ਦਵੇਂਦਰਸਤਵ (8) ਗਨੀਵਿਦਿਆ (9) ਮਹਾ ਪ੍ਰਤਿਆਖਿਆਨ (10) ਵੀਰਸਤਵ ।

ਪਰ ਜੈਨੀਆਂ ਦੇ ਸ਼ਵੇਤਾਂਬਰ ਸਥਾਨਕ ਵਾਸੀ ਤੇ ਤੇਰਾਪੰਥੀ ਫਿਰਕੇ 32 ਆਗਮਾਂ ਨੂੰ ਹੀ ਪ੍ਰਮਾਣਿਕ ਮੰਨਦੇ ਹਨ । ਉਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ :

11 **ਅੰਗ**—(1) ਅਚਾਰੰਗ (2) ਸੂਤਰਕ੍ਰਿਤਾਂਗ (3) ਸਥਾਨੰਗ (4) ਸਮਵਾਯਾਂਗ (5) ਭਗਵਤੀ (6) ਗਿਆਤਾ ਧਰਮ ਕਥਾਂਗ (7) ਉਪਾਸਕ ਦਸ਼ਾਂਗ (8) ਅੰਤਕ੍ਰਿਤਾਂਗ (9) ਅਨੁਤਰੋਪਾਤਿਕ ਸੂਤਰ (10) ਪ੍ਰਸ਼ਨ ਵਿਆਕਰਨ (11) ਵਿਪਾਕ

12 **ਉਪਾਂਗ**—(1) ਔਪਪਾਤਿਕ (2) ਰਾਜਪ੍ਰਸ਼ਨੀਆ (3) ਜੀਵਾਭਿਗਮ (4) ਪ੍ਰਗਿਆਪਨਾ (5) ਸੂਰਜ ਪ੍ਰਗਿਆਪਤੀ (6) ਜੰਬੂਦੀਪ ਪ੍ਰਗਿਆਪਤੀ (7) ਚੰਦਰ ਪ੍ਰਗਿਆਪਤੀ (8) ਨਿਰਯਾਂਵਲਿਕ (9) ਕਲਪਾਵੰਤਸੀਕ (10) ਪੁਸ਼ਪਿਕ (11) ਪੁਸ਼ਪਚਲਿਕਾ (12) ਵਰਿਸ਼ਨੀ ਦਸ਼ਾਂਗ ।

(4) **ਮੂਲ ਸੂਤਰ**—(1) ਦਸ਼ਵੈਕਾਲਿਕ (2) ਉੱਤਰਾਧਿਐਨ (3) ਨੰਦੀ (4) ਅਨੁਯੋਗਦਵਾਰ ।

(5) **ਛੇਦ ਸੂਤਰ**—(1) ਨਸ਼ਿਥ (2) ਵਿਵਹਾਰ (3) ਬ੍ਰਹਤ ਕਲਪ (4) ਦਸ਼ਾਸ਼ਰੁਤ ਸਕੰਧ (5) ਆਵੱਸ਼ਕ ।

# ਸ਼੍ਰੀ ਉਪਾਸਕ ਦਸ਼ਾਂਗ ਸੂਤਰ

ਹਰ ਧਰਮ, ਅਪਣੇ ਉਪਾਸਕਾਂ ਲਈ ਇਕ ਖਾਸ ਪੂਜਾ ਅਤੇ ਉਪਾਸਨਾ ਦਾ ਢੰਗ ਪੇਸ਼ ਕਰਦਾ ਹੈ, ਇਸੇ ਉਪਾਸਨਾ ਵਿਧੀ ਰਾਹੀਂ ਹਰ ਧਰਮ ਦੇ ਉਪਾਸਕ ਦੀ ਅਲੱਗ ਪਰਖ ਹੁੰਦੀ ਹੈ। ਹੋਰਨਾਂ ਧਰਮਾਂ ਵਾਂਗ ਜੈਨ ਧਰਮ ਵਿਚ ਵੀ ਉਸ ਦੇ ਮੰਨਣ ਲਈ ਉਪਾਸਨਾ-ਵਿਧੀ ਹੈ। ਜੈਨ ਧਰਮ ਦੋ ਰੂਪਾਂ ਵਿੱਚ ਗ੍ਰਹਿਣ ਕੀਤਾ ਜਾ ਸਕਦਾ ਹੈ (1) ਸਾਧੂ ਰੂਪ ਵਿਚ (2) ਗ੍ਰਹਿਸਥ (ਉਪਾਸਕ) ਰੂਪ ਵਿੱਚ। ਭਾਵੇਂ ਦੋਵੇਂ ਉਪਾਸਨਾ ਵਿਧੀਆਂ ਦਾ ਇਕ ਹੀ ਉਦੇਸ਼ ਹੈ, ਪਰ ਅਪਨਾਉਣ ਦਾ ਢੰਗ ਕੁਝ ਵੱਖਰਾ ਹੈ। ਸਾਧੂ ਲਈ ਪੰਜ ਮਹਾਵਰਤ, ਤਿੰਨ ਗੁਪਤੀਆਂ, ਪੰਜ ਸਮਿਤੀਆਂ ਆਦਿ ਦਾ ਪਾਲਣ ਕਠੋਰਤਾ ਨਾਲ ਕਰਨਾ ਪੈਂਦਾ ਹੈ। ਪਰ ਗ੍ਰਹਿਸਥ ਦੇ ਰੂਪ ਵਿੱਚ ਇਹੋ ਨੇਮ ਕੁੱਝ ਛੋਟਾਂ ਨਾਲ ਗ੍ਰਹਿਣ ਕੀਤੇ ਜਾਂਦੇ ਹਨ ਜਿਸ ਨਾਲ ਗ੍ਰਹਿਸਥ ਅਪਣੇ ਸੰਸਾਰ ਦੇ ਕਰਤੱਵ ਨੂੰ ਆਸਾਨੀ ਨਾਲ ਕਰਦਾ ਰਹਿੰਦਾ ਹੈ ਅਤੇ ਧਾਰਮਿਕ ਨਿਯਮਾਂ ਦਾ ਪਾਲਨ ਕਰਦਾ ਰਹਿੰਦਾ ਹੈ। ਗ੍ਰਹਿਸਥ ਦਾ ਮਾਰਗ ਲੰਬਾ ਪਰ ਸੁਖਾਲਾ ਹੈ। ਸਾਧੂ ਜੀਵਨ ਦਾ ਰਾਹ ਕਠੋਰ ਹੈ ਪਰ ਲੰਬਾ ਨਹੀਂ। ਪਰ ਦੋਹਾਂ ਦੇ ਜੀਵਨ ਦਾ ਉੱਦੇਸ਼ ਇਕ ਹੈ, ਆਤਮਾ ਤੋਂ ਪਰਮਾਤਮ-ਪੱਦ ਦੀ ਪ੍ਰਾਪਤੀ। ਦੋਹਾਂ ਲਈ ਇਹ ਜ਼ਰੂਰੀ ਹੈ ਕਿ ਪਹਿਲਾਂ ਉਹ ਸਮਿਅਕਤਵ ਨੂੰ ਅਪਨਾਉਣ। ਸਮਿਅਕਤਵ ਦੇ ਤਿੰਨ ਹਿੱਸੇ ਹਨ, ਇਨ੍ਹਾਂ ਤਿੰਨ ਹਿੱਸਿਆਂ ਨੂੰ ਅਚਾਰਿਆ ਉਮਾਸਵਾਤੀ ਨੇ ਮੁਕਤੀ ਦਾ ਰਾਹ ਦਸਿਆ ਹੈ। **सम्यग्दर्शनज्ञानचारित्राणि मोक्षमार्गम्** (ਤਵਾਰਥ ਸੂਤਰ 1-1) ਅਰਥਾਤ ਸਹੀ ਵੇਖਨਾ(ਦਰਸ਼ਨ)ਸਹੀ ਜਾਨਣਾ (ਗਿਆਨ) ਸਹੀ ਅਮਲ ਕਰਨਾ (ਚਾਰਿਤਰ) ਤਿੰਨਾਂ ਦੇ ਮੇਲ ਦਾ ਨਾਂ ਸਮਿਅਕਤਵ ਹੈ। ਇਹ ਜੈਨ ਧਰਮ ਦਾ ਪਹਿਲਾ ਅਤੇ ਅੰਤਮ ਅਸੂਲ ਹੈ। ਇਸ ਬਿਨਾਂ ਕਿਸੇ ਵਰਤ ਦੀ ਪਾਲਣਾ ਸਾਧੂ ਜਾਂ ਗ੍ਰਹਿਸਥ ਨਹੀਂ ਕਰ ਸਕਦਾ।

ਸ਼੍ਰੀ ਉਪਾਸਕ ਦਸ਼ਾਂਗ ਦਾ ਵਿਸ਼ਾ ਜੈਨ ਗ੍ਰਹਿਸਤ ਦੇ 5 ਅਨੁਵਰਤਾਂ, ਤਿੰਨ ਦਿਸ਼ਾ ਵਰਤਾਂ ਚਾਰ ਸਿੱਖਿਆ ਵਰਤਾਂ ਸਬੰਧੀ ਹੈ। ਇਸ ਸੂਤਰ ਦੇ ਦਸ ਅਧਿਐਨ ਹਨ। ਹਰ ਅਧਿਐਨ ਇਤਿਹਾਸਕ, ਸਮਾਜਿਕ, ਦਾਰਸ਼ਨਿਕ ਪਖੋਂ ਆਪਣਾ ਮਹੱਤਵ ਆਪ ਰਖਦਾ ਹੈ[2]। ਪਰ ਪਹਿਲਾ ਅਧਿਐਨ ਬਹੁਤ ਮਹੱਤਵ ਪੂਰਨ ਹੈ। ਕਿਉਂਕਿ ਇਸ ਵਿੱਚ 12 ਵਰਤਾਂ ਦੀ ਵਿਆਖਿਆ ਅਤੇ ਦੋਸ਼ ਅਤਿਚਾਰ ਆਏ ਹਨ।

---

1. ਵੇਖੋ ਭੂਮਿਕਾ ਸ਼੍ਰੀ ਅਗਰ ਚੰਦ ਨਾਹਟਾ
2. ਉਪਾਸਕ ਦਸ਼ਾਂਗ ਇਕ ਸਮਿਖਿਆਤਕ ਅਧਿਐਨ

## ਪੰਜਾਬੀ ਅਨੁਵਾਦ

ਭਾਵੇਂ ਸ੍ਰੀ ਅਗਰ ਚੰਦ ਨਾਹਟਾ ਨੇ ਅਪਣੀ ਭੂਮਿਕਾ ਵਿੱਚ ਕਈ ਅਨੁਵਾਦਾਂ ਦਾ ਜ਼ਿਕਰ ਕੀਤਾ ਹੈ। ਜੋ ਗੁਜਰਾਤੀ, ਅੰਗਰੇਜੀ, ਹਿੰਦੀ ਵਿੱਚ ਹਨ। ਪੁਰਾਤਨ ਸਮੇਂ ਤੋਂ ਇਸ ਸ਼ਾਸਤਰ ਉੱਪਰ ਟੀਕਾ ਅਤੇ ਟੱਬਾ ਮਿਲਦੇ ਹਨ। ਮੇਰੇ ਧਰਮ ਭਰਾ ਸ੍ਰੀ ਰਵਿੰਦਰ ਕੁਮਾਰ ਜੈਨ ਨੇ ਇਸ ਅਨੁਵਾਦ ਲਈ ਅਚਾਰਿਆ ਅਭੈ ਦੇਵ ਸੂਰੀ ਦੀ ਟੀਕਾ ਤੇ ਅਨੁਵਾਦ ਅਚਾਰਿਆ ਸ੍ਰੀ ਆਤਮਾ ਰਾਮ ਜੀ ਦਾ ਅਨੁਵਾਦ ਪੂਜ ਸ੍ਰੀ ਅਮੋਲਕ ਰਿਸ਼ੀ ਦਾ ਹਿੰਦੀ ਅਨੁਵਾਦ ਪੂਜ ਅਚਾਰਿਆ ਸ੍ਰੀ ਘਾਸੀ ਲਾਲ ਜੀ ਮਹਾਰਾਜ ਤੇ ਡਾ: ਹਾਰਨਲੇ ਦਾ ਅੰਗ੍ਰੇਜੀ ਅਨੁਵਾਦ ਦੀ ਭਰਪੂਰ ਸਹਾਇਤਾ ਲਈ ਗਈ ਹੈ। ਇਸ ਤੋਂ ਛੁੱਟ ਮੈਂ ਅਤੇ ਅਨੁਵਾਦਕ ਅਚਾਰਿਆ ਸ੍ਰੀ ਆਨੰਦ ਰਿਸ਼ੀ ਜੀ ਮਹਾਰਾਜ, ਉਪਾਧਿਆ ਅਮਰ ਮੁਨੀ ਜੀ, ਉਪਾਧਿਆ ਸ੍ਰੀ ਫੂਲ ਚੰਦ ਜੀ ਮਹਾਰਾਜ, ਅਚਾਰਿਆ ਸ੍ਰੀ ਤੁਲਸੀ ਜੀ, ਅਚਾਰਿਆ ਸ੍ਰੀ ਵਿਜੇਂਦਰ ਦਿੰਨ ਸੂਰੀ ਜੀ, ਭੰਡਾਰੀ ਸ੍ਰੀ ਪਦਮ ਚੰਦ ਜੀ ਮਹਾਰਾਜ, ਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਦੇ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਦੇ ਕੀਮਤੀ ਸੁਝਾਵਾਂ ਸਦਕਾ ਮੈਨੂੰ ਸੰਪਾਦਨ ਕਰਨ ਵਿੱਚ ਸਹਾਇਤਾ ਮਿਲੀ। ਸ੍ਰੀ ਰਵਿੰਦਰ ਕੁਮਾਰ ਜੈਨ ਨੇ ਇਸ ਤੋਂ ਛੁੱਟ ਦਿਗੰਬਰ ਸ਼ਰਾਵਕਾਚਾਰ ਦੇ ਗ੍ਰੰਥਾਂ ਦੀ ਮਦਦ ਲਈ ਹੈ। ਮੈਂ ਸੰਪਾਦਕ ਹੋਣ ਦੇ ਨਾਤੇ ਸਹਾਇਕ ਗ੍ਰੰਥਾਂ ਦੇ ਲੇਖਕਾਂ ਤੇ ਪ੍ਰਕਾਸ਼ਕਾਂ ਦਾ ਧੰਨਵਾਦੀ ਹਾਂ।

## ਕੁਝ ਅਨੁਵਾਦ ਅਤੇ ਅਨੁਵਾਦਕ ਬਾਰੇ

ਇਸ ਸ਼ਾਸਤਰ ਦਾ ਅਨੁਵਾਦ ਮੇਰੇ ਪਿਆਰੇ ਧਰਮ ਭਰਾ ਸ੍ਰੀ ਰਵਿੰਦਰ ਕੁਮਾਰ ਜੈਨ ਨੇ ਕੀਤਾ ਹੈ। ਇਸ ਤੋਂ ਪਹਿਲਾਂ ਉਹ ਸ੍ਰੀ ਉਤਰਾਧਿਐਨ ਸੂਤਰ ਦਾ ਅਰਥ ਅਤੇ ਵਿਆਖਿਆ ਪੰਜਾਬੀ ਵਿੱਚ ਕਰ ਚੁੱਕੇ ਹਨ। ਇਨਾਂ ਨੇ ਛੇ ਸ਼ਾਸਤਰਾਂ ਦਾ ਪੰਜਾਬੀ ਅਨੁਵਾਦ ਕੀਤਾ ਹੈ। ਮੈਨੂੰ ਆਸ ਹੈ ਕਿ ਪਾਠਕ ਸ੍ਰੀ ਉਤਰਾਧਿਐਨ ਸੂਤਰ ਦੇ ਪੰਜਾਬੀ ਅਨੁਵਾਦ ਦੀ ਤਰਾਂ ਇਸ ਗ੍ਰੰਥ ਦਾ ਵੀ ਭਰਪੂਰ ਸਵਾਗਤ ਕਰਨਗੇ।

ਅਨੁਵਾਦਕ ਦਾ ਕੰਮ ਉਂਝ ਵੀ ਕਾਫੀ ਔਖਾ ਹੁੰਦਾ ਹੈ। ਪਰ ਜਦੋਂ ਕਿਸੇ ਅਜੇਹੀ ਭਾਸ਼ਾ ਤੋਂ ਅਨੁਵਾਦ ਕਰਨਾ ਹੋਵੇ, ਜੋ ਕਿ ਘਟ ਪ੍ਰਚਲਿਤ ਹੋਵੇ ਤਾਂ ਇਹ ਕੰਮ ਹੋਰ ਵੀ ਔਖਾ ਹੋ ਜਾਂਦਾ ਹੈ। ਜੈਨ ਗਰੰਥਾਂ ਦੀ ਭਾਸ਼ਾ ਅਰਧ-ਮਾਗਧੀ ਪ੍ਰਾਕ੍ਰਿਤ ਹੈ। ਇਨ੍ਹਾਂ ਗਰੰਥਾਂ ਦਾ ਪੰਜਾਬੀ ਅਨੁਵਾਦ ਕਰਨ ਲਗਿਆਂ, ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ,ਪੰਜਾਬੀ ਵਿੱਚ ਢੁੱਕਵੇਂ ਸ਼ਬਦ-ਕੋਸ਼ ਦੀ ਬਹੁਤ ਘਾਟ ਹੈ। ਕਈ ਸਿਧਾਂਤਿਕ ਸ਼ਬਦਾਂ

ਦਾ ਜਾਂ ਤਾਂ ਪੰਜਾਬੀ ਵਿਚ ਬਦਲ ਹੀ ਨਹੀਂ ਜੇ ਹੈ ਤਾਂ ਉਹ ਅਰਥ ਇੰਨਾ ਪ੍ਰਚਲਿਤ ਨਹੀਂ। ਇਨ੍ਹਾਂ ਸਾਰੀਆਂ ਤਕਲੀਫਾਂ ਨੂੰ ਝੇਲਦੇ ਹੋਏ, ਮੇਰੇ ਧਰਮ ਭਰਾ (ਅਨੁਵਾਦਕ) ਦੀ ਪੂਰੀ ਕੋਸ਼ਿਸ਼ ਰਹੀ ਹੈ ਕਿ ਅਰਥ, ਮੂਲ, ਪ੍ਰਾਕ੍ਰਿਤ ਪਾਠ ਨਾਲ ਮੇਲ ਖਾਵੇ।

ਅਰਥ ਕਰਨ ਲੱਗਿਆਂ ਕੁਝ ਗਲਤੀਆਂ ਪ੍ਰੈਸ ਤੋਂ ਅਤੇ ਕੁਝ ਗਲਤੀਆਂ ਸਾਡੇ ਤੋਂ ਹੋਣੀਆਂ ਸੁਭਾਵਿਕ ਹਨ, ਮੈਨੂੰ ਆਸ ਹੈ ਕਿ ਪਾਠਕ ਸਾਡੀ ਮਜਬੂਰੀ ਸਮਝਣਗੇ।

ਜਿਵੇਂ ਉਪਰ ਦੱਸਿਆ ਜਾ ਚੁੱਕਾ ਹੈ ਕਿ ਇਸ ਗ੍ਰੰਥ ਦਾ ਅਨੁਵਾਦ ਮੇਰੇ ਧਰਮ ਭਰਾ ਸ਼੍ਰੀ ਰਵਿੰਦਰ ਕੁਮਾਰ ਜੈਨ ਨੇ ਕੀਤਾ ਹੈ। ਸ਼੍ਰੀ ਰਵਿੰਦਰ ਕੁਮਾਰ ਜੈਨ ਭਾਰਤੀ ਧਰਮ, ਦਰਸ਼ਨ, ਸੰਸਕ੍ਰਿਤ ਅਤੇ ਕਲਾ ਬਾਰੇ ਡੂੰਘੀ ਜਾਣਕਾਰੀ ਅਤੇ ਰੁੱਚੀ ਰਖਦਾ ਹੈ। ਬੜੀ ਛੋਟੀ ਉਮਰ ਤੋਂ ਇਸ ਨੇ ਜੈਨ ਸਮਾਜ ਦੇ ਬੜੇ ਬੜੇ ਕੰਮ ਕੀਤੇ ਹਨ। ਉਨ੍ਹਾਂ ਵਿਚੋਂ ਪ੍ਰਮੁਖ ਮਹਾਂਵੀਰ ਨਿਰਵਾਨ ਸ਼ਤਾਬਦੀ ਕਮੇਟੀ, ਅਚਾਰਿਆ ਸ਼੍ਰੀ ਆਤਮਾ ਰਾਮ ਜੈਨ ਭਾਸ਼ਨ ਮਾਲਾ ਅਤੇ ਭਗਵਾਨ ਮਹਾਂਵੀਰ ਚੇਅਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ ਹੈ। ਸੰਸਥਾ ਦੀ ਸਥਾਪਨਾ ਕਰਨਾ ਇੰਨਾਂ ਔਖਾ ਕੰਮ ਨਹੀਂ, ਜਿੰਨਾਂ ਇਸ ਨੂੰ ਚਲਾਉਣਾ ਹੈ। ਸ਼੍ਰੀ ਰਵਿੰਦਰ ਕੁਮਾਰ ਜੈਨ ਦੀ ਲਗਨ, ਮੇਹਨਤ ਅਤੇ ਜੈਨ ਧਰਮ ਪ੍ਰਤਿ ਸਮਰਪਣ ਸਦਕਾ ਇਹ ਸੰਸਥਾਵਾਂ ਕੰਮ ਕਰ ਰਹੀਆਂ ਹਨ। ਸ਼੍ਰੀ ਰਵਿੰਦਰ ਕੁਮਾਰ ਜੈਨ ਭੌਤਿਕਵਾਦ ਤੋਂ ਪਰੇ ਹੈ। ਆਗਮਾਂ ਦਾ ਸਵਾਧਿਅਇ (ਪਾਠ) ਜੈਨ ਏਕਤਾ ਅਤੇ ਭਗਵਾਨ ਮਹਾਂਵੀਰ ਦੇ ਉਪਦੇਸ਼ਾਂ ਦਾ ਦੇਸ਼-ਵਿਦੇਸ਼ ਵਿੱਚ ਪ੍ਰਚਾਰ ਕਰਨਾ, ਇਸ ਦੇ ਜੀਵਨ ਦਾ ਪ੍ਰਮੁਖ ਉੱਦੇਸ਼ ਹੈ। ਮੇਰੀ ਜੋ ਅੱਜ ਜੈਨ ਧਰਮ ਅਤੇ ਅਰਿਹੰਤਾਂ ਪ੍ਰਤਿ ਸ਼ਰਧਾ ਹੈ ਉਸ ਦਾ ਪ੍ਰਮੁਖ ਕਾਰਣ ਅਤੇ ਪ੍ਰੇਰਣਾ ਮੇਰਾ ਧਰਮ ਭਰਾ ਹੀ ਹੈ। ਜੈਨ ਸਮਾਜ ਵੀ ਸ਼੍ਰੀ ਰਵਿੰਦਰ ਕੁਮਾਰ ਜੈਨ ਰਾਹੀਂ ਕੀਤੇ ਕੰਮਾਂ ਦੀ ਪੂਰੀ ਕਦਰ ਕਰਦਾ ਹੈ ਅਤੇ ਸਮੇਂ ੨ ਸਹਿਯੋਗ ਵੀ ਦਿੰਦਾ ਹੈ। ਮੈਂ ਰਵਿੰਦਰ ਕੁਮਾਰ ਜੈਨ ਦਾ ਇਸ ਗੱਲੋਂ ਖਾਸ ਧੰਨਵਾਦੀ ਹਾਂ ਕਿ ਮੈਨੂੰ ਉਸ 6 ਸ਼ਾਸਤਰਾਂ ਦੇ ਸੰਪਾਦਨ ਦਾ ਮੌਕਾ ਦੇ ਕੇ ਮੇਰੇ ਸ਼ਾਸਤਰਾਂ ਦੇ ਗਿਆਨ ਵਿੱਚ ਵਾਧਾ ਕੀਤਾ ਹੈ। ਸ਼੍ਰੀ ਰਵਿੰਦਰ ਕੁਮਾਰ ਜੈਨ ਦੀ ਸ਼ਾਸਤਰਾਂ ਦੀ ਜਾਣਕਾਰੀ ਦਾ ਅੰਦਾਜਾ ਸ਼੍ਰੀ ਉੱਤਰਾਧਿਐਨ ਸੂਤਰ ਦੀ ਵਿਸ਼ਾਲ ਪੰਜਾਬੀ ਟੀਕਾ ਤੋਂ ਲਗਾਇਆ ਜਾ ਸਕਦਾ ਹੈ। ਸ਼੍ਰੀ ਰਵਿੰਦਰ ਕੁਮਾਰ ਜੈਨ ਅਰਧ-ਮਾਗਧੀ ਤੋਂ ਪੰਜਾਬੀ ਵਿਚ ਅਨੁਵਾਦ ਕਰਨ ਵਾਲਾ ਸੰਸਾਰ ਦਾ ਪਹਿਲਾ ਅਨੁਵਾਦਕ ਹੈ। ਮੈਨੂੰ ਆਸ ਹੈ ਕਿ ਅੱਗੇ ਨੂੰ ਵੀ ਉਹ ਸਮਾਜ ਉਪਯੋਗੀ ਸਾਹਿਤ ਲਿਖਦਾ ਰਹੇਗਾ। ਮੈਂ ਭੂਮਿਕਾ ਲੇਖਕ ਸ਼੍ਰੀ ਅਗਰ ਚੰਦ ਨਾਹਟਾ ਦਾ ਬਹੁਤ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਇਸ ਬੁਢਾਪੇ ਵਿਚ ਸਾਡੀ ਬੇਨਤੀ ਸਵੀਕਾਰ ਕੀਤੀ।

## ਪ੍ਰੇਰਕ

ਇਸ ਸ਼ਾਸਤਰ ਦੇ ਅਨੁਵਾਦ ਦੀ ਪ੍ਰੇਰਣਾ ਕਰਨ ਵਾਲੀ ਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ ਹਨ । ਆਪ ਜੈਨ ਸਮਾਜ ਦੇ ਮਹਾਨ ਰਤਨ ਹਨ । ਆਪ ਸੰਸਕ੍ਰਿਤ, ਪ੍ਰਾਕ੍ਰਿਤ, ਅੰਗਰੇਜ਼ੀ, ਪੰਜਾਬੀ, ਗੁਜਰਾਤੀ, ਹਿੰਦੀ ਭਾਸ਼ਾਵਾਂ ਦੇ ਚੰਗੇ ਲੇਖਕ ਹਨ । ਲਾਹੌਰ ਦੇ ਇਕ ਭਰਪੂਰ ਘਰ ਦੇ ਸੰਸਾਰਿਕ ਸੁੱਖਾਂ ਨੂੰ ਛੱਡ ਕੇ ਅੱਜ ਤੋਂ 35 ਸਾਲ ਪਹਿਲਾਂ ਜੈਨ ਸਾਧਵੀ ਬਣੇ । ਤੱਦ ਤੋਂ ਜੈਨ ਧਰਮ ਦੇ ਪ੍ਰਚਾਰ ਲਈ ਜੁੱਟੇ ਹੋਏ ਹਨ । ਆਪ ਦੀਆਂ ਕਈ ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ । ਆਪ ਜੀ ਦੀ ਸੰਸਾਰਿਕ ਮਾਤਾ ਜਿਨ੍ਹਾਂ ਇਨੀ ਮਹਾਨ ਆਤਮਾ ਨੂੰ ਜਨਮ ਦਿੱਤਾ । ਉਨ੍ਹਾਂ ਹੀ ਇਸ ਸ਼ਾਸਤਰ ਦਾ ਸਾਰਾ ਖਰਚਾ ਦੇ ਕੇ ਮਹਾਨ ਪੁੰਨ ਦਾ ਕੰਮ ਕੀਤਾ ਹੈ । ਆਸ ਹੈ ਇਹ ਸੰਸਕਰਣ ਵਿਦਵਾਨਾਂ ਅਤੇ ਵਿਦਿਆਰਥੀਆਂ ਨੂੰ ਪਸੰਦ ਆਵੇਗਾ ।

ਰਾਮਪੁਰੀਆਂ ਸਟ੍ਰੀਟ, ਮਾਲੇਰਕੋਟਲਾ



ਸ਼੍ਰਮਣ ਸੰਘ ਦੇ ਦੂਸਰੇ ਪੱਟਧਰ
ਜੈਨ-ਧਰਮ-ਦਿਵਾਕਰ
ਅਚਾਰਿਆ ਸਮਰਾਟ ਪੂਜਯ
ਸ੍ਰੀ ੧੦੦੮ ਸ੍ਰੀ ਆਨੰਦ
ਰਿਸ਼ੀ ਜੀ ਮਹਾਰਾਜ ਦਾ

# ਸ਼ੁਭ ਸੰਦੇਸ਼

ਭਾਰਤ ਇਕ ਧਰਮ ਪ੍ਰਧਾਨ ਦੇਸ਼ ਹੈ ਇਸ ਵਿੱਚ ਅਨੇਕਾਂ ਸੂਬੇ ਹਨ। ਹਰ ਸੂਬੇ ਦੀ ਭਾਸ਼ਾ ਵੀ ਵੱਖਰੀ ਹੈ। ਅੱਜ ਤਕ ਸਰਕਾਰ ਨੇ 14 ਭਾਸ਼ਾਵਾਂ ਨੂੰ ਮਾਨਤਾ ਦਿਤੀ ਹੈ। ਉਨ੍ਹਾਂ ਭਾਸ਼ਾਵਾਂ ਵਿਚੋਂ ਪੰਜਾਬੀ ਦਾ ਵੀ ਮਹੱਤਵ ਪੂਰਨ ਸਥਾਨ ਹੈ। ਇਸ ਭਾਸ਼ਾ ਦੀ ਲਿਪੀ ਗੁਰਮੁੱਖੀ ਹੈ ਫੇਰ ਵੀ ਲੱਖਾਂ ਦੀ ਗਿਣਤੀ ਵਿੱਚ ਇਸ ਭਾਸ਼ਾ ਦੇ ਪ੍ਰੇਮੀ ਹਨ। ਸੰਸਾਰ ਦਾ ਬੇੜਾ ਪਾਰ ਕਰਨ ਵਾਲੇ, ਨਿਮਾਨੇ ਦੇ ਮਾਨ ਪ੍ਰਭੂ ਮਹਾਂਵੀਰ ਨੇ ਮਨੁੱਖ ਮਾਤਰ ਦੀ ਭਲਾਈ ਲਈ ਲੋਕ-ਭਾਸ਼ਾ ਵਿੱਚ ਉਪਦੇਸ਼ ਦਿੱਤਾ ਸੀ। ਸਰਲ ਤੇ ਗ੍ਰਹਿਣ ਕਰਨ ਯੋਗ ਅਤੇ ਮਿੱਠੀ ਸ਼ੈਲੀ ਵਿੱਚ ਉਨ੍ਹਾਂ ਨੇ ਅਪਣਾ ਵਿਵਹਾਰਿਕ ਨੈਤਿਕ ਅਤੇ ਅਧਿਆਤਮਕ ਉਪਦੇਸ਼ ਦਿਤਾ, ਸੀ। ਅੱਜ ਉਹ ਭਾਸ਼ਾ ਪ੍ਰਾਚੀਨ ਹੋ ਗਈ ਹੈ ਉਸੇ ਭਾਸ਼ਾ ਨੂੰ ਅਰਧਮਾਗਧੀ ਦੇ ਨਾਉਂ ਨਾਲ ਸੱਦਿਆ ਜਾਂਦਾ ਹੈ। ਉਸ ਸ਼ਾਸਤਰ ਉਪਦੇਸ਼ ਨੂੰ ਜਾਨਣ ਵਾਲਾ ਸਮਾਜ ਸੀਮਤ ਹੈ। ਇਸੇ ਲਈ ਇਸ ਕਲਿਆਣਕਾਰੀ ਉਪਦੇਸ਼ ਨੂੰ ਹਰ ਮਨੁੱਖ ਤਕ ਪਹੁੰਚਾਨ ਲਈ ਇਸ ਦਾ ਸਾਰੀਆਂ ਭਾਸ਼ਾਵਾਂ ਵਿੱਚ ਅਨੁਵਾਦ ਬਹੁਤ ਜ਼ਰੂਰੀ ਹੈ। ਉਸ ਦਾ ਇਕ ਹਿੱਸਾ ਤੁਸੀਂ ਸੰਭਾਲ ਰਹੇ ਹੋ। ਬੜੀ ਖੁਸ਼ੀ ਦੀ ਗੱਲ ਹੈ।

ਉਪਾਸਕ-ਦਸ਼ਾਂਗ ਸੂਤਰ ਅੰਗ ਸੂਤਰ ਹੈ ਉਸ ਵਿਚ 10 ਸ਼੍ਰਾਵਕਾਂ ਦਾ ਜੀਵਨ

ਹੈ। ਗ੍ਰਿਹਸਥੀ ਨੂੰ ਕਿਵੇਂ ਰਹਿਣਾ ਚਾਹੀਦਾ ਹੈ ? ਕੀ ਕਰਨਾ ਚਾਹੀਦਾ ਹੈ ? ਸੰਸਾਰ ਵਿਚ ਇਸ ਜੀਵਨ ਨੂੰ ਕਿਵੇਂ ਉਜਵਲ ਬਨਾਵੇ ? ਕਿਵੇਂ ਕਰਮਾਂ ਦੀ ਨਿਰਜਰਾ (ਕਰਮਾਂ ਦਾ ਝੜਨਾ) ਕਰਕੇ ਅਪਣੇ ਜਨਮ-ਮਰਨ ਦੇ ਚੱਕਰ ਨੂੰ ਘਟਾਉਣਾ, ਤਿਆਗ, ਤਪ ਰਾਹੀਂ ਆਤਮ ਕਲਿਆਨ ਕਰਨਾ ਅਤੇ ਵਰਤ, ਨਿਯਮਾਂ ਰਾਹੀਂ ਮਰਿਯਾਦਾ ਵਿੱਚ ਰਹਿ ਕੇ ਜੀਵਨ ਸਫਲ ਬਨਾਉਣਾ, ਇਨ੍ਹਾਂ ਵਿਸ਼ਿਆਂ ਦਾ ਖਾਸ ਵਰਨਣ ਹੈ। 'ਪਰਿਸ਼ੈ' ਸੰਕਟ ਆਉਣ ਤੇ ਧਰਮ ਤੇ ਦਰਿੜ ਰਹਿਣ ਦੀ ਸਿਖਿਆ ਵੀ ਸਾਨੂੰ ਇਨ੍ਹਾਂ ਸ਼ਰਾਵਕਾਂ ਦੇ ਜੀਵਨ ਤੋਂ ਮਿਲਦੀ ਹੈ। ਇਸ ਲਈ ਇਹ ਸੂਤਰ ਸ਼੍ਰਾਵਕਾਂ ਦੇ ਲਈ ਬੜਾ ਜਰੂਰੀ ਹੈ।

ਇਸ ਅਨੁਵਾਦ ਰਾਹੀਂ ਪੰਜਾਬ ਪ੍ਰਦੇਸ਼ ਦੇ ਲੋਕਾਂ ਨੂੰ ਕਾਫੀ ਲਾਭ ਹੋਵੇਗਾ। ਲੋਕ ਭਗਵਾਨ ਮਹਾਂਵੀਰ ਦੀ ਬਾਣੀ ਤੋਂ ਜਾਣੂ ਹੋਣਗੇ। ਤਿਆਗ ਤੱਪ ਵਲ ਅੱਗੇ ਵਧਣਗੇ। ਆਪ ਜੀ ਦੀ ਭਾਵਨਾ ਸਫਲ ਹੋਵੇ ਅਤੇ ਹੋਲੀ ੨ ਸਾਰੇ ਆਗਮਾਂ ਦਾ ਪੰਜਾਬੀ ਅਨੁਵਾਦ ਹੁੰਦਾ ਰਹੇ। ਇਹੋ ਮੇਰੀ ਸ਼ੁਭ ਕਾਮਨਾ ਹੈ।

ਅਚਾਰਿਆ ਆਨੰਦ ਰਿਸ਼ੀ

अर्हं



● ੧ ●

# ਸ੍ਰੀ ਉਪਾਸਕ ਦਸ਼ਾਂਗ ਸੂਤਰ

ਭਗਵਾਨ ਮਹਾਵੀਰ ਦੇ ਪ੍ਰਮੁਖ ਚੇਲੇ ਸੁਧਰਮਾ ਸਵਾਮੀ ਇਕ ਵਾਰ ਚੰਪਾ ਨਗਰੀ ਪਧਾਰੇ । ਉਨ੍ਹਾਂ ਦੇ ਚੇਲੇ ਜੰਬੂ ਸਵਾਮੀ ਨੇ ਅਪਣੇ ਗੁਰੂ ਸੁਧਰਮਾ ਸਵਾਮੀ ਪਾਸੋਂ, ਸ੍ਰੀ ਉਪਾਸ਼ਕ ਦਸ਼ਾਂਗ ਸੂਤਰ ਸੁਨਣ ਦੀ ਇੱਛਾ ਪ੍ਰਗਟ ਕੀਤੀ । ਸ੍ਰੀ ਸੁਧਰਮਾ ਸਵਾਮੀ ਨੇ ਅਪਣੇ ਚੇਲੇ ਗਨਧਰ ਜੰਬੂ ਸਵਾਮੀ ਨੂੰ ਇਸ ਸੂਤਰ ਦਾ ਅਰਥ ਉਸੇ ਪ੍ਰਕਾਰ ਸਮਝਾਇਆ, ਜਿਵੇਂ ਕਿ ਉਨ੍ਹਾਂ ਸ਼੍ਰਮਣ ਭਗਵਾਨ ਮਹਾਵੀਰ ਤੋਂ ਸੁਣਿਆਂ ਸੀ । ਇਸ ਸੂਤਰ ਦੇ ਦਸ ਅਧਿਐਨ ਹਨ । ਪਹਿਲੇ ਅਧਿਐਨ ਵਿਚ ਆਨੰਦ ਸ਼੍ਰਾਵਕ ਦਾ ਜੀਵਨ ਅਤੇ ਸ਼੍ਰਾਵਕ ਧਰਮ ਗ੍ਰਹਿਣ ਕਰਨ ਦਾ ਵਰਨਣ ਹੈ । ●

# ਸ਼੍ਰੀ ਉਪਾਸਕ ਦਸ਼ਾਂਗ ਸੂਤਰ

## ਪਹਿਲਾ ਅਧਿਐਨ

ਉਸ ਕਾਲ, ਉਸ ਸਮੇਂ ਵਿਚ ਚੰਪਾ ਨਾਂ ਦੀ ਨਗਰੀ ਸੀ। ਉਸਦਾ ਵਰਨਣ ਹੋਰ ਨਗਰਾਂ ਦੀ ਤਰ੍ਹਾਂ ਸਮੱਝ ਲੈਣਾ ਚਾਹੀਦਾ ਹੈ। ਉਥੇ ਪੂਰਨ ਭੱਦਰ ਨਾਮਕ ਯਕਸ਼ ਦਾ ਚੇਤਯ (ਮੰਦਰ) ਸੀ ।1।

---

ਟਿਪਣੀ ਪਾਠ ਨੰ: 1

ਇਸ ਨਗਰੀ ਦਾ ਵਿਸਥਾਰ ਨਾਲ ਵਰਨਣ ਸ੍ਰੀ ਉਵਵਾਈ ਸੂਤਰ ਵਿਚ ਮਿਲਦਾ ਹੈ। ਸ਼ਾਸਤਰਾਂ ਵਿਚ ਇਹ ਮਰਿਆਦਾ ਹੈ, ਕਿ ਜਿਥੇ ਇਕ ਕਿਸਮ ਦਾ ਵਰਨਣ ਹੁੰਦਾ ਹੈ ਉਥੇ ਜਾਵ (ਜਾਵ) ਸ਼ਬਦ ਆਖ ਦਿਤਾ ਜਾਂਦਾ ਹੈ ਜਿਸਦਾ ਭਾਵ ਹੈ, ਕਿ ਜਿਵੇਂ ਪਹਿਲਾ ਵਰਨਣ ਕੀਤਾ ਜਾ ਚੁਕਾ ਹੈ।

### ਚੰਪਾ ਨਗਰੀ ਦਾ ਵ੍ਰਨਣ

ਉਸ ਕਾਲ, ਉਸ ਸਮੇਂ ਚੰਪਾ ਨਾਂ ਦੀ ਨਗਰੀ ਸੀ, ਉਹ ਮਹਾਨ ਰਿੱਧੀਆਂ ਸਿੱਧੀਆਂ ਨਾਲ ਭਰਪੂਰ ਸੀ, ਉਸ ਸ਼ਹਿਰ ਦੇ ਲੋਕ ਖੁਸ਼ੀ ਭਰਪੂਰ ਜਿੰਦਗੀ ਬਤੀਤ ਕਰਦੇ ਸਨ, ਉਥੋਂ ਦੀ ਵਸੋਂ ਭਰਵੀਂ ਸੀ, ਉਸਦੇ ਆਸ ਪਾਸ ਸੈਂਕੜੇਂ, ਹਜਾਰਾਂ, ਲੱਖਾਂ ਹੱਲਾ ਦੇ ਜੋਤਨ ਯੋਗ ਵਾਹੀ ਦੀ ਭੂਮੀ ਸੀ ਉਸ਼ ਨਗਰ ਵਿਚ ਅਨੇਕਾਂ ਮੁਰਗਿਆਂ ਤੇ ਸਾਂਡ ਦੇ ਝੁੰਡ ਸਨ। ਉਸ ਨਗਰ ਵਿਚ ਗੰਨੇ, ਜੌਂ ਤੇ ਚਾਵਲ ਦੇ ਖੇਤ ਸੋਹਣੇ ਲਗਦੇ ਸਨ, ਉਸ ਸ਼ਹਿਰ ਵਿਚ ਕਾਫੀ ਸੰਖਿਆ ਵਿਚ ਗਾਵਾਂ, ਮੱਝਾਂ ਤੇ ਭੇਡਾਂ ਸਨ।

ਉਹ ਨਗਰੀ ਸੁੰਦਰ, ਸ਼ਿਲਪ ਭਰਪੂਰ ਚੇਤਿਆਵਾਂ (ਸਮਾਰਕ ਮੰਦਿਰਾਂ) ਅਤੇ ਨੌਜਵਾਨ ਲੜਕੀਆਂ ਦੀਆਂ ਸੰਸਥਾਵਾਂ ਨਾਲ ਭਰਪੂਰ ਸੀ। ਉਹ ਨਗਰੀ ਰਿਸ਼ਵਤਖੋਰ, ਜੇਬ ਕਤਰੇ, ਉਚੱਕੇ, ਚੋਰ, ਡਾਕੂ ਭੈੜੇ ਲੋਕਾਂ ਅਤੇ ਰਾਜਿਆਂ ਦੇ ਅਤਿੱਆਚਾਰਾਂ ਤੋਂ ਰਹਿਤ ਸੀ।

ਉਥੇ ਭਿਕਸ਼ੂਆਂ ਨੂੰ ਖਾਣ ਲਈ ਯੋਗ ਭਿਕਸ਼ਾ ਮਿਲਦੀ ਸੀ, ਉਥੇ ਭਿੰਨ ਭਿੰਨ ਮੱਤਾਂ ਦੇ ਲੋਕ ਭੈ ਰਹਿਤ ਹੋਕੇ, ਅਰਾਮ ਦੀ ਜ਼ਿੰਦਗੀ ਗੁਜਾਰਦੇ ਸਨ । ਘਣੀ ਆਬਾਦੀ ਹੋਣ ਦੇ ਬਾਵਜੂਦ ਵੀ ਲੋਕ ਆਪਸ ਵਿਚ ਬੜੇ ਅਮਨ, ਸੰਤੋਖ ਨਾਲ ਰਹਿੰਦੇ ਸਨ, ਉਸ ਨਗਰੀ ਵਿਚ ਨਾਟਕ ਕਰਨ ਵਾਲੇ ਨਚਣ ਵਾਲੇ, ਮੁੱਕੇਵਾਜ, ਵਿਦੂਸ਼ਕ, ਕਥਾ ਕਰਨ ਵਾਲੇ, ਤੈਰਾਕ, ਵੀਰ ਰਸ ਦੀਆਂ ਕਹਾਣੀਆਂ ਗਾਉਣ ਵਾਲੇ, ਚੰਗਾ ਮੰਦਾ ਫਲ ਦਸਣ ਵਾਲੇ, ਬਾਂਸ ਤੇ ਖੇਡ ਵਿਖਾਉਣ ਵਾਲੇ, ਤਸਵੀਰਾਂ ਵਿਖਾਕੇ ਗੁਜਾਰਾ ਕਰਨ ਵਾਲੇ, ਦੂਣ ਨਾਮਕ ਵੀਣ ਵਜਾਉਣ ਵਾਲੇ ਤੇ ਝਾਕੀਆਂ ਵਿਖਾਉਣ ਵਾਲੇ ਰਹਿੰਦੇ ਸਨ, ਉਸ ਨਗਰੀ ਵਿਚ ਅਨੇਕਾਂ ਘਰੇਲੂ ਬਗੀਚੀਆਂ, ਪਬਲਿਕ ਪਾਰਕ, ਖੂਹ ਤਲਾਓ, ਲੰਬੀਆਂ ਬਾਉਲੀਆਂ ਅਤੇ ਜਲ ਕਿਆਰੀਆਂ ਸਨ ।

ਉਸ ਨਗਰੀ ਵਿਚ, ਉੱਚੀ ਵਿਸਥਾਰ ਵਾਲੀ ਡੂੰਘੀ ਤੇ ਉਪਰ ਤੋਂ ਚੌੜੀ ਖਾਈ ਸੀ ਜਿਸ ਵਿਚ ਚੱਕਰ, ਗੱਦਾ, ਮਸੁੰਡੀ (ਇਕ ਪ੍ਰਕਾਰ ਦੀ ਬੰਦੂਕ) ਅਵਰੋਧ (ਹਾਥੀਆਂ ਨੂੰ ਰੋਕਣ ਵਾਲਾ ਮਜਬੂਤ ਹਥਿਆਰ) ਸ਼ਤ ਧਵਨੀ (ਤੋਪ) ਅਤੇ ਵਿਸ਼ਾਲ ਦਰਵਾਜੇ ਸਨ ਖਾਸ ਪ੍ਰਕਾਰ ਦੇ ਗੋਲ ਕਵਿ ਸ਼ੀਸਗ (ਬਾਂਦਰ ਦੇ ਸਿਰ ਵਾਂਗ ਬਾਹਰ ਦੁਸ਼ਮਨ ਦੀਆਂ ਹਰਕਤਾਂ ਵੇਖਣ ਵਾਲੇ ਮੋਘੇ) ਸ਼ੋਭਾ ਦੇ ਰਹੇ ਸਨ, ਉਸ ਕਿਲੇ ਵਿਚ ਅਨੇਕਾਂ ਪ੍ਰਕਾਰ ਦੇ ਸੁਰਖਿਅਤ ਸਥਾਨ, ਛੋਟੀਆਂ ਛੋਟੀਆਂ ਖਿੜਕੀਆਂ, ਸ਼ਹਿਰ ਦੇ ਦਰਵਾਜੇ ਅਤੇ ਸੁੰਦਰ ਤੋਰਨ ਦਵਾਰ ਸਨ, ਇਹ ਦਰਵਾਜੇ ਸ਼ਹਿਰ ਦੀਆਂ ਸੜਕਾਂ ਨੂੰ ਕਈ ਭਾਗਾਂ ਵਿਚ ਵੰਡਦੇ ਸਨ, ਉਨ੍ਹਾਂ ਦਰਵਾਜਿਆਂ ਤੇ ਇੰਦਰਕਿਲ (ਦਰਵਾਜਿਆਂ ਦੇ ਤਿਖੇ ਕਿਲ) ਕੁਸ਼ਲ ਸ਼ਿਲਪ ਅਚਾਰੀਆ ਰਾਹੀਂ ਬਨਾਏ ਗਏ ਸਨ । ਉਸ ਨਗਰੀ ਵਿਚ ਅਨੇਕਾਂ ਹਟਾਂ, ਵਿਉਪਾਰ ਦੇ ਕੇਂਦਰ ਸਨ, ਜੋ ਲੋਕਾਂ ਦੀ ਜਰੂਰਤ ਪੂਰੀ ਕਰਦੇ ਸਨ । ਤਿਕੋਨ, ਚੌਂਕ ਅਤੇ ਚਾਰ ਤੋਂ ਜਿਆਦਾ ਰਸਤਿਆਂ ਦੇ ਰਾਹ ਵਿਚ ਅਨੇਕਾਂ ਲੋਕਾਂ ਦੀ ਭੀੜ ਸੜਕ ਤੇ ਘੁੰਮਦੀ ਸੀ, ਰਾਹ ਵਿਚ ਅਨੇਕਾਂ ਘੋੜੇ, ਮਸਤ ਹਾਥੀ, ਢੱਕੀਆਂ ਪਾਲਕੀਆਂ, ਰੱਥਾਂ ਤੇ ਗੱਡੀਆਂ ਆਦਿ ਸਵਾਰੀਆਂ ਘੁੰਮਦੀਆਂ ਸਨ, ਕਮਲ ਅਤੇ ਹਰਿਆਲੀ ਨਾਲ ਭਰਪੂਰ ਤਲਾਓ ਰਾਹਾਂ ਦੀ ਸ਼ੋਭਾ ਵਧਾਉਂਦੇ ਸਨ, ਸੜਕ ਦੇ ਦੋਹਾਂ ਕਿਨਾਰੇ ਸਫੇਦ ਭਵਨਾਂ ਦੀਆਂ ਕਤਾਰਾਂ ਮਨ ਨੂੰ ਮੋਹਦੀਆਂ ਸਨ, ਸ਼ਹਿਰ ਨੂੰ ਵੇਖਦੇ ਅੱਖ ਉੱਚੀ ਹੁੰਦੀ ਸੀ, ਸ਼ਹਿਰ ਚਿੱਤ ਨੂੰ ਚੰਗਾ ਲਗਣ ਵਾਲਾ ਅੱਖਾਂ ਨੂੰ ਚੰਗਾ ਲਗਣ ਵਾਲਾ, ਮਨ ਨੂੰ ਮੋਹਨ ਵਾਲਾ ਤੇ ਦਿਲ ਵਿਚ ਵਸ ਜਾਣ ਵਾਲਾ ਸੀ ।

## ਪੂਰਨ ਭੱਦਰ ਚੇਤਯ (ਮੰਦਰ) ਦਾ ਵਰਨਣ

ਉਸ ਚੰਪਾ ਨਗਰੀ ਦੇ ਬਾਹਰ ਉੱਤਰ ਪੂਰਵ ਵਲ ਇਕ ਪੂਰਨ ਭੱਦਰ ਨਾਂ ਦਾ ਚੇਤਯ

(ਯਕਸ਼ ਦਾ ਮੰਦਰ) ਸੀ, ਉਹ ਬਹੁਤ ਪੁਰਾਤਨ ਸੀ, ਪੁਰਾਣੇ ਲੋਕ ਵੀ ਉਸ ਮੰਦਰ ਦੀ ਪ੍ਰਾਚੀਨਤਾ ਵਾਰੇ ਦਸਦੇ ਸਨ, ਉਸ ਚੇਤਯ ਦੀ ਪ੍ਰਸ਼ੰਸ਼ਾ ਵਿਚ ਅਨੇਕਾਂ ਗੀਤ ਬਨ ਚੁਕੇ ਸਨ, ਉਸ ਚੇਤਯ ਨੂੰ ਚੜ੍ਹਾਵੇ ਦੀ ਆਮਦਨ ਸੀ ਇਹ ਮੰਦਰ ਛੱਤਰ, ਧਵੱਜ, ਘੰਟਾ, ਛੋਟੀਆਂ ਬੜੀਆਂ ਝੰਡੀਆਂ ਨਾਲ ਸਜਿਆ ਹੋਇਆ ਸੀ, ਉਥੇ ਇਕ ਵੇਦੀ ਸੀ, ਜਮੀਨ ਗੋਹੇ ਨਾਲ ਲਿਪੀ ਹੋਈ ਸੀ, ਕੰਧਾਂ ਖੜ੍ਹੀਆਂ ਮਿੱਟੀ, ਚੂਨੇ ਆਦਿ ਨਾਲ ਬਨਾਈਆਂ ਗਈਆਂ ਸਨ, ਕੰਧਾਂ ਤੇ ਗੋਰੋਚਨ ਅਤੇ ਲਾਲ ਚੰਦਨ ਦੇ ਹੱਥਾਂ ਦੇ ਛਾਪੇ ਲਗੇ ਹੋਏ ਸਨ, ਚੰਦਨ ਕਲਸ਼ ਰਖੇ ਹੋਏ ਸਨ। ਹਰ ਦਰਵਾਜਾ ਚੰਦਨ, ਕਲਸ਼ ਤੇ ਝੰਡੀਆਂ ਨਾਲ ਸਜਿਆ ਹੋਇਆ ਸੀ ਉਥੇ ਛੱਤ ਨੂੰ ਛੋਂਹਦੇ ਹੋਏ ਵਿਸ਼ਾਲ ਗੋਲ, ਫੁੱਲ ਬੂਟੇ ਅਤੇ ਬੇਲਾਂ ਖੋਦੀਆਂ ਹੋਈਆਂ ਸਨ।

ਚੇਤਯ ਪੰਜ ਰੰਗੇ ਸੁਗੰਧ ਵਾਲੇ ਫੁੱਲਾਂ ਕਲੀਆਂ ਦੀ ਪੂਜਾ ਨਾਲ ਭਰਪੂਰ ਸੀ ਭਾਵ ਉਥੇ ਫੂੱਲਾਂ ਨਾਲ ਪੂਜਾ ਹੁੰਦੀ ਸੀ ਕਾਲਾ ਅਗਰ (ਧੂਪ) ਉੱਤਮ ਕੁਦਰੁਕ ਅਤੇ ਤਰੁੱਕ ਦੀ ਧੂਪ ਦੀ ਖੁਸ਼ਬੂ ਵਾਤਾਵਰਨ ਨੂੰ ਮਨਮੋਹਕ ਬਨਾਉਂਦੀ ਸੀ, ਮਹਿਕ ਦੀਆਂ ਲਪਟਾਂ ਉਠਦੀਆਂ ਸਨ ਸੁਗੰਧਿਤ ਧੂਏਂ ਦੇ ਛੱਲੇ ਬਨ ਜਾਂਦੇ ਸਨ, ਉਹ ਚੇਤਯ, ਨਟ, ਨਚਣ ਵਾਲੇ ਜਲ, ਰਸੀ ਤੇ ਚੜਨ ਵਾਲਾ, ਮਲ, ਮੁਕੇਵਾਜ, ਵਿਦੁਸ਼ਕਾਂ (ਹਸਾਉਣ ਵਾਲੇ) ਤੈਰਾਕਾਂ, ਕਥਾ ਕਰਨ ਵਾਲਿਆਂ, ਰਾਸ ਵਾਲਿਆਂ, ਭਵਿੱਖ ਦਸਣ ਵਾਲਿਆਂ, ਬਾਂਸ ਦੇ ਉਪਰ ਖੇਲ ਵਿਖਾਉਣ ਵਾਲਿਆਂ, ਦੇਵਤਿਆਂ ਤੇ ਵੀਰਾਂ ਦੀਆਂ ਤਸਵੀਰ ਵਿਖਾਉੱਣ ਵਾਲਿਆਂ, ਤੁਨਤਨੀ ਬਜਾਉਣ ਵਾਲਿਆਂ ਵੀਣਾ ਬਜਾਉਣ ਵਾਲਿਆਂ ਪੁਜਾਰੀਆਂ ਤੇ ਭੱਟਾਂ ਨਾਲ ਭਰਿਆ ਰਹਿੰਦਾ ਸੀ, ਬਹੁਤ ਸਾਰੇ ਦੇਸਾਂ ਤੇ ਪ੍ਰਦੇਸ਼ਾਂ ਵਿਚ ਉਸ ਚੇਤਯ ਦਾ ਯਸ਼ ਫੈਲ ਚੁਕਾ ਸੀ ਬਹੁਤ ਸਾਰੇ ਭਗਤਾਂ ਦੇ ਲਈ ਖਾਸ ਢਗਾਂ, ਨਾਲ, ਚੰਦਨ ਆਦਿ ਸੁਗੰਧਿਤ ਪਦਾਰਥ ਦੀ ਪੂਜਾ ਯੋਗ ਸਤੁਤੀ ਬੰਦਨ ਕਰਨ ਯੋਗ, ਅੰਗਾਂ ਨੂੰ ਝੁਕਾ ਕੇ ਨਮਸਕਾਰ ਕਰਨ ਯੋਗ, ਫੁੱਲਾਂ ਨਾਲ ਪੂਜਨ ਯੋਗ, ਕਪੜੇ ਆਦਿ ਨਾਲ ਸਤਿਕਾਰ ਕਰਨ ਯੋਗ, ਮਨ ਨਾਲ ਆਦਰ ਦੇਣ ਯੋਗ ਕਲਿਆਣ, ਮੰਗਲ ਅਤੇ ਦੇਵਤੇ ਦੇ ਯੋਗ, ਵਿਨੈ ਨਾਲ ਭਗਤੀ ਕਰਨ ਯੋਗ, ਮਹਾਨ ਸੱਚ, ਮਨ ਦੀਆਂ ਮੁਰਾਦਾਂ ਪੂਰੀਆਂ ਕਰਨ ਵਾਲਾ, ਸੇਵਾ ਦਾ ਫਲ ਦੇਣ ਵਾਲਾ ਅਤੇ ਹਜਾਰਾਂ ਪ੍ਰਕਾਰ ਦੀ ਪੂਜਾ ਨਾਲ ਖੁਸ਼ੀ ਦੇਣ ਵਾਲਾ ਸੀ। ਬਹੁਤ ਸਾਰੇ ਲੋਕ ਪੂਰਨ ਭੱਦਰ ਚੇਤਯ ਵਿਚ ਆਕੇ ਪੂਜਾ ਕਰਦੇ ਸਨ।

## ਬਾਗ ਦਾ ਵਰਨਣ

ਉਹ ਪੂਰਨ ਭੱਦਰ ਚੇਤਯ ਬਹੁਤ ਬੜੇ ਬਨ ਖੰਡ (ਜੰਗਲ) ਨਾਲ ਚਹੁ ਪਾਸਿਆਂ ਨਾਲ ਘਿਰਿਆ ਹੋਇਆ ਸੀ ਉਸ ਬਨਖੰਡ ਦੀ ਝਾਂਕੀ ਅਤੇ ਛਾਂ ਕਾਲੀ, ਨੀਲੀ, ਹਰੀ ਠੰਡੀ,

ਚਮਕੀਲੀ ਅਤੇ ਤੇਜ ਸੀ। ਉਹ ਬਾਗ ਆਪ ਫੂਲਾਂ ਨਾਲ ਭਰਪੂਰ ਸੀ, ਉਸ ਬਾਗ ਦੀਆਂ ਸ਼ਾਖਾਵਾਂ ਚਟਾਈ ਦੀ ਤਰ੍ਹਾਂ ਸੰਘਣੀਆਂ ਸਨ।

ਉਸ ਬਨ ਦੇ ਦਰਖਤ, ਮੂਲ, ਕੰਦ, ਸਕੰਧ, ਛਾਲ, ਸ਼ਾਖਾ ਪ੍ਰਵਾਲ (ਪੱਤੇ ਫੁਟਣ ਦੀ ਹਾਲਤ) ਪੱਤੇ, ਫੁੱਲ-ਫੱਲ ਤੇ ਬੀਜਾਂ ਨਾਲ ਭਰਪੂਰ ਸਨ, ਉਹ ਉਤਮ ਢੰਗ ਨਾਲ ਵਧੇ ਹੋਏ ਸਨ, ਸੁੰਦਰ ਤੇ ਗੋਲ ਸਨ ਅਨੇਕਾਂ ਸ਼ਾਖਾਂ ਉਪ ਸ਼ਾਖਾਵਾਂ ਨਾਲ ਫੱਲੇ ਹੋਏ ਸਨ, ਅਨੇਕਾਂ ਆਦਮੀਆਂ ਦੀਆਂ ਪਸਾਰੀਆਂ ਬਾਹਾਂ ਵੀ ਨਾ ਪਕੜ ਸਕਨ, ਅਜਿਹੇ ਮੋਟੇ ਉਨ੍ਹਾਂ ਦਰਖਤਾਂ ਦੇ ਤਨੇ ਸਨ, ਪੱਤੇ ਛੇਦ ਰਹਿਤ, ਇਕ ਦੂਜੇ ਨੂੰ ਛਾਂ ਦੇਣ ਵਾਲੇ, ਕੀੜੇ ਮਕੌੜੇ, ਟਿੱਡੀਆਂ, ਚੂਹੇ ਆਦਿ ਜੰਤੂਆਂ ਤੋਂ ਰਹਿਤ ਸਨ ਉਨ੍ਹਾਂ ਦਰਖਤਾਂ ਤੇ ਪੁਰਾਣੇ ਪੀਲੇ ਪੱਤੇ ਗਿਰਾ ਦਿਤੇ ਜਾਂਦੇ ਸਨ। ਉਥੇ ਹਰੇ ਚਮਕਦੇ, ਨਵੇਂ ਪੱਤਿਆਂ ਕਾਰਨ ਉਥੇ ਹਨੇਰ ਤੇ ਗੰਭੀਰਤਾ ਵਿਖਾਈ ਦਿੰਦੀ ਸੀ, ਉਹ ਦਰਖਤ ਤਾਜੇ, ਨਵੇਂ ਮਜਬੂਤ ਪੱਤਿਆਂ, ਤਾਂਬੇ ਦੇ ਰੰਗ ਜੇਹੇ ਕੋਮਲ ਉਜਲ ਹਿਲਦੇ ਪੱਤਿਆਂ ਅਤੇ ਤਾਂਬੇ ਦੇ ਰੰਗ ਜੇਹੇ ਕੋਮਲ ਪੱਤਿਆਂ ਨਾਲ ਲੱਦੇ ਹੋਏ ਸਨ।

ਉਨ੍ਹਾਂ ਵਿਚ ਕਈ ਦਰਖਤ ਬਾਰਾਂ ਮਹੀਨੇ ਫਲਦੇ ਫੁਲਦੇ ਸਨ, ਕਈ ਦਰਖਤ ਸਦਾ ਫੁੱਲਾਂ ਨਾਲ ਲੱਦੇ ਰਹਿੰਦੇ ਸਨ, ਕਈ ਹਰ ਰੋਜ ਪੱਤਿਆਂ ਦੇ ਭਾਰ ਨਾਲ ਝੂਮਦੇ ਸਨ, ਕਈ ਹਮੇਸ਼ਾ ਫੁੱਲਾਂ ਦੇ ਗੁੱਛਿਆਂ ਨਾਲ ਲੱਦੇ ਰਹਿੰਦੇ ਸਨ, ਕਈ ਪੱਤਿਆਂ ਦੇ ਗੁਛੇਆਂ ਨਾਲ ਸੋਹਨੇ ਲਗਦੇ ਸਨ ਕਈ ਦਰਖਤ ਮਜਬੂਤੀ ਨਾਲ ਖੜੇ ਸਨ ਕਈ ਵੇਲਾਂ ਵਾਲੇ ਸਨ ਕਈ ਫਲ ਦੇ ਭਾਰ ਨਾਲ ਝੁਕੇ ਰਹਿੰਦੇ ਸਨ। ਉਹ ਦਰਖਤਾਂ ਦਾ ਝੁੰਡ, ਦੂਰ ਤਕ ਪਹੁੰਚਣ ਵਾਲੀ ਸੁਗੰਧੀ ਕਾਰਣ ਮਨ ਨੂੰ ਮੋਹ ਲੈਂਦਾ ਸੀ ਕਿਉਂਕਿ ਉਹ ਦਰੱਖਤਾਂ ਦਾ ਝੁੰਡ ਪਿਆਸ ਬੁਝਾਉਣ ਵਾਲੀ ਸੁਗੰਧੀ ਛਡਦਾ ਸੀ, ਉਥੇ ਭਿੰਨ ਭਿੰਨ ਗੁਛੇ, ਵੇਲਾਂ, ਮੰਡਪ, ਘਰ, ਚੰਗੀਆਂ ਸੜਕਾਂ, ਕਿਆਰੀਆਂ ਅਤੇ ਝਾੜੀਆਂ ਦੀ ਬਹੁਤਾਤ ਸੀ ਉਥੇ ਰਥ, ਯਾਨ, ਡੋਲੀਆਂ, ਪਾਲਕੀਆਂ ਖੜਾਉਣ ਦੇ ਥਾਂ ਸਨ। ਇਸ ਪ੍ਰਕਾਰ ਉਹ ਦਰਖਤ ਮਨ ਦੇ ਲਈ ਖੁਸ਼ੀ ਦੇਣ ਵਾਲੇ, ਅੱਖਾਂ ਨੂੰ ਚੰਗੇ ਲਗਣ ਵਾਲੇ, ਮਨ ਵਿਚ ਖੁਬਨ ਵਾਲੇ ਅਤੇ ਦਿਲ ਖਿਚਵੇਂ ਸਨ।

ਉਸ ਬਨਖੰਡ (ਜੰਗਲ) ਵਿਚ ਸੁਕ (ਤੋਤਾ) ਮੋਰ, ਮੈਨਾਂ, ਕੋਇਲ, ਕੋਹਗਨ, ਭਿਗਾਂਰਕ, ਕੋਡਲਕ, ਜੀਵ, ਜੀਵਕ (ਚਕੋਰ) ਨੰਦੀ ਮੁੱਖ, ਕਪਿਲ, ਪਿਗਲਾਕਸ, ਕਾਰੰਡ (ਬਤਖ) ਚਕਰਵਾਰ, ਕਲਹੰਸ ਅਤੇ ਸਾਰਸ ਆਦਿ ਅਨੇਕਾਂ ਪੰਛੀਆਂ ਦੇ ਜੋੜੇ ਮਿਠੇ ਸੰਗੀਤ ਛੇੜਦੇ ਸਨ ਇਨ੍ਹਾਂ ਪੰਛੀਆਂ ਕਾਰਣ ਬਨ ਦੀ ਸੋਭਾ ਵਧ ਗਈ ਸੀ, ਦੀਵਾਨੇ ਭੰਵਰੇ ਅਤੇ ਮਧੂ ਮਖੀਆਂ ਇਕੱਠੀਆਂ ਹੋਕੇ ਉਥੇ ਘੁੰਮਦੀਆਂ ਸਨ, ਫੁੱਲਾਂ ਦੇ ਰਸ ਦੇ ਲਾਲਚ ਵਸ ਸਾਰੇ ਭੰਵਰੇ ਗੁਣਗੁਣਾਕੇ ਇੱਧਰ ਉੱਧਰ ਸੰਗੀਤ ਛੇੜਦੇ ਸਨ।

ਦਰੱਖਤ ਅੰਦਰੋਂ ਫੂਲ, ਫਲਾਂ ਨਾਲ ਅਤੇ ਬਾਹਰ ਪਤੀਆਂ ਨਾਲ ਭਰਪੂਰ ਸਨ, ਉਨਾਂ ਦੇ ਫੱਲ ਮਿਠੇ ਸਨ ਰੋਗ ਰਹਿਤ ਤੇ ਕੰਡਿਆਂ ਤੋਂ ਰਹਿਤ ਸਨ ਉਹ ਬਨ ਖੰਡ ਅਨੇਕਾਂ ਪ੍ਰਕਾਰ ਦੀਆਂ ਗੁਛੀਆਂ, ਬੇਲਾਂ, ਬੇਲਾ ਦੇ ਦਰਵਾਜਿਆਂ ਕਾਰਨ ਬਹੁਤ ਸੋਹਣਾ ਲਗਦਾ ਸੀ। ਉਥੇ ਚੌਰਸ ਬਾਵੜੀਆਂ, ਗੋਲ ਬਾਵੜੀਆਂ ਅਤੇ ਲੰਬੀਆਂ ਬਾਵੜੀਆਂ ਵਿਚ ਰੰਗ ਵਿਰੰਗੀਆਂ ਝੰਡੀਆਂ ਅਤੇ ਸੁੰਦਰ ਢੰਗ ਨਾਲ ਬਨੇ ਜਾਲੀਆਂ ਵਾਲੇ ਘਰ ਸ਼ਨ।

## ਅਸ਼ੋਕ ਦਰਖਤ

ਉਸ ਬਨ ਖੰਡ ਦੇ ਵਿਚਕਾਰ ਇਕ ਵਿਸ਼ਾਲ ਅਸ਼ੋਕ ਦਰੱਖਤ ਸੀ, ਉਹ ਸੁੰਦਰ ਸੀ ਉਸ ਦਰੱਖਤ ਦਾ ਮੂਲ (ਜੜਾਂ) ਘਾਹ ਤੇ ਦੂਭ ਤੋਂ ਰਹਿਤ ਸੀ ਉਸਦੇ ਮੂਲ ਆਦਿ ਦਸ ਅੰਗ ਸਰੇਸ਼ਟ ਸਨ (ਬਾਕੀ ਜੋ ਦਰਖਤ ਦੇ ਉਪਰ ਗੁਣ ਆਖੇ ਗਏ ਹਨ ਸਮਝ ਲੈਣੇ ਚਾਹੀਦੇ ਹਨ।

ਉਹ ਅਸ਼ੋਕ ਦਰਖਤ ਤਿਲਕ, ਲਚੁਕ, ਛਤਰੋਪ, ਸਿਰੀਸ, ਸਪਤਪਰਨ, ਦਧਿਪਰਨ, ਲੋਧਰ, ਧਵ, ਚੰਦਨ, ਅਰਜਨ, ਨੀਪ, ਕੁਟਜ, ਕੁੰਦਬ, ਸਰਯ, ਪਨਸ ਦਾੜੀਆਂ ਮਾਲ, ਤਾਲ ਤਮਾਲ, ਨਿਯਕ, ਪ੍ਰਿਯਗੂੰ, ਪੁਰੋਪਗ, ਰਾਜਬ੍ਰਿਖਸ ਅਤੇ ਨੰਦੀ ਦਰੱਖਤਾਂ ਨਾਲ ਘਿਰਿਆ ਹੋਇਆ ਸੀ। ਸਭ ਗੁਣ ਇਨਾਂ ਦਰਖਤਾਂ ਵਿਚ ਸਨ। ਕਈ ਇਸ ਪ੍ਰਕਾਰ ਸਥਿਰ ਸਨ, ਜਿਵੇਂ ਹੁਣੇ ਝੁਕ ਜਾਨਗੇ। ਇਹ ਦਰਖਤ ਸਾਰੇ ਗੁਣਾਂ ਨਾਲ ਭਰਪੂਰ, ਸੁੰਦਰ ਕਲਗੀਆਂ ਨਾਲ ਭਰਪੂਰ ਸਨ।

ਤਿਲਕ ਤੋਂ ਲੈਕੇ ਨੰਦੀ ਤਕ ਦੇ ਦਰਖਤ ਬਹੁਤ ਸਾਰੀਆਂ ਪਦੱਮ ਬੇਲਾਂ, ਨਾਗਬੇਲਾਂ, ਅਸ਼ੋਕ ਬੇਲਾਂ, ਚੰਪਾ ਬੇਲਾਂ, ਮਹਿਕਾਰ ਬੇਲਾਂ, ਬਨਬੇਲਾਂ, ਬੰਸਤੀਬੇਲਾਂ, ਅਤਿਮੁਕਤ ਬੇਲਾਂ, ਕੁੰਦਨ ਬੇਲਾਂ ਅਤੇ ਸਿਆਮ ਬੈਲਾਂ ਨਾਲ ਘਿਰੇ ਹੋਏ ਸਨ ਉਹ ਬੇਲਾਂ ਹਮੇਸ਼ਾ ਫੁੱਲਣ ਫਲਣ ਵਾਲੀਆਂ ਸਨ (ਬਾਕੀ ਗੁਣ ਦਰਖਤਾਂ ਵਾਲੇ ਪੜ੍ਹ ਲੈਣੇ ਚਾਹੀਦੇ ਹਨ)।

## ਸ਼ਿਲਾਪਟਕ

ਉਹ ਸ਼ਰੇਸ਼ਟ ਅਸ਼ੋਕ ਦਰੱਖਤ ਹੇਠਾਂ ਇਕ ਵਿਸ਼ਾਲ ਸ਼ਿਲਾ ਪਟਕ (ਚੌਂਤਰਾ) ਸੀ ਉਸ ਦੀ ਲੰਬਾਈ, ਚੋੜਾਈ ਅਤੇ ਉਚਾਈ ਉੱਤਮ ਸੀ। ਉਹ ਕਾਲਾ ਸੀ, ਉਹ ਸ਼ਿਲਾ ਸੁਰਮਾ, ਬਦੱਲ, ਕ੍ਰਿਪਾਣ, ਨੀਲਾ ਕਮਲ, ਬਲਦੇਵ ਦੇ ਵਸਤਰ, ਅਕਾਸ਼, ਵਾਲ, ਕਜਲ ਦੇ ਘਰ,

ਉਸ ਕਾਲ ਤੇ ਉਸ ਸਮੇਂ ਆਰੀਆ ਸੁਧਰਮਾਂ ਸਵਾਮੀ ਚੰਪਾ ਨਗਰੀ ਵਿਖੇ ਪਹੁੰਚੇ। ਜੰਬੂ ਸਵਾਮੀ ਨੇ ਉਨ੍ਹਾਂ ਦੀ ਉਪਾਸਨਾ ਕਰਦੇ ਹੋਏ ਇਸ ਪ੍ਰਕਾਰ ਪੁਛਿਆ, "ਹੇ ਭਗਵਾਨ ! ਮੁਕਤੀ ਨੂੰ ਪ੍ਰਾਪਤ ਹੋਏ, ਸ਼੍ਰਮਣ ਭਗਵਾਨ ਮਹਾਵੀਰ ਨੇ ਛੇਵੇਂ ਅੰਗ ਸ੍ਰੀ ਗਿਆਤਾ ਧਰਮ (ਕਥਾਂਗ) ਦਾ ਜੋ ਭਾਵ ਫਰਮਾਇਆ ਹੈ, ਉਹ ਮੈਂ ਸੁਣ ਲਿਆ ਹੈ। ਹੇ ਭਗਵਾਨ ! ਮੁਕਤੀ ਨੂੰ ਪ੍ਰਾਪਤ ਭਗਵਾਨ ਮਹਾਂਵੀਰ ਨੇ ਸਤਵੇਂ ਅੰਗ ਉਪਾਸਕ ਦਸ਼ਾ ਦਾ ਕੀ ਭਾਵ ਦਸਿਆ ਹੈ ?" ਗਨਧਰ ਸੁਧਰਮਾਂ—

"ਹੇ ਜੰਬੂ ! ਮੁਕਤੀ ਨੂੰ ਪ੍ਰਾਪਤ ਸ਼੍ਰਮਣ ਭਗਵਾਨ ਮਹਾਵੀਰ ਨੇ ਸਤਵੇਂ ਅੰਗ ਉਪਾਸਕ ਦਸ਼ਾਂਗ ਦੇ ਦਸ ਅਧਿਐਨ ਫੁਰਮਾਏ ਹਨ ਉਹ ਇਸ ਪ੍ਰਕਾਰ ਹਨ (1) ਅਨੰਦ (2) ਕਾਮਦੇਵ (3) ਗਾਥਾਪਤੀ ਚੂਲਨੀਪਿਤਾ (4) ਸੁਰਾਦੇਵ (5) ਚੂਲਸ਼ਤਕ (6) ਗਾਥਾਪਤੀ ਕੁੰਡਕੋਲੀਕ (7) ਸਦਾਲਪੁਤਰ (8) ਮਹਾਂਸ਼ਤਕ (9) ਨੰਦਨੀਪਿਤਾ (10) ਸਾਲੀ ਪਿਤਾ।"

ਗਨਧਰ ਜੰਬੂ ਸਵਾਮੀ

"ਹੇ ਭਗਵਾਨ ! ਜੇ ਸ਼੍ਰਮਣ ਭਗਵਾਨ ਮਹਾਵੀਰ ਨੇ ਸਤਵੇਂ ਅੰਗ ਉਪਾਸਕ ਦਸ਼ਾਂਗ ਦੇ ਦਸ ਅਧਿਐਨ ਫੁਰਮਾਏ ਹਨ ਤਾਂ ਪਹਿਲੇ ਅਧਿਐਨ ਦਾ ਕੀ ਭਾਵ ਫੁਰਮਾਇਆ ਹੈ ?

ਆਰੀਆ ਸੁਧਰਮਾ—

"ਹੇ ਜੰਬੂ ! ਉਸ ਕਾਲ, ਉਸ ਸਮੇਂ ਵਨਿਜ ਗਰਾਮ ਨਾਉਂ ਦਾ ਨਗਰ ਸੀ। ਹੋਰ

---

ਕਾਜਲੀ, ਸਿਰ ਦਾ ਵਿਚਕਾਰਲਾ ਹਿਸਾ, ਰਿਸ਼ਟਕ ਰਤਨ, ਜਾਮਨ, ਵੀਯਕ ਨਾਉਂ ਦੀ ਬਨਾਸਪਤੀ ਦੇ ਫੁੱਲ ਦੀ ਡੰਡੀ ਦੀ ਤਰ੍ਹਾਂ ਨੀਲ ਕਮਲ ਦੇ ਪਤੀਆਂ ਦੀ ਤਰ੍ਹਾਂ, ਅਲਸੀ ਦੇ ਫੁਲ ਦੀ ਤਰ੍ਹਾਂ ਚਮਕੀਲੀ ਸੀ।

ਮਰਕਤ, ਇੰਦਰ ਨੀਲ, ਮਣੀ, ਚਮੜੇ ਦੇ ਕਬਚ ਅੱਖਾਂ ਦੀ ਤਾਰ ਦੀ ਤਰ੍ਹਾਂ ਉਸਦਾ ਰੰਗ ਸੀ ਉਹ ਬਹੁਤ ਚੀਕਣੀ, ਅਠ ਕੋਣ ਵਾਲੀ, ਸੀਸ਼ੇ ਦੇ ਤਲੇ ਦੀ ਤਰ੍ਹਾਂ ਚਮਕੀਲੀ ਅਤੇ ਸੋਹਣੀ ਸੀ ਉਸਤੇ ਇਗਮਿਰਗ, ਬਲਦ, ਘੋੜਾ, ਮਨੁਖ, ਮਗਰਮਛ, ਪੰਛੀ, ਸਪ, ਕਿਨਰ, ਕੁਰੂ, ਅਸ਼ਟਾਪਦ, ਚਾਮਰ, ਹਾਥੀ, ਬਨ ਦੀ ਬੇਲ ਅਤੇ ਪਦਮ ਬੇਲਾਂ ਦੇ ਚਿਤਰ ਸਜੇ ਸਨ।

ਉਸ ਸ਼ਿਲਾ ਦੀ ਛੋਹ ਮਿਰਗਛਾਲਾ, ਰੂੰਈ ਦੇ ਬੂਰ ਮਖਣ ਤੇ ਅੱਕ ਦੀ ਰੂੰ ਦੀ ਤਰ੍ਹਾਂ ਕੋਮਲ ਸੀ ਸਿੰਘਾਸਨ ਦੀ ਤਰਾਂ ਜਿਸਦਾ ਆਕਾਰ ਸੀ ਇਹ ਸ਼ਿਲਾ ਮਨ ਨੂੰ ਖੁਸ਼ ਕਰਨ ਵਾਲੀ ਵੇਖਣ ਯੋਗ, ਸੋਹਣੀ ਤੇ ਅਭੁਲ ਸੀ।

ਨਗਰਾਂ ਦੀ ਤਰ੍ਹਾਂ ਇਸ ਦਾ ਵਰਨਣ ਵੀ (ਸ੍ਰੀ ਉਵਵਾਈ ਸੂਤਰ ਅਨੁਸਾਰ) ਸਮਝ ਲੈਣਾ ਚਾਹੀਦਾ ਹੈ, ਉਸ ਵਣਿਜਗਰਾਮ ਨਗਰ ਦੇ ਬਾਹਰ ਉੱਤਰ ਪੂਰਬ ਵਲ ਦੁਤੀਪਲਾਸ਼ ਨਾਉਂ ਦਾ ਚੇਤਯ ਸੀ। ਵਣਿਜਗਰਾਮ ਨਗਰ ਵਿਚ ਜਿੱਤਸਤਰੁ ਨਾਂ ਦਾ ਰਾਜਾ ਰਾਜ ਕਰਦਾ ਸੀ ਉਸਦਾ ਵਰਨਣ ਵੀ (ਸ੍ਰੀ ਉਵਵਾਈ ਸੂਤਰ ਦੇ ਕੋਣੀਕ ਰਾਜੇ ਦੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ) ਉਸ ਨਗਰ ਵਿਚ ਆਨੰਦ ਨਾਮਕ ਗਾਥਾਪਤੀ ਰਹਿੰਦਾ ਸੀ, ਉਹ ਧਨਵਾਨ ਤੇ ਭਰਪੂਰ ਸੀ ॥3॥

---

੧ ਸ੍ਰੀ ਉਵਵਾਈ ਸੂਤਰ ਅਨੁਸਾਰ ਮਹਾਰਾਜਾ ਕੋਣੀਕ ਦਾ ਵਰਨਣ ਇਸ ਪ੍ਰਕਾਰ ਹੈ।

ਉਸ ਚੰਪਾ ਨਾਓਂ ਦੀ ਨਗਰੀ ਵਿਚ ਕੋਣੀਕ (ਅਜਾਤਸ਼ਤਰੂ) ਨਾਂ ਦਾ ਰਾਜਾ ਰਾਜ ਕਰਦਾ ਸੀ, ਉਹ ਹਿਮਾਲਿਆ ਪਰਵਤ ਦੀ ਤਰ੍ਹਾਂ ਮਹਾਨ ਅਤੇ ਮਲਯ, ਮੇਰੂ, ਮਹੇਂਦਰ ਪਰਬਤ ਦੀ ਤਰ੍ਹਾਂ ਪ੍ਰਮੁਖ ਸੀ ਉਹ ਵੰਸ ਲੰਬੇ ਸਮੇਂ ਤੋਂ ਰਾਜ ਕਰਦਾ ਆ ਰਿਹਾ ਸੀ ਅਜਿਹੇ ਵੰਸ਼ ਵਿਚ ਹੀ ਉਸਦਾ ਜਨਮ ਹੋਇਆ ਸੀ। ਉਸਦੇ ਸਰੀਰਕ ਅੰਗ ਰਾਜਿਆਂ ਵਾਲੇ ਸਨ, ਬਹੁਤ ਸਾਰੇ ਲੋਕ ਉਸਦੀ ਇੱਜਤ ਕਰਦੇ ਸਨ, ਪੂਜਾ ਕਰਦੇ ਸਨ, ਉਹ ਸਰਵ ਗੁਣ ਸੰਪੰਨ ਸੀ, ਪਰਜਾ ਨੂੰ ਹਮਲੇ ਤੋਂ ਬਚਾਉਂਦਾ ਸੀ, ਉਹ ਖੁਸ਼ ਰਹਿੰਦਾ ਸੀ।

ਉਹ ਵਿਧਾਨਿਕ ਰੂਪ ਵਿਚ ਰਾਜਾ ਮੰਨਿਆ ਜਾਂਦਾ ਸੀ, ਆਪਣੇ ਮਾਂ ਪਿਓ ਦਾ ਯੋਗ ਪੁੱਤਰ ਸੀ, ਉਹ ਵਿਨੇਵਾਨ ਵੀ ਸੀ, ਉਸ ਵਿਚ ਰਹਿਮਦਿਲੀ ਸੀ। ਉਹ ਮਰਿਆਦਾ ਬਨਾਉਣ ਵਾਲਾ ਬਨਾਈ ਮਰਿਆਦਾ ਦਾ ਪਾਲਣ ਕਰਨ ਵਾਲਾ ਅਮਨ ਚੈਨ ਵਾਲੇ ਹਾਲਤ ਰਖਣ ਵਾਲਾ ਅਤੇ ਅਮਨ ਚੈਣ ਸਥਿਰ ਰਖਣ ਵਾਲਾ ਸੀ ਸੰਪਤੀ ਕਾਰਨ ਉਹ ਮਨੁਖਾਂ ਵਿਚ ਇੰਦਰ ਦੀ ਤਰਾਂ ਮੰਨਿਆ ਜਾਂਦਾ ਸੀ, ਜਨਤਾ ਦੀਆਂ ਇੱਛਾਵਾਂ ਦਾ ਆਦਰ ਕਰਨ ਕਰਕੇ ਉਹ ਪਰਜਾ ਦਾ ਪਿਤਾ, ਰਖਿਅਕ ਹੋਣ ਕਾਰਣ ਪਾਲਕ, ਸ਼ਾਂਤੀ ਸਥਾਪਿਤ ਕਰਨ ਦੇ ਕਾਰਣ ਦੇਸ਼ ਦਾ ਪੁਰੋਹਿਤ, ਮਾਰਗ ਦਰਸ਼ਕ, ਚੰਗੇ ਕੰਮ ਕਰਨ ਕਰਕੇ ਅਤੇ ਚੰਗੇ ਮਨੁਖਾਂ ਦਾ ਰਖਿਅਕ ਮੰਨਿਆ ਜਾਂਦਾ ਸੀ। ਉਹ ਪੁਰਸ਼ਾਂ ਵਿਚ ਸਰੇਸ਼ਟ, ਪੁਰਸ਼ਾਂ ਵਿਚ ਸ਼ੇਰ, ਪੁਰਸ਼ਾਂ ਵਿਚ ਬਘਿਆੜ, ਪੁਰਸ਼ਾਂ ਵਿਚ ਆਸ਼ੀਵਿਸ਼, ਸੱਪ, ਪੁਰਸ਼ਾਂ ਵਿਚ ਸਫੈਦ ਕਮਲ ਅਤੇ ਪੁਰਸ਼ਾਂ ਵਿਚ ਗੰਧ ਹਾਥੀ ਦੀ ਤਰਾਂ ਮੰਨਿਆ ਜਾਂਦਾ ਸੀ। ਉਹ ਖੁਸ਼ਹਾਲ ਤੇ ਪ੍ਰਸਿਧ ਸੀ। ਉਸਦੇ ਅਨੇਕਾਂ ਵਿਸ਼ਾਲ ਭਵਨ ਸਨ, ਬੈਠਣ ਯੋਗ ਆਸਨ, ਯਾਨ (ਰਥ ਪਾਲਕੀ) ਅਤੇ ਵਾਹਨ (ਘੋੜੇ ਆਦਿ) ਸਨ ਉਸ ਪਾਸ ਬਹੁਤ ਸਾਰਾ ਧਨ, ਸੋਨਾ ਤੇ ਚਾਂਦੀ ਸੀ ਉਹ ਅਨੇਕਾਂ ਢੰਗਾਂ ਨਾਲ ਪੈਸੇ ਇੱਕਠੇ ਕਰਦਾ ਸੀ ਉਸਦੇ ਮਹਿਲਾਂ ਵਿਚ ਅਨੇਕਾਂ ਮਨੁੱਖਾਂ ਦੇ ਖਾਣ ਦਾ ਬਕਾਇਆ ਖਾਣਾ ਜੂਠ ਰੂਪ ਵਿਚ ਸੁਟਿਆ ਜਾਂਦਾ ਸੀ ਉਸਦੇ ਅਨੇਕਾਂ ਦਾਸ, ਦਾਸੀਆਂ ਸਨ ਅਨੇਕਾਂ ਗਾਵਾਂ ਮੱਝਾਂ ਤੇ ਭੇਡਾਂ ਸਨ ਉਸ ਪਾਸ ਹਰ ਪ੍ਰਕਾਰ ਦੇ ਯੰਤਰ

ਆਨੰਦ ਗਾਥਾਪਤਿ ਦੇ 4 ਕਰੋੜ ਸੋਨੇ ਦੀਆਂ ਮੋਹਰਾਂ ਦਾ ਜਮਾਂ ਖਜਾਨਾ ਸੀ 4 ਕਰੋੜ ਸੋਨੇ ਦੀਆਂ ਮੋਹਰਾਂ ਦਾ ਵਿਊਪਾਰ ਚਲ ਰਿਹਾ ਸੀ 4 ਕਰੋੜ ਘਰ ਅਤੇ ਘਰ ਸੰਬੰਧੀ ਸਮਾਨ ਵਿਚ ਲਗਿਆ ਹੋਇਆ ਸਨ, ਇਸ ਤੋਂ ਇਲਾਵਾ ਉਸ ਪਾਸ 10-10 ਹਜਾਰ ਗਊਆਂ ਦੇ 4 ਬ੍ਰਿਜ ਸਨ ।4।

ਸ਼ਹਿਰ ਦੇ ਰਾਜਾ, ਸੈਨਾਪਤੀ, ਸਾਰਥਵਾਹ (ਵਿਉਪਾਰੀ) ਅਤੇ ਹੋਰ ਮਸ਼ਹੂਰ ਆਦਮੀ ਆਨੰਦ ਤੋਂ ਹਰ ਗੱਲ ਵਿਚ ਸਲਾਹ ਮਸ਼ਵਰਾ ਲੈਂਦੇ ਸਨ, ਭਿੰਨ ਭਿੰਨ ਕੰਮਾਂ, ਯੋਜਨਾਵਾਂ, ਵਾਰਤਾਵਾਂ ਪਰਿਵਾਰਿਕ ਮਾਮਲਿਆ ਕਲੰਕਾਂ ਜਾਂ ਕਸੂਰਾਂ ਵਾਰੇ ਗੁਪਤ ਗੱਲਾਂ, ਕਈ ਪ੍ਰਕਾਰ ਦੇ ਗੁਪਤ ਭੇਦਾਂ, ਫੈਸਲਿਆਂ, ਇਰਾਦਿਆਂ ਅਤੇ ਲੈਣ ਦੇਣ ਸੰਬੰਧੀ ਉਸ ਦੀ ਕੀਮਤ ਰਾਏ ਨੂੰ ਮਹਤੱਵਪੂਰਨ ਸਮਝਦੇ ਸਨ, ਉਹ ਆਪਣੇ ਪਰਿਵਾਰ ਦਾ ਖੰਭੇ ਦੀ ਤਰਾਂ ਸਹਾਰਾ ਸੀ ਅਤੇ ਅੱਖਾਂ ਦੀ ਤਰਾਂ ਰਾਹ ਵਿਖਾਉਣ ਵਾਲਾ ਸੀ, ਉਹ ਸਭ ਕੰਮਾਂ ਦਾ ਪ੍ਰੇਰਕ ਵੀ ਸੀ ॥5॥

ਆਨੰਦ ਗਾਥਾਪਤੀ ਦੀ ਸਿਵਾਨੰਦਾਂ ਨਾਉਂ ਦੀ ਪਤਨੀ ਸੀ ਉਹ ਹਰ ਪੱਖੋਂ ਸੋਹਣੀ ਸੀ, ਆਨੰਦ ਨੂੰ ਵੀ ਉਹ ਬਹੁਤ ਪਿਆਰੀ ਲਗਦੀ ਸੀ. ਉਹ ਉਸ(ਆਨੰਦ)ਪ੍ਰਤਿ ਅਨੁਰਕਤ ਅਤੇ ਸਵਿਰਕਤ ਸੀ । ਉਸ (ਆਨੰਦ) ਨਾਲ ਆਪਣੀ ਇੱਛਾ ਅਨੁਸਾਰ, ਸ੍ਵਰ ਰੂਪੀ ਪੰਜ ਪ੍ਰਕਾਰ ਦੇ ਮਨੁੱਖ ਜਨਮ ਸੰਬੰਧੀ ਕਾਮ ਭੋਗਾਂ ਦਾ ਸੇਵਨ ਕਰਦੀ ਹੋਈ ਜਿੰਦਗੀ ਗੁਜਾਰ ਰਹੀ ਸੀ ।6।

ਵਾਨਿਜ ਗ੍ਰਾਮ ਦੇ ਬਾਹਰ ਉੱਤਰ ਪੂਰਬ ਵਲ ਕੋਲਾਕ ਸ਼ਨੀਵੇਸ ਨਾਂ ਦੀ ਇਕ ਬਸਤੀ ਸੀ ਉਹ ਰਿਧੀ (ਅਨਾਜ ਆਦਿ ਨਾਲ ਭਰਪੂਰ) ਚੋਰਾਂ ਡਾਕੂਆਂ ਤੋਂ ਰਹਿਤ, ਮਨੋਹਰ, ਵੇਖਣਯੋਗ, ਸ਼ੋਭਾ ਭਰਪੂਰ ਸੀ ।7।

---

(ਚੱਕੀ, ਕੋਹਲੂ ਘਲਾੜੀ ਆਦਿ) ਖਜਾਨਾ ਅਨਾਜ ਦੇ ਕੋਠੇ ਅਤੇ ਹਥਿਆਰ ਸਨ । ਉਸਨੇ ਆਪਣੇ ਕੋਲ ਸ਼ਕਤੀਸ਼ਾਲੀ ਅਧੀਨ ਬਨਾ ਲਿਆ ਸੀ, ਉਸਨੇ ਗੋਤ ਵਿਚ ਉਤਪੰਨ ਵਿਰੋਧੀਆਂ ਦਾ ਵਿਨਾਸ਼ ਕਰ ਦਿਤਾ ਸੀ, ਉਨ੍ਹਾਂ ਦਾ ਧੰਨ ਖੋਹ ਲਿਆ ਸੀ, ਉਨ੍ਹਾਂ ਦਾ ਮਾਨ ਭੰਗ ਕਰ ਦਿਤਾ ਸੀ, ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਕਰ ਦਿਤਾ ਸੀ, ਉਸ ਦਾ ਕੋਈ ਵੀ ਗੋਤਰ ਵਾਲਾ ਬਾਕੀ ਨਹੀਂ ਰਿਹਾ ਸੀ ਇਸ ਤਰਾਂ ਸ਼ਤਰੂਆਂ ਦਾ ਨਾਸ਼ ਕਰ ਦਿਤਾ ਸੀ, ਧਨ ਖੋਹਲਿਆ ਸੀ, ਆਪਣੇ ਅਧੀਨ ਕਰ ਲਿਆ ਸੀ ਅਤੇ ਫਿਰ ਸਿਰ ਨਾ ਚੁਕ ਸਕਨ, ਅਜਿਹੀ ਹਾਲਤ ਵਿਚ ਪਹੁੰਚਾ ਦਿਤਾ ਸੀ ਇਸ ਪ੍ਰਕਾਰ ਉਹ ਅਕਾਲ, ਬੀਮਾਰੀ ਅਤੇ ਡਰ ਤੋਂ ਮੁਕਤ ਝਗੜਿਆਂ ਤੋਂ ਰਹਿਤ, ਦਿਆਲੂ ਅਤੇ ਵਿਘਨ ਰਹਿਤ ਰਾਜ ਕਰਦਾ ਸੀ ।

---

(ਪਾਠ ਨੰ: 4 ਤੋਂ 8 ਤਕ ਦੀ ਟਿੱਪਣੀ)

2: ਗਾਥਾ ਪਤਿ ਦਾ ਅਰਥ ਇਸ ਪ੍ਰਕਾਰ ਹੈ

ਧਨ, ਅਨਾਜ ਅਤੇ ਅਮੀਰ ਹੋਣ ਕਾਰਣ ਹੋਣ ਵਾਲੀ ਪ੍ਰਸੰਸਾ ਨੂੰ ਗਾਥਾ ਆਖਦੇ ਹਨ

ਉਸ ਕੋਲਾਕ ਸੰਨੀਵੇਸ ਵਿਚ ਆਨੰਦ ਗਾਥਾਪਤਿ ਦੇ ਬਹੁਤ ਸੰਸਾਰੀ ਮਿਤਰ, ਜਾਤ ਬਰਾਦਰੀ ਦੇ ਪੱਖੋਂ ਭਰਾ, ਆਪਣੇ ਪਰਿਵਾਰ ਦੇ ਰਿਸ਼ਤੇਦਾਰ ਅਤੇ ਹੋਰ ਲੋਕ (ਪਰਿਜਨ) ਰਹਿੰਦੇ ਸਨ ਉਹ ਵੀ ਖੁਸ਼ਹਾਲ ਅਤੇ ਭਰਪੂਰ ਸਨ ।8।

---

ਇਨ੍ਹਾਂ ਦੇ ਸਵਾਮੀ ਨੂੰ ਗਾਥਾਪਤੀ ਆਖਦੇ ਹਨ ।

1. ਬ੍ਰਿਜ ਗਊਆਂ ਦਾ ਸੰਖਿਆ ਮਾਪਣ ਦਾ ਪ੍ਰਾਚੀਨ ਪੈਮਾਨਾ ਹੈ ਇਕ ਬ੍ਰਿਜ 10, 000 ਗਾਵਾਂ ਦਾ ਹੁੰਦਾ ਹੈ ।

2. ਇਥੇ ਮੇਡੀ (ਮੇੜੀ) ਤੋਂ ਭਾਵ ਇਹ ਲਕੜੀ ਦਾ ਡੰਡਾ ਹੈ ਜਿਸਦੇ ਆਲੇ ਦੁਆਲੇ ਕਣਕ ਦੀ ਫਸਲ ਗਾਹੁੰਦੇ ਪਸ਼ੂ ਘੁੰਮਦੇ ਹਨ ।

मेधिः—व्रीहि-यव-गोधूमादिमर्दनाथ खले स्थापितो दार्वादिमयः पशुबन्धनस्तम्भः । यत्र पंक्तिशो बद्धा बलीवर्दादयो व्रीह्यदिमर्दनाय परितो भ्राम्यान्ति तत्सादृश्यादयमपि मेधिः ।

3. ਇਥੇ ਆਨੰਦ ਦੀ ਪਤਨੀ ਦੀ ਸੁੰਦਰਤਾ ਅਤੇ ਮਨ ਮਰਜੀ ਅਨੁਸਾਰ ਸ਼ਬਦ, ਰੂਪ, ਰਸ ਗੰਧ ਅਤੇ ਸਪਰਸ਼ ਸੰਬੰਧੀ ਇੰਦਰੀਆਂ ਸੁਖਾਂ ਦਾ ਵਰਨਣ ਹੈ ਇਥੇ ਦੋ ਸ਼ਬਦ ਅਨੁਰਕਤਾ ਅਤੇ ਅਵਿਰਕਤਾ ਕਾਫੀ ਮਹਤਵਪੂਰਨ ਹਨ ਅਨੁਰਕਤਾ ਦੀ ਵਿਆਖਿਆ ਟੀਕਾਕਾਰਾਂ ਨੇ ਇਸ ਪ੍ਰਕਾਰ ਕੀਤੀ ਹੈ

घर कम्म वावडा जा सव्वसिणेहप्पवड्ढणी दक्खा । छाया विव भत्तणुगा, अणुरत्ता, सा समक्खाया

(1) ਜੋ ਇਸਤਰੀ ਘਰ ਦੇ ਕੰਮਕਾਜ ਵਿਚ ਲਗੀ ਰਹਿੰਦੀ ਹੈ (2) ਸਭ ਨਾਲ ਪਿਆਰ ਵਧਾਉਣ ਵਾਲੀ ਅਤੇ ਚਤੁਰ ਹੈ (3) ਪਰਛਾਵੇਂ ਦੀ ਤਰਾਂ ਪਤੀ ਦੇ ਪਿਛੇ ਚਲਦੀ ਹੈ ਉਹ ਅਨੁਕਰਤਾ ਹੈ ।

पडिऊले वि य भत्तरि किंचिवि रुट्ठाणं जा हवई । जाव भिउ भासिणी य णिच्चं सा अविरत्तत्ति णिद्दिट्ठा ।

(1) ਜੋ ਪਤੀ ਦੇ ਗੁਸੇ ਹੋਣ ਤੇ ਵੀ ਗੁਸਾ ਨਹੀਂ ਕਰਦੀ (2) ਹਮੇਸ਼ਾ ਮਿਠਾ ਬੋਲਦੀ ਹੈ ਉਹ ਅਵਿਰਕਤਾ ਆਖੀ ਜਾਂਦੀ ਹੈ ।

(4) ਸੰਨੀਵੇਸ ਦਾ ਅਰਥ ਟੀਕਾਕਾਰਾਂ ਨੇ ਇਸ ਪ੍ਰਕਾਰ ਕੀਤਾ ਹੈ

सन्निविशन्ति जना यस्मिन् स ग्रामोविशेषः

ਉਸ ਕਾਲ, ਉਸ ਸਮੇਂ ਵਿਚ ਭਗਵਾਨ ਮਹਾਵੀਰ ਉਸੇ ਥਾਂ ਪਧਾਰੇ, ਸਮੋਸਰਨ ਲਗਿਆ। ਪਰਿਸ਼ਧ ਨਮਸਕਾਰ ਕਰਨ ਆਈ। ਰਾਜਾ ਕੌਣਿਕ ਦੀ ਤਰਾਂ ਜਿਤਸ਼ਤਰੂ ਰਾਜਾ ਆਪਣੀ ਸ਼ਾਹੀ ਠਾਠ ਨਾਲ ਨਮਸ਼ਕਾਰ ਕਰਨ ਲਈ ਭਗਵਾਨ ਦੇ ਚਰਨਾਂ ਵਿਚ ਹਾਜਰ ਹੋਇਆ।9।

ਪਾਠ 9 ਦੀ ਟਿੱਪਣੀ।

(1) ਸਮੋਸਰਨ ਇਕ ਬਹੁਤ ਹੀ ਮਹੱਤਵ ਪੂਰਨ ਸ਼ਬਦ ਹੈ। ਇਸਦੀ ਵਿਆਖਿਆ ਵਿਸਥਾਰ ਨਾਲ ਕੀਤੀ ਗਈ ਹੈ, ਇਹ ਉਹ ਥਾਂ ਹੈ ਜਿਸ ਥਾਂ ਤੇ ਬੈਠ ਕੇ ਤੀਰਥੰਕਰ ਭਗਵਾਨ ਉਪਦੇਸ਼ ਕਰਦੇ ਹਨ, ਇਸ ਥਾਂ ਦੀ ਰਚਨਾਂ ਦੇਵਤੇ ਕਰਦੇ ਹਨ ਇਹ ਉਹ ਥਾਂ ਹੈ ਜਿਥੇ ਹਰ ਉੱਚ ਨੀਚ, ਇਸਤਰੀ, ਪੁਰਸ਼ ਇਥੋਂ ਤਕ ਪਸ਼ੂ ਵੀ ਆਪਣੀ ਆਪਣੀ ਭਾਸ਼ਾ ਵਿਚ ਭਗਵਾਨ ਦਾ ਉਪਦੇਸ਼ ਸੁਣ ਸਕਦਾ ਹੈ ਭਗਵਾਨ ਤੋਂ ਪ੍ਰਸ਼ਨ ਪੁਛ ਸਕਦਾ ਹੈ ਆਪਣੇ ਵਿਚਾਰ ਪ੍ਰਗਟ ਕਰ ਸਕਦਾ ਹੈ ਇਹ ਸਮੋਸਰਨ ਸੁਤੰਤਰਤਾ ਸਮਾਨਤਾ, ਮਨੁੱਖੀ ਆਜਾਦੀ ਦਾ ਪੁਰਾਤਨ ਪਰੰਪਰਾ ਹੈ। ੧ ਪਰਿਸ਼ਧ ਤੋਂ ਭਾਵ ਹੈ ਜਿਸ ਥਾਂ ਤੇ ਬੈਠ ਕੇ ਲੋਕ ਵਿਚਾਰ ਵਟਾਂਦਰਾ ਕਰਨ।

(2) परिषद (ਪਰਿਸ਼ਧ) ਇਹ ਤਿੰਨ ਪ੍ਰਕਾਰ ਦੀ ਹੈ परिसर्वतोभावेन सीदन्ति-उपविशान्ति-गच्छन्ति वा जना यस्यां सा परिषत सभा (1) ਗਿਆ ਪਰਿਸ਼ਧ (ज्ञपरिषध) ਨਿਪੁਨ, ਬੁਧਿਮਾਨਾਂ, ਵਿਚਾਰਕਾਂ, ਗੁਣ ਦੋਸ਼ ਨੂੰ ਜਾਣਨ ਵਾਲੇ ਅਤੇ ਵਿਵੇਕੀਆਂ ਦੀ ਸਭਾ।

ਅਗਿਆ ਪਰਿਸ਼ਧ (अज्ञा परिषध) (ਆਗਿਆਨੀਆਂ, ਪਰ ਬਿਨੇਵਾਨ ਅਤੇ ਸਿਖਿਆ ਨੂੰ ਮਨੰਣ ਵਾਲਿਆਂ ਦੀ ਸਭਾ

ਦੁਵਿਰਦਰਧਾ ਪਰਿਸ਼ਧ (दुर्विदग्धा परिषध)—ਝੂਠੇ ਹੰਕਾਰੀਆਂ, ਸਚੇ ਧਰਮ ਨੂੰ ਨਾ ਮੰਨਣ ਵਾਲਿਆਂ, ਹਠੀਆਂ ਦੀ ਸਭਾ

---

ਜਿਥੇ ਲੋਕ ਠਹਿਰਦੇ ਹੋਣ ਭਾਵ ਪੜਾਵ ਰਖਦੇ ਹੋਣ ਉਹ ਥਾਂ ਸਨੀਵੇਸ ਹੈ।

(2) ਚੰਗੇ ਮਿਤੱਰ ਦੇ ਲਛੱਣ ਇਸ ਪ੍ਰਕਾਰ ਹਨ।

मियं सयेगरूव, हियमुवदिसई, पियं, च वितणोइ
तुल्लयार बियारी, सज्जाई वग्गो य सम्मया णाई
माया पिऊ तुजाई, णियगो, सयणो पितव्व भायाई
सबंधी ससुराई, दासाई परिजणो णेंओ

ਮਿਤਰ ਉਹ ਹੈ ਜੋ ਸਦਾ ਭਲੇ ਦੀ ਗਲ ਆਖਦਾ ਹੈ, ਸਦਾ ਭਲਾ ਹੀ ਕਰਦਾ ਹੈ।

ਸਮਾਨ ਆਚਾਰ ਵਿਚਾਰ ਵਾਲੇ ਆਪਣੇ ਜਾਤ ਵਾਲੇ ਅਖਵਾਂਦੇ ਹਨ। ਮਾਤਾ ਪਿਤਾ ਪੁੱਤਰ

ਆਦਿ, ਆਪਣੇ ਅਖ਼ਵਾਉਂਦੇ ਹਨ ਸਾਊਰੇ ਪੱਖੋਂ ਲੋਕ ਪਰਿਜਨ (ਹਰ ਲੋਕ) ਅਖਵਾਉਂਦੇ ਹਨ।

ਸ੍ਰੀ ਉਵਵਾਈ ਸੂਤਰ ਵਿਚ ਕੋਣਿਕ ਰਾਜਾ ਇਸ ਪ੍ਰਕਾਰ ਭਗਵਾਨ ਮਹਾਂਵੀਰ ਨੂੰ ਨਮਸਕਾਰ ਕਰਨ ਗਿਆ ਸੀ।

## ਮਹਾਰਾਜ ਕੋਣਿਕ

''ਤਦ ਕੋਣਿਕ ਰਾਜਾ ਹਾਰ ਸ਼ਿੰਗਾਰ ਅਤੇ ਨਗਰ ਨੂੰ ਸਜਾ ਕੇ ਆਪ ਅੰਜਨਗਿਰੀ (ਸਰਮੇ ਦੇ ਪਹਾੜ ਦੀ ਤਰਾਂ) ਹਾਥੀ ਤੇ ਇਸ ਪ੍ਰਕਾਰ ਸਵਾਰ ਹੋਇਆ ਜਿਵੇਂ ਹਾਥੀਆਂ ਦੇ ਰਾਜੇ ਤੇ ਮਨੁਖਾਂ ਦਾ ਰਾਜਾ ਅਸਵਾਰ ਹੋਵੇ।

ਉਸ ਬਿੰਬਸਾਰ ਦੇ ਪੁੱਤਰ ਕੋਣਿਕ ਦੇ ਸਿੰਗਾਰੇ ਹਾਥੀ ਤੇ ਸਵਾਰ ਹੋਣ ਤੋਂ ਸਭ ਤੋਂ ਪਹਿਲਾਂ ਅਠ ਮੰਗਲ (ਸੁਭਚਿੰਤਕ) ਰਵਾਨਾ ਹੋਏ।

ਜੋ ਇਸ ਪ੍ਰਕਾਰ ਹਨ (1) ਸਵਾਸਤਿਕ (2) ਸ੍ਰੀ ਬਤਸ (3) ਨੰਦਾਵਰਤ (4) ਵਰਧਮਾਨਕ (5) ਭਦੱਰਾਸਨ (6) ਕਲਸ (7) ਮੱਛੀ (8) ਵਰਤਨ।

ਇਸ ਤੋਂ ਬਾਅਦ ਪਾਣੀ ਨਾਲ ਭਰੇ ਕਲਸ, ਝਾਲਰਾਂ ਅਤੇ ਛਤਰ, ਝੰਡੀਆਂ, ਚਾਮਰਾਂ ਨਾਲ ਭਰਪੂਰ, ਹਵਾ ਵਿਚ ਲਹਿਰ ਦੀ ਜਿੱਤ ਦੀ ਪ੍ਰਤੀਕ ਵਿਜ਼ਯੰਤੀ ਨਾਓਂ ਦੀ ਛੋਟੀ ਝੰਡੀਆਂ ਨਾਲ ਉਪਰ ਉਠੀ ਹੋਈ ਧੱਵਜਾ ਸੀ ਜੋ ਅਸਮਾਨ ਨਾਲ ਗੱਲਾਂ ਕਰਦੀ ਵਧ ਰਹੀ ਸੀ।

ਉਸ ਤੋਂ ਬਾਅਦ ਬੇਡੂਰੀਆਂ ਲਹੂਸਨੀਆਂ ਦੀ ਚਮਕ ਵਾਲਾ, ਕੋਰਟ ਦੇ ਫੁੱਲਾਂ ਦੇ ਰਾਹਾਂ ਨਾਲ ਸਜਿਆ, ਚੰਦਰ ਮੰਡਲ ਦੀ ਤਰਾਂ ਉੱਚਾ ਸਿੰਘਾਸਨ ਅਤੇ ਮਨੀਰਤਨਾਂ ਵਾਲੀ ਚੌਕੀ ਸੀ ਜਿਸ ਉਪਰ ਰਾਜੇ ਦੀਆਂ ਖੜਾਵਾਂ ਸਨ ਉਹ ਸਭ ਅਨੇਕਾਂ ਪੈਦਲ ਸਿਪਾਹੀਆਂ ਦੇ ਘੇਰੇ ਨਾਲ ਅੱਗੇ ਵਧ ਰਿਹਾ ਸੀ।

ਇਸ ਤੋਂ ਬਾਅਦ ਲਾਠੀਆਂ ਵਾਲੇ, ਭਲਿਆਂ ਵਾਲੇ, ਧਨੁੱਸ਼ਧਾਰੀ, ਚਮਰਧਾਰੀ, ਜੂਣੇ ਦੀ ਸਾਮਗਰੀ ਵਾਲੇ, ਪੁਸਤਕ ਲਿਖਣ ਵਾਲੇ, ਚੌਕੀਆਂ ਵਾਲੇ, ਆਸਨਾਂ ਵਾਲੇ, ਵੀਣਾ ਧਾਰਨ ਕਰਨ ਵਾਲੇ, ਸੁਗੰਧਿਤ ਤੇਲਾਂ ਦਾ ਧਾਰਨ ਕਰਨ ਵਾਲੇ, ਸੁਗੰਧਿਤ ਪਾਨ ਲਾਉਣ ਵਾਲੇ ਆਪਣੇ ਸਮਾਨ ਲੈਕੇ ਚਲ ਰਹੇ ਸਨ।

ਬਹੁਤ ਸਾਰ ਦੰਡੀ, ਮੁੰਡੀ, ਮਿਖਡੀ, ਜਟਾਂ ਵਾਲੇ, ਮਯੂਰਪਿਠ, ਹਾਸਾਮਜਾਕ ਕਰਨ ਵਾਲੇ, ਹੁਲੜਵਾਜ, ਖੁਸ਼ਾਮਦੀ, ਮਜਾਕੀਏ, ਬਹਿਸ ਕਰਨ ਵਾਲੇ, ਕਾਮ ਭੋਗਾਂ ਤੇ ਸ਼ਿੰਗਾਰਾਂ ਦਾ ਵਿਖਾਵਾ ਕਰਨ ਵਾਲੇ, ਭਾਂਡ (ਨਕਲੀਏ ਅਤੇ ਭੱਟ) ਗਾਂਦੇ,

ਬਜਾਉਂਦੇ, ਹਸਦੇ, ਨਚਦੇ, ਬੋਲਦੇ ਸਿਖਿਆ ਦੇਂਦੇ, ਰਾਜੇ ਦੀ ਰੱਖਿਆ ਕਰਦੇ ਅਤੇ ਅਵਾਜ ਪੈਦਾ ਕਰਦੇ ਅਗੇ ਵਧ ਰਹੇ ਸਨ।

ਇਸ ਤੋਂ ਬਾਅਦ ਨੌਜਵਾਨ, ਹਾਰ ਸ਼ਿਗਾਰ ਵਾਲੇ, ਲਗਾਮਾ ਵਾਲੇ ਸਾਜ ਵਾਜ ਨਾਲ ਸ਼ਿਗਾਰੇ ਇਕ ਸੋ ਅਠ ਘੋੜੇ ਰਵਾਨਾ ਹੋਏ। ਹਰੀ ਬੇਲਾਂ (ਇਕ ਪੌਦਾ) ਦੀ ਨਵੀਂ ਕਲੀ ਵਾਂਗ ਉਨਾਂ ਘੋੜਿਆ ਦੀਆਂ ਅੱਖਾਂ ਸੁਫੇਦ ਸਨ, ਉਨ੍ਹਾਂ ਦੀ ਚਾਲ ਮਨਮੋਹਨੀ, ਵਿਲਾਸ ਭਰਪੂਰ ਅਤੇ ਨਾਚ ਭਰਪੂਰ ਸੀ ਉਨਾਂ ਦੇ ਸਰੀਰ ਚੰਚਲ ਸਨ ਉਹ ਨੱਚਨ; ਕੁੱਦਨ, ਭੱਜਨ, ਚਾਲ ਵਿਚ ਚਤੁਰ ਸਨ ਭਜਦੇ ਸਮੇਂ ਉਨ੍ਹਾਂ ਦੇ ਤਿੰਨ ਪੈਰ ਹੀ ਧਰਤੀ ਤੇ ਦਿਸਦੇ ਸਨ, ਉਹ ਘੋੜੇ ਸਿਖਿਆਤ ਸਨ, ਉਨਾਂ ਦੇ ਗਲੇ ਵਿਚ ਸੋਨੇ ਦੇ ਗਹਿਨੇ ਪਾਏ ਹੋਏ, ਉਨ੍ਹਾਂ ਘੋੜਿਆ ਦੇ ਮੂੰਹਾਂ ਉਪਰ ਵੀ ਗਹਿਣੇ ਸਜੇ ਹੋਏ ਸਨ, ਲੰਬੇ ਗੁਛੇ ਲੱਟਕ ਰਹੇ ਸਨ ਘੋੜੇ ਚਾਮਰ, ਦੱਭ ਨਾਲ ਸਜੇ ਹੋਏ ਸਨ, ਇਨਾਂ ਤੇ ਉਤੱਮ ਸਜੇ ਨੌਜਵਾਨ ਬੈਠੇ ਸਨ।

ਉਸ ਤੋਂ ਬਾਅਦ ਇਕ ਸੋ ਅਠ ਹਾਥੀ ਰਵਾਨਾ ਹੋਏ, ਉਨ੍ਹਾਂ ਵਿਚੋਂ ਕੁਝ ਮਸਤ ਸਨ ਅਤੇ ਉਨਾਂ ਦੇ ਦੰਦ ਬਾਹਰ ਵਿਖਾਈ ਦੇ ਰਹੇ ਸਨ, ਉਨਾਂ ਦੇ ਪਿਛਲੇ ਹਿਸੇ ਵਿਚੋਂ ਵਿਸ਼ਾਲ ਤੇ ਸਫੇਦ ਸਨ ਉਨਾਂ ਦੰਦਾਂ ਤੇ ਸੋਨਾ ਚੜਿਆ ਹੋਇਆ ਸੀ ਉਹ ਹਾਥੀ ਸੋਨੇ ਅਤੇ ਮਣੀਆਂ ਨਾਲ ਸ਼ਿਗਾਰੇ ਹੋਏ ਸਨ ਇਸ ਤੋਂ ਬਾਅਦ ਇਕ ਸੋ ਸਠ ਰੱਥ ਅਗੇ ਚੱਲੇ ਇਹ ਰਥ ਛੱਤਰ, ਧੱਵਜਾ, ਘੰਟਾ, ਪਤਾਕਾ, ਝੰਡੀਆਂ ਅਤੇ ਭਿੰਨ-ਭਿੰਨ ਪ੍ਰਕਾਰ ਦੇ ਵਾਜਿਆਂ ਦੀਆਂ ਆਵਾਜ਼ਾਂ ਨਾਲ ਭਰਪੂਰ ਸਨ, ਛੋਟੀਆਂ ਘੰਟੀਆਂ ਦੇ ਜਾਲ ਨਾਲ ਢਕੇ ਹੋਏ ਸਨ ਉਹ ਹਿਮਾਲੀਆ ਪਰਬਤ ਤੇ ਪੈਦਾ ਹੋਣ ਵਾਲੀ ਲਕੜ ਤੋਂ ਬਣੇ ਹੋਏ ਸਨ ਕਾਲਾਯਸ ਲੋਹੇ ਦੇ ਪਹੀਏ ਤੇ ਧੁਰੇ ਬੜੇ ਸੋਹਣੇ ਲਗ ਰਹੇ ਸਨ ਉਨ੍ਹਾਂ ਰਥਾਂ ਦੀਆਂ ਧੁਰੀਆਂ ਮਜਬੂਤ ਤੇ ਗੋਲ ਸਨ ਉਨਾਂ ਨੂੰ ਉਚੇ ਦਰਜੇ ਦੇ ਘੋੜੇ ਖਿੱਚ ਰਹੇ ਸਨ, ਉਨਾਂ ਦੀ ਵਾਗਡੋਰ ਚੁਸਤ ਅਤੇ ਸਮਝਦਾਰ ਪੁਰਸ਼ਾਂ ਦੇ ਹੱਥਾਂ ਵਿਚ ਸੀ ਉਹ 32 ਤੀਰਾਂ ਨਾਲ ਸਜੇ ਹੋਏ ਸਨ ਉਨਾਂ ਪੁਰਸ਼ਾਂ ਨੇ ਕਵਚ ਤੇ ਟੋਪ ਪਹਿਨ ਰਖੇ ਸਨ ਉਹ ਧਨੁਸ਼ ਵਾਨ, ਤਲਵਾਰ ਆਦਿ ਯੁਧ ਸਾਮਗਰੀ ਨਾਲ ਭਰੇ ਹੋਏ ਸਨ।

ਉਨਾਂ ਰਥਾਂ ਦੇ ਪਿਛੇ ਤਲਵਾਰ, ਸ਼ਕਤੀ, ਭੱਲਾ ਸੂਲ, ਲਾਠੀਆਂ ਭਿੰਡੀਮਾਲ ਅਤੇ ਧਨੁਖ ਹੱਥਾਂ ਵਿਚ ਲਈ ਪੈਦਲ ਅਗੇ ਵਧ ਰਹੇ ਸਨ।

ਉਨਾਂ ਤੋਂ ਬਾਅਦ ਕੋਣਿਕ ਰਾਜਾ ਸੀ ਉਸਦਾ ਗਲਾ ਹਾਰਾਂ ਨਾਲ ਭਰਿਆ ਹੋਇਆ ਸੀ ਕੁੰਡਲਾਂ ਨਾਲ ਮੂੰਹ ਚਮਕ ਰਿਹਾ ਸੀ ਸਿਰ ਤੇ ਮੁਕਟ ਸ਼ੋਭਾ ਦੇ ਰਿਹਾ ਸੀ ਉਹ ਮਨੁਖਾਂ ਵਿਚ ਸ਼ੇਰ, ਇੰਦ੍ਰ, ਬਲਦ ਅਤੇ ਚਕੱਰਵਰਤੀ ਦੀ ਤਰਾਂ ਸੀ। ਹਾਥੀ ਦੀ ਪਿਠ ਤੇ ਬੈਠੇ

ਉਸ ਦਾ ਤੇਜ ਚਮਕ ਰਿਹਾ ਸੀ ਉਸਨੇ ਕੋਰਟ ਫੁਲਾਂ ਦੀ ਮਾਲਾ ਅਤੇ ਛਤਰ ਨੂੰ ਧਾਰਨ ਕੀਤਾ ਹੋਇਆ ਸੀ, ਸਫੇਦ ਚਾਮਰ ਝੂਲ ਰਹੇ ਸਨ ਵੈਸ਼ਮਨ, ਕੁਵੇਰ, ਚਕੱਰਵਰਤੀ, ਇੰਦਰ ਦੀ ਤਰਾਂ ਉਹ ਸੰਪਤੀ ਵਾਲਾ ਤੇ ਪ੍ਰਸਿਧੀ ਵਾਲਾ ਸੀ।

ਉਹ ਘੋੜੇ, ਹਾਥੀ, ਰੱਥ ਅਤੇ ਬਲਵਾਨ ਜੋਧੇ ਰੂਪ ਚਾਰ ਪ੍ਰਕਾਰ ਦੀ ਸੈਨਾ ਲੈਕੇ ਉਥੇ ਪਹੁੰਚ ਗਿਆ ਜਿਥੇ ਪੂਰਨ ਭੱਦਰ ਚੈਤਯ ਸੀ ਤਦ ਬਿੰਬਸਾਰ ਦਾ ਪੁੱਤਰ ਕੌਣਿਕ ਰਾਜਾ ਦੇ ਅਗੇ ਬੜੇ ਬੜੇ ਘੋੜ ਸਵਾਰ ਸਨ। ਉਹ ਇਸ ਪ੍ਰਕਾਰ ਬੋਲ ਰਹੇ ਹਨ—

ਹੇ ਨੰਦ ਤੁਹਾਡੀ ਜੈ ਹੋਵੇ (ਭਦਰ 'ਕਲਿਆਣ ਕਰਨ ਵਾਲਾ') ਤੁਹਾਡੀ ਜੈ ਹੋਵੇ ਤੁਹਾਡਾ ਕਲਿਆਣ ਹੋਵੇ ਤੁਸੀਂ ਨਾ ਜਿਤੇ ਨੂੰ ਜਿਤ ਲਵੋ ਅਤੇ ਜਿਤੇ ਹੋਏ ਲੋਕ ਤੁਹਾਡਾ ਹੁਕਮ ਮੰਨਣ। ਤੁਸੀਂ ਜਿਤੇ ਹੋਵੇ ਲੋਕਾਂ ਵਿਚ ਨਿਵਾਸ ਕਰੋ। ਆਪ ਦੇਵਤਿਆਂ ਵਿਚ ਇੰਦਰ ਦੀ ਤਰਾਂ, ਅਸੁਰਾਂ ਵਿਚ ਚਮਰ ਦੀ ਤਰਾਂ, ਨਾਗਾਂ ਵਿਚ ਧਰਨ ਦੀ ਤਰਾਂ, ਤਾਰਿਆਂ ਵਿਚ ਚੰਦਰਮਾਂ ਦੀ ਤਰਾਂ ਅਤੇ ਮਨੁਖਾਂ ਵਿਚ ਭਰਤ ਚਕਰਵਰਤੀ ਦੀ ਤਰਾਂ ਬਹੁਤ ਸਾਲਾਂ, ਸ਼ਤਾਵਦੀਆਂ, ਹਜਾਰਾਂ ਸਾਲਾਂ, ਲੱਖਾਂ ਸਾਲਾਂ, ਦੋਸ਼ ਰਹਿਤ, ਸਾਰੇ ਪਰਿਵਾਰ ਸਮੇਤ ਸੰਤੁਸ਼ਟ ਤੇ ਲੰਬੀ ਉਮਰ ਭੋਗੋ। ਤੁਸੀਂ ਆਪਣੇ ਰਿਸ਼ਤੇਦਾਰਾਂ ਨਾਲ ਘਿਰੇ ਚੰਪਾ ਨਗਰੀ, ਪਿੰਡ ਆਕਰ (ਲੂਣ ਦੀ ਖਾਨ) ਨਗਰ (ਟੈਕਸ ਰਹਿਤ ਸਹਿਤ) ਖੇਟ, ਕਰਵਟ, ਮੰਡਬ, ਦੋਰਣਮੁਖ, ਬੰਦਰਗਾਹ, ਨਿਗਮ, ਪਰਵਤਾਂ ਦੀ ਤਲਹਟੀ ਦੀ ਵਸੋਂ ਪਿੰਡਾਂ, ਸਨੀਵੇਸ਼ ਦੀ ਅਗਵਾਈ ਕਰੋ, ਮਹਾਨ ਅਤੇ ਆਗਿਆਕਾਰ ਸੈਨਾਪਤੀ ਤੋਂ ਹੁਕਮ ਮਨਾਉਂਦੇ ਰਹੋ। ਕਥਾ, ਨਾਚ, ਗੀਤ, ਨਾਟਕ, ਵਾਜੇ, ਵੀਨਾ, ਕਰਤਾਲ, ਤੁਰ, ਮੇਘ, ਮਰਦੰਗ ਆਦਿ ਦਾ ਆਨੰਦ ਮਾਨਦੇ ਰਹੋ।

ਤਦ ਉਹ ਬਿੰਬਸਾਰ ਦਾ ਪੁੱਤਰ ਕੌਣਿਕ ਰਾਜਾ ਹਜਾਰਾਂ ਅੱਖਾਂ ਰੂਪੀ ਮਾਲਾ ਦਾ ਇਜੱਤ ਬਨਦਾ ਹੋਇਆ ਆ ਰਿਹਾ ਸੀ, ਉਸਦੇ ਆਸ ਪਾਸ ਹਾਥੀ ਅਤੇ ਹਾਥੀ ਸਵਾਰ ਸਨ ਪਿਛੇ ਹਾਥੀਆਂ ਦਾ ਝੁੰਡ ਸੀ।

ਉਹ ਬਿੰਬਸਾਰ ਦਾ ਪੁੱਤਰ ਕੋਣਿਕ ਚੰਪਾ ਨਗਰੀ ਦੇ ਵਿਚਕਾਰ ਹੋ ਕੇ ਜਾ ਰਿਹਾ ਸੀ ਉਸਦੇ ਸਾਹਮਣੇ ਸੋਵਨਝਾਰੀ ਚੁਕੀ ਹੋਈ ਸੀ ਕੋਈ ਪੱਖਾ ਝਲ ਰਿਹਾ ਸੀ ਕਿਸੇ ਕੋਲ ਸਫੇਦ ਛਤੱਰ ਸੀ ਇਸ ਪ੍ਰਕਾਰ ਪੱਖੇ, ਚਾਮਰ, ਗਹਿਣੇ, ਸੰਪਤੀ, ਸੈਨਾ, ਪਰਿਵਾਰ, ਭਗਤੀ ਭਰਪੂਰ, ਫੁਲਾਂ, ਖੁਸ਼ਬੂ, ਹਾਰ ਸ਼ਿੰਗਾਰ ਅਤੇ ਵਾਜਾ ਰਾਜੇ ਨਾਲ ਚਲ ਰਿਹਾ ਸੀ। ਸੰਖ, ਢੋਲ, ਨਗਾਰੇ, ਭੇਰੀ, ਨਰੀ, ਖੁਰਮੁਰੀ, ਹੁੜਕਾ, ਮੁਰਜ, ਮਰਦੰਗ ਅਤੇ ਵਾਜੇ ਵਜ ਰਹੇ ਸਨ।

ਚੰਪਾ ਨਗਰੀ ਵਿਚ ਜਾਂਦਿਆਂ ਕੋਣਿਕ ਰਾਜਾ ਵੀ ਬਹੁਤ ਸਾਰੇ ਦਰਸ਼ਣ ਦੇ ਇਛੁੱਕ, ਕਾਮ ਭੋਗ ਦੇ ਇਛੁੱਕ, ਭੋਜਨ ਦੇ ਇਛੁੱਕ, ਭਾਂੜੇ ਕਾਪਲਿਕ, ਕਰਪੀਤ੍ਰਿਤ ਸੰਖ ਵਜਾਉਣ ਵਾਲੇ, ਘੁਮਾਰ, ਕਿਸਾਨ, ਹਾਸਾ ਮਜਾਕ ਕਰਨ ਵਾਲੇ, ਭੱਟ, ਚਾਰਜ ਅਤੇ ਵਿਦਿਆਰਥੀਆਂ ਚੰਗੇ ਸੋਹਣੇ, ਪਿਆਰੇ, ਮਨਭਾਵਨੇ, ਮਨ ਵਿਚ ਖੁਭਨ ਵਾਲੇ ਸੈਂਕੜੇ ਨਾਰੇ ਲਾ ਰਹੇ ਸਨ, ਅਭਿਨੰਦਨ ਕਰ ਰਹੇ ਸਨ। ਉਸਤੱਤੀ ਕਰ ਰਹੇ ਸਨ। ਉਹ ਇਸ ਪ੍ਰਕਾਰ ਆਖ ਰਹੇ ਸਨ। ਹਜਾਰਾਂ ਦਿਲਾਂ ਰੂਪੀ ਮਾਲਾ ਤੋਂ ਬਾਅਦ ਕਰਵਾਉਂਦਾ ਹੋਇਆ ਹਜਾਰਾਂ ਮਨੋਰਥ ਰੂਪੀ ਮਾਲਾ ਦੀ ਇਛਾ ਪੂਰੀ ਕਰਦਾ ਹੋਇਆ ਸ਼ੋਭਾ ਅਤੇ ਸੁਭਾਗ ਦੇ ਬਚਨਾਂ ਨਾਲ ਪ੍ਰਸ਼ੰਸਾ ਪਾ ਰਿਹਾ ਸੀ। ਬਹੁਤ ਸਾਰੇ ਹਜਾਰਾਂ ਇਸਤਰੀ ਪੁਰਸ਼ ਦੀ ਹਥ ਜੋੜ ਰੂਪੀ ਮਾਲਾ ਨੂੰ ਸਵੀਕਾਰ ਕਰਦਾ ਹੋਇਆ, ਮਿਠੀ ਕੋਮਲ ਅਵਾਜ ਨਾਲ ਪਰਜਾ ਦੀ ਕੁਸ਼ਲਤਾ ਪੁਛਦਾ ਹੋਇਆ ਹਜਾਰਾਂ ਭਵਨਾਂ ਨੂੰ ਛਡ ਕੇ ਅਗੇ ਵਧਦਾ ਹੋਇਆ, ਚੰਪਾ ਨਗਰੀ ਤੋਂ ਬਾਹਰ ਨਿਕਲਿਆ।

## ਭਗਵਾਨ ਮਹਾਵੀਰ ਦੀ ਭਗਤੀ

ਚੰਪਾ ਨਗਰੀ ਤੋਂ ਬਾਹਰ, ਜਿਥੇ ਪੂਰਨ ਭਦਰ ਚੇਤਯ ਸੀ ਉਥੇ ਆਇਆ। ਉਥੇ ਪਹੁੰਚ ਕੇ ਨਾ ਜਿਆਦਾ ਦੂਰ ਅਤੇ ਨਾ ਜਿਆਦਾ ਨੇੜੇ ਅਜਿਹੇ ਥਾਂ ਤੇ ਪਹੁੰਚਿਆ ਉਥੇ ਭਗਵਾਨ ਮਹਾਵੀਰ ਦੇ ਛਤਰ ਆਦਿ ਅਤਿਸਯ (ਵਿਸ਼ੇਸ਼ਤਾਵਾਂ) ਨੂੰ ਵੇਖਿਆ।

ਤਦ ਸਜੇ ਹਾਥੀ ਨੂੰ ਖੜਾ ਕਰਕੇ, ਰਾਜਾ ਹਾਥੀ ਤੋਂ ਉਤਰਿਆ। ਹਾਥੀ ਤੋਂ ਉਤਰ ਕੇ ਪੰਜ ਰਾਜ ਚਿੰਨ ਦੂਰ ਕੀਤੇ (ਖੜਗ, ਛੱਤਰ, ਮੁਕਟ, ਜੁਤਾ ਅਤੇ ਚਾਮਰ)।

ਫਿਰ ਜਿਥੇ ਸ੍ਰਮਣ ਭਗਵਾਨ ਮਹਾਂਵੀਰ ਸਨ ਉਥੇ ਆਏ ਪੰਜ ਧਰਮ ਸਭਾ ਦੇ ਨਿਯਮ ਦਾ ਪਾਲਣ ਕਰਦੇ ਉਹ ਅੱਗੇ ਵਧਿਆ। ਭਗਵਾਨ ਮਹਾਂਵੀਰ ਸਾਹਮਣੇ ਆਇਆ (1) ਜੀਵਾਂ ਵਾਲੇ ਦਰਵ ਛਡ ਦਿਤੇ (2) ਅਜੀਵ ਦਰਵ ਠੀਕ ਕੀਤੇ (3) ਇਕ ਬਿਨਾ ਸੀਤਾ ਕਪੜਾ ਪਹਿਨਿਆ (4) ਧਰਮ ਨੇਤਾ ਵੇਖਣ ਸਾਰ ਹਥ ਜੋੜਿਆ (5) ਮਨ ਇਕ ਚਿੱਤ ਕੀਤਾ।

ਫਿਰ ਸ੍ਰਮਣ ਮਹਾਵੀਰ ਦੀ ਤਿੰਨ ਵਾਰ ਪ੍ਰਦਾਖਿਨਾ ਕਰਕੇ ਬੰਦਨ, ਨਮਸਕਾਰ ਕੀਤਾ। ਬੰਦਨਾਂ ਨਮਸਕਾਰ ਕਰਨ ਤੋਂ ਬਾਅਦ, ਤਿੰਨ ਪ੍ਰਕਾਰ ਦੀ ਭਗਤੀ ਕੀਤੀ ਜਿਵੇਂ ਸ਼ਰੀਰ, ਬਚਨ ਅਤੇ ਮਨ ਰਾਹੀਂ।

ਸਰੀਰ ਹਥ ਪੈਰ ਇਕਠੇ ਕਰਕੇ ਭਾਸ਼ਨ ਸੁਣਿਆ; ਭਗਵਾਨ ਵਲ ਮੂੰਹ ਕਰਕੇ ਬਿਨੇ ਨਾਲ ਹਥ ਜੋੜੇ ਅਤੇ ਭਗਤੀ ਕੀਤੀ।

ਜਦ ਆਨੰਦ ਨੂੰ ਸ਼ਹਿਰ ਦੇ ਲੋਕਾਂ ਤੋਂ ਪਤਾ ਲਗਾ ਕਿ ਸ੍ਰਮਣ ਭਗਵਾਨ ਮਹਾਂਵੀਰ ਸ਼ਹਿਰ ਦੇ ਬਾਹਰ ਪਧਾਰ ਚੁਕੇ ਸਨ। ਤਾਂ ਉਸਨੇ ਸੋਚਿਆ ਮੈਨੂੰ ਵੀ ਭਗਵਾਨ ਮਹਾਂਵੀਰ ਦੇ ਦਰਸ਼ਨ ਕਰਨ ਲਈ ਜਾਣਾ ਚਾਹੀਦਾ ਹੈ। ਵਿਧੀ ਅਨੁਸਾਰ ਨਮਸਕਾਰ ਕਰਨਾ ਚਾਹੀਦਾ ਹੈ ਇਸ ਨਾਲ ਮਹਾਨ ਫਲ (ਪੁੰਨ) ਦੀ ਪ੍ਰਾਪਤੀ ਹੋਵੇਗੀ। ਇਹ ਸੋਚਕੇ ਉਸਨੇ ਇਸ਼ਨਾਨ ਕੀਤਾ ਸ਼ੁਧ ਅਤੇ ਸਭਾ ਵਿਚ ਆਦਜਯੋਗ ਮੰਗਲ (ਸੁਖਕਾਰੀ) ਕਪੜੇ ਧਾਰਨ ਕੀਤੇ। ਗਿਣਤੀ ਵਿਚ ਥੋੜੇ ਬਹੁਮੁੱਲੇ ਗਹਿਣਿਆਂ ਨਾਲ ਸਰੀਰ ਨੂੰ ਸਜਾਇਆ ਕੋਰੰਟ ਫੁੱਲਾਂ ਦੇ ਹਾਰ ਨਾਲ ਸਜਿਆ ਛਤਰ ਧਾਰਨ ਕੀਤਾ। ਇਸ ਪ੍ਰਕਾਰ ਬਹੁਤ ਸਾਰੇ ਲੋਕਾਂ ਨਾਲ ਘਿਰਿਆ ਉਹ ਪੈਦਲ ਹੀ ਸ਼ਹਿਰ ਦੇ ਵਿਚਕਾਰ ਹੁੰਦਾ ਹਇਆ ਦੂਤਪਲਾਸ਼ ਜੇਤਯ ਨਾਓਂ ਦੇ ਬਾਗ ਵਿਚ ਪਹੁੰਚਿਆ। ਜਿਥੇ ਭਗਵਾਨ ਮਹਾਂਵੀਰ ਵਿਰਾਜਮਾਨ ਸਨ। ਉਥੇ ਜਾਕੇ ਭਗਵਾਨ ਮਹਾਵੀਰ ਨੂੰ ਤਿੰਨ ਵਾਰ ਪ੍ਰਦਿਖਿਨਾ ਕੀਤਾ, ਬੰਦਨਾ ਨਮਸਕਾਰ ਕੀਤਾ, ਵਿਧੀ ਅਨੁਸਾਰ ਭਗਤੀ ਕੀਤੀ।(10)॥

---

ਬਚਨ ਰਾਂਹੀ "ਜੋ ਜੋ ਭਗਵਾਨ ਆਖਦੇ ਹੋ ਉਸਨੂੰ ਅਜਿਹਾ ਹੀ ਹੈ ਭਗਵਾਨ। ਇਹੋ ਸਚਾਈ ਹੈ ਪ੍ਰਭੂ। ਇਹੋ ਸਚ ਹੈ ਭਗਵਾਨ। ਬਿਨਾਂ ਸ਼ੱਕ ਇਹੋ ਹੈ, ਇਹੋ ਬੇਹਤਰ ਹੈ ਭਗਵਾਨ। ਇਹ ਮਨਜ਼ੂਰ ਹੈ ਭਗਵਾਨ। ਇਹੋ ਫਲ ਦੇਣ ਵਾਲਾ ਹੈ ਭਗਵਾਨ! ਜਿਹਾ ਆਪਣੇ ਫਰਮਾਇਆ ਹੈ ਸਭ ਸਹੀ ਹੈ" ਇਸ ਪ੍ਰਕਾਰ ਵਿਰੋਧ ਤਿਆਗ ਕੇ ਭਗਤੀ ਕਰਨਾ ਬਚਨ ਭਗਤੀ ਹੈ। ਮਨ ਰਾਂਹੀ ਉਤਸ਼ਾਹ ਉਤਪੰਨ ਕਰਕੇ ਧਰਮ ਦੇ ਪ੍ਰਤਿ ਪਿਆਰ ਅਤੇ ਧਰਮ ਨੂੰ ਅਪਨਾਉਣ ਵਿਚ ਤੇਜੀ ਵਿਖਾਉਣ ਮਨ ਦੀ ਭਗਤੀ ਹੈ।

ਪਾਠ 10 ਦੀ ਟਿੱਪਣੀ—

1. ਵਿਧੀਪੂਰਕ ਭਗਤੀ ਦਾ ਪਾਠ ਇਸ ਪ੍ਰਕਾਰ ਹੈ।

ਹੇ ਭਗਵਾਨ ਮਹਾਵੀਰ ਮੈਂ ਆਪ ਨੂੰ ਬੰਦਨਾ ਕਰਦਾ ਹਾਂ, ਨਮਸਕਾਰ ਕਰਦਾ ਹਾਂ, ਸਤਿਕਾਰ ਕਰਦਾ ਹਾਂ, ਸਨਮਾਨ ਕਰਦਾ ਹਾਂ, ਕਿਉਂਕਿ ਆਪ ਕਲਿਆਨ ਕਰਨ ਵਾਲੇ ਹੋ ਆਪ ਦੁੱਖਾਂ ਨੂੰ ਦੂਰ ਕਰਕੇ ਮੰਗਲ (ਖੁਸ਼ੀਆਂ) ਦੇਣ ਵਾਲੇ ਹੋ, ਆਪ ਦੇਵਤਾ ਰੂਪ ਹੋ, ਆਪ ਗਿਆਨਵਾਨ ਹੋ, ਇਸ ਲਈ ਮੈਂ ਆਪ ਦੀ ਉਪਾਸਨਾ ਕਰਦਾ ਹਾਂ, ਮਸਤੱਕ ਝੁਕਾ ਕੇ ਬੰਦਨਾਂ ਕਰਦਾ ਹਾਂ (ਇਸ ਪ੍ਰਕਾਰ ਤਿੰਨ ਵਾਰ ਕਿਹਾ ਜਾਂਦਾ ਹੈ)।

ਇਨਾਂ ਸ਼ਬਦਾਂ ਦੀ ਵਿਆਖਿਆਂ ਸ਼੍ਰੀ ਰਾਜਪ੍ਰਸੇਨੀਆਂ ਸੂਤਰ ਦੀ ਟੀਕਾ ਵਿਚ ਆਚਾਰੀਆਂ ਮਲਯਗਿਰੀ ਨੇ ਇਸ ਪ੍ਰਕਾਰ ਕੀਤੀ ਹੈ—

**कल्लाणं मंगलं देवइं चेइयं पज्जुवासामि कल्याणं-कल्याणकारित्वात् मंगलं-दरितोपशमकारित्वात् देवतां-देवं त्रैलोक्याधिपतित्वात् चैत्यं-सुप्रशस्तमनोहेतुत्वात् पर्युपासितुम्-सेवितुम् ।**

ਫੇਰ ਸ਼੍ਰਮਨ ਭਗਵਾਨ ਮਹਾਂਵੀਰ ਨੇ ਗਾਥਾਪਤੀ ਅਤੇ ਉਥੇ ਬੈਠੀ ਵਿਸ਼ਾਲ ਪਰਿਸ਼ਧ ਨੂੰ ਧਰਮ ਉਪਦੇਸ਼ ਦਿਤਾ। ਧਰਮ ਉਪਦੇਸ਼ ਸੁਣ ਕੇ ਪਰਿਸ਼ਧ ਚਲੀ ਗਈ ਅਤੇ ਰਾਜਾ ਵੀ ਚਲਾ ਗਿਆ(11)।

ਭਗਵਾਨ ਮਹਾਵੀਰ ਦਾ ਉਪਰੋਕਤ ਉਪਦੇਸ਼ ਸੁਣ ਕੇ ਆਨੰਦ ਗਾਥਾਪਤੀ ਬਹੁਤ ਖੁਸ਼ ਹੋਇਆ, ਖੁਸ਼ ਹੋਕੇ ਇਸ ਪ੍ਰਕਾਰ ਆਖਣ ਲਗਾ "ਹੇ ਭਗਵਾਨ ! ਮੈਂ ਨਿਰਗਰੰਥ ਪ੍ਰਵਚਨ (ਜੈਨ ਧਰਮਦੇ ਉਪਦੇਸ਼) ਤੇ ਸ਼ਰਧਾ ਕਰਦਾ ਹਾਂ, ਵਿਸ਼ਵਾਸ ਕਰਦਾ ਹਾਂ, ਇਹ ਮੈਨੂੰ ਚੰਗਾ ਲਗਦਾ ਹੈ ਭਗਵਾਨ ਆਪ ਨੇ ਜੋ ਫ਼ਰਮਾਇਆ ਹੈ, ਇਹ ਸੱਚ ਹੈ, ਇਸ ਪ੍ਰਕਾਰ ਹੈ, ਤੱਥ ਹੈ, ਮੇਰੀ ਇੱਛਾ ਅਨੁਸਾਰ ਠੀਕ ਹੈ।"

"ਹੇ ਦੇਵਾਨੁਪ੍ਰਿਯ ! (ਦੇਵਤਿਆਂ ਦੇ ਪਿਆਰੇ) ਜਿਵੇਂ ਤੁਹਾਡੇ ਪਾਸ ਰਾਜਾ, ਈਸ਼ਵਰ (ਯੁਵਰਾਜ) ਤਲਵਰ (ਰਾਜੇ ਦੇ ਅੰਗ ਰੱਖਿਅਕ), ਮਾਂਡਵੀਕ ਕੋਟਵੰਕਿ, (ਪਰਿਵਾਰ ਦਾ ਮੁਖੀਆ) ਸੇਠ, ਸੈਨਾਪਤੀ, ਸਾਰਥ ਵਾਹ, ਸਿਰ ਮੁਨਾ ਕੇ, ਘਰ ਛੱਡ ਕੇ ਭਿਕਸ਼ੂ ਬਣ ਗਏ ਹਨ, ਪਰ ਮੈਂ ਇਸ ਪ੍ਰਕਾਰ ਸਿਰ ਮੁਨਾ ਕੇ ਸਾਧੂ ਬਨਣ ਤੋਂ ਅਸਮਰਥ ਹਾਂ।

ਇਸ ਲਈ ਹੇ ਦੇਵਾਨੁਪ੍ਰਿਯ ! ਆਪ ਮੈਨੂੰ ਪੰਜ ਅਣੂਵਰਤ ਅਤੇ ਸੱਤ ਸਿਖਿਆ ਵਰਤ ਰੂਪੀ ਗ੍ਰਹਿਸਥ ਧਰਮ ਧਾਰਨ ਕਰਨ ਦੀ ਆਗਿਆ ਫਰਮਾਓ।" ਆਨੰਦ ਦੇ ਇਸ ਪ੍ਰਕਾਰ ਆਖਣ ਤੇ ਭਗਵਾਨ ਨੇ ਫੁਰਮਾਇਆ "ਜਿਵੇਂ ਤੇਰੀ ਆਤਮਾ ਨੂੰ ਸੁਖ ਹੋਵੇ ਉਸੇ

---

ਧਰਮ ਕਥਾ ਦਾ ਵਰਣਨ ਸ੍ਰੀ ਉਵਵਾਈ ਸੂਤਰ ਵਿਚ ਸੰਖੇਪ ਰੂਪ ਵਿਚ ਇਸ ਪ੍ਰਕਾਰ ਮਿਲਦਾ ਹੈ।

"ਲੋਕ-ਅਲੋਕ" ਜੀਵ, ਅਜੀਵ, ਬੰਧ, ਮੋਕਸ਼, ਪੁੰਨ, ਪਾਪ, ਆਸ਼ਰਵ, ਸੰਵਰ, ਵੇਦਨਾ, ਨਿਰਜਰਾ, ਅਰਿਹੰਤ, ਚਕਰਵਰਤੀ, ਬਲਦੇਵ, ਵਾਸਦੇਵ, ਨਰਕ ਨਾਰਕਾ, ਪਸ਼ੂ ਯੋਨੀ ਦੇ ਰਹਿਣ ਵਾਲੇ, ਮਾਤਾ, ਪਿਤਾ, ਰਿਸ਼ੀ, ਦੇਵ, ਦੇਵਲੋਕ, ਸਿਧੀ, ਸਿਧ ਪਰਿਨਿਰਵਾਨ, ਵਰਤੀ ਵਾਰੇ ਵਿਸਥਾਰ ਨਾਲ ਦਸਿਆ।

12 ਵਰਤ ਦਾ ਨੀ ਇਸ ਪ੍ਰਕਾਰ ਹਮ —

1. ਪੰਜ ਅਣੂਵਰਤ ਇਸ ਪ੍ਰਕਾਰ ਹਨ—

(1) ਸਥੂਲ ਪ੍ਰਾਣਤੀਪਾਤ ਦਾ ਤਿਆਗ (ਅਹਿੰਸਾ)

(2) ਸਥੂਲ ਮਰਿਸ਼ਾਵਾਦ ਦਾ ਤਿਆਗ (ਸੱਚ)

(3) ਸਥੂਲ ਅੱਦਤਾਦਾਨ ਦਾ ਤਿਆਗ (ਚੋਰੀ ਦਾ ਤਿਆਗ)

(4) ਸਵਦਾਰ ਸੰਤੋਸ਼ ਵਰਤ (ਪਰ ਈ ਔਰਤ ਦਾ ਤਿਆਗ)

(5) ਇੱਛਾਵਿਧੀ ਪਰਿਮਾਣ ਵਰਤ (ਇੱਛਾਵਾਂ ਦੀ ਹੱਦ ਨਿਸ਼ਚਿੱਤ ਕਰਨਾ)

ਪ੍ਰਕਾਰ ਕਰੋ, ਪਰ ਆਲਸ ਨਾ ਕਰੋ ।" ।12।

ਉਸ ਤੋਂ ਬਾਅਦ ਆਨੰਦ ਗਾਥਾਪਤੀ ਨੇ ਸ਼੍ਰਮਣ ਭਗਵਾਨ ਮਹਾਂਵੀਰ ਦੇ ਨਜ਼ਦੀਕ ਆ ਕੇ ਸਭ ਵਰਤਾਂ ਵਿਚੋਂ ਸ਼ਰੇਸ਼ਟ ਪਹਿਲਾ ਵਰਤ ਸਥੂਲ ਪ੍ਰਾਣਤੀਪਾਤ (ਮੋਟੀ ਹਿੰਸਾ ਦਾ ਤਿਆਗ) ਦਾ ਦੋ ਕਰਨ,ਤਿੰਨ ਯੋਗ ਰਾਹੀਂ ਤਿਆਗ ਕੀਤਾ,ਪ੍ਰਤਿਗਿਆ ਕੀਤੀ ਮੈਂ ਸਾਰਾ ਜੀਵਨ ਮਨ, ਬਚਨ ਤੇ ਸਰੀਰ ਰਾਹੀਂ ਸਥੂਲ ਪ੍ਰਾਣੀਪਤਿਪਾਤ ਨਾ ਹੀ ਆਪ ਕਰਾਂਗਾ ਨਾ ਦੂਸਰੇ ਤੋਂ ਕਰਵਾਵਾਂਗਾ ।13।

ਉਸਤੋਂ ਬਾਅਦ ਆਨੰਦ ਨੇ ਸਥੂਲ ਮਰਿਸ਼ਾਵਾਦ ਮੋਟਾ ਝੂਠ) ਦਾ ਸਾਰੇ ਜੀਵਨ ਲਈ ਦੋ ਕਰਨ ਤੇ ਤਿੰਨ ਯੋਗ ਰਾਹੀਂ ਤਿਆਗ ਕੀਤਾ ਅਤੇ ਪ੍ਰਤਿਗਿਆ ਲਈ ਕਿ ਮੈਂ ਮਨ

---

(6) ਦਿਸ਼ਾ ਪਰਿਮਾਨ ਵਰਤ (ਖੇਤ, ਵਿਉਪਾਰ ਦੇ ਖੇਤਰ ਦੀ ਹੱਦ)

(7) ਉਪਭੋਗ ਪਰਿਭੋਗ ਪ੍ਰਿਮਾਨ ਵਰਤ (ਨਿਤ ਵਰਤੋਂ ਦੀ ਚੀਜਾਂ ਦੀ ਹੱਦ ਨਿਸ਼ਚਿਤ ਕਰਨਾ)।

(8) ਅਨੰਰਥ ਦੰਡ ਵਿਰਮਨ ਵਰਤ (ਪਾਪਕਾਰੀ ਉਦਪੇਸ਼ ਦਾ ਤਿਆਗ ਅਤੇ ਪਾਪਾਂ ਵਿਚ ਸਹਾਇਤਾ ਦੇਣ ਵਾਲੇ ਕੰਮਾਂ ਦਾ ਤਿਆਗ)

(9) ਸਮਾਇਕ ਵਰਤ (ਢਾਈ ਘੜੀ ਲਈ ਸਮਾਧੀ ਲਾਉਨਾ)

(10) ਦੇਸ਼ ਅਵਕਾਸ਼ਿਕ ਵਰਤ (ਸਫ਼ਰ ਦੀ ਸੀਮਾ ਨਿਸ਼ਚਿਤ ਕਰਨਾ)।

(11) ਪੋਸ਼ਧ ਵਰਤ।

(12) ਯਥਾ ਸੰਭਿਆਗ ਵਰਤ (ਭੋਜਨ ਦੀ ਠੀਕ ਤੇ ਨਿਆਂ ਪੂਰਵਕ ਵੰਡ)।

2. ਕਿਸੇ ਚੀਜ ਦਾ ਤਿਆਗ ਜੈਨ ਦਰਸ਼ਨ ਅਨੁਸਾਰ ਤਿੰਨ ਪ੍ਰਕਾਰ ਨਾਲ ਕੀਤਾ ਜਾਂਦਾ ਹੈ।

(1) ਆਪ ਨਾ ਕਰਨਾ। (2) ਦੂਸਰੇ ਤੋਂ ਨਾ ਕਰਵਾਉਣਾ। (3) ਉਸ ਕੰਮ ਕਰਦੇ ਨੂੰ ਚੰਗਾ ਨਾ ਸਮਝਣਾ ਜਾਂ ਹਿਮਾਇਤ ਨਾ ਕਰਨਾ, ਇੰਨਾਂ ਨੂੰ ਤਿੰਨ '**ਕਰਨ**' ਆਖਦੇ ਹਨ। ਉਪਾਸ਼ਕ ਪਹਲੇ ਦੋ ਕਰਨਾ ਰਾਹੀਂ ਤਿਆਗ ਕਰਦਾ ਹੈ (ਮੁਨੀ ਤਿੰਨ ਕਰਨ ਤੋਂ ਤਿਆਗ ਕਰਦਾ ਹੈ ਇਹ ਤਿੰਨ ਯੋਗ ਹਨ (1) ਮਨ (2) ਬਚਨ (3) ਸ਼ਰੀਰ। ਇਹ ਕੰਮ ਕੋਈ ਕੰਮ ਕਰਨ ਨੂੰ ਪੂਰਾ ਕਰਨ ਦੇ ਇਹ ਤਿੰਨ ਸਾਧਨ ਹਨ।

(1) ਉਹ ਔਰਤ ਜਿਸ ਨਾਲ ਉਪਾਸ਼ਕ ਦੀ ਵਿਧੀ ਪੂਰਵਕ ਸ਼ਾਦੀ ਨਾ ਹੋਈ ਹੋਵੇ, ਉਹ ਔਰਤ ਮਾਂ ਭੈਣ ਅਤੇ ਧੀ ਸਮਾਨ ਹਨ। ਸਵਦਾਰ ਸੰਤੋਸ਼ ਤੋਂ ਭਾਵ ਭੋਗ ਸੰਬੰਧੀ ਆਪਣੀ ਇਸਤਰੀ ਨਾਲ ਹੈ।

ਬਚਨ ਅਤੇ ਸਰੀਰ ਰਾਹੀਂ ਨਾ ਤਾਂ ਸਥੂਲ ਮਰਿਸ਼ਾਵਾਦ ਦੀ ਵਰਤੋਂ ਆਪ ਕਰਾਂਗਾ ਅਤੇ ਨਾਂ ਹੀ ਦੂਸਰੇ ਤੋਂ ਕਰਵਾਵਾਂਗਾ ।14।

ਇਸ ਤੋਂ ਬਾਅਦ ਆਨੰਦ ਨੇ ਸਥੂਲ ਅੱਦਤਾਦਾਨ (ਮੋਟੀ ਚੋਰੀ) ਦਾ ਸਾਰੇ ਜੀਵਨ ਲਈ ਦੋ ਕਰਨ ਤਿੰਨ ਯੋਗ ਤੋਂ ਤਿਆਗ ਕੀਤਾ ਅਤੇ ਪ੍ਰਤਿਗਿਆ ਲਈ ਕਿ ਮੈਂ ਮਨ ਬਚਨ ਅਤੇ ਸਰੀਰ ਰਾਹੀਂ ਨਾ ਆਪ ਸਥੂਲ ਅਦੱਤਾਦਾਨ ਦਾ ਪਾਲਣ ਕਰਾਂਗਾ ਅਤੇ ਨਾ ਹੀ ਦੂਸਰੇ ਤੋਂ ਕਰਵਾਵਾਂਗਾ ।15।

ਉਸਤੋਂ ਬਾਅਦ ਆਨੰਦ ਗਾਥਾਪਤੀ ਨੇ ਸਵਦਾਰ ਸੰਤੋਸ਼ ਸੰਬੰਧੀ ਵਰਤ ਗ੍ਰਹਿਣ ਕੀਤਾ ਅਤੇ ਪ੍ਰਤਿਗਿਆ ਲਈ ਕਿ ਮੈਂ ਆਪਣੀ ਸਿਵਾਨੰਦਾ ਇਸਤਰੀ ਤੋਂ ਛੁਟ ਹੋਰ ਔਰਤਾਂ ਨਾਲ ਭੋਗ ਦਾ ਤਿਆਗ ਕਰਦਾ ਹਾਂ ।16।

ਇਸਤੋਂ ਬਾਅਦ ਇੱਛਾਵਿਧੀ ਪਰਿਮਾਨ ਵਰਤ ਦੀ ਹੱਦ ਨਿਸ਼ਚਿਤ ਕਰਦੇ ਹੋਏ ਆਨੰਦ ਨੇ ਹੀਰੇ, ਸੋਨੇ ਦੀ ਹੱਦ ਨਿਸ਼ਚਿਤ ਕੀਤੀ ਅਤੇ ਪ੍ਰਤਿਗਿਆ ਲਈ ਕਿ ਮੈਂ ਖਜ਼ਾਨੇ ਵਿਚ ਪਏ 4 ਕਰੋੜ ਹੀਰੇ, ਵਿਉਪਾਰ ਵਿਚ ਲਗੇ 4 ਕਰੋੜ ਹੀਰੇ ਅਤੇ ਘਰ ਦੇ ਸਮਾਨ ਦੇ ਰੂਪ ਵਿਚ 4 ਕਰੋੜ ਹੀਰੇ ਤੋਂ ਛੁਟ ਹੀਰੇ ਤੇ ਸੋਨੇ ਦੀ ਮੋਹਰਾਂ ਦੇ ਇੱਕਠ ਦਾ ਤਿਆਗ ਕਰਦਾ ਹਾਂ ।17।

ਇਸਤੋਂ ਬਾਅਦ ਪਸ਼ੂਆਂ ਸੰਬੰਧੀ ਹੱਦ ਨਿਸ਼ਚਿਤ ਕੀਤੀ । 10-10 ਹਜਾਰ ਵਾਲੇ ਚਾਰ ਗਊਆਂ ਦੇ ਗੋਕਲ ਤੋਂ ਛੁਟ ਪਸ਼ੂ ਸੰਗ੍ਰਿਹ ਦਾ ਤਿਆਗ ਕੀਤਾ ।18।

ਉਸਤੋਂ ਬਾਅਦ ਖੇਤੀ ਸੰਬੰਧੀ ਜਮੀਨ ਦਾ ਤਿਆਗ ਕੀਤਾ, 500 ਹੱਲਾਂ ਦੇ ਵਾਹੁਣ

---

ਪਾਠ 19 ਦੀ ਟਿਪਣੀ—

1. ਖੇਤੱਾਂ ਵਤ੍ਥੁ (ਤੋਂ ਭਾਵ ਹੈ) ।

ਖੇਤ ਤੋਂ ਭਾਵ ਖੇਤੀ ਯੋਗ ਭੂਮੀ ਅਤੇ ਵਥੂੰ ਤੋਂ ਭਾਵ ਵਸਤੂ, ਵਸਤੂ ਵਿਚ ਕਪੜੇ ਭਾਂਡੇ, ਘਰੇਲੂ ਸਮਾਨ, ਘਰ ਆਦਿ ਤੋਂ ਹੈ, ਅਚਾਰੀਆ ਅਭੇ ਦੇਵ ਸੂਰੀ ਅਨੁਸਾਰ ਖੇਤ ਨੂੰ ਹੀ ਵੁਸਤੂ ਆਖਿਆ ਗਿਆ ਹੈ ।

खेत्तवत्थु त्ति, इह क्षेत्रमेव वस्तु ग्रन्थान्तरे तु क्षेत्रं च वास्तु च गृहं क्षेत्रवास्तु इति व्याख्यायते ।

(ii) नियत्तण सइएणं त्ति निर्वतनम्भूमि परिमाण विशेषो देश प्रसिद्धः ततो निर्वतन शतं कर्षणीयत्वेन यस्योस्तितन्निवर्तनशतिकं तेन ।

ਯੋਗ ਭੂਮੀ ਤੋਂ ਛੁਟ ਬਾਕੀ ਭੂਮੀ ਦਾ ਤਿਆਗ ਕਰ ਦਿਤਾ ।19।

ਉਸਤੋਂ ਬਾਅਦ ਬੈਲ ਗੱਡੀਆਂ ਦੀ ਹੱਦ ਨਿਸ਼ਚਿਤ ਕੀਤੀ । 5 ਸੌ ਗੱਡੇ ਯਾਤਰਾ ਲਈ ਅਤੇ 500 ਭਾਰ ਢੋਣ ਲਈ ਰਖਕੇ ਬਾਕੀ ਗੱਡੇ ਰਖਣ ਦਾ ਤਿਆਗ ਕਰ ਦਿੱਤਾ ।20।

ਉਸਤੋਂ ਬਾਅਦ ਕਿਸ਼ਤਿਆਂ ਦੀ ਹੱਦ ਨਿਸਚਿਤ ਕੀਤੀ ਚਾਰ ਮਾਲ ਢੋਣ ਲਈ, ਚਾਰ ਯਾਤਰਾ ਲਈ ਰਖਕੇ ਬਾਕੀ ਰਖਣ ਦਾ ਤਿਆਗ ਕਰ ਦਿਤਾ ।21।

ਇਸਤੋਂ ਬਾਅਦ ਆਨੰਦ ਨੇ ਨਿਤ ਵਰਤੋਂ ਦੀਆਂ ਚੀਜਾਂ ਦੀ ਹੱਦ ਨਿਸ਼ਚਿਤ ਕੀਤੀ । ਸਭ ਤੋਂ ਪਹਿਲਾਂ ਉਦਦਰਵਣਿਕਾ ਵਿਧੀ (ਭਾਵ ਇਸ਼ਨਾਨ ਤੋਂ ਬਾਅਦ ਗਿੱਲਾ ਸ਼ਰੀਰ ਸੁਕਾਉਣ ਵਾਲਾ ਤੋਲਿਆ) ਦੀ ਹੱਦ ਨਿਸਚਿਤ ਕੀਤੀ । ਗੰਧਕਸ਼ਾਏ ਨਾਓਂ ਦੇ ਕਪੜੇ ਤੋਂ ਛੁਟ ਤਰਾਂ ਦੇ ਤੋਲੀਏ ਦਾ ਤਿਆਗ ਕਰ ਦਿਤਾ ।22।

ਇਸਤੋਂ ਬਾਅਦ ਆਨੰਦ ਨੇ ਦੰਦ ਧੋਵਨ ਵਿਧੀ (ਦਾਤੁਨ, ਮੰਜਨ) ਦੀ ਹੱਦ ਨਿਸ਼ਚਿਤ ਕੀਤੀ । ਹਰੀ ਮੁਲੱਹਟੀ ਦੀ ਦਾਤਨ ਤੋਂ ਛੁਟ ਹਰ ਕਿਸਮ ਦੀ ਦਾਤੂਨ ਦਾ ਤਿਆਗ ਕਰ ਦਿਤਾ ।23।

ਇਸਤੋਂ ਬਾਅਦ ਫੱਲ ਵਿਧੀ ਦੀ ਹੱਦ ਨਿਸ਼ਚਿਤ ਕੀਤੀ । ਖੀਰਾਮਲਕ ਤੋਂ ਛੁਟ ਫੱਲਾਂ ਦਾ ਤਿਆਗ ਕਰ ਦਿਤਾ ।24।

ਇਸ ਤੋਂ ਬਾਅਦ ਅਭਰਨਵਿਧੀ (ਮਾਲਸ਼) ਦੀਆਂ ਚੀਜਾਂ ਦੀ ਹੱਦ ਨਿਸ਼ਚਿਤ ਕੀਤੀ । ਸ਼ਤਪਾਕ ਅਤੇ ਸ਼ਹਸਤਰਪਾਕ ਨਾਓਂ ਦੇ ਤੇਲਾਂ ਨੂੰ ਛਡਕੇ ਸਭ ਮਾਲਿਸ਼

---

1. ਇਕ ਹੱਲ 100 ਨਿਵਰਤਨਾ ਦਾ ਹੁੰਦਾ ਹੈ ਨਿਵਰਤਨ ਤੋਂ ਭਾਵ ਬਲਦਾਂ ਮੁੜਨਾ ਜਾਂ ਘੁਮਾ ਹੈ । ਇਕ ਹੱਲ 100 ਬਿਘੇ ਦੇ ਬਰਾਬਰ ਸਮਝਣਾ ਚਾਹੀਦਾ ਹੈ ।

2. ਛੇਵਾਂ ਵਰਤ ਦਿਸ਼ਾ ਪਰਿਮਾਨ ਹੈ ਜਿਸ ਅਨੁਸਾਰ ਉਪਾਸ਼ਕ ਆਪਣੇ ਵਿਊਪਾਰ ਖੇਤੀ ਆਦਿ ਧੰਦੇ ਲਈ ਸਫ਼ਰ ਦੀ ਹੱਦ ਨਿਸ਼ਚਿਤ ਕਰਦਾ ਹੈ ।

ਪਾਠ ਨੰ: 24 ਦੀ ਟਿਪਣੀ ।

(1) ਖੀਰਾਮਲਕ ਦਾ ਅਰਥ ਹੈ ਦੁੱਧੀਆ ਆਉਲਾ, ਜਿਸ ਵਿਚ ਗੁਠਲੀ ਨਾਂ ਪਈ ਹੋਵੇ ਇਸ ਦਾ ਪਾਣੀ ਅੱਖਾਂ ਤੇ ਸਿਰ ਧੋਣ ਲਈ ਵਰਤਿਆ ਜਾਂਦਾ ਹੈ ।

(2) ਜੋ ਵਸਤਾਂ ਇਕ ਵਾਰ ਕੰਮ ਆਉਂਦੀਆਂ ਹਨ ਉਹ ਉਪਯੋਗ ਅਖਵਾਉਦੀਆਂ ਹਨ

ਯੋਗ ਤੇਲਾਂ ਦਾ ਤਿਆਗ ਕਰ ਦਿਤਾ ।25।

ਇਸਤੋਂ ਬਾਅਦ ਵਟਨੇ ਯੋਗ ਚੀਜਾਂ ਦੀ ਹੱਦ ਨਿਸ਼ਚਿਤ ਕੀਤੀ ਕਣਕ ਦੇ ਆਟੇ ਤੋਂ ਬਣੇ ਸੁਗੰਧਿਤ ਵਟਣੇ ਤੋਂ ਛੁਟ ਹਰ ਪ੍ਰਕਾਰ ਦੇ ਵਟਣੇ ਦਾ ਤਿਆਗ ਕਰਦਾ ਹਾਂ ।26।

ਇਸਤੋਂ ਬਾਅਦ ਇਸ਼ਨਾਨ ਯੋਗ ਪਾਣੀ ਦੀ ਹੱਦ ਨਿਸਚਿਤ ਕੀਤੀ ਅੱਠ ਉੱਠ ਦੇ ਮੂੰਹ ਵਰਗੇ ਵਰਤਨਾਂ ਤੋਂ ਛੁਟ ਬਾਕੀ ਪਾਣੀਆਂ ਦਾ ਤਿਆਗ ਕਰਦਾ ਹਾਂ ।27।

---

ਜਿਵੇਂ ਭੋਜਨ, ਪਾਣੀ, ਮਾਲਿਸ਼।

(2) ਜੋ ਵਸਤਾਂ ਵਾਰ ਵਾਰ ਕੰਮ ਆਉਂਦੀਆਂ ਹਨ ਉਹ ਪਰਿਭੋਗ ਹਨ ਜਿਵੇਂ ਕਪੜੇ ਭਾਂਡੇ, ਮੰਜਾ ਆਦਿ। ਅਚਾਰੀਆ ਅਭੈ ਦੇਵ ਸੂਰੀ ਨੇ ਉਪਭੋਗ ਪਰਿਭੋਗ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਹੈ। उवभोग परिभोग त्ति, उपभुज्यते पौनः पुन्येन सेव्यत इत्युपभोगो भवनवसननितादिः। परिभुज्यत इति परिभोगः आहारकुसुमविलेपनादिः वा व्याख्येय व्यत्ययो इति।

ਪਾਠ ਨੰ 25 ਦੀ ਟਿਪਣੀ।

(2) ਸ਼ਤਪਾਦ ਤੇ ਸ਼ਹਸਤਰ ਪਾਕ ਤੇਲ ਦੀ ਵਿਧੀ ਵਿਰਤੀਕਾਰਨੇ ਇਸ ਪ੍ਰਕਾਰ ਆਖੀ ਹੈ ਜੋ ਤੇਲ ਸੌ ਵਸਤਾਂ ਨੂੰ ਲੈਕੇ 100 ਵਾਰ ਪਕਾਇਆ ਜਾਵੇ ਉਹ ਸ਼ਤਪਾਕ ਹੈ ਇਸ ਪ੍ਰਕਾਰ ਸ਼ਹਸਰਪਾਕ ਬਾਰੇ ਸਮਝਣਾ ਚਾਹੀਦਾ ਹੈ ਜਿਸ ਦਾ ਮੂਲ ਸੌ ਕਾਰਸ਼ਾਅਰਪਣ (ਸੋਨੇ ਦੀਆਂ ਮੋਹਰਾਂ ਹੈ।) द्रव्य शतस्य सतकं क्वाथशतेन सह् यत्पच्यते कार्षापण-शतेन वा तच्शतपाकम् एवं सहस्त्रपाकमपि।

(3) ਸੁਗੰਧਿਤ ਵਟਨਾ ਬਨਾਉਣ ਦਾ ਢੰਗ ਇਸ ਪ੍ਰਕਾਰ ਹੈ। ਨੀਲ ਕਮਲ, ਕੁਸ਼ਟ ਆਦਿ ਦਵਾਈਆਂ ਦੇ ਚੂਰਨ ਤੇ ਕਣਕ ਦਾ ਆਟਾ ਮਿਲਾਕੇ ਤਿਆਰ ਕੀਤਾ ਜਾਂਦਾ ਹੈ ਵਿਰਤੀ ਕਾਰ ਆਖਦੇ ਹਨ गंधट्टएणं त्ति गन्ध द्रव्याणामुत्पकुष्टादिनां अट्टओ त्ति चुर्णं गोधूम वा चूर्णे गन्धयुक्तं तस्माद्।

ਪਾਠ ਨੰ. 27 ਦੀ ਟਿਪਣੀ।

1. ਉੱਠ ਦੇ ਮੂੰਹ ਦੇ ਆਕਾਰ ਦਾ ਪਾਤਰ ਜਿਸਦਾ ਮੂੰਹ ਛੋਟਾ, ਗਰਦਨ ਲੰਬੀ ਹੇਠ ਦਾ ਹਿੱਸਾ ਵੱਡਾ ਹੁੰਦਾ ਹੈ।

ਇਸਤੋਂ ਬਾਅਦ ਇਸ਼ਨਾਨ ਯੋਗ ਪਾਣੀ ਦੀ ਹੱਦ ਨਿਸਚਿਤ ਕੀਤੀ। ਅੱਠ ਉਠ ਦੇ ਮੂੰਹ ਵਰਗੇ ਘੜੇ ਤੋਂ ਛੁਟ ਬਾਕੀ ਪਾਣੀਆਂ ਦਾ ਤਿਆਗ ਕਰਦਾ ਹਾਂ।28।

ਇਸਤੋਂ ਬਾਅਦ ਕਸ਼ੋਮ ਯੁਗਲ ਵਿਧੀ (ਪਹਿਨਣਯੋਗ ਸੂਤੀ ਕਪੜਿਆਂ) ਦੀ ਹੱਦ ਨਿਸ਼ਚਿਤ ਕੀਤੀ। ਅਲਸੀ (ਕਪਾਹ) ਦੇ ਬਣੇ ਕਪੜਿਆਂ ਤੋਂ ਛੁਟ ਹਰ ਤਰਾਂ ਦੇ ਕਪੜੇ ਦਾ ਤਿਆਗ ਕਰ ਦਿਤਾ।29।

ਇਸਤੋਂ ਬਾਅਦ ਵਿਲੇਪਨ ਵਿਧੀ (ਲੇਖ ਕਰਨ ਯੋਗ ਵਸਤਾਂ) ਦੀ ਹੱਦ ਨਿਸ਼ਚਿਤ ਕੀਤੀ। ਸਫੇਦ ਕਮਲ ਅਤੇ ਮਾਲਤੀ ਦੇ ਫੁੱਲਾਂ ਦੇ ਹਾਰਾਂ ਤੋਂ ਛੁਟ ਹਰ ਤਰਾਂ ਦੇ ਫੁਲਾਂ ਦਾ ਤਿਆਗ ਕਰ ਦਿਤਾ।30।

ਇਸਤੋਂ ਬਾਅਦ ਆਭਰਣ ਵਿਧੀ (ਨਿਤ ਵਰਤੋਂ ਦੇ ਗਹਿਣੇ) ਦੀ ਹੱਦ ਨਿਸ਼ਚਿਤ ਕਰ ਦਿਤੀ, ਸੋਨੇ ਦੇ ਕੁੰਡਲ ਅਤੇ ਆਪਣੇ ਨਾਉਂ ਵਾਲੀ ਅੰਗੂਠੀ (ਛਾਪ) ਤੋਂ ਛੁਟ ਹਰ ਪ੍ਰਕਾਰ ਦੇ ਗਹਿਣਿਆਂ ਦਾ ਤਿਆਗ ਕਰ ਦਿਤਾ।31।

ਇਸਤੋਂ ਬਾਅਦ ਭੋਜਨ ਵਿਧੀ (ਪੀਣ ਯੋਗ ਵਸਤਾਂ) ਦੀ ਹੱਦ ਨਿਸਚਿਤ ਕੀਤੀ ਮੂੰਗੀ ਜਾਂ ਚੌਲ ਦੇ ਬਣੇ ਪੀਣ ਯੋਗ ਪਦਾਰਥਾਂ ਤੋਂ ਛੁਟ ਹਰ ਪ੍ਰਕਾਰ ਦੇ ਪੀਣ ਯੋਗ ਪਦਾਰਥਾਂ ਦਾ ਤਿਆਗ ਕਰ ਦਿਤਾ।32।

ਇਸਤੋਂ ਬਾਅਦ ਧੂਪ ਵਿਧੀ ਦੀ ਹੱਦ ਨਿਸ਼ਚਿਤ ਕੀਤੀ। ਅਗਰ, ਲੋਵਾਨ; ਧੂਪ ਆਦਿ ਤੋਂ ਛੁਟ ਹਰ ਪ੍ਰਕਾਰ ਦੀ ਧੂਪ ਦਾ ਤਿਆਗ ਕੀਤਾ।33।

ਇਸਤੋਂ ਬਾਅਦ ਭੋਜਨ ਵਿਧੀ (ਪਕਵਾਨ) ਦੀ ਹੱਦ ਨਿਸ਼ਚਿਤ ਕੀਤੀ। ਘਿਉਰ ਅਤੇ ਖਾਜੇ ਤੋਂ ਛੁਟ ਹਰ ਤਰ੍ਹਾਂ ਦੇ ਪਕਵਾਨਾਂ ਦਾ ਤਿਆਗ ਕਰ ਦਿਤਾ।34।

ਇਸਤੋਂ ਬਾਅਦ ਔਦਨ ਵਿਧੀ (ਚੌਲਾਂ ਦੀਆਂ ਭਿੰਨ-ਭਿੰਨ ਕਿਸਮ) ਦੀ ਹੱਦ ਨਿਸ਼ਚਿਤ ਕੀਤੀ। ਕਲਮ ਕਿਸਮ ਦੇ ਚੌਲਾਂ ਤੋਂ ਛੁਟ ਹਰ ਕਿਸਮ ਦੇ ਚੌਲਾਂ ਦਾ ਤਿਆਗ ਕਰ ਦਿਤਾ।35।

---

ਪਾਠ ਨੰ: 28 ਦੀ ਟਿਪਣੀ।

2. ਕਸ਼ੋਮ ਯੁਗਲ ਤੋਂ ਭਾਵ ਕਪਾਹ ਦੇ ਬਣੇ ਕਪੜਿਆਂ ਦਾ ਜੋੜਾ ਹੈ। ਵਿਰਤੀਕਾਰ ਇਸ ਪ੍ਰਕਾਰ ਆਖਦਾ ਹੈ। खेमजुयतेण ति कार्पसिक वस्त्रयुगलादन्यत्र।

3. ਮ੍ਰਿਸਟ ਤੋਂ ਭਾਵ ਬਿਨਾਂ ਸਜਾਵਟ ਤੋਂ ਸ਼ੁੱਧ ਸੋਨੇ ਦਾ ਗਹਿਣਾ। ਵਿਰਤੀਕਾਰ ਇਸ ਪ੍ਰਕਾਰ ਆਖਦਾ ਹੈ। मष्टाभ्याम्—अचित्रवद्भ्यां कर्णा भरणविशेषाभ्यां

ਇਸਦੇ ਬਾਅਦ ਸੂਪ ਵਿਧੀ (ਦਾਲਾਂ) ਦੀ ਹੱਦ ਨਿਸ਼ਚਿਤ ਕੀਤੀ। ਮਟਰ, ਮੂੰਗੀ ਅਤੇ ਉੜਦ ਦੀ ਦਾਲ ਤੋਂ ਛੁਟ ਹਰ ਪ੍ਰਕਾਰ ਦੀ ਦਾਲਾਂ ਦਾ ਤਿਆਗ ਕਰ ਦਿੱਤਾ।36।

ਇਸਤੋਂ ਬਾਅਦ ਘ੍ਰਿਤਾਵਿਧੀ (ਘੀ) ਦੀ ਹੱਦ ਨਿਸ਼ਚਿਤ ਕੀਤੀ। ਦਾਨੇਦਾਰ ਗਾਂ ਦੇ ਘਿਓ ਤੋਂ ਛੁਟ ਹਰ ਪ੍ਰਕਾਰ ਦੇ ਘਿਓ ਦਾ ਤਿਆਗ ਕਰ ਦਿਤਾ।37।

ਇਸਤੋਂ ਬਾਅਦ ਸਾਕ ਵਿਧੀ (ਸਾਗ) ਦੀ ਹੱਦ ਨਿਸ਼ਚਿਤ ਕੀਤੀ। ਬਾਥੂ ਚੁਚੁ ਘਈਆ, ਸੋਵਸਤਿਕ ਅਤੇ ਮੰਡੂਕਿਕ ਤੋਂ ਛੁਟ ਹਰ ਪ੍ਰਕਾਰ ਦੇ ਸਾਗਾਂ ਦਾ ਤਿਆਗ ਕਰ ਦਿਤਾ।38।

ਇਸਤੋਂ ਬਾਅਦ ਮਾਧੁਰਕਵਿਧੀ (ਮਿੱਠੇ ਪਦਾਰਥਾਂ) ਦੀ ਹੱਦ ਨਿਸ਼ਚਿਤ ਕੀਤੀ। ਪਾਲੰਗਾ ਨਾਂ ਦੇ ਮਿੱਠੇ ਤੋਂ ਛੁਟ ਹਰ ਪ੍ਰਕਾਰ ਦੇ ਮਿੱਠੇ ਦਾ ਤਿਆਗ ਕਰ ਦਿਤਾ।39।

ਇਸਤੋਂ ਬਾਅਦ ਜੇਮਨ ਵਿਧੀ (ਜੀਭ ਦੀ ਸੁਆਦ ਲਈ ਖਾਏ ਜਾਨ ਵਾਲੇ) ਪਦਾਰਥਾਂ ਦੀ ਹੱਦ ਨਿਸਚਿਤ ਕੀਤੀ। ਸੇਧਾ ਅਮਲ ਤੇ ਦਾਲਿਕਾਅਮਲ ਤੋਂ ਸਭ ਪ੍ਰਕਾਰ ਦੇ ਪਦਾਰਥਾਂ ਦਾ ਤਿਆਗ ਕਰ ਦਿੱਤਾ।40।

ਇਸਤੋਂ ਬਾਅਦ ਪਾਇਆ ਵਿਧੀ (ਪੀਣ ਦੇ ਪਾਣੀ) ਦੀ ਹੱਦ ਨਿਸ਼ਚਿਤ ਕੀਤੀ। ਵਰਖਾ ਦੇ ਪਾਣੀ ਤੋਂ ਛੁਟ ਹਰ ਕਿਸਮ ਦੇ ਪਾਣੀ ਦਾ ਤਿਆਗ ਕਰ ਦਿਤਾ।41।

---

ਪਾਠ ਨੰ: 36 ਦੀ ਟਿੱਪਣੀ

4. ਭੋਜਨ ਵਿਧੀ ਤੋਂ ਭਾਵ ਮੂੰਗੀ ਆਦਿ ਪਾਣੀ ਰਾਹੀਂ ਘੀ ਵਿਚ ਤਲੇ ਚੌਲਾਂ ਰਾਹੀਂ ਬਣਾਇਆ ਸੂਪ। ਕਈ ਥਾਂ ਕਾਠਪਜਾਏ ਦਾ ਅਰਥ ਕਾਂਝੀ ਜਾਂ ਤਿਰਫਲਾ ਦੇ ਕਾੜ੍ਹੇ ਤੋਂ ਵੀ ਲਿਆ ਜਾਂਦਾ ਹੈ।

1. ਕਲਾਏਸੁਵੇ (कलायसुवे) ਦਾ ਭਾਵ ਛੋਲਿਆਂ ਦੇ ਆਕਾਰ ਦੀ ਹਰ ਪ੍ਰਕਾਰ ਦੀ ਦਾਲ ਨੂੰ ਕਲਾਏ ਆਖਦੇ ਹਨ ਵਿਰਤੀਕਾਰ ਅਨੁਸਾਰ कलायसूवे त्ति कलाया: मणकाकारा धान्यविशेषा।

2. सारइएणं गोधयमंड़ेणं ਤੋਂ ਭਾਵ ਸਰਦੀ ਵਿਚ ਤਿਆਰ ਕੀਤਾ ਉਤਮ ਗਊ ਦੇ ਘਿਓ ਦਾ ਸਾਰ। ਵਿਰਤੀਕਾਰ ਇਸ ਵਾਰੇ ਇਓਂ ਫਰਮਾਉਂਦੇ ਹਨ।

साइएणं गोधयमंण्डेणं त्ति शारदिकेन शरत्कालात्पन्नेन गोघृतमंण्डेण गोघृतसारेण।

ਪਾਠ ਨੰ. 38 ਦੀ ਟਿਪਣੀ।

1. ਮਾਧੁਰਿਕ ਸ਼ਬਦ ਤੋਂ ਭਾਵ ਗੁੜ, ਚੀਨੀ, ਮਿਸਰੀ ਆਦਿ ਮਿਠੇ ਤੋਂ ਹੈ।

ਇਸਤੋਂ ਬਾਅਦ ਮੁਖਵਾਸ ਵਿਧੀ (ਖਾਣ ਵਾਲੇ ਸੁਗੰਧਿਤ ਪਦਾਰਥਾਂ) ਦੀ ਹੱਦ ਨਿਸ਼ਚਿਤ ਕੀਤੀ ਅਲੈਚੀ, ਲੌਂਗ, ਕਪੂਰ, ਕੰਕੋਲ, ਜੈਫਲ ਵਾਲੇ ਪਦਾਰਥਾਂ ਦੇ ਪਾਨ ਤੋਂ ਛੁਟ ਹਰ ਪ੍ਰਕਾਰ ਦੇ ਪਾਨ ਦਾ ਤਿਆਗ ਕਰ ਦਿਤਾ। 42।

ਇਸਤੋਂ ਬਾਅਦ ਆਨੰਦ ਦੇ ਚਾਰ ਪ੍ਰਕਾਰ ਦੇ ਅਨਰਥ ਦੰਡਪਰਿਮਾਣ ਨਾਂ ਦੇ ਵਰਤ ਦਾ ਤਿਆਗ ਕੀਤਾ। ਇਹ ਚਾਰ ਪ੍ਰਕਾਰ ਦੇ ਹਨ । (1) ਅਪਧਿਆਨ (अप्ध्यान) ਚਾਰਿਤ (2) ਪ੍ਰਮਾਦ (प्रमाद) ਚਾਰਿਤ, (3) ਹਿੰਸਕ (हिंस्र) ਸ਼ਸਤਰ, (4) ਪਾਪ ਕਰਮਾਂ (पापकर्मोदेश) ਦਾ ਉਪਦੇਸ਼ ਕਰਨਾ। 43।

ਇਸਤੋਂ ਬਾਅਦ ਸ਼੍ਰਮਣ ਭਗਵਾਨ ਮਹਾਵੀਰ ਨੇ ਆਨੰਦ ਸ਼੍ਰਮਣ ਦੇ ਉਪਾਸਕ ਨੂੰ ਇਸ ਪ੍ਰਕਾਰ ਕਿਹਾ—"ਹੇ ਆਨੰਦ, ਜੀਵ ਅਜੀਵ ਆਦਿ ਪਰਾਰਥਾਂ ਦਾ ਸਵਰੂਪ ਜਾਨਣ ਵਾਲੇ ਧਰਮ ਦੇ ਪੱਕੇ ਅਤੇ ਮਰਿਆਦਾ ਵਿਚ ਪੱਕੇ ਰਹਿਨ ਵਾਲੇ ਸ਼੍ਰਮਣਾਂ ਦੇ ਉਪਾਸਕ ਨੂੰ ਸੱਮਿਅਕਤਵ (ਗਿਆਨ, ਦਰਸ਼ਨ ਤੇ ਚਾਰਿੱਤਰ) ਦੇ ਪੰਜ ਮੁਖ ਅਤਿਆਚਾਰ (ਦੋਸ਼ਾਂ) ਜਾਨ ਲੈਣੇ ਤਾਂ ਚਾਹੀਦੇ ਹਨ ਪਰ ਇਨਾਂ ਦੋਸ਼ਾਂ ਤੋਂ ਦੂਰ ਰਹਿਨਾ ਚਾਹੀਦਾ ਹੈ। ਉਹ ਦੋਸ਼ ਇਸ ਪ੍ਰਕਾਰ ਹਨ। (1) ਸ਼ੰਕਾ, (2) ਕਾਂਕਸ਼ਾ, (3) ਵੀਚਕਿਤਸਾ, (4) ਪਰ ਪਾਸੰਡ ਪ੍ਰਸ਼ੰਸਾ ਅਤੇ (5) ਪਰਪਾਸਸੰਡ ਸੰਸਤਵ।44।

---

ਪਾਠ ਨੰ: 40 ਦੀ ਟਿਪਣੀ

1. ਜੇਮਨ ਤੋਂ ਭਾਵ ਚਾਟ, ਭਲਿਆਂ ਆਦਿ ਤੋਂ ਹੈ (ਸਾਧਾਅਮਲ) ਤੋਂ ਭਾਵ ਹੈ ਪਕੌੜੇ ਜਾਂ ਬੜੇ, ਜਿਨ੍ਹਾਂ ਵਿਚ ਖਟਾਈ ਪਾਈ ਜਾਂਦੀ ਹੈ ਆਮ ਬੋਲਚਾਲ ਵਿਚ ਇਸ ਨੂੰ ਕਾਂਜੀ ਬੜਾ ਆਖਿਆ ਜਾਂਦਾ ਹੈ।

2. ਦਾਲਿਕਾਅਮਨ ਉਹ ਪਕੌੜੇ ਹਨ ਜੋ ਤੇਲ ਵਿਚ ਤਲੇ ਜਾਂਦੇ ਹਨ ਖਟਾਈ ਦਾ ਇਸਤੇਮਾਲ ਇਨਾਂ ਨਾਲ ਵੀ ਕੀਤਾ ਜਾਂਦਾ ਹੈ ਮਾਰਵਾੜ ਵਿਚ ਇਸੇ ਨੂੰ ਦਾਲੀਆ ਕਿਹਾ ਜਾਂਦਾ ਹੈ।

ਪੰਜ ਸੁਗੰਧ ਵਾਲੇ ਪਦਾਰਥ ਹਨ ਕੰਕੋਲ, ਕਾਲੀ ਮਿਰਚ, ਅਲੈਚੀ, ਜਾਤੀਫਲ, ਕਪੂਰ।

3. ਬਿਨਾਂ ਕਿਸੇ ਛੁੱਟ ਕਾਰਨ, ਬਿਨਾ ਕਸੂਰ ਤੋਂ ਕਿਸੇ ਜੀਵ ਨੂੰ ਨਜਾਇਜ਼ ਤੰਗ ਕਰਨਾ ਅਨਰਥ ਦੰਡ ਹੈ।

ਪਾਠ ਨੰ. 43 ਦੀ ਟਿੱਪਣੀ।

1. ਅਪਧਿਆਨ ਚਾਰਿਤ ਬਿਨਾਂ ਕਾਰਣ ਚਿੰਤਾ ਕਰਨਾ ਜਾਂ ਦੁਖੀ ਹੋਣਾ।

ਇਹ ਦੋ ਪ੍ਰਕਾਰ ਦਾ ਹੈ। (1) ਆਰਤ ਧਿਆਨ (ਧਨ, ਸੇਹਤ) ਔਲਾਦ ਲਈ ਰੋਗ ਗਰੀਬੀ, ਅਤੇ ਵਿਛੋੜੇ ਕਾਰਨ ਦੁਖੀ ਹੋਣਾ, (2) ਰੋਦਰ ਧਿਆਨ ਕਰੋਧ ਦੁਸ਼ਮਨੀ ਆਦਿ ਕਾਰਣ ਕਿਸੇ ਨੂੰ ਨੁਕਸਾਨ ਪਹੁੰਚਾਨ ਦੀ ਭਾਵਨਾ।

2. ਪ੍ਰਮਾਦਾਚਰਿਤ ਪ੍ਰਮਾਦ ਤੋਂ ਭਾਵ ਗਫਲਤ ਜਾਂ ਅਣਗਹਿਲੀ ਵਸ ਖਾਲੀ ਸਮੇਂ ਨਿੰਦਾ ਕਰਨਾ, ਸ਼ਿੰਗਾਰ ਦੀਆਂ ਗੱਲਾਂ ਕਰਨਾ, ਅਪਣਾ ਕਰਤੱਵ ਤਿਆਗ ਕੇ ਦੂਸਰਿਆਂ ਦੇ ਮਾਮਲੇ ਵਿਚ ਉਲਝਨਾ, ਆਦਿ ਇਸ ਵਿਚ ਸ਼ਾਮਲ ਹਨ।

3. ਹਿੰਸਰਪ੍ਰਦਾਨ-ਚੋਰ, ਡਾਕੂ ਤੇ ਸ਼ਿਕਾਰੀ ਦੀ ਹਥਿਆਰ ਜਾਂ ਹੋਰ ਢੰਗ ਰਾਹੀਂ ਮਦੱਦ ਕਰਨਾ, ਜਿਸ ਨਾਲ ਉਸਨੂੰ ਹਿੰਸਾ ਕਰਨ ਦਾ ਮੌਕਾ ਮਿਲੇ।

4. ਪਾਪਕਰਮੋਉਪਦੇਸ਼-ਪਾਪਾਂ ਦਾ ਉਪਦੇਸ਼ ਕਰਨਾ, ਪਸ਼ੂ, ਪੰਛੀਆਂ, ਮਨੁੱਖਾਂ ਨੂੰ ਬਿਨਾਂ ਕਾਰਣ ਕਸ਼ਟ ਦੇਣ ਦਾ ਉਪਦੇਸ਼ ਦੇਨਾ, ਸ਼ਿਕਾਰੀ ਨੂੰ ਸ਼ਿਕਾਰ ਦੱਸਨਾ, ਕਿਸੇ ਪਾਗਲ ਦੇ ਇੱਟਾਂ, ਪੱਥਰ ਮਾਰਨ ਦੀ ਪ੍ਰੇਰਨਾ ਇਸ ਵਿਚ ਸ਼ਾਮਲ ਹੈ।

1. ਜੈਨ ਧਰਮ ਵਿਚ ਪ੍ਰਮੁੱਖ 9 ਤੱਤ ਮਨੇ ਗਏ ਹਨ (1) ਜੀਵ, (2) ਅਜੀਵ, (3) ਪੁੰਨ, (4) ਪਾਪ, (5) ਆਸਰਵ, (6) ਸੰਵਰ, (7) ਨਿਰਜਰਾ, (8) ਮੋਕਸ਼ (9) ਬੰਧ।

ਜੈਨ ਧਰਮ ਦੇ ਉਪਾਸਕ ਨੂੰ ਇਨਾਂ ਨੌ ਤੱਤਾਂ ਬਾਰੇ ਜਾਨਣਾ ਬੇਹੱਦ ਜਰੂਰੀ ਹੈ।

ਪਾਠ ਨੰ. 44 ਦੀ ਟਿਪਣੀ।

(1) ਸ਼ੰਕਾ—ਇਸਤੋਂ ਭਾਵ ਜੈਨ ਧਰਮ, ਦਰਸ਼ਨ, ਤੀਰਥੰਕਰਾਂ, ਸਿੱਧ ਸੰਬੰਧੀ ਕਿਸੇ ਪ੍ਰਕਾਰ ਦਾ ਸ਼ਕ ਕਰਨਾ ਹੈ, ਭਾਵ ਸਰਵੱਗਾਂ ਦੀ ਬਾਣੀ ਪ੍ਰਤਿ ਸ਼ੱਕ ਕਰਨ ਵਾਲਾ, ਜੈਨ ਧਰਮ ਦਾ, ਵਿਧੀ ਅਨੁਸਾਰ ਪਾਲਨ ਨਹੀਂ ਕਰ ਸਕਦਾ ਹੈ ਧਰਮ ਪ੍ਰਤਿ ਸੱਚੀ ਸ਼ਰਧਾ ਰਖਣੀ ਚਾਹੀਦੀ ਹੈ।

(2) ਕਾਂਕਸ਼ਾ—ਭਾਵ ਲਾਲਚ ਵਸ, ਆਪਣਾ ਧਰਮ ਛਡ ਕੇ ਦੂਸਰਾ ਧਰਮ ਗ੍ਰਹਿਣ ਕਰਨਾ ਜਾਂ ਦੂਸਰੇ ਧਰਮਾਂ ਦੇ ਬਾਹਰਲੇ ਆਡੰਬਰਾਂ ਨੂੰ ਵੇਖਕੇ ਪ੍ਰਭਾਵਿਤ ਹੋਣਾ।

(3) ਵਚੀਕਿੱਤਸਾ—ਧਰਮ-ਕਰਮ ਦੇ ਫੱਲ ਪ੍ਰਤਿ ਸ਼ਕ ਕਰਨਾ। ਤਪੱਸਿਆ ਆਦਿ

ਇਸਤੋਂ ਬਾਅਦ ਸਥੂਲ ਪ੍ਰਾਣਾਤੀਪਾਤ ਵਿਰਮਣ ਵਰਤ ਦੇ ਪੰਜ ਮੁੱਖ ਦੋਸ਼ ਫਰਮਾਏ ਹਨ ਜੋ ਜਾਨਣ ਯੋਗ ਤਾਂ ਹਨ ਪਰ ਗ੍ਰਹਿਣ ਕਰਨ ਯੋਗ ਨਹੀਂ ਇਹ ਦੋਸ਼ ਇਸ ਪ੍ਰਕਾਰ ਹਨ। (1) ਬੰਧ (ਪਸ਼ੂ ਜਾਂ ਦਾਸ ਨੂੰ ਇਸ ਤਰਾਂ ਬੰਨਣਾ ਜਿਸ ਨਾਲ ਉਨ੍ਹਾਂ ਨੂੰ ਕਸ਼ਟ ਹੋਵੇ।) (2) ਬੱਧ-(ਅਜਿਹਾ ਹਮਲਾ ਕਰਨਾ, ਜਿਸ ਨਾਲ ਕਿਸੇ ਸ਼ਰੀਰਕ ਅੰਗ ਨੂੰ ਕਸ਼ਟ ਪਹੁੰਚੇ। (3) ਛਵੀਛੇਦ-ਗੁੱਸੇ ਕਾਰਨ ਜਾਂ ਆਪਣੇ ਸ਼ੌਂਕ ਲਈ ਕਿਸੇ ਜੀਵ ਦਾ ਅੰਗ ਕੱਟ ਦੇਣਾ। (4) ਅਤੀਭਾਰ-ਤਾਕਤ ਤੋਂ ਜਿਆਦਾ ਪਸ਼ੂ ਜਾਂ ਮਨੁੱਖਾਂ ਤੋਂ ਜਿਆਦਾ ਭਾਰ ਚੁਕਾਣਾਂ। (5) ਭਕਤ ਪਾਨ ਵਿਯਵਛੇਦ (ਪਸ਼ੂਆਂ ਨੂੰ ਸਮੇਂ ਸਿਰ ਦਾਨਾ ਪਾਣੀ ਨਾ ਦੇਣਾ ਜਾਂ ਕਰਮ-ਚਾਰੀ ਨੂੰ ਸਮੇਂ ਸਿਰ ਨੌਕਰੀ ਨਾ ਦੇਣਾ, ਉਨਾਂ ਦੀ ਤਨਖਾਹ ਵਿਚੋਂ ਬਿਨਾਂ ਕਾਰਣ ਕਟੌਤੀ

---

ਕਰਦੇ ਸਮੇਂ ਸੋਚਨਾ ਕਿ "ਪਤਾ ਨਹੀਂ, ਇਸਦਾ ਫਲ ਕੁਝ ਮਿਲੇਗਾ ਜਾਂ ਨਹੀਂ।'

(4) ਪਰਪਾਸ਼ੰਡ—ਪਾਸ਼ੰਡ ਤੋਂ ਭਾਵ ਦੂਸਰੇ ਮੱਤਾਂ ਤੋਂ ਹੈ ਭਾਵ ਆਪਣੇ ਸੱਚੇ ਧਰਮ ਨੂੰ ਛੱਡ ਕੇ ਦੂਸਰੇ ਧਰਮ ਦੀ ਪ੍ਰਸ਼ੰਸਾ ਕਰਨਾ। ਅਜਿਹਾ ਕਰਨ ਵਾਲਾ ਵੀ ਆਪਣੇ ਧਰਮ ਦਾ ਪਾਲਨ ਨਹੀਂ ਕਰ ਸਕਦਾ।

(5) ਪਰਪਾਸ਼ੰਡ ਸੰਸਤਵ—ਸ਼ੰਸਤਵ ਤੋਂ ਭਾਵ ਹੈ ਮੇਲ ਮਿਲਾਪ, ਦੂਸਰੇ ਧਰਮਾਂ ਵਾਲਿਆਂ ਨਾਲ ਅਜੇਹਾ ਮੇਲ ਮਿਲਾਪ ਰਖਣਾ, ਜਿਸ ਕਾਰਣ ਆਪਣੇ ਧਰਮ ਨੂੰ ਨੁਕਸਾਨ ਪਹੁੰਚਦਾ ਹੋਵੇ।

ਉਪਾਸ਼ਕ ਨੂੰ ਆਪਣੇ ਧਰਮ ਵਿਚ ਪੱਕਾ ਰਹਿਣ ਲਈ ਇਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

1. ਬੰਧ ਤੋਂ ਭਾਵ ਪਸ਼ੂ ਜਾਂ ਦਾਸ ਨੂੰ ਬੱਨਕੇ ਰੱਖਣ ਤੋਂ ਹੈ। ਪਸ਼ੂ ਨੂੰ ਬੀਮਾਰੀ ਜਾਂ ਸੰਕਟ ਤੋਂ ਬਚਾਉਣ ਲਈ ਬੱਨ ਕੇ ਰਖਣਾ ਇਸ ਵਿਚ ਸ਼ਾਮਲ ਨਹੀਂ। ਸ਼ਾਸ਼ਤਰਕਾਰਾਂ ਨੇ ਬੰਧ ਦੇ ਦੋ ਭੇਦ ਕੀਤੇ ਹਨ। (1) ਅਨਰਥ ਬੰਧ (2) ਅਰਥ ਬੰਧ। ਅਰਥ ਬੰਧ ਤੋ ਭਾਵ ਕਰੋਧ, ਗੁੱਸੇ ਆਦਿ ਕਾਰਣ ਕੀਤਾ ਭੈੜਾ ਵਰਤਾਓ ਹੈ। ਇਹ ਵੀ ਦੋ ਪ੍ਰਕਾਰ ਦਾ ਹੈ।(1) ਸ਼ਾਪੇਕਸ਼, (2) ਨਿਰਪੇਕਸ਼।

ਅੱਗ ਲੱਗ ਜਾਣ ਕਾਰਨ, ਜਿਸ ਡਰ ਤੋਂ ਜਲਦ ਛੁਟਕਾਰਾ ਮਿਲ ਜਾਵੇ, ਉਹ ਸਾਪੇਕਸ਼ ਹੈ। ਪਰ ਭੈ ਉਤਪੰਨ ਹੋ ਜਾਣ ਤੇ ਵੀ ਜਿਸ ਬੰਧਨ ਤੋਂ ਛੁਟਕਾਰਾ ਨਾ ਮਿਲ ਸਕੇ, ਉਹ ਨਿਰਪੇਕਸ਼ ਬੰਧ ਹੈ। (2) ਅਨਰਥ ਬੰਧ ਤੋਂ ਭਾਵ ਹਿੰਸਾ ਹੈ ਜੋ ਅੱਠਵੇਂ ਵਰਤ ਹੇਠ ਆਉਂਦੀ ਹੈ।

ਕਰਨਾ, ਕਿਸੇ ਦੀ ਨੌਕਰੀ ਵਿਚ ਰੁਕਾਵਟ ਪਾਉਣਾ, ਜਰੂਰਤ ਤੋਂ ਜ਼ਿਆਦਾ ਕੰਮ ਲੈਣਾ ਅਤੇ ਬਦਲੇ ਵਿਚ ਤਨਖਾਹ ਨਾ ਦੇਣਾ ਅਤੇ ਖਾਣ-ਪੀਣ ਦੀ ਸਾਮੱਗਰੀ ਵਿੱਚ ਮਿਲਾਵਟ ਕਰਨਾ ।45।

ਇਸਤੋਂ ਬਾਅਦ ਸਥੂਲ ਮਰਿਸ਼ਾ ਵਾਅਦ ਵਿਰਮਣ ਵਰਤ ਦੇ ਪੰਜ ਦੋਸ਼ ਜਾਨਣ ਯੋਗ ਤਾਂ ਹਨ ਪਰ ਗ੍ਰਹਿਣ ਕਰਨ ਯੋਗ ਨਹੀਂ। ਇਹ ਦੋਸ਼ ਇਸ ਪ੍ਰਕਾਰ ਹਨ । (1) ਸਹਿਸਾ-ਅਵਿਖਿਆਨ ਬਿਨਾਂ ਸੋਚੇ ਸਮਝੇ ਕਿਸੇ ਤੇ ਦੋਸ਼ ਲਾਉਣਾ । (2) ਰਹਸੋ ਅਵਿਖਿਆਨ ਕਿਸੇ ਦਾ ਗੁਪਤ ਭੇਦ ਪ੍ਰਗਟ ਕਰਨਾ । (3) ਸਵਦਾਰ ਮੰਤਰਭੇਦ—ਆਪਣੀ ਪਤਨੀ ਦੇ ਗੁਪਤ ਭੇਦ ਪ੍ਰਗਟ ਕਰਨਾ । (4) ਮਰਿਸ਼ਾਦੋਸ਼—ਗਲਤ ਸਲਾਹ ਦੇਣਾ । (5) ਕੂਟਲੇਖ ਕਰਨਾ—ਜਾਲ੍ਹੀ ਦਸਤਾਵੇਜ ਬਨਾਉਣਾ ।46।

---

ਪਾਠ ਨੰ. 46 ਦੀ ਟਿਪਣੀ।

2. ਇਥੇ ਜੈਨ ਧਰਮ ਦੇ ਉਪਾਸਕ (ਸ਼੍ਰਾਵਕ) ਨੂੰ ਸਥੂਲ, ਭਾਵ ਮੋਟਾ ਝੂਠ ਬੋਲਣ ਦੀ ਮਨਾਹੀ ਕੀਤੀ ਗਈ ਹੈ ਸੂਖਮ ਝੂਠ ਦਾ ਨਹੀਂ। ਸ਼ਾਸਤਰਕਾਰਾਂ ਨੇ ਸਥੂਲ ਝੂਠ ਵਿਚ ਹੇਠ ਲਿਖੀਆਂ ਗੱਲਾਂ ਵੀ ਸ਼ਾਮਲ ਕੀਤੀਆਂ ਹਨ ।

(1) ਕਨਿਆਲੀਕ—ਲੜਕੀ ਦਾ ਵਿਆਹ ਕਰਨ ਲਗਿਆਂ ਕੁੜੀ ਦੀ ਉਮਰ, ਯੋਗਤਾ ਜਾਂ ਸਰੀਰਕ ਰੰਗ ਰੂਪ ਸੰਬੰਧੀ ਝੂਠ ਤੋਂ ਕੰਮ ਲੈਣਾ ਜਾਂ ਵਧਾ ਚੜ੍ਹਾ ਕੇ ਦਸਣਾ ।

(2) ਗਵਾਲਿਕ ਪਸ਼ੂ ਦਾ ਲੈਣ ਦੇਣ ਕਰਨ ਲਗਿਆਂ ਪਸ਼ੂਆਂ ਦੇ ਗੁਣ ਵਧਾ ਚੜ੍ਹਾ ਕੇ ਆਖਣਾ ਜਾਂ ਝੂਠ ਆਖਣਾ। ਦੁੱਧ ਦੇਣ ਵਾਲੇ ਪਸ਼ੂ ਦਾ ਗਲਤ ਮਾਤ੍ਰਾ ਵਿਚ ਦੁੱਧ ਦੱਸਣਾ । ਕੰਮ ਕਰਨ ਵਾਲੇ ਪਸ਼ੂ ਸੰਬੰਧੀ ਉਸ ਦੀ ਸਮੱਰਥਾ ਬਾਰੇ ਝੂਠ ਤੋਂ ਕੰਮ ਲੈਣਾ ।

(3) ਭੂਮੀਲਿਕ : ਜਮੀਨ ਜਾਇਦਾਦ ਤੇ ਖੇਤੀ ਸੰਬੰਧੀ ਝੂਠ ਬੋਲਣਾ ।

(4) ਨਿਆਸਾਪਹਾਰ : ਗਹਿਣੇ ਰੱਖੀ ਚੀਜ ਨੂੰ ਹੜਪ ਕਰ ਲੈਣਾ, ਸੰਸਥਾਵਾਂ ਦਾ ਧਨ ਆਪਣੇ ਕੰਮਾਂ ਵਿਚ ਲਾਉਣਾ ।

(5) ਕੂਟਸਾਖਸ਼ : ਝੂਠੀ ਗਵਾਹੀ ਦੇਣਾ ।

(6) ਸੰਧੀ ਕਰਨ : ਸਾਜਿਸ਼ ਕਰਨਾ ।

(1) ਸ਼ਹਿਸਾ ਅਵਿਖਿਆਨ : ਸਹਿਸਾ ਤੋਂ ਭਾਵ ਹੈ ਬਿਨਾਂ ਵਿਚਾਰੇ ਦੋਸ਼ ਲਾਉਣਾ । ਟੀਕਾਕਾਰ ਨੇ ਇਸ ਬਾਰੇ ਇਉਂ ਕਿਹਾ ਹੈ । सहसाऽभक्खाणे त्ति सहसा अनालो-

च्याभ्याख्यानम् असद्धोषाध्याक्षेपण सहसाभ्याख्यानं, यथा चोरस्तवमि इत्यादि एतस्य चातिचात्वं सहसाकारेणैब, न तीव्रसंक्लेशेन भणनादिति ।

ਭਾਵ ਝੂਠਾ ਦੋਸ਼ ਲਾਉਣਾ । ਜਿਵੇਂ ਤੂੰ ਚੋਰ ਹੈਂ । ਆਦਿ ਇਹ ਗਲ ਬਿਨਾਂ ਵਿਚਾਰੇ ਕਾਰਣ ਇਸ ਦੋਸ਼ ਵਿਚ ਆਉਂਦੀ ਹੈ। ਜੇ ਇਹ ਭੈੜੀ ਭਾਵਨਾ ਨਾਲ ਕੀਤਾ ਜਾਵੇ ਤਾਂ ਇਹ ਅਤਿਚਾਰ ਹੀ ਨਹੀਂ ਸਗੋਂ ਅਨਾਚਾਰ (ਵਰਤ ਦਾ ਟੁਟਨਾ) ਬਣ ਜਾਂਦਾ ਹੈ।

(2) ਰਹਿਸਅਵਿਖਿਆਨ : ਉਸ ਦੇ ਦੋ ਅਰਥ ਕੀਤੇ ਜਾਂਦੇ ਹਨ। (1) ਕਿਸੇ ਦੀ ਗੁਪਤ ਗੱਲ ਨੂੰ ਪਰਗਟ ਕਰਨਾ। (2) ਜਾਂ ਕਿਸੇ ਦੇ ਪਿੱਛੇ ਲਗਕੇ ਉਸਤੇ ਸਾਜਿਸ਼ ਦਾ ਦੋਸ਼ ਲਾਉਣਾ। ਇਸ ਪ੍ਰਕਾਰ ਅਚਾਨਕ ਹੀ ਆਖ ਦੇਣਾ, ਇਹ ਲੋਕ ਚੋਰੀ ਜਾਂ ਰਾਜ ਵਿਰੁੱਧ ਬਗਾਵਤ ਕਰ ਰਹੇ ਹਨ। ਇਹ ਵੀ ਅਤਿਚਾਰ ਉਥੇ ਤੱਕ ਹੈ ਜਦ ਮਨ ਵਿਚ ਭੈੜੀ ਭਾਵਨਾ ਨਾ ਹੋਵੇ, ਜੇ ਭੈੜੀ ਭਾਵਨਾ ਨਾਲ ਇਉਂ ਕੀਤਾ ਜਾਵੇ ਇਹ ਵੀ ਅਨਾਚਾਰ ਹੀ ਹੈ। ਟੀਕਾਕਾਰ ਨੇ ਇਸ ਬਾਰੇ ਇਉਂ ਕਿਹਾ ਹੈ। रहसाअभक्खाणे त्ति रहः एकान्तस्तेन हेतु ना अभ्याख्यानं रहोऽभ्याख्यानम् एतदुक्तं भवति रहसि मन्त्रयमाणानां वक्ति एते हीदं चेदंच राजापकारादि मन्त्रयन्तीति एतस्य चातिचारत्वमना भोगभणनात एकांतमात्रापाधि च्च पुर्वस्माद्धिशेषः अथवा सम्भाव्यमानेर्धिभणनादत्तित्रारो न तु भङ्गोऽयमिति ।

ਰਹਿ ਦਾ ਅਰਥ ਹੈ ਏਕਾਂਤ ਅਤੇ ਉਸੇ ਏਕਾਂਤ ਦੇ ਆਧਾਰ ਤੇ ਝੂਠਾ ਦੋਸ਼ ਲਾਉਣਾ ਰਹਿਸੋਵਿਖਿਆਨ ਹੈ। ਪਹਿਲੇ ਦੋਸ਼ ਤੋਂ ਇਹ ਕਾਫ਼ੀ ਮਹੱਤਵਪੂਰਨ ਹੈ ਏਕਾਂਤ ਵਿਚ ਲਾਇਆ ਦੋਸ਼ ਪੂਰੀ ਤਰਾਂ ਗਲਤ ਨਹੀਂ ਹੁੰਦਾ। ਇਸ ਆਧਾਰ ਤੇ ਇਸ ਦੀ ਗਣਨਾ ਅਤਿਚਾਰਾਂ ਵਿੱਚ ਕੀਤੀ ਗਈ ਹੈ ਇਸੇ ਕਾਰਨ ਇਸ ਨਾਲ ਵਰਤ ਭੰਗ ਨਹੀਂ ਗਿਣਿਆ ਜਾਂਦਾ।

(3) ਸਵਦਾਰਾ ਮੰਤਰ ਭੇਦ : ਆਪਣੀ ਧਰਮ ਪਤਨੀ ਦੀਆਂ ਗੁਪਤ ਗੱਲਾਂ ਪ੍ਰਗਟ ਕਰਨਾ ਚੰਗਾ ਨਹੀਂ ਹੁੰਦਾ। ਇਸ ਕਾਰਨ ਘਰ ਵਿਚ ਕਲੇਸ਼ ਪੈਦਾ ਹੋ ਸਕਦਾ ਹੈ ਅਤੇ ਮਨੁੱਖ ਨੂੰ ਸਮਾਜ ਵਿਚ ਸ਼ਰਮਸਾਰ ਹੋਣਾ ਪੈਂਦਾ ਹੈ।

**(4)** ਮਿਥਿਉਪਦੇਸ਼।—ਇਸ ਦੇ ਕਈ ਅਰਥ ਹਨ ਜਿਵੇਂ ਝੂਠੀ ਸਲਾਹ ਜਾਂ ਉਪਦੇਸ਼ ਦੇਣਾ।

(1) ਜਿਸ ਗੱਲ ਬਾਰੇ ਆਪ ਨੂੰ ਪਤਾ ਨਹੀਂ ਉਸ ਬਾਰੇ ਸਲਾਹ ਦੇਣਾ।

(2) ਕਿਸੇ ਗੱਲ ਦਾ ਨੁਕਸਾਨ ਜਾਣਦੇ ਹੋਏ ਵੀ ਗਲਤ ਸਲਾਹ ਦੇਣਾ।

ਇਸ ਤੋਂ ਬਾਅਦ ਸਥੂਲ ਅਦੱਤਾਦਾਨ ਵਿਰਮਣ ਵਰਤ ਦੇ ਪੰਜ ਅਤਿਚਾਰ ਜਾਨਣ ਯੋਗ ਤਾਂ ਹਨ, ਪਰ ਗ੍ਰਹਿਣ ਕਰਨ ਯੋਗ ਨਹੀਂ। ਉਹ ਇਸ ਪ੍ਰਕਾਰ ਹਨ (1) ਸਤੇਨਾ ਹਰਿਤ ਚੋਰ ਰਾਹੀਂ ਦਿਤੀ ਚੀਜ ਗ੍ਰਹਿਣ ਕਰਨਾ (2) ਤਸਕਰ ਪ੍ਰਯੋਗ (ਚੋਰੀ ਦੇ ਧੰਦੇ ਲਈ ਚੋਰਾਂ ਨੂੰ ਭਰਤੀ ਕਰਨਾ) (3) ਵਿਰੁੱਧਰਾਜਯ ਅਤਿਕ੍ਰਮ—ਇਕ ਦੇਸ਼ ਦੀ ਹੱਦ ਬਿਨਾ ਆਗਿਆ ਪਾਰ ਕਰਨਾ (4) ਕੂਟ ਤੁਲਾ-ਕੂਟ ਮਾਨ (ਗਲਤ ਤੋਲ ਅਤੇ ਗਲਤ ਮਾਪ) (5) ਤਤਪ੍ਰਤਿ-ਰੂਪਕ ਵਿਵਹਾਰ (ਮਿਲਾਵਟ ਜਾਂ ਹੋਰ ਢੰਗ ਰਾਹੀਂ ਗਲਤ ਵਸਤੂ ਨੂੰ ਸਹੀ ਦਸਣ ਅਸਲੀ ਨੂੰ ਨਕਲੀ ਅਤੇ ਨਕਲੀ ਨੂੰ ਅਸਲੀ ਆਖਣਾ।47।

---

(3) ਜੋ ਗੱਲ ਬੁਰੀ ਹੈ ਅਤੇ ਝੂਠੀ ਹੈ ਪਰ ਸਾਡੇ ਖਿਆਲ ਵਿਚ ਉਹ ਚੰਗੀ ਤੇ ਸੱਚੀ ਹੈ ਸੱਚੇ ਮਨ ਨਾਲ ਸਲਾਹ ਦੇਣਾ।

ਤੀਸਰਾ ਦੋਸ਼, ਦੋਸ਼ਾਂ ਦੀ ਸ੍ਰੇਣੀ ਵਿਚ ਨਹੀਂ ਆਉਂਦਾ।

ਕੂਟਲੇਖ-ਕਰਨ ਤੋਂ ਭਾਵ ਹੈ ਝੂਠਾ ਲੇਖ ਲਿਖਣਾ। ਇਹ ਅਤਿਚਾਰ ਤਦ ਹੀ ਹੈ ਜੇ ਅਣਗਹਿਲੀ ਕਾਰਣ ਕੀਤਾ ਜਾਵੇ ਜਾਂ ਉਪਾਸਕ ਮੂਰਖਤਾ ਕਾਰਣ ਇਹ ਸੋਚੇ ਕਿ ਮੈਂ ਝੂਠ ਬੋਲਣ ਦਾ ਤਿਆਗ ਕੀਤਾ ਹੈ ਲਿਖਣ ਦਾ ਨਹੀਂ। ਕੂਟ ਤੋਂ ਭਾਵ ਹੈ ਜੋ ਵਸਤੂ ਸ਼ਾਹਮਣੇ ਨਾ ਹੋਵੇ, ਉਸਦਾ ਲਿਖਣਾ ਜਾਂ ਜਾਲ੍ਹੀ ਦਸ਼ਤਾਵੇਜ਼ ਬਣਾਉਣਾ, ਕਿਸੇ ਦੇ ਨਾਂ ਦੀ ਮੂਹਰ ਜਾਲ੍ਹੀ ਜਾਂ ਦਸਖਤ ਬਨਾਉਣਾ। ਜੇ ਉਪਰੋਕਤ ਕੰਮ ਅਣਗਹਿਲੀ, ਮੂਰਖਤਾ ਜਾਂ ਨਾ ਚਾਹੁੰਦੇ ਹੋ ਜਾਣ ਤਾਂ ਅਤਿਚਾਰ ਨਹੀਂ ਜੇ ਇਹੋ ਕੰਮ ਕਿਸੇ ਨੂੰ ਹਾਨੀ ਪਹੁੰਚਾਣ ਲਈ ਕੀਤੇ ਜਾਣ ਤਾਂ ਇਹ ਵੀ ਅਨਾਚਾਰ ਬਣ ਜਾਂਦੇ ਹਨ।

ਪਾਠ ਨੰ. 47 ਦੀ ਟਿੱਪਣੀ।

(1) ਅਦੱਤਾਦਾਨ ਤੋਂ ਭਾਵ ਬਿਨਾ ਆਗਿਆ ਤੋਂ ਗ੍ਰਹਿਣ ਕੀਤੀ ਵਸਤੂ (ਚੋਰੀ) ਤੋਂ ਹੈ ਇਥੇ ਵੀ ਉਪਾਸਕ ਸਥੂਲ ਚੋਰੀ ਦਾ ਤਿਆਗ ਕਰਦਾ ਹੈ ਸੂਖਮ ਦਾ ਨਹੀਂ। ਟੀਕਾਕਾਰ ਨੇ ਇਸ ਦੇ ਹੇਠ ਲਿਖੇ ਰੂਪ ਫ਼ਰਮਾਏ ਹਨ।

(1) ਸੰਨ੍ਹ ਲਾ ਕੇ ਚੋਰੀ ਕਰਨਾ (2) ਵਡਮੁਲੀ ਵਸਤੂ ਬਿਨ੍ਹਾਂ ਪੁੱਛੇ ਚੁੱਕਣਾ (3) ਮੁਸਾਫ਼ਿਰਾਂ ਦੀ ਜੇਬ ਕੱਟਣਾ ਜਾਂ ਗੰਢ ਕਟਣਾ, ਜਿੰਦਾ ਤੋੜਨਾ, ਡਾਕੇ ਮਾਰਨਾ, ਗਾਂ ਪਸ਼ੂ, ਇਸਤਰੀ ਚੁਰਾਉਣਾ, ਸਰਕਾਰੀ ਟੈਕਸ ਦੀ ਚੋਰੀ ਅਤੇ ਵਪਾਰ ਵਿਚ ਬੇਈਮਾਨੀ ਇਸ ਵਿਚ ਸ਼ਾਮਲ ਹਨ।

ਇਸ ਤੋਂ ਬਾਅਦ ਸਵਦਾਰਾ ਸੰਤੋਸ਼ ਵਰਤ ਦੇ ਪਜ ਅਤਿਚਾਰ ਜਾਨਣ ਯੋਗ ਤਾਂ ਹਨ। ਪਰ ਗ੍ਰਹਿਣ ਕਰਨ ਯੋਗ ਨਹੀਂ। ਉਹ ਇਸ ਪ੍ਰਕਾਰ ਹਨ। (1) ਇਤਵਰਿਕ ਪਰਿਗ੍ਰਹਿਤਾ ਗਮਨ। (ਕੁਝ ਸਮੇਂ ਦੇ ਲਈ ਪਤਨੀ ਦੇ ਰੂਪਵਿਚ ਸਵੀਕਾਰ ਕੀਤੀ ਔਰਤ ਨਾਲ ਭੋਗ ਕਰਨਾ) (2) ਅਪਰਿਗ੍ਰਹਿਤਾ ਗਮਨ—ਵੇਸ਼ਯਾ, ਕੰਨਿਆ, ਵਿਧਵਾ ਆਦਿ ਨਾਲ ਭੋਗ ਕਰਨਾ (3) ਅਨੰਗਕ੍ਰੀੜਾ—ਗੈਰ ਕੁਦਰਤੀ ਭੋਗ (ਪਸ਼ੂ), ਨਪੁੰਸਕ ਆਦਿ ਨਾਲ ਭੋਗ ਕਰਨਾ। (4) ਪਰ ਵਿਵਾਹ ਕਰਨ (ਆਪਣੀ ਸੰਤਾਨ ਜਾਂ ਪਰਿਵਾਰ ਦੇ ਮੈਂਬਰਾਂ ਤੋਂ ਛੁੱਟ ਹੋਰ ਲੋਕਾਂ ਦੇ ਵਿਆਹ ਰਿਸ਼ਤੇ ਕਰਾਉਣਾ, ਪਸ਼ੂਆਂ ਦਾ ਆਪਸੀ ਮੇਲ ਕਰਾਉਣਾ, ਕਿਸੇ ਨੂੰ ਵਿਭਚਾਰ ਲਈ ਉਕਸਾਨਾ, (5) ਕਾਮਭੋਗ ਤੀਵਰ ਅਭਿਲਾਸ਼—ਕਾਮ ਭੋਗ ਦੀ ਇੱਛਾ ਵਧਾਉਣਾ।48।

ਇਸ ਤੋਂ ਬਾਅਦ ਇੱਛਾ ਪਰਿਮਾਣ ਨਾਮਕ ਵਰਤ ਦੇ ਪੰਜ ਅਤਿਚਾਰ ਜਾਨਣ ਯੋਗ ਤਾਂ ਹਨ ਪਰ ਗ੍ਰਹਿਣ ਕਰਨ ਯੋਗ ਨਹੀਂ। ਉਹ ਇਸ ਪ੍ਰਕਾਰ ਹਨ : (1) ਖੇਤਰ ਵਸਤੂ ਪ੍ਰਮਾਣਿਤ ਅਤਿਕ੍ਰਮ ਖੇਤ ਅਤੇ ਘਰ ਸਬੰਧੀ ਮਰਿਆਦਾਵਾਂ ਦਾ ਉਲੰਘਣ (2) ਹਿਰਿਨਯ ਸਵਰਣਪ੍ਰਮਾਣ ਅਤਿਕ੍ਰਮ—ਸੋਨਾ ਚਾਂਦੀ ਧਾਤਾਂ ਦੀ ਹੱਦ ਨਿਸ਼ਚਤ ਕਰਨਾ। (3) ਦਵਿਪਦ ਚਤੁਸ਼ਪਦ ਪ੍ਰਮਾਣ ਅਤਿਕ੍ਰਮ—ਦਾਸ, ਦਾਸੀ ਅਤੇ ਪਸ਼ੂਆਂ ਸਬੰਧੀ ਮਰਿਆਦਾਵਾਂ ਦਾ ਉਲੰਘਣ (4)

---

ਪਾਠ ਨੰ: 48 ਦੀ ਟਿਪਣੀ।

1. ਇਤਵਰਿਕ ਪਰਿਗ੍ਰਹਿਤਾ ਗਮਨ—ਇਸ ਦੇ ਕਈ ਅਰਥ ਹਨ (1) ਥੋੜੇ ਸਮੇਂ ਲਈ ਪਤਨੀ ਰੂਪ ਵਿਚ ਗ੍ਰਹਿਣ ਕੀਤੀ ਇਸਤਰੀ ਨਾਲ ਸੰਭੋਗ ਕਰਨਾ (2) ਛੋਟੀ ਉਮਰ ਦੀ ਇਸਤਰੀ ਨਾਲ ਸੰਭੋਗ ਕਰਨਾ। ਭਾਵ ਜੋ ਧੰਦਾ ਨਾ ਕਰਦੀ ਹੋਵੇ ਪਰ ਕੁਝ ਸਮੇਂ ਲਈ ਆਪਣੇ ਮਿਤਰਾਂ ਦੇ ਘਰ ਭੋਗ-ਵਿਲਾਸ ਕਰਦੀ ਰਹੇ। ਉਹ ਘਰ ਰਹਿਣ ਕਾਰਣ ਉਂਨੇ ਸਮੇਂ ਲਈ ਪਤਨੀ ਮੰਨੀ ਗਈ ਹੈ ਜਿੰਨਾ ਸਮਾਂ ਅਜਿਹੀ ਇਸਤਰੀ ਘਰ ਰਹਿੰਦੀ ਹੈ ਉਹ ਕਿਸੇ ਹੋਰ ਪੁਰਸ਼ ਨਾਲ ਭੋਗ ਨਹੀਂ ਕਰਦੀ। ਇਤਵਰੀਕ ਦਾ ਅਰਥ ਹੈ ਜੋ ਚੀਜ਼ ਆ ਕੇ ਚਲੀ ਜਾਵੇ।

(2) ਅਪਰਿਗ੍ਰਹਿਤ ਗਮਨ—ਭਾਵ ਉਹ ਔਰਤ ਜਿਸ ਤੇ ਆਪਣਾ ਕੋਈ ਅਧਿਕਾਰ ਨਾ ਹੋਵੇ।

(3) ਕਾਮਭੋਗ ਤੀਵਰਅਭਿਲਾਸ਼ ਤੋਂ ਭਾਵ ਹੈ ਕਾਮਭੋਗ ਨੂੰ ਮਜ਼ਬੂਤ ਬਨਾਉਣ ਲਈ ਦਵਾਈਆਂ ਜਾਂ ਨਸ਼ੇ ਵਰਤਣਾ।

(4) ਕੂਟਲੇਖ ਕਰਨ : ਝੂਠੇ ਲੇਖ ਲਿਖਣਾ, ਜਾਲ੍ਹੀ ਦਸਖੱਤ ਕਰਨਾ।

ਧਨਧਾਨਯ ਪ੍ਰਮਾਣ ਅਤਿਕ੍ਰਮਣ—ਮਣੀ ਮੁਕਤਾ, ਪੰਨਾ, ਅਨਾਜ ਆਦਿ ਦੀਆਂ ਮਰਿਆਦਾਵਾਂ ਦਾ ਉਲੰਘਣ (5) ਕੁਪਤ ਪ੍ਰਮਾਣ ਅਤਿਕ੍ਰਮਣ— ਕਪੜੇ, ਭਾਂਡੇ, ਮੰਜੇ ਬਿਸਤਰੇ ਆਦਿ ਘਰੇਲੂ ਵਸਤਾਂ ਦੀ ਮਰਿਆਦਾਵਾਂ ਦਾ ਉਲੰਘਣ । 49 ।

ਇਸਤੋਂ ਬਾਅਦ ਦਿਸ਼ਾਵਰਤ ਦੇ ਪੰਜ ਅਤਿਚਾਰ ਜਾਨਣ ਯੋਗ ਤਾਂ ਹਨ ਪਰ ਗ੍ਰਹਿਣ ਕਰਨ ਯੋਗ ਨਹੀਂ । ਉਹ ਇਸ ਪ੍ਰਕਾਰ ਹਨ (1) ਉਰਧਵ ਅਧਿਕ ਪ੍ਰਮਾਣ ਅਤਿਕ੍ਰਮ—ਉਰਧਵ ਦਿਸ਼ਾ ਸ਼ਬਧੀ ਮਰਿਆਦਾਵਾਂ ਦਾ ਉਲੰਘਣ (2) ਅਧੋਅਦਿਕ ਪ੍ਰਮਾਣ ਅਤਿਕ੍ਰਮ—ਹੇਠਾਂ ਵਲ ਦੀ ਦਿਸ਼ਾ ਦੀ ਮਰਿਆਦਾ ਦਾ ਉਲੰਘਣ (3) ਤ੍ਰਿਯਾਗਾਦਿਕ ਪ੍ਰਮਾਣ ਅਤਿਕ੍ਰਮ : ਤਿਰਛੀ ਦਿਸ਼ਾਵਾਂ ਸਬੰਧੀ ਮਰਿਆਦਾਵਾਂ ਦਾ ਉਲੰਘਣ (4) ਖੇਤਰਵ੍ਰਿਧੀ ਵਪਾਰ ਲਈ ਨਿ ਸ਼ਚਿਤ ਹੱਦ ਦੀ ਉਲੰਘਣਾ (5) ਸਮ੍ਰਿਤਿ ਅੰਤਰਧਾਨ—ਦਿਸ਼ਾ ਆਦਿ ਦੀ ਮਰਿਆਦਾ ਨੂੰ ਭੁਲ ਜਾਨਾ । 50 ।

---

ਪਾਠ ਨੰ. 50 ਦੀ ਟਿਪਣੀ ।

ਇਸ ਵਰਤ ਤੋਂ ਭਾਵ ਹੈ ਕਿ ਉਪਾਸ਼ਕ ਵਿਉਪਾਰ ਲੜਾਈ ਆਦਿ ਨਿਜੀ ਸਵਾਰਥਾਂ, ਕੰਮਾਂ ਲਈ ਨਿਸਚਿਤ ਹੱਦ ਤੋਂ ਜ਼ਿਆਦਾ ਸਫ਼ਰ ਨਾ ਕਰੇ । ਇਸ ਵਰਤ ਦਾ ਪਹਿਲਾਂ ਕੋਈ ਵਰਣਨ ਨਹੀਂ ਮਿਲਦਾ, ਜਦ ਇਸ ਪਾਠ ਦੇ ਸ਼ੁਰੂ ਵਿਚ ਆਨੰਦ ਉਪਾਸਕ ਇਹ ਵਰਤ ਗ੍ਰਹਿਣ ਕਰਦਾ ਹੈ ਤਾਂ ਇਸ ਵਰਤ ਦਾ ਕੋਈ ਜ਼ਿਕਰ ਨਹੀਂ । ਜੈਨ ਆਚਾਰੀਆ ਸ਼੍ਰੀ ਆਤਮਾ ਰਾਮ ਜੀ ਮਹਾਰਾਜ ਨੇ ਆਪਣੀ ਸ਼੍ਰੀ ਉਪਾਸਕ ਦਸ਼ਾਂਗ ਸੂਤਰ ਦੀ ਟੀਕਾ ਵਿਚ ਲਿਖਿਆ ਹੈ ਇੰਝ ਲਗਦਾ ਹੈ ਕਿ ਆਨੰਦ ਨੇ ਇਹ ਵਰਤ ਸਵੀਕਾਰ ਨਹੀਂ ਕੀਤਾ । ਇਸ ਵਰਤ ਦਾ ਮੁਖ ਉਦੇਸ਼ ਵਿਦੇਸ਼ਾਂ ਵਿਚ ਵਿਉਪਾਰ ਕਰਨ ਵਾਲਿਆਂ ਨਾਲ ਅਤੇ ਰਾਜੇ ਮਹਾਰਾਜਿਆ ਨਾਲ ਹੈ । ਆਨੰਦ ਪਾਸ ਭਾਵੇਂ ਅਨੇਕਾਂ ਸਮਾਨ ਢੋਣ ਦੇ ਸਾਧਨ, ਬੈਲ ਗੱਡੀਆਂ ਅਤੇ ਕਿਸ਼ਤੀਆਂ ਸਨ ਪਰ ਉਸ਼ਦੇ ਵਿਦੇਸ਼ ਜਾਣ ਦਾ ਵਰਣਨ ਨਹੀਂ ।

ਟੀਕਾਕਾਰ ਨੇ ਆਪਣਾ ਮਤ ਇਸ ਬਾਰੇ ਇੰਜ ਪ੍ਰਗਟ ਕੀਤਾ ਹੈ ।

दिग्व्रतं शिक्षाव्रतानि च यद्यपि पूर्वं नोक्तानि तथापि तत्र तानि द्रष्टव्यानि अतिनारभणनस्यान्यथा निरवकाशता स्यादिहेति कथमन्यथा प्रागुक्तं—'दुवालसविहं सावगधम्म पडिवज्जई सामि' इति कथ वा वक्ष्यति समायिकादीनामित्वरकालात्वेन प्रतिनियतकालकरणीयत्वान्न तदैव तान्य सौ प्रतिपन्नवान दिग्व्रतं न विरतेर भावाद् उचितावसरे तु प्रतिपत्स्यत इति भगवतदातचारवर्जनोपदेशमुपपन्नं यच्चोक्तं द्वादशविधं गृहिधर्मं प्रतिपत्स्य यच्च वक्ष्यति "द्वादशविधं श्रावकधर्मं प्रतिपद्यते तद् यथाकालं तत्करणभ्युपगमादनवद्यभवसेयमिति ।

ਇਸਤੋਂ ਬਾਅਦ ਉਪਭੋਗ—ਪਰਿਭੋਗ ਪਰਿਮਾਣ ਵਰਤ ਦਾ ਉਪਦੇਸ਼ ਹੈ ਇਹ ਦੋ ਪ੍ਰਕਾਰ ਦਾ ਹੈ (1) ਭੋਜਨ ਨਾਲ (2) ਕੰਮ ਨਾਲ। ਪਹਿਲੇ ਭੋਜਨ ਸੰਬੰਧੀ ਉਪਭੋਗ ਪਰਿ-ਭੋਗ ਪਰਿਮਾਣ ਵਰਤ ਦੇ ਪੰਜ ਅਤਿਚਾਰ ਹਨ।

(1) ਸਚਿਤ ਅਰਜੀਵਾਂ ਵਾਲੀ ਵਸਤੂ ਖਾਨਾਂ।

(2) ਸਚਿਤ ਪ੍ਰਤਿਵਧਾਹਾਰ ਸਚਿਤ ਨਾਲ ਲਗੀ ਚੀਜ਼ ਗ੍ਰਹਿਣ ਕਰਨਾ।

(3) ਅਪਕਵੋਸ਼ਧੀ ਭਕਸ਼ਣਤਾ—ਕੱਚੀ ਬਨਾਸਪਤੀ ਭਾਵ ਹਰੀ ਸਬਜੀ, ਫਲ, ਸਾਗ ਆਦਿ ਖਾਣਾ।

(4) ਦੁਸ਼ਪਕੌਪੀਭਕਸ਼ੁਨਤਾ—ਪੂਰੀ ਤਰਾਂ ਨਾ ਪੱਕੀ ਹੋਈ ਬਨਾਸਪਤੀ ਖਾਨਾ।

(5) ਤੁੱਛੋਸ਼ਭੀਪਕਸ਼ੁਨਤਾ—ਕੱਚੀ ਮੂੰਗਫਲੀ ਖਾਣਾ।

ਕਰਮ (ਕੰਮ) ਸੰਬੰਧੀ ਉਪਭੋਗ ਪਰਿਭੋਗ ਪਰਿਮਾਨ ਵਰਤ ਦੇ 15 ਕਰਮਾਦਾਨ (ਧੰਦੇ) ਸ਼੍ਰਾਵਕ ਨੂੰ ਜਾਨਣ ਯੋਗ ਤਾਂ ਹਨ ਪਰ ਗ੍ਰਹਿਣ ਕਰਨ ਯੋਗ ਨਹੀਂ।

(1) ਅੰਗਾਰ ਕਰਮ ਕੋਲਾ ਬਣਾਕੇ ਵੇਚਣਾ।

(2) ਬਨਕਰਮ—ਹਰੇ ਜੰਗਲ ਨੂੰ ਕਟਣ ਦਾ ਕੰਮ ਜਾਂ ਸਾਫ ਕਰਨ ਦਾ ਕੰਮ, ਜਿਨ੍ਹਾਂ ਕ ਾਰਣ ਅਨੇਕਾਂ ਜੀਵਾਂ ਦਾ ਆਸਰਾ ਖਤਮ ਹੋ ਜਾਂਦਾ ਹੈ ਅਤੇ ਜੀਵ ਹਿੰਸਾ ਵੀ ਹੁੰਦੀ ਹੈ।

(3) ਸ਼ਾਕਟਿਕ ਕਰਮ—ਗੱਡਾ ਆਦਿ ਸਵਾਰੀਆਂ ਬਨਾ ਕੇ ਵੇਚਨਾ ਅਤੇ ਕਿਰਾਏ ਤੇ ਦੇਣਾ।

(4) ਭਾਟੀ ਕਰਮ—ਰੱਥ ਗੱਡੇ ਆਦਿ ਕਿਰਾਏ ਤੇ ਦੇਣਾ।

(5) ਸਫੋਟਿ ਕਰਮ—ਖਾਨ ਖੋਦਨਾ, ਪੱਥਰ ਤੋੜਨਾ।

---

ਪਾਠ ਨੰ: 51 ਦੀ ਟਿੱਪਣੀ।

ਇਸਤੋਂ ਭਾਵ ਹੈ ਦਿਗਵਰਤ ਅਤੇ ਸਿਖਿਆ ਵਰਤ ਭਾਵੇਂ ਪਹਿਲਾਂ ਨਹੀਂ ਕਹੇ ਗਏ ਫਿਰ ਵੀ ਖੋਜ ਕਰ ਲੈਣੀ ਚਾਹੀਦੀ ਹੈਂ ਨਹੀਂ ਤਾਂ ਅਤਿਆਚਾਰ ਦਾ ਉਪਦੇਸ਼ ਬੇਅਰਥ ਹੋਵੇਗਾ। ਇਸ ਤੋਂ ਬਿਨਾਂ ਪਹਿਲਾਂ ਆਖਿਆ ਗਿਆ ਹੈ ਕਿ ਮੈਂ 12 ਪ੍ਰਕਾਰ ਦੇ ਸ਼੍ਰਾਵਕ ਧਰਮ ਨੂੰ ਸਵੀਕਾਰ ਕਰਾਗਾ ਅਤੇ ਅਗੇ ਆਖਿਆ ਜਾਨ ਵਾਲਾ 12 ਪ੍ਰਕਾਰ ਦਾ ਸ਼੍ਰਾਵਕ ਧਰਮ ਗ੍ਰਹਿਣ ਕਰ ਲਿਆ।

(6) ਦੰਤ ਵਣਿਜ—ਹਾਥੀ ਦੰਦ ਦਾ ਵਿਉਪਾਰ ।

(7) ਲਾਖ ਵਾਣਿਜ—ਲਾਖ ਆਦਿ ਦਾ ਵਿਉਪਾਰ ।

(8) ਰਸਵਣਿਜ—ਸ਼ਰਾਬ ਆਦਿ ਦਾ ਵਿਉਪਾਰ ।

(9) ਵਿਸ਼ ਵਣਿਜ—ਸੋਮਲ ਆਦਿ ਜ਼ਹਿਰਾਂ ਦਾ ਵਿਉਪਾਰ ।

(10) ਕੇਸ਼ ਵਣਿਜ—ਬਾਲਾਂ ਦਾ ਵਿਉਪਾਰ ।

(11) ਯੰਤਰ ਪੀੜਨ—ਕੋਹਲੂ, ਚੱਕੀ ਆਦਿ ਚਲਾਉਣ ਦਾ ਕੰਮ ।

(12) ਨਿਰਲਾਛਣ ਕਰਮ—ਬੈਲ ਆਦਿ ਨੂੰ ਖੱਸੀ ਕਰਨ ਦਾ ਕੰਮ ।

(13) ਦਾਵਾਅਗਨੀ ਦਾਪਨ ਕਰਮ— ਜੰਗਲ ਨੂੰ ਅੱਗ ਲਾਉਣ ਦਾ ਠੇਕਾ ਲੈਣਾ ।

(14) ਸਰੋਹਰਿਦਤੜਾਗ ਸ਼ੋਸਨ—ਖੂਹ, ਤਲਾਓ, ਝੀਲ ਆਦਿ ਨੂੰ ਸੁਕਾਉਣ ਦਾ ਠੇਕਾ ਲੈਣਾ ।

(15) ਅਸਤੀ ਜਨਪੋਸ਼ਨ—ਵੇਸ਼ਿਆ ਆਦਿ ਚਾ ਰਿਤਰਹੀਨ ਔਰਤਾਂ ਜਾਂ ਸਿਕਾਰੀ ਕੁੱਤੇ ਬਿਲੀਆਂ ਆਦਿ ਹਿੰਸਕ ਜੀਵਾਂ ਨੂੰ ਹਿੰਸਾ ਤੇ ਸ਼ਿਕਾਰ ਤੇ ਵਿਭਚਾਰ ਲਈ ਰਖਣ ਦਾ ਵਿਉਪਾਰ ।52।

---

ਇਹ ਆਖਣਾ ਸੰਗਤ ਨਹੀਂ ਬੈਠੇਗਾ ਕਿ ਸਮਾਇਕ ਆਦਿ ਵਰਤ ਨਿਸ਼ਚਿਤ ਸਮੇਂ ਲਈ ਹੁੰਦੇ ਹਨ ਅਤੇ ਨਿਯਤ ਸਮੇਂ ਤੇ ਹੀ ਗ੍ਰਹਿਣ ਕੀਤੇ ਜਾਂਦੇ ਹਨ ਇਹ ਵਰਤ ਆਨੰਦ ਨੇ ਉਸ-ਸਮੇਂ ਗ੍ਰਹਿਣ ਨਹੀਂ ਕੀਤੇ । ਇਸੇ ਪ੍ਰਕਾਰ ਹੋ ਸਕਦਾ ਹੈ, ਬੇਧਿਆਨ ਹੋਣ ਕਾਰਣ ਆਨੰਦ ਨੇ ਦਿਸ਼ਾਵਰਤ ਗ੍ਰਹਿਣ ਨਾ ਕੀਤਾ ਹੋਵੇ ਫਿਰ ਵੀ ਭਵਿੱਖ ਵਿੱਚ ਗ੍ਰਹਿਣ ਕਰੇਗਾ । ਇਸ ਲਈ ਅਤਿਚਾਰਾਂ ਦਾ ਉਪਦੇਸ਼ ਭਗਵਾਨ ਨੇ ਜਰੂਰੀ ਦੇਣਾ ਸਮਝਿਆ । ਅਜਿਹੀ ਹਾਲਤ ਵਿਚ ਇਸ ਪ੍ਰਕਾਰ ਕਿਹਾ ਗਿਆ ਹੈ ਕਿ ਮੈਂ 12 ਪ੍ਰਕਾਰ ਦੇ ਵਰਤ ਸਵੀਕਾਰ ਕਰਾਂਗਾ ਜਾਂ ਅੱਗੇ ਆਉਣ ਵਾਲੇ ਸਮੇਂ ਸ਼੍ਰਾਵਕ ਦੇ 12 ਵਰਤ ਗ੍ਰਹਿਣ ਕਰ ਲਵੇ । ਇਸ ਉਸ ਸਮੇ ਵਰਤ ਗ੍ਰਹਿਣ ਕਰਨ ਦੀ ਦਰਿਸ਼ਟੀ ਤੋਂ ਜਾਨਣਾ ਚਾਹੀਦਾ ਹੈ । ਇਥੇ ਕਿਸੇ ਪ੍ਰਕਾਰ ਦੀ ਅਸੰਗਤੀ ਨਹੀਂ । ਭਾਵ ਆਨੰਦ ਦੇ ਬਿਨਾਂ ਪੁਛੇ ਭਗਵਾਨ ਨੇ ਇਹ ਵਰਤ ਗ੍ਰਹਿਣ ਕੀਤਾ ।

(2) ਮਨ ਲਵੋ ਕਿਸੇ ਨੇ ਇਕ ਪਾਸੇ 100 ਯੋਜਨ ਅਤੇ ਦੂਸਰੇ ਪਾਸੇ 10 ਯੋਜਨ

ਦੀ ਹੱਦ ਨਿਸਚਿਤ ਕੀਤੀ। ਉਸਨੂੰ ਦਸ ਯੋਜਨ ਵਾਲੀ ਦਿਸਾ ਵੱਲ ਵਧਨ ਦੀ ਜਰੂਰਤ ਹੋਈ ਤਾਂ ਉਸਨੇ 100 ਯੋਜਨ ਵਾਲੀ ਹੱਦ ਵਿਚੋਂ 10 ਯੋਜਨ ਘਟ ਕਰ ਦਿਤੇ ਇਹ ਖੇਤਰ ਵਿਰਧੀ ਹੈ।

1. ਸਇ ਅ੍ਰੰਤਰਦ੍ਧਾਤ੍ਤਿ ਦਾ ਅਰਥ ਟੀਕਾਕਾਰ ਨੇ ਇਸ ਪ੍ਰਕਾਰ ਕੀਤਾ ਹੈ। स्मृत्य तर्धा—स्मृत्यन्तर्धान स्मृतिभ्रंश: किम या व्रतं गृहीतं शतमर्यादाया पच्चा शन्मयदिया वा इत्येमव स्मरणे योजनशत मर्यादायामपि पंचाशत मति क्रामोऽयमक्तिनारोऽन्सेय इति ५।

ਅਰਥਾਤ ਵਰਤ ਦੀ ਵਰਿਆਦਾ ਭੁਲ ਜਾਨਾ। ਮੈਂ 100 ਯੋਜਨ ਦੀ ਹਦ ਨਿਸ਼ਚਿਤ ਕੀਤੀ ਹੈਜਾਂ 50 ਯੋਜਨ, ਇਸ ਪ੍ਰਕਾਰ ਭੁਲ ਜਾਣ ਤਾਂ ਦੋਸ ਲਗਦਾ ਹੈ ਭਾਵੇਂ ਹੱਦ 100 ਯੋਜਨ ਦੀ ਥਾਂ 50 ਯੋਜਨ ਹੋਵੇ।

2. ਸਚਿਤ ਆਹਾਰ ਵਾਰੇ ਟੀਕਾਕਾਰ ਨੇ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟ ਕੀਤੇ ਹਨ 'सचित्तहारे' त्ति संचेतनाहार पृथिव्यप्कायवनस्पतिकाय जीव शरीरिणां सचेतनानामभ्यवहरणमित्यर्थ: अयं चतिचार: कृतसचित्तहार-प्रत्याख्यानस्य कृततत्परिमाणस्य वाऽनाभोगा दिना प्रत्याख्यातं सचेतनं भक्षयतस्तद्वा प्रतित्यातिक्रमादौ वर्त्तमानस्य।

3. ਸਚਿਤਪੜਿਬੱਧਾਹਾਰੇ—ਇਸਤੋਂ ਭਾਵ ਹੈ ਅਜਿਹੀ ਚੀਜ ਖਾਣਾ ਜੋ ਸਚਿਤ ਪਦਾਰਥ ਨਾਲ ਲਗੀ ਹੋਈ ਹੋਵੇ। ਇਸ ਬਾਰੇ ਟੀਕਾਕਾਰ ਦਾ ਕਥਨ ਹੈ। सचित्त पडिवद्धाहारे त्ति सचित्तोवृक्षादौ प्रतिवद्धस्य गुन्दादेरभ्यवहरणम् अथवा सचित्ते—अस्थिके प्रतिवृद्धं यत्पक्वमचेतनं खर्जु फलादि तस्य सास्थिकस्य कटाह मचेतनं भक्षयिष्यामीतरत्परिहरिष्यामि इति भावनया मुखे क्षेपणमिति, एतस्य चातित्चारत्व व्रतसापेक्षत्वादिति। ਸਚਿਤ ਪੜਿਹਾਰੇ ਤੋਂ ਭਾਵ ਹੈ ਜਿਵੇਂ ਦਰਖਤ ਨਾਲ ਲਗੀ ਗੂੰਦ, ਅੰਬ, ਖਜੂਰ ਆਦਿ ਦੀ ਗਠਲੀ ਸਚਿਤ ਹੁੰਦੀ ਹੈ ਪਰ ਗੁੱਦਾ ਰਸ ਆਦਿ ਬਾਹਰਲਾ ਭਾਗ ਅਚਿੱਤ। ਇਹ ਅਤਿਚਾਰ ਵੀ ਉਸ ਲਈ ਹੈ ਜਿਸ ਨੇ ਸਚਿੱਤ ਵਸਤਾਂ ਦੀ ਮਰਿਆਦਾ ਨਿਸ਼ਚਿਤ ਕੀਤੀ ਹੈ।

4. ਅਪਕਬੋਸ਼ਧੀ ਭਕਸ਼ਨਤਾ ਤੋ ਭਾਵ ਕੱਚਾ ਫੱਲ, ਕੱਚੇ ਛੋਲੇ ਆਦਿ ਹੈ ਔਸ਼ਧੀ ਦੀ ਥਾਂ ਔਦਨ ਪਾਠ ਵੀ ਮਿਲਦਾ ਹੈ ਜਿਸ ਤੋਂ ਭਾਵ ਅੱਧ ਪੱਕਾ ਜਾਂ ਕੱਚਾ ਚਾਵਲ ਖਾਣਾ।

5. ਦੁਸ਼ਪਕਬਔਸ਼ਧੀਭਕਨਸ਼ਤਾ ਤੋ ਭਾਵ ਹੈ ਦੇਰ ਨਾਲ ਪਕਣ ਵਾਲੀ ਦਵਾਈ

ਇਸਤੋਂ ਬਾਅਦ ਅਨੰਰਥ ਦੰਡ ਵਿਰਮਣ ਵਰਤ ਦੇ ਪੰਜ ਅਤਿਚਾਰ ਜਾਨਣ ਯੋਗ ਹਨ ਪਰ ਗ੍ਰਹਿਣ ਕਰਨ ਯੋਗ ਨਹੀਂ ਉਹ ਅਤਿਚਾਰ ਇਸ ਪ੍ਰਕਾਰ ਹਨ।

1. ਕਦੰਰਯ : ਕਾਮ ਭੋਗਾਂ ਦੀ ਗੱਲਾਂ ਕਰਨਾ ਜਾਂ ਅਜਿਹੀਆਂ ਹਰਕਤਾਂ ਕਰਨਾ।

2. ਕੋਤਕੁਚਯ-ਨਕਲੀਆਂ ਦੀ ਤਰਾਂ ਹਰਕਤਾਂ ਕਰਨਾ।

3 ਮੋਖਰਯ—ਝੂਠੀ ਸ਼ੇਖੀ ਮਾਰਨਾਂ ਜਾਂ ਫਜ਼ੂਲ ਗੱਲਾਂ ਕਰਨਾ।

4. ਸੰਯੁਕਤਾਧਿਕਰਣ—ਹਥਿਆਰ ਜਾਂ ਹੋਰ ਹਿੰਸਕ ਸਾਧਨ ਇਕਠੇ ਕਰਨਾ।

5 ਉਪਭੋਗ ਪਰਿਭੋਗ ਅਤਿਰੇਕ—ਨਿਤ ਵਰਤੋਂ ਦੀਆਂ ਚੀਜ਼ਾਂ ਨਿਸ਼ਚਿਤ ਹੱਦ ਤੋਂ ਜਿਆਦਾ ਰਖਣਾ।52।

---

ਨੂੰ ਗਲਤੀ ਨਾਲ ਪੱਕੀ ਜਾਨਕੇ ਕੱਚੀ ਹੀ ਗ੍ਰਹਿਣ ਕਰ ਲੈਣਾ। ਉਪਰੋਕਤ ਪੰਜ਼ ਅਤਿਚਾਰ ਸ਼੍ਰਾਵਕ ਦੇ ਖਾਣ ਪਾਨ ਸੰਬੰਧੀ ਹਨ ਅਸਾਵਧਾਨੀ ਜਾਂ ਗਫਲਤ ਕਾਰਣ ਇਨ੍ਹਾਂ ਦਾ ਉਲਘੰਣ ਅਤਿਚਾਰ ਹੈ ਪਰ ਜਾਣ ਬੁਝ ਕੇ ਉਲੰਘਣ ਕਰਨ ਨਾਲ ਵਰਤ ਟੁਟ ਜਾਂਦਾ ਹੈ ਟੀਕਾਕਾਰ ਨੇ ਰਾਤਰੀ ਭੋਜਨ ਮਧ ਸ਼ਰਾਬ ਮਾਸ ਦੀ ਵਰਤੋਂ ਨੂੰ ਵੀ ਇਸੇ ਸ਼੍ਰੇਣੀ ਵਿਚ ਲੈ ਲਿਆ ਹੈ।

ਪਾਠ ਨੰ: 52 ਦੀ ਟਿਪਣੀ।

1. 15 ਕਰਮਾਦਾਨਾ ਵਾਰੇ ਅਚਾਰੀਆ ਸ਼੍ਰੀ ਹੇਮ ਚੰਦਰ ਜੀ ਨੇ ਆਪਣੇ ਯੋਗ ਸ਼ਾਸਤਰ ਸਲੋਕ 98-113 ਤਕ ਵਿਸਥਾਰ ਨਾਲ ਚਾਨਣਾ ਪਾਇਆ ਹੈ।

ਇਥੇ ਸਰ, ਹਰਦ, ਅਤੇ ਤੜਾਂਗ ਦੇ ਭੇਦ ਦਸੇ ਗਏ ਹਨ।

ਸਰ ਅਜਿਹੀ ਝੀਲ ਜੋ ਆਖਣੇ ਆਪ ਫੈਲ ਜਾਵੇ।

ਹਰਦ ਨੰਦ ਦਾ ਉਹ ਹੇਠਲਾ ਭਾਗ।

ਤੜਾਂਗ ਬਨਾਉਟੀ ਝੀਲ।

2. ਅਸਿਯਤੀਜਨ ਪੋਸ਼ਨਤਾ—ਵਿਭਚਾਰ ਦੇ ਲਈ ਵੇਸ਼ਯਾ ਵਿਰਤੀ ਕਰਾਉਣ ਅਤੇ ਸ਼ਿਕਾਰ ਲਈ ਕੁੱਤੇ, ਬਿੱਲੀਆਂ ਪਾਲਣਾ। ਇਸ ਅਤਿਚਾਰ ਵਾਰੇ ਸ਼੍ਰੀ ਭਗਵਤੀ ਸੂਤਰ ਅਤੇ ਸ਼੍ਰੀ ਉਪਾਸਗ ਦਸਾਂਗ ਵਿਰਤੀਆਂ ਵਿਚ ਇਸ ਪ੍ਰਕਾਰ ਕਿਹਾ ਗਿਆ ਹੈ। ग्रसता जन-पोषणता-ग्रसतीजनस्यपोषण तभ्दटिकोप जीवानार्थं यत्तत्तथा एवमन्य-

ਇਸਤੋਂ ਬਾਅਦ ਸ੍ਰਮਣਾਂ ਦੇ ਉਪਾਸਕ ਦਾ ਸਮਾਇਕ ਵਰਤ ਹੈ। ਜਿਸ ਦੇ ਪੰਜ ਅਤਿਚਾਰ ਜਾਨਣ ਯੋਗ ਤਾਂ ਹਨ ਗ੍ਰਹਿਣ ਕਰਨ ਯੋਗ ਨਹੀਂ। ਮਨੋਦੁਸ਼ਪ੍ਰਣਿਧਾਨ। (मनोदुष्प्रणिधानं) ਮੰਨ ਦੀ ਕੁਵਰਤੋਂ ਕਰਨਾਂ।

(2) ਵਚੋਦੁਸ਼ਪਣਿਧਾਨ (वचोदुष्प्राणिधान) ਬਚਨ ਦੀ ਕੁਵਰਤੋਂ।

(3) ਕਾਇਆਦੁਸ਼ਪ੍ਰਣਿਧਾਨ (कायादुष्प्राणिधानं) ਸਰੀਰ ਦੀ ਵਰਤੋਂ।

(4) ਸਮਾਇਕ ਦੇ ਸਮੇ ਦਾ ਧਿਆਨ ਨਾ ਰਖਣਾ ਜਾਂ ਭੁੱਲ ਜਾਣਾ।

(5) ਸਮਾਇਕ ਕਰਨ (अनवस्थित समायिक करण) ਸਮਾਇਕ ਨੂੰ ਗਲਤ ਢੰਗ ਨਾਲ ਕਰਨਾ।53।

---

दीप क्रूरकर्मकारिण: प्राणिन: तेषा पोषणमसती जनपोषण मेवेति। (उपासक दशांग सूत्र बृति) असई पोसणय त्ति दास्य: पोषणं तभ्दाटी ग्रहणाय अनेन न कुक्वट मार्जारदि क्षुद्रजीव पोषणमप्याक्षिप्तं दृश्य-मिति (भगवती सूत्रवृति)।

ਪਾਠ ਨੰ 53 ਦੀ ਟਿਪਣੀ।

सामाइयस्स (ਸਮਾਇਯਸ) ਤੋਂ ਭਾਵ ਹੈ समाइयस्स—त्ति समो राग-द्वेष वियुक्तो या सर्वभुतान्यात्मवत्मवपश्यति तस्य आय: प्रति-क्षण मपूर्वापुर्वज्ञानदर्शनचारित्रपर्याणां निरूपमसुखहेतुभुतानामध: कृत-चिन्तामणि कल्पद्रुमोपमानां लाभ: समाय: स प्रयोजनम स्यानुष्ठानस्यति सामायिकं तस्य—सावद्ययोगनिषेधरूपस्य, निरवद्ययोग प्रतिसेवन स्वभावस्य।

ਟੀਕਾਕਾਰ ਦਾ ਭਾਵ ਹੈ ਸਮਾਇਕ ਉਸ ਨੂੰ ਆਖਦੇ ਹਨ ਜਿਸ ਰਾਹੀ ਜੀਵਨ ਵਿਚ ਸਮਤਾ ਆਵੇ ਜੋ ਰਾਗ ਦਵੇਸ਼ ਕਾਰਣ ਜੀਵਨ ਵਿਚ ਘੁਸ ਜਾਂਦਾ ਹੈ, ਇਸ ਲਈ ਰਾਗ ਦਵੇਸ਼ ਨੂੰ ਛੱਡ ਕੇ ਸ਼ੁੱਧ ਆਤਮਾ ਵਿਚ ਘੁਮਨਾ ਹੀ ਸਮਾਇਕ ਹੈ। ਆਤਮਾ ਅਨੰਤ ਗਿਆਨ ਦਰਸ਼ਨ ਸੁਖ ਅਤੇ ਸ਼ਕਤੀ ਦਾ ਰੂਪ ਹੈ, ਸਮਾਇਕ ਨਾਲ ਜਿਥੇ ਰਾਗ, ਦਵੇਸ਼ ਸ਼ਾਂਤ ਹੁੰਦੇ ਹਨ ਉਥੇ ਗਿਆਨ, ਦਰਸ਼ਨ, ਚਾਰਿਤੱਰ ਆਦਿ ਗੁਣਾਂ ਦਾ ਵਾਧਾ ਹੁੰਦਾ ਹੈ। ਮੁਨੀ ਦੀ ਸਮਾਇਕ ਸਾਰੀ ਉਮਰ ਦੀ ਹੈ ਪਰ ਗ੍ਰਹਿਸਥ ਦੀ ਸਮਾਇਕ ਘਟੋ ਘੱਟ ਇਕ ਮਹੂਰਤ (48 ਮਿੰਟ) ਦੀ ਹੁੰਦੀ ਹੈ।

2. ਸਮਾਇਕ ਵਰਤ ਦਾ ਬਹੁਤ ਮਹੱਤਵ ਹੈ ਮਨ ਦੇ ਇਕਾਗਰ ਕੀਤੇ ਬਿਨਾਂ ਸਮਾਇਕ ਕਰਨ ਦਾ ਉਦੇਸ਼ ਹਲ ਨਹੀਂ ਹੋ ਸਕਦਾ। ਸਮਾਇਕ ਵਿਚ ਘਰੇਲੂ ਗਲਾਂ ਕਰਨਾ ਲੋਕਾਂ ਦਾ ਬੁਰਾ ਭਲਾ ਸੋਚਨਾ, ਰਾਗ ਤੇ ਦਵੇਸ਼ ਹੀ ਇਸੇ ਦੇ ਅਤਿਚਾਰ ਦਾ ਅੰਗ ਹਨ ਮਨ ਦੇ 10 ਦੋਸ਼ ਹੋਰ ਹਨ।

(1) ਅਵਿਵੇਕ (अविवेक)—ਵਿਵੇਕ ਤੋਂ ਬਿਨਾਂ ਸਮਾਇਕ ਕਰਨਾ।

(2) ਯਸ਼ੋਵਾਂਛਾ (यशोवांछा)—ਇੱਜਤ ਜਾਂ ਜੱਸ਼ ਖਟਣ ਲਈ ਸਮਾਇਕ ਕਰਨਾ।

(3) ਲਾਭਵਾਂਛਾ (लाभवांछा)—ਲਾਭ ਲਈ ਸਮਾਇਕ ਕਰਨਾ।

(4) ਗਰਭ (गर्व)—ਅੰਹਕਾਰ ਨਾਲ ਸਮਾਇਕ ਕਰਨਾ।

(5) ਭੈ (भय)—ਡਰ ਕਾਰਣ ਸਮਾਇਕ ਕਰਨਾ।

(6) ਨਿਦਾਨ (निदान)—ਕਾਮ ਭੋਗ ਜਾਂ ਸੰਸਾਰਿਕ ਇਛਾਵਾਂ ਦੀ ਪੂਰਤੀ ਲਈ ਸਮਾਇਕ ਕਰਨਾ।

(7) ਸੰਸ਼ਯ (संशय)—ਸਮਾਇਕ ਦੇ ਚੰਗੇ ਫਲ ਵਾਰੇ ਸ਼ਕ ਕਰਨਾ।

(8) ਰੋਸ਼ (रोष)—ਸਮਾਇਕ ਵਿਚ ਕਰੋਧ, ਮਾਨ ਧੋਖਾ ਜਾਂ ਲੋਭ ਕਰਨਾ।

(9) ਅਵਿਨੈ (अविनय)—ਵਿਨੈ ਰਹਿਤ ਸਮਾਇਕ ਕਰਨਾ।

(10) ਅਬਹੁਮਾਨ (अबहुमान)—ਸਮਾਇਕ ਨੂੰ ਫਜ਼ੂਲ ਵਗਾਰ ਸਮਝਕੇ ਕਰਨਾ।

ਬਚਨ ਦੇ 10 ਦੋਸ਼ ਹੋਰ ਇਸ ਪ੍ਰਕਾਰ ਹਨ।

(1) ਕੁਵਚਨ (कुवचन) ਭੈੜੇ ਵਾਕ ਬੋਲਨਾ। (2) ਸਹਸਾਕਾਰ (सहसाकार) ਬਿਨਾਂ ਵਿਚਾਰੇ ਬੋਲਣਾ। (3) ਸਵਛੰਦ (स्वच्छन्द) ਸਮਾਇਕ ਵਿਚ ਰਾਗ ਰਾਗਨੀਆਂ ਗਾਨਾ। (4) ਸੰਖੇਪ (संक्षिप्त) ਸਮਾਇਕ ਦਾ ਪਾਠ ਸੰਖੇਪ ਜਾਂ ਅਧੂਰਾ ਪੜ੍ਹਨਾ। (5) ਕਲਹ (कलह) ਸਮਾਇਕ ਵਿਚ ਕਲੇਸ਼ ਕਰਨਾ। (6) ਵਿਕੱਥਾ (विकथा) ਰਾਜ ਕਥਾ, ਦੇਸ਼ ਕਥਾ, ਇਸਤਰੀ ਕਥਾ, ਭੋਜਨ ਕਥਾ ਕਰਨਾ। (7) ਹਾਸਯ (हास्य) ਸਮਾਇਕ ਵਿਚ ਹਾਸਾ, ਮਜ਼ਾਕ ਜਾਂ ਸ਼ੋਰ ਮਚਾਉਨਾ। (8) ਅਸ਼ੁੱਧ (अशुद्ध)—ਸਮਾਇਕ ਦਾ ਪਾਠ ਅਸ਼ੁੱਧ ਪੜਨਾ। (9) ਨਿਰਪੇਕਸ਼ਾ (निरपेक्षा)—ਬਿਨਾਂ ਵਿਚਾਰੇ ਬੋਲਨਾ। (10) ਮਮਨ (ममण) ਸਾਫ ਨਾ ਬੋਲਕੇ ਗੁਣਾ-ਗੁਣਾਕੇ ਬੋਲਣਾ।

ਕਾਇਆ ਦੇ 12 ਦੋਸ਼ ਇਸ ਪ੍ਰਕਾਰ ਹਨ ।

(1) ਕੁਆਸ਼ਨ (कुआसन)—ਸਮਾਇਕ ਵਿਚ ਗਲਤ ਆਸਨ ਵਿਚ ਬੈਠਨਾ, ਸੋਣਾ, ਸਹਾਰਾ ਲੈਕੇ ਬੇਠਣਾ ।

(2) ਚਲਆਸਨ (चलासन)—ਇਕ ਥਾਂ ਤੇ ਸਥਿਰ ਹੋਕੇ ਨਾਂ ਬੈਠਨਾ, ਥਾਂ ਬਦਲਣਾ ।

(3) ਚਲਦਰਿਸ਼ਟੀ (चलदृष्टि)—ਫਜ਼ੂਲ ਇਧਰ ਉਧਰ ਝਾਂਕਨਾਂ ।

(4) ਸਾਵਦ ਯ (सावद्य) ਸਮਾਇਕ ਵਿਚ ਦੋਸ਼ ਭਰਪੂਰ ਕੰਮ ਕਰਨਾ ।

(5) ਆਲੰਬਨ (आलंवन)—ਕੰਧ ਦੇ ਸਹਾਰੇ ਨਾਲ ਬੈਠਨਾ ਜਾਂ ਖੜੇ ਹੋਨਾ ।

(6) ਆਕੁੰਚਨ (आकुंचन प्रसारण)—ਬਿਨਾਂ ਕਾਰਣ ਹੱਥ ਪੈਰ ਫੈਲਾ ਕੇ ਬੈਠਨਾ ।

(7) ਆਲਸ (आलस)—ਅੰਗੜਾਈਆਂ ਲੈਣਾ ਜਾਂ ਆਲਸੀ ਹਰਕਤਾਂ ਕਰਨਾਂ ।

(8) ਮੋਟਨ (मोटन)—ਹਥਾਂ ਪੈਰਾਂ ਦੀਆਂ ਉਂਗਲੀਆਂ ਮਟਕਾਉਣਾ ।

(9) ਮਲ (मल) ਸ਼ਰੀਰ ਦੀ ਮੈਲ ਉਤਾਰਨਾ ।

(10) ਵਿਮਾਸਨ (विमासन)—ਦੁਖੀ ਹਾਲਤ ਵਿਚ ਬੈਠਨਾ ।

(11) ਨਿਦੱਰਾ (निद्रा)—ਸਮਾਇਕ ਵਿਚ ਸੌਣਾ ।

(12) ਵੈਯਾਵਰਤਯ (वैयावृत्य) ਸਮਾਇਕ ਵਿਚ ਬਿਨਾਂ ਕਾਰਨ ਸੇਵਾ ਕਰਾਉਣਾ ।

ਸਮਾਇਕ ਅਨਵੱਸਥਿਤ ਤਸਯਕਰਨਤਾ—ਇਸ ਬਾਰੇ ਟੀਕਾਕਾਰ ਦਾ ਕਥਨ ਹੈ ।]

'अणवट्ठियस करणय' त्ति अनवस्थितस्य अल्पकालीनस्यनियतस्य वा सामायिकस्य करणमनवस्थितकरणम्, अल्पकालकरणानन्तरे-मेवत्यजति यथाकथश्चिद्धा तत्करोतति भाव: ।

ਭਾਵ ਸਮਾਇਕ ਕਦੇ ਕਰਨਾ, ਕਦੇ ਨਾ ਕਰਨਾ, ਕਦੇ ਸਮੇ ਤੋਂ ਪਹਿਲਾਂ ਵਿਚਕਾਰ ਹੀ ਉਠ ਜਾਣਾ ਪਹਿਲੇ ਤਿੰਨ ਦੋਸ਼ਾਂ ਦਾ ਕਾਰਣ ਅਸਾਵਧਾਨੀ ਹੈ ਅੰਤਿਮ ਦੋਸ਼ ਦਾ ਕਾਰਣ ਪ੍ਰਮਾਦ ਹੈ ।

ਇਸਤੋਂ ਬਾਅਦ ਸ੍ਰਮਣਾਂ ਦੇ ਉਪਾਸਕ ਨੂੰ ਦੇਸ਼ ਅਵਕਾਸ਼ੀਕ ਵਰਤ ਦੇ ਪੰਜ ਅਤਿਚਾਰ ਜਾਨਣ ਤਾਂ ਯੋਗ ਹਨ, ਗ੍ਰਹਿਣ ਕਰਨ ਯੋਗ ਨਹੀ ਹੈ। ਉਹ ਇਸ ਪ੍ਰਕਾਰ ਹਨ।

(1) ਆਨਯਨ ਪ੍ਰਯੋਗ [आनयन प्रयोग]—ਨਿਸ਼ਚਿਤ ਸੀਮਾਂ ਤੋਂ ਬਾਹਰ ਵਸਤਾਂ ਮੰਗਾਉਣਾ।

(2) ਪ੍ਰੇਸ਼ਯ ਪ੍ਰਯੋਗ (प्रेष्य प्रयोग) ਬਾਹਰ ਦੇ ਕਿਸੇ ਆਦਮੀ ਨੂੰ ਵਸਤੂ ਮਗਾਉਣ ਦੇ ਬਦਲੇ ਭੇਜਨ ਕਰਾਉਣਾ।

(3) ਸ਼ਬਦਾਨੁਪਾਤ (शब्दानुपाद)—ਸ਼ਬਦਾਂ ਦੇ ਇਸ਼ਾਰੇ ਨਾਲ ਕੰਮ ਕਰਾਉਣ।

(4) ਰੁਪਾਨੁਪਾਤ (रूपानुपात)—ਅੱਖ ਦੇ ਇਸ਼ਾਰੇ ਰਾਹੀਂ ਕੰਮ ਕਰਾਉਣਾ।

(5) ਬਹੀ ਪੁੱਦਗਲ ਪਰਕਸ਼ੇਪ (वहि पुदगल प्रक्षेप)---ਬਾਹਰ ਕੋਈ ਚੀਜ਼ ਸੁਟ ਕੇ ਕੰਮ ਕਰਵਾਉਣਾ।54।

ਇਸਤੋਂ ਬਾਅਦ ਸ੍ਰਮਣਾ ਦੇ ਉਪਾਸਕ ਨੂੰ ਪੌਸ਼ਧ ਉਪਵਾਸ ਵਰਤ ਦੇ ਪੰਜ ਅਤਿਚਾਰ ਜਾਨਣ ਯੋਗ ਤਾਂ ਹਨ ਪਰ ਗ੍ਰਹਿਣ ਕਰਨ ਯੋਗ ਨਹੀਂ। ਉਹ ਪੰਜ ਅਤਿਚਾਰ ਇਸ ਪ੍ਰਕਾਰ ਹਨ।

(1) ਅਪ੍ਰਤਿਲੇਖਿਤ ਦੁਸਪ੍ਰਤਿਲੇਖਿਤ ਸੰਯਾਸੰਸਤਾਕ (अप्रतिलेखित दुष्प्रति-लेखित शंय्यासंतारक)—ਬਿਨਾਂ ਵੇਖੇ ਭਾਲੇ ਫੱਟੇ ਬਿਸਤਰੇ ਦਾ ਇਸਤੇਮਾਲ ਕਰਨਾ।

2. ਅਪ੍ਰਮਾਜਿਤ ਦੁਸ਼ਪ੍ਰਮਾਜਿਤ ਸੰਜਸੰਸਤਾਕ (अप्रमाजित दुष्यप्रमाजित शय्यासस्तरक)—ਸਾਫ ਕੀਤੇ ਬਿਨਾਂ ਜਾਂ ਚੰਗੀ ਤਰਾਂ ਸਾਫ ਕੀਤੇ ਬਿਨਾਂ ਫੱਟਾ ਬਿਸਤਰਾ ਇਸਤੇਮਾਲ ਕਰਨਾ।

(3) ਅਪ੍ਰਤਿਲੇਖਿਤ ਦੁਸ਼ਪ੍ਰਤਿਲੇਖਿਤ ਉਚਾਰ ਪ੍ਰਸਤਵਨ ਭੂਮੀ (अप्रतिलेखित दुष्प्रति लेखितोच्चार प्रस्त्रमण भूमि)—ਬਿਨਾਂ ਵੇਖੇ ਜਾਂ ਚੰਗੀ ਤਰਾਂ ਨਾਂ ਵੇਖੇ ਥਾਂ ਉਪਰ ਟੱਟੀ ਪਿਸਾਬ।

(5) ਪੋਸਧਉਪਵਾਸ ਸਮਿਅਗ ਅਨੁਪਾਲਣ (पोषधोपवास्य सम्यगतनु पालनम्—ਵਿਧੀ ਅਨੁਸਾਰ ਪੋਸਧ ਵਰਤ ਨਾ ਪਾਲਣਾ।55।

---

ਪਾਠ ਨੰ 55 ਦੀ ਟਿੱਪਣੀ।

ਇਸ ਵਰਤ ਦਾ ਨਾਂ 'ਦੇਸ਼ਅਵਕਾਸ਼ੀਕ ਵਰਤ' ਹੈ ਟੀਕਾਕਾਰ ਨੇ ਇਸ ਦਾ ਅਰਥ ਇਸ ਪ੍ਰਕਾਰ ਕੀਤਾ ਹੈ।

ਇਸਤੋਂ ਬਾਅਦ ਸ੍ਰਮਣਾਂ ਦੇ ਉਪਾਸਕ ਨੂੰ ਯਥਾਸੰਵਿਭਾਗ (यथासंविभाग) ਵਰਤ ਦੇ ਪੰਜ ਅਤਿਚਾਰ ਜਾਨਣ ਯੋਗ ਹਨ ਪਰ ਗ੍ਰਹਿਣ ਕਰਨ ਯੋਗ ਨਹੀਂ ਇਹ ਇਸ ਪ੍ਰਕਾਰ ਹਨ (1) ਸਚਿਤ ਨਿਕਸ਼ੇਪਣਤਾ (सचित्तनिक्षेपणता) ਦਾਨ ਨਾ ਦੇਣ ਦੇ ਇਰਾਦੇ ਨਾਲ ਭੋਜਨ ਸਾਮਗਰੀ ਵਿਚ ਸਚਿਤ (ਜੋ ਜੀਵ ਰਹਿਤ ਨਾ ਹੋਵੇ) ਭੋਜਨ ਮਿਲਾ ਦੇਣਾ (2) ਸਚਿਤਅਪਿਧਾਨ (सचित्तापिधानम्)—ਵਰਤੋਂ ਯੋਗ ਭੋਜਨ ਨੂੰ ਸਚਿਤ ਪਦਾਰਥਾਂ ਨਾਲ ਢਕ ਦੇਣਾ (3) ਕਾਲਅਤਿਕ੍ਰਮ (कालातिक्रम)—ਭੋਜਨ ਦਾ ਸਮਾਂ ਬੀਤਨ ਤੇ ਭੋਜਨ ਲਈ ਬੁਲਾਵਾ ਭੇਜਨਾ (4) ਪਰਵਯਉਪਦੇਸ਼ (परव्यपदेश)—ਚੀਜ਼ਾਂ ਨਾ ਦੇਣ ਦੇ ਇਰਾਦੇ ਨਾਲ ਆਪਣੀ ਚੀਜ਼ ਨੂੰ ਪਰਾਈ ਦਸਨਾ। (5) ਮਤਸਰਿਤਾ (मत्सरिता)—ਗੁਸੇ ਜਾਂ ਜਲਨ ਨਾਲ ਦਾਨ ਦੇਣਾ (ਭਾਵ ਉਸਨੇ ਦਾਨ ਦਿਤਾ ਹੈ ਮੈਂ ਕਿਉਂ ਨਾ ਦੇਵਾਂ ? ।56[1]

ਇਸ ਤੋਂ ਬਾਅਦ ਅਪਸ਼ਚਿਮ ਮਾਰਨਾਂਤਿਕ ਸੰਲੇਖਨਾ ਜੋਸ਼ਨਾ ਅਰਾਧਨਾ (अपश्चिम-मरणान्तिकसंलेखनाजोषणाऽऽराधनाया) ਨਾਮਕ ਵਰਤ ਦੇ ਪੰਜ ਅਤਿਚਾਰ ਜਾਨਣ ਯੋਗ ਹਨ ਪਰ ਗ੍ਰਹਿਣ ਕਰਨ ਯੋਗ ਨਹੀਂ ਹਨ।

(1) ਇਹਲੋਕ ਸ਼ੰਸਾਪ੍ਰਯੋਗ (इहलोकशंसाप्रयोग)—ਮਰ ਕੇ ਰਾਜਾ ਆਦਿ ਬਨਣ ਦੀ ਭਾਵਨਾ ਕਰਨਾ।

(2) ਪਰਲੋਕਾਸ਼ੰਸਾ ਪ੍ਰਯੋਗ (परलोकाशंसाप्रयोग)—ਮਰਨ ਬਾਅਦ ਸਵਰਗ ਵਿਚ ਜਾਕੇ ਸਵਰਗੀ ਸੁਖਾਂ ਦੀ ਇੱਛਾ ਕਰਨਾ।

(3) ਜੀਵਿਤਾਸ਼ੰਸਾ ਪ੍ਰਯੋਗ (जीविताशंसा प्रयोग)—ਮੌਤ ਦੇ ਡਰ ਤੋਂ ਜਿਉਣ ਦੀ ਇਛਾ ਕਰਨਾ।

---

'देसावगसियस्स' त्ति दिग्व्रतगृहीतादिक् परिमाणस्यैकदेशो देशस्तास्मिन्नवकाशो गमनादिचेष्टास्थानं देशावकाशस्तेन निर्वृत्त' देशावकाशिकं—पुर्वगृहीतदिग्व्रतसंक्षेपरूपं सर्वव्रतसंक्षेपरूपं चेति।

ਭਾਵ—ਕਿਸੇ ਖਾਸ ਖੇਤਰ ਤਕ ਦੀ ਹੱਦ ਨਿਸ਼ਚਿਤ ਕਰਨਾ, ਇਕ ਸ਼ਹਿਰ ਜਾਂ ਖੇਤਰ ਤੋਂ ਅੱਗੇ ਕਿਸੇ ਪ੍ਰਕਾਰ ਦਾ ਸੰਸਾਰਿਕ ਕੰਮ ਨਾ ਕਰਨਾ ਇਹ ਵਰਤ ਛੇਵੇਂ ਦਿਗਵਰਤ ਦਾ ਸੰਖੇਪ ਹੈ। ਦਿਗਵਰਤ ਵਿਚ ਦਿਸ਼ਾ ਸਬੰਧੀ ਮਰਿਆਦਾ ਕੀਤੀ ਜਾਂਦੀ ਹੈ ਜੋ ਕਿ ਸਾਰੇ ਜੀਵਨ ਲਈ ਹੁੰਦੀ ਹੈ ਪਰ ਉਪਰੋਕਤ ਮਰਿਆਦਾ ਦਿਨ ਰਾਤ ਦੀ ਹੁੰਦੀ ਹੈ।

ਪਾਠ ਨੰ 55 ਦੀ ਟਿੱਪਣੀ।

2. ਪੌਸ਼ਧ ਦਾ ਅਰਥ ਹੈ ਧਰਮ ਅਸਥਾਨ ਅਤੇ ਉਪਵਾਸ ਦਾ ਅਰਥ ਵਰਤ ਹੈ। ਵਰਤ ਵਿਚ ਚਾਰੇ ਤਰ੍ਹਾਂ ਦੇ ਭੋਜਨ ਦਾ ਤਿਆਗ ਹਰ ਪ੍ਰਕਾਰ ਦੇ ਸੰਸਾਰਿਕ ਕੰਮਾਂ ਨੂੰ ਛਡ

(4) ਮਰਨਾਸ਼ੰਸ਼ਾ ਪ੍ਰਯੋਗ (मरणाशंसा प्रयोग)—ਭੁੱਖ ਪਿਆਸ ਤੋਂ ਘਬਰਾ ਕੇ ਛੇਤੀ ਮਰਨ ਦੀ ਇਛਾ ਕਰਨਾ।

(5) ਕਾਮਭੋਗਾਸ਼ੰਸਾ ਪ੍ਰਯੋਗ (कामभोगाशंसा प्रयोग)—ਲੋਕ ਤੇ ਪਰਲੋਕ ਵਿਚ ਕਾਮ ਭੋਗਾਂ ਤੇ ਇੰਦਰੀਆਂ ਦੇ ਸੁਖਾਂ ਦੀ ਇਛਾ ਕਰਨਾ 57।

ਧਰਮ ਸਥਾਨ ਤੇ ਆਉਣਾ ਹੈ। ਹਾਰ ਸ਼ਿੰਗਾਰ ਤਿਆਗ ਕੇ ਧਰਮ ਅਰਾਧਨਾ ਕਰਨਾ ਅਤੇ ਬ੍ਰਹਮਚਰਯ ਦਾ ਪਾਲਨ ਕਰਨਾ। ਉਸ ਦਿਨ ਤੇ ਰਾਤ ਧਰਮ ਅਸਥਾਨ ਤੇ ਠਹਿਰਨਾ ਪੋਸ਼ਧ ਉਪਵਾਸ ਹੈ। ਹਰ ਮਹੀਨੇ ਦੀ 2, 5, 8, 11, 14 ਤਾਰੀਖਾਂ ਨੂੰ ਪੋਸ਼ਧ ਕਰਨਾ ਜ਼ਰੂਰੀ ਹੈ ਇਨ੍ਹਾਂ ਨੂੰ ਪਰਵ ਦਿਨ ਕਿਹਾ ਜਾਂਦਾ ਹੈ। ਵਿਰਤੀਕਾਰ ਨੇ ਪੋਸ਼ਧ ਬਾਰੇ ਆਪਣਾ ਮਤ ਪ੍ਰਗਟ ਕਰਦੇ ਇਓਂ ਫ਼ਰਮਾਇਆ ਹੈ।

**पोसहोववासस्स त्ति इह पोषधशब्दोऽष्टम्यादिपर्वसु रूढः तत्र पोषधे उपवासः पोषधोपवासः स चाहारादिविषयभेदाच्चतुर्विध इति तस्य**
ਪਾਠ ਨੰ 56 ਦੀ ਟਿੱਪਣੀ।

(1) ਉਪਰੋਕਤ ਵਰਤ ਤੋਂ ਭਾਵ ਹੈ ਭੋਜਨ ਦਾ ਸਹੀ ਢੰਗ ਨਾਲ ਬਟਵਾਰਾ। ਅਤਿਥੀ ਤੋਂ ਭਾਵ ਇਥੇ ਤਿਆਗੀ ਮੁਨੀਰਾਜ ਤੋਂ ਹੈ ਸ਼ਰਾਵਕ ਇਨ੍ਹਾਂ ਅਤਿਚਾਰਾਂ ਰਾਹੀਂ ਇਹ ਪ੍ਰਤਿਗਿਆ ਕਰਦਾ ਹੈ ਕਿ ਯੋਗ ਭਿਕਸ਼ੂ ਨੂੰ ਉਹ ਕਦੇ ਵੀ ਭਿਕਸ਼ਾ ਦੇਣ ਦੇ ਮਾਮਲੇ ਵਿਚ ਟਾਲਮਟੋਲ ਨਹੀਂ ਕਰੇਗਾ।

(2) ਸੰਲੇਖਨਾ ਸ਼ਬਦ ਜੈਨ ਧਰਮ ਦੀ ਖਾਸ ਦੇਣ ਹੈ। ਜੈਨ ਧਰਮ ਅਨੁਸਾਰ ਖਾਲੀ ਸਰੀਰ ਹੀ ਸਭ ਕੁਝ ਨਹੀਂ ਸਗੋਂ ਸਰੀਰ ਦੇ ਨਾਲ ਨਾਲ ਆਤਮ ਵਿਕਾਸ ਵੀ ਬਹੁਤ ਜ਼ਰੂਰੀ ਹੈ। ਸਾਧੂ ਜਾਂ ਗ੍ਰਹਿਸਥ ਦਾ ਸਰੀਰ ਜਦ ਤਕ ਆਤਮਾ ਸਾਧਨਾ ਵਿਚ ਸਹਾਇਕ ਹੈ ਤਦ ਤਕ ਠੀਕ, ਪਰ ਜਦੋਂ ਸਰੀਰ ਕਿਸੇ ਦੁਰਘਟਨਾ ਜਾਂ ਰੋਗ ਕਾਰਨ ਅਸਮਰਥ ਹੋ ਜਾਵੇ ਅਜਿਹੀ ਹਾਲਤ ਵਿਚ ਮਨੁਖ ਨੂੰ ਸਰੀਰ ਦਾ ਖਿਆਲ ਰਖ ਕੇ ਆਤਮ ਸਾਧਨਾ ਵਿਚ ਲੀਨ ਹੋ ਜਾਣਾ ਚਾਹੀਦਾ ਹੈ। ਭਾਵ ਜਦ ਮਨੁਖ ਨੂੰ ਆਪਣੀ ਮੌਤ ਨਜ਼ਦੀਕ ਵਿਖਾਈ ਦੇਵੇ ਤਾਂ ਬਹਾਦਰਾਂ ਦੀ ਤਰ੍ਹਾਂ ਮੌਤ ਦਾ ਸੁਆਗਤ ਕਰੇ, ਕਾਇਰਾਂ ਦੀ ਤਰ੍ਹਾਂ ਨਾ ਘਬਰਾਏ। ਸੰਲੇਖਨਾ ਵਰਤ ਵਿਚ ਆਤਮਾ ਦੀ ਸਾਧਨਾ ਕਰਨ ਵਾਲਾ, ਭੋਜਨ ਦਾ ਤਿਆਗ ਕਰ ਦਿੰਦਾ ਹੈ ਅਤੇ ਆਪਣੀ ਆਤਮਾ, ਧਿਆਨ ਸਮਾਧੀ ਵਿਚ ਸਥਾਪਿਤ ਕਰਦਾ ਹੈ ਉਸ ਸਮੇਂ ਨਾ ਤਾਂ ਉਹ ਸਵਰਗ ਦੀ ਕਾਮਨਾ ਕਰਦਾ ਹੈ ਨਾ ਨਰਕ ਦੀ, ਨਾ ਜਿਉਣ ਦੀ ਕਾਮਨਾ ਕਰਦਾ ਹੈ ਨਾ ਮਰਨ ਦੀ। ਸਾਧਕ ਕਾਮਨਾਵਾਂ ਤੋਂ ਉਪਰ ਉਠ ਕੇ ਪੰਜ ਪਰਮੇਸ਼ਟੀ (ਅਰਿਹੰਤ, ਸਿੱਧ, ਅਚਾਰੀਆ, ਉਪਾਧਿਆਇ ਅਤੇ ਸਾਧੂ) ਦਾ ਧਿਆਨ ਕਰਦਾ ਹੈ ਇਸ ਸਮੇਂ ਸਾਧਕ ਆਪਣੇ ਆਪ

(ਇਹ ਅਰਥ ਜੈਨ ਸਵੇਤਾਂਬਰ ਤੇਰਾਪੰਥੀ ਅਤੇ ਸਥਾਨਕਵਾਸੀ ਪਰੰਪਰਾ ਅਨੁਸਾਰ ਹੈ।)

ਇਸ ਤੋਂ ਬਾਅਦ ਆਨੰਦ ਗਾਥਾਪਤੀ ਨੇ ਸ਼੍ਰਮਣ ਭਗਵਾਨ ਮਹਾਵੀਰ ਤੋਂ ਪੰਜ ਅਣੂਵਰਤ ਅਤੇ ਸੱਤ ਸਿਖਿਆ ਵਰਤ ਰੂਪੀ ਬਾਰਾਂ ਪ੍ਰਕਾਰ ਦੇ ਸ਼੍ਰਾਵਕ ਧਰਮ (ਗ੍ਰਹਿਸਥ ਧਰਮ) ਸਵੀਕਾਰ ਕੀਤਾ। ਭਗਵਾਨ ਨੂੰ ਨਮਸਕਾਰ ਕਰਕੇ ਉਹ ਇਸ ਪ੍ਰਕਾਰ ਬੋਲਿਆ, "ਹੇ ਭਗਵਾਨ! ਅਜ ਤੋਂ ਮੈਂ ਨਿਰਗਰੰਥ ਸੰਘ ਤੋਂ ਛੁਟ ਹੋਰ ਸੰਘਾਂ ਨੂੰ ਅਨੁਯੂਥਿਕ (ਦੂਸਰੇ ਮਤਾਂ) ਦੇ ਦੇਵਤਿਆਂ ਨੂੰ, ਅਨੁਯੂਥਿਕ ਰਾਹੀਂ ਗ੍ਰਹਿਣ ਕੀਤੇ ਚੈਤਯ ਨੂੰ ਬੰਦਨਾ, ਨਮਸਕਾਰ ਨਹੀਂ ਕਰਾਂਗਾ, ਇਸ ਪ੍ਰਕਾਰ ਉਨ੍ਹਾਂ ਨੂੰ ਬਿਨਾ ਬੁਲਾਏ ਆਪਣੇ ਵਲੋਂ ਬੁਲਾਉਣਾ ਉਨ੍ਹਾਂ ਨੂੰ ਗੁਰੂ ਬੁੱਧੀ ਨਾਲ ਅਸਨ, ਪਾਨ, ਖਾਦਯ, ਸਵਾਦਯ (ਸਵਾਦੀ ਵਸਤਾਂ) ਅਹਾਰ ਦੇਣਾ ਅਜਿਹਾ ਦਾਨ ਦੇਣ ਲਈ ਉਨ੍ਹਾਂ ਮਤਾਂ ਦੇ ਗੁਰੂਆਂ ਨੂੰ ਬੁਲਾਵਾ ਦੇਣਾ, ਇਸ ਨੂੰ ਚੰਗਾ ਨਹੀਂ ਸਮਝਾਂਗਾ ਪਰ।

(1) ਰਾਜਾ ਦੇ ਆਖਣ ਤੇ, (2) ਸੰਘ ਦੇ ਆਖਣ ਤੇ (3) ਦੇਵਤੇ ਦੇ ਆਖਣ ਤੇ (4) ਤਾਕਤਵਰ ਦੇ ਆਖਣ ਤੇ (5) ਗੁਰੂਆਂ, ਮਾਂ ਪਿਓ ਦੇ ਆਖਣ ਤੇ (6) ਰੁਜ਼ਗਾਰ, ਲਈ ਜੇ ਮੈਨੂੰ ਅਜਿਹਾ ਕਰਨਾ ਪਵੇ ਤਾਂ ਇਨ੍ਹਾਂ ਨਿਯਮਾਂ ਦਾ ਉਲੰਘਣਾ ਹੋ ਸਕਦਾ ਹੈ (ਭਾਵ ਇਨ੍ਹਾਂ ਕਾਰਣਾਂ ਕਰਕੇ ਇਸ ਤਿਆਗ ਵਿਚ ਢੀਲ ਹੋ ਸਕਦੀ ਹੈ) ਮੈਂ ਨਿਰਗਰੰਥਾਂ (ਜੈਨ ਸਾਧੂਆਂ) ਸ਼੍ਰਮਣਾਂ ਨੂੰ ਪ੍ਰਾਸੁਕ, ਏਸ਼ਨੀਆ (ਸੁਧ) ਅਸਨ, ਪਾਨ, ਖਾਦਯ, ਸਵਾਦਯ, ਕਪੜੇ, ਭਾਂਡੇ, ਕੰਬਲ, ਪਾਦਪੋਛਣ (ਪੈਰ ਪੌਛਣ ਦਾ ਕਪੜਾ) ਫਲਕ (ਫੱਟਾ) ਸ਼ੈਯਾ (ਤਖਤ-ਪੋਸ਼) ਸੰਸਤਾਰ (ਘਾਹ ਦਾ ਵਿਛੌਣਾ) ਔਸ਼ਧ, ਭੈਸ਼ਜਯ (ਦਵਾਈ) ਦੇ ਕੇ ਉਨ੍ਹਾਂ ਦਾ ਸਤਿਕਾਰ ਕਰਦਾ ਹੋਇਆ ਜ਼ਿੰਦਗੀ ਗੁਜ਼ਾਰਾਂਗਾ। ।58।

(ਸ੍ਰੀ ਸ਼ਵੇਤਾਂਬਰ ਜੈਨ ਮੂਰਤੀ ਪੂਜਕ ਸੰਪ੍ਰਦਾਇ ਅਨੁਸਾਰ ਇਸ ਪਾਠ ਦਾ ਅਰਥ ਇਸ ਪ੍ਰਕਾਰ ਹੈ)

---

ਵਿਚ ਲੀਨ ਹੋ ਜਾਂਦਾ ਹੈ, ਸੰਸਾਰ ਦੇ ਸਭ ਪ੍ਰਾਣੀਆਂ ਤੋਂ ਖਿਮਾ ਯਾਚਨਾ ਕਰਦਾ ਹੈ।

ਸੰਲੇਖਨਾ ਦਾ ਅਰਥ ਹੈ ਸਾਰੇ ਸੰਸਾਰਿਕ ਕੰਮਾਂ ਦਾ ਤਿਆਗ ਇਸ ਨਾਲ ਦੋ ਵਿਸ਼ੇਸ਼ਨ ਹਨ ਅਪਸ਼ਚਿਮ ਅਤੇ ਮਾਰਨਾਂਤਿਕੀ। ਅਪਸ਼ਚਿਮਾਂ ਦਾ ਅਰਥ ਹੈ ਆਖਰੀ, ਭਾਵ ਇਸ ਤੋਂ ਬਾਅਦ ਕੋਈ ਕਰਤਵ ਬਾਕੀ ਨਹੀਂ ਰਹਿ ਜਾਂਦਾ।

ਮਰਨਾਂਤਿਕ ਤੋਂ ਭਾਵ ਹੈ ਮਰਨ ਤਕ ਚਲਣ ਵਾਲੀ ਜੋਸ਼ਨਾ ਦਾ ਅਰਥ ਹੈ ਪਰੇਮ ਜਾਂ ਸੇਵਨ ਕਰਨਾ। ਅਰਾਧਨਾ ਤੋਂ ਭਾਵ ਹੈ ਜੀਵਨ ਵਿਚ ਉਤਾਰਨਾ।

ਇਸ ਤੋਂ ਬਾਅਦ ਆਨੰਦ ਗਾਥਾਪਤੀ ਨੇ ਸ਼੍ਰਮਣ ਭਗਵਾਨ ਮਹਾਵੀਰ ਤੋਂ ਪੰਜ ਅਣੂ ਵਰਤ ਅਤੇ ਸੱਤ ਸਿਖਿਆ ਵਰਤ ਰੂਪੀ ਬਾਰਾਂ ਪ੍ਰਕਾਰ ਦੇ ਸ਼ਰਾਵਕ ਧਰਮ (ਗ੍ਰਹਿਸਥ ਧਰਮ) ਸਵੀਕਾਰ ਕੀਤਾ। ਭਗਵਾਨ ਨੂੰ ਨਮਸਕਾਰ ਕਰਕੇ, ਉਹ ਇਸ ਪ੍ਰਕਾਰ ਬੋਲਿਆ ਅਤੇ ਪ੍ਰਤਿਗਿਆ ਲਈ ਕਿ "ਹੇ ਭਗਵਾਨ ! ਅਜ ਤੋਂ ਮੈਂ ਅਨਯ ਤੀਰਥੀ (ਦੂਸਰੇ ਮਤਾਂ ਵਾਲੇ) ਨੂੰ, ਉਨ੍ਹਾਂ ਦੇ ਦੇਵਤਿਆਂ ਨੂੰ, ਉਨ੍ਹਾਂ ਰਾਹੀਂ ਸਵੀਕਾਰ (ਕਬਜ਼ੇ ਵਿਚ) ਕੀਤੇ ਅਰਿਹੰਤ (ਜੈਨ) ਚੈਤਯ (ਮੰਦਰ) ਨੂੰ ਨਮਸਕਾਰ ਕਰਨਾ ਯੋਗ ਨਹੀਂ ਸਮਝਾਂਗਾ। ਇਸ ਪ੍ਰਕਾਰ ਉਨ੍ਹਾਂ ਨੂੰ ਬਿਨਾ ਬੁਲਾਏ ਆਪਣੇ ਵਲੋਂ ਬੁਲਾਉਣਾ, ਉਨ੍ਹਾਂ ਨੂੰ ਗੁਰੂ ਬੁੱਧੀ ਨਾਲ ਅਸਨ, ਪਾਨ, ਖਾਦਯ, ਸਵਾਦਯ ਅਹਾਰ ਦੇਣਾ ਅਜਿਹਾ ਦਾਨ ਦੇਣ ਲਈ ਉਨ੍ਹਾਂ ਮਤਾਂ ਦੇ ਗੁਰੂਆਂ ਨੂੰ ਬੁਲਾਵਾ ਦੇਣਾ। ਇਸ ਨੂੰ ਚੰਗਾ ਨਹੀਂ ਸ਼ਮਝਾਂਗਾ ਪਰ ਰਾਜਾ ਦੇ ਆਖਣ ਤੇ, ਸੰਘ ਦੇ ਆਖਣ ਤੇ, ਦੇਵਤੇ ਦੇ ਆਖਣ ਤੇ, ਤਾਕਤਵਰ ਦੇ ਆਖਣ ਤੇ, ਗੁਰੂਆਂ ਮਾਂ ਪਿਓ ਦੇ ਆਖਣ ਤੇ, ਰੁਜਗਾਰ ਲਈ ਜੇ ਮੈਨੂੰ ਅਜਿਹਾ ਕਰਨਾ ਪਵੇ ਤਾਂ ਇਹ ਨਿਯਮ ਉਲਘੰਣਾ ਹੋ ਸਕਦਾ ਹੈ (ਭਾਵ ਇਨਾਂ ਕਾਰਨਾਂ ਕਰਕੇ ਇਸ ਨਿਯਮ ਵਿਚ ਢਿੱਲ ਹੋ ਸਕਦੀ ਹੈ) ਮੈਂ ਨਿਰਗਰੰਥਾਂ ਸ਼੍ਰਮਣਾਂ ਨੂੰ ਪਾਸੁਕ, ਏਸਨੀਆਂ (ਸ਼ੁਧ ਅਸਨ, ਪਾਨ ਖਾਦਯ, ਸਵਾਦਯ, ਕਪੜੇ, ਭਾਂਡੇ ਕੰਬਲ ਪਾਦ ਪੋਂਛਣ (ਪੈਰ ਪੂੰਛਨ ਦਾ ਕਪੜਾ) ਫਲਕ (ਫੱਟਾ) ਸ਼ੈਯਾ (ਤਖਤਪੋਸ਼) ਸੰਸਤਾਰ (ਘਾਹ ਦਾ ਵਿਛੋਣਾ)ਔਸ਼ਧ (ਦਵਾਈ) ਭੇਸ਼ਜਯ ਦੇ ਕੇ ਉਨਾਂ ਦਾ ਸਤਿਕਾਰ ਕਰਦਾ ਹੋਇਆ ਜਿੰਦਗੀ ਗੁਜਾਰਾਂਗਾ।59।

---

ਪਾਠ ਨੰ. 56 ਦੀ ਟਿਪਣੀ।

1. ਚੇਤਯ ਸਬਦ ਦੇ ਕਈ ਅਰਥ ਹਨ। ਟੀਕਾਕਾਰ ਅਚਾਰੀਆ ਸ਼੍ਰੀ ਅਭੈ ਦੇਵ ਸੂਰੀ ਨੇ ਇਸ ਪਾਠ ਵਿਚ ਆਏ ਅਰਿਹੰਤ ਚੇਤਯ ਸ਼ਬਦ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਹੈ।

"ਸਮੀਅੱਕਤਵ ਦੀ ਪ੍ਰਾਪਤੀ ਨੂੰ ਲੈ ਕੇ ਦੋਸ਼ ਰਹਿਤ ਸਮਿਅੱਕਤਵ ਦੇ ਪਾਲਣ ਕਰਨ ਦੇ ਲਈ ਜੈਨ ਸੰਘ ਤੋਂ ਛੁਟ, ਚਰਕ ਆਦਿ ਦੂਸਰੇ ਧਰਮਾਂ ਦੇ ਸ਼ਾਧੂਆਂ, ਹਰੀ ਹਰ ਆਦਿ ਦੇਵਤਿਆਂ ਅਤੇ ਅਰਿਹੰਤ ਦੀ ਮੂਰਤੀ, ਜਿਸਨੂੰ ਦੂਸਰੇ ਲੋਕ ਵੀਰ ਭਦਰ ਮਹਾਂ ਕਾਲ ਆਦਿ ਦੇ ਰੂਪ ਵਿਚ ਮੰਨਦੇ ਹਨ ਉਸ ਮੂਰਤੀ ਨੂੰ ਬੰਦਨਾ ਨਮਸਕਾਰ ਜਾਂ ਸਤੂਤੀ ਕਰਨਾ ਮੇਰੇ ਲਈ ਯੋਗ ਨਹੀਂ। ਦੂਸਰ ਮਤਾਂ ਦੇ ਸਾਧੂ ਜਾਂ ਦੇਵਤਿਆਂ ਨੂੰ ਮੰਨਨ, ਪੂਜਣ ਨਾਲ ਜੈਨ ਮੱਤ ਦੇ ਭਗਤਾਂ ਨੂੰ ਮਿਥੀਆਤਵ [ ਗਲਤ ਸਿਧਾਂਤਾਂ ] ਵਿਚ ਪੱਕਾ ਕਰਨ ਦਾ ਦੋਸ਼ ਆ ਸਕਦਾ ਹੈ।

अनउत्थिएवें त्ति जैनयूथाद् यद्न्यद् युथं संघान्तर तीर्थान्तरमित्यर्थः

ਆਨੰਦ ਨੇ ਉਪਰੋਕਤ ਢੰਗ ਨਾਲ ਪ੍ਰਤਿਗਿਆ (ਅਵਿਗ੍ਰਹਿ) ਕੀਤੀ, ਸ਼੍ਰਮਣ ਭਗਵਾਨ ਮਹਾਵੀਰ ਨੂੰ ਤਿੰਨ ਵਾਰ ਬੰਦਨਾ ਕੀਤੀ, ਭਗਵਾਨ ਦੇ ਕੋਲੋਂ ਉਠਕੇ ਦੁਤਪਲਾਸ਼ ਚੇਤਯ ਤੋਂ ਬਾਹਰ ਨਿਕਲਿਆ ਅਤੇ ਆਪਣੇ ਘਰ ਪਹੁੰਚਿਆ ਆਪਣੀ ਸਿਵਾਨੰਦ ਨਾਉਂ ਦੀ ਪਤਨੀ ਨੂੰ ਇਸ ਪ੍ਰਕਾਰ ਕਿਹਾ—

---

तदस्ति येषा तेऽन्ययूथिका चरकादिकुतीथिका: तान अन्ययूथिक देवतानि वा हरिहरादीनि अन्यपृथिकपरिगृहीतानि वा चेत्यानि अर्हत्प्रतिमालक्षणानि यथा भौतपरिग्रहीतानि वीरभद्रमहाकालादीनि "वन्दितुं वा" अभिवादनं कर्तुं नमस्कर्तुं वा, प्रणामपूर्वकं प्रशस्तध्वनि निभिर्गणोत्कीर्तन कर्तुं तद्भक्तनां मिथ्यात्वस्थिरीकरणादिदोषप्रसङ्गादित्याभिप्राय: ।

2. (1) ਸਾਧੂ । (2) ਗਿਆਨ । (3) ਬਾਗ । (4) ਮੰਦਰ । (5) ਮਹਾਦਰਖਤ । (6) ਦੇਵਤਿਆਂ ਦਾ ਦਰਖਤ । (7) ਬੁੱਧਾਂ ਦੇ ਭੇਦ । (8) ਯੱਗਸਥਾਨ । (9) ਲੋਕਾਂ ਦੇ ਠਹਿਰਣ ਦੀ ਥਾਂ । (10) ਦੇਵਤਿਆਂ ਦੇ ਠਹਿਰਣ ਦਾ ਥਾਂ । (11) ਮੂਰਤੀ । (12) ਚਿਤਾ ਉਤੇ ਬਨਿਆ ਸਤੂਪ । ਇਹ ਵੀ ਚੇਤਯ ਸ਼ਬਦ ਦੇ ਅਰਥ ਹਨ ।

ਪਾਠ ਇਥੇ ਅਰਿਹੰਤ ਚੇਤਯ ਸ਼ਬਦ ਵੀ ਮਿਲਦਾ ਹੈ, ਅਰਿਹੰਤ ਚੇਤਯ ਤੋਂ ਭਾਵ ਬੁਧ ਮੰਦਰਾਂ ਤੋਂ ਵੀ ਲਾਇਆ ਜਾ ਸਕਦਾ ਹੈ ਕਿਉਂਕਿ ਬੁੱਧ ਧਰਮ ਵਾਲੇ ਵੀ ਆਪਣੇ ਬੁੱਧ ਨੂੰ ਅਰਿਹੰਤ ਤੇ ਮੰਦਰ ਨੂੰ ਚੇਤਯ ਆਖਦੇ ਹਨ ।

2. ਇਥੇ ਜੋ ਨਮਸਕਾਰ ਕਰਨ ਦੀ ਮਨਾਹੀ ਕੀਤੀ ਗਈ ਹੈ ਇਸ ਦਾ ਇਹ ਭਾਵ ਨਹੀਂ ਕਿ ਜੈਨ ਕਿਸੇ ਹੋਰ ਧਰਮ ਦੇ ਮਨੁੱਖ ਜਾਂ ਗੁਰੂ ਨੂੰ ਨਮਸਕਾਰ ਨਹੀਂ ਕਰ ਸਕਦਾ। ਇੱਥੇ ਭਾਵ ਇਹ ਹੈ ਕਿ ਦੂਸਰੇ ਮੱਤਾਂ ਦੇ ਗੁਰੂਆਂ ਨੂੰ ਗੁਰੂ ਬੁੱਧੀ ਜਾਂ ਧਰਮ ਸਮਝਕੇ ਨਮਸਕਾਰ ਕਰਨਾ, ਦਾਨ ਦੇਣਾ ਮਨਾ ਹੈ । ਰਹਿਮ ਜਾਂ ਦਿਆ ਕਰਕੇ ਸ਼੍ਰਾਵਕ ਅਜਿਹਾ ਕਰ ਸਕਦਾ ਹੈ ਪਰ ਗੁਰੂ ਸਮਝ ਕੇ ਨਹੀਂ । ਜੋ ਇਥੇ ਬੁਲਾਉਣ ਦੀ ਮਨਾਹੀ ਹੈ, ਉਸ ਦਾ ਭਾਵ ਇਹ ਹੈ ਕਿ ਅਜਿਹੀ ਮੁਲਾਕਾਤ ਨਾਲ ਸ਼੍ਰਾਵਕ ਦਾ ਧਾਰਮਿਕ ਵਿਸਵਾਸ਼ ਡੋਲ ਸਕਦੇ ਹਨ, ਉਹ ਭੇੜੀ ਸੰਗਤ ਕਾਰਣ ਫੇਰ ਸੰਸਾਰਿਕ ਪਾਪਾਂ ਵਿਚ ਲਗ ਸਕਦਾ ਹੈ, ਸ਼੍ਰਾਵਕ ਲਈ ਉਸਦੀ ਯੋਗ ਥਾਂ ਸੰਘ ਹੈ ਜਿਥੇ ਉਸਦੀ ਆਤਮਾ ਦਾ ਕਲਿਆਨ ਹੋ ਸਕਦਾ ਹੈ ।

"ਹੇ ਦੇਵਾਨੂਪ੍ਰਿਯ ! ਅਜ ਮੈਂ ਸ਼੍ਰਮਣ ਭਗਵਾਨ ਮਹਾਵੀਰ ਦੇ ਧਰਮ ਨੂੰ ਸੁਣਿਆ ਹੈ ਦੇਵਾਨੂਪ੍ਰਿਯ ! ਤੂੰ ਵੀ ਜਾਕੇ ਭਗਵਾਨ ਨੂੰ ਬੰਦਨਾ ਕਰ। ਭਗਤੀ ਕਰਕੇ ਸ਼੍ਰਮਣ ਭਗਵਾਨ ਮਹਾਵੀਰ ਦੇ ਪੰਜ ਅਣੂਵਰਤ ਤੇ ਸੱਤ ਸਿਖਿਆ ਵਰਤ ਰੂਪੀ 12 ਪ੍ਰਕਾਰ ਦੇ ਗ੍ਰਹਿਸਥ ਧਰਮ ਨੂੰ ਸਵੀਕਾਰ ਕਰ।59।

ਸ਼੍ਰਮਣਾਂ ਦੇ ਉਪਾਸਕ ਆਨੰਦ ਦੇ ਉਪਰੋਕਤ ਬਚਨ ਸੁਣਕੇ ਸ਼ਿਵਾਨੰਦਾ ਬਹੁਤ ਖੁਸ਼ ਹੋਈ ਅਤੇ ਆਪਣੇ ਕੌਟੰਬਿਕ ਪੁਰਸ਼ (ਨੌਕਰ) ਨੂੰ ਬੁਲਾਕੇ ਇਸ ਤਰ੍ਹਾਂ ਆਖਣ ਲਗੀ "ਤੂੰ ਛੇਤੀ ਹੀ, ਤੇਜ ਚਲਣ ਵਾਲੇ ਬਲਦਾਂ ਨਾਲ ਚਲਣ ਵਾਲਾ, ਧਾਰਮਿਕ ਰਥ ਤਿਆਰ ਕਰ" ਇਸ ਪ੍ਰਕਾਰ ਉਹ ਭਗਵਾਨ ਦੇ ਪਾਸ ਪਹੁੰਚੀ ਅਤੇ ਭਗਤੀ ਕੀਤੀ।60।

ਉਸਤੋਂ ਬਾਦ ਭਗਵਾਨ ਮਹਾਵੀਰ ਨੇ ਸ਼ਿਵਨੰਦਾ ਨੂੰ ਅਤੇ ਵਿਸ਼ਾਲ ਸਭਾ ਨੂੰ ਧਰਮ ਉਪਦੇਸ਼ ਦਿੱਤਾ।61।

ਸ਼ਿਵਾਨੰਦ ਨੇ ਸ਼੍ਰਮਣ ਭਗਵਾਨ ਮਹਾਵੀਰ ਦੇ ਕੋਲ ਧਰਮ ਸੁਣਕੇ ਉਸਨੂੰ ਦਿਲ ਵਿਚ ਸਤਿਕਾਰ ਯੋਗ ਥਾਂ ਦਿਤੀ ਅਤੇ ਵਿਧੀ ਅਨੁਸਾਰ ਗ੍ਰਹਿਸਥ ਧਰਮ (12 ਵਰਤਾਂ ਵਾਲਾ) ਧਾਰਨ ਕੀਤਾ ਉਹ ਉਸ ਧਾਰਮਿਕ ਰਥ ਤੋਂ ਵਾਪਿਸ ਘਰ ਚਲੀ ਗਈ ਜਿਸ ਤੇ ਉਹ ਬੈਠ ਕੇ ਆਈ ਸੀ।59।

"ਹੇ ਭਗਵਾਨ" ਇਸ ਪ੍ਰਕਾਰ ਸੰਬੋਧਨ ਕਰਕੇ ਗੌਤਮ ਨੇ ਸ਼੍ਰਮਣ ਭਗਵਾਨ ਮਹਾਵੀਰ ਨੂੰ ਬੰਦਨਾ ਨਮਸਕਾਰ ਕੀਤਾ ਅਤੇ ਪੁੱਛਿਆ "ਹੇ ਭਗਵਾਨ ਕਿ ਆਨੰਦ ਸ਼੍ਰਮਣਾਂ ਦਾ ਉਪਾਸਕ, ਦੇਵਾ ਨੂੰ ਪ੍ਰਿਯ(ਭਗਵਾਨ ਮਹਾਵੀਰ) ਆਪ ਦੇ ਪਾਸ ਸਿਰ ਮੁਨਾਕੇ ਦੀਖਿਆ ਲੈਣ ਵਿਚ ਸਮਰਥ ਹੈ ?

ਭਗਵਾਨ ਨੇ ਉੱਤਰ ਦਿਤਾ "ਹੇ ਗੌਤਮ ! ਇਹ ਸੰਭਵ ਨਹੀਂ, ਹਾਂ ਆਨਦ ਸ਼੍ਰਮਣਾਂ ਦਾ ਉਪਾਸਕ ਅਨੇਕਾਂ ਸਾਲ ਸ਼੍ਰਾਵਕ ਧਰਮ ਦਾ ਪਾਲਣ ਕਰੇਗਾ ਅਤੇ ਅੰਤ ਵਿਚ ਸੌਧਰਮ ਦੇਵ ਲੋਕ ਵਿਚ ਅਰੁਨਾਭ ਵਿਮਾਨ ਵਿਚ ਪੈਦਾ ਹੋਵੇਗਾ। ਉਥੇ ਬਹੁਤ ਸਾਰੇ ਦੇਵਤਿਆਂ ਦੀ ਉਮਰ ਚਾਰ ਪਲਯੋਪਮ ਹੈ। ਆਨੰਦ ਦੀ ਉਮਰ ਵੀ ਚਾਰ ਪਲਯੋਪਮ ਹੈ।63।

---

1. ਇਥੇ ਰੋਜ਼ਗਾਰ ਲਈ ਇਨ੍ਹਾਂ ਵਰਤਾਂ ਦੀ ਉਲੰਘਣਾ ਦੀ ਛੂਟ ਦਿਤੀ ਗਈ ਹੈ ਇਸਦਾ ਇਕ ਅਰਥ ਜੰਗਲ ਜਾਂ ਸੁਨਸ਼ਾਨ ਕਥਨ ਵਿਚ ਆਉਣ ਵਾਲੀ ਵੀ ਮੁਸੀਬਤ ਹੈ।

ਉਸਤੋਂ ਬਾਅਦ ਸ਼੍ਰਮਣ ਭਗਵਾਨ ਮਹਾਂਵੀਰ ਦੂਸਰੇ ਜਨਪਦਾਂ (ਦੇਸ਼ਾਂ) ਵਿਚ ਧਰਮ ਦਾ ਉਪਦੇਸ਼ ਕਰਦੇ ਘੁਮਣ ਲਗੇ।64।

ਇਸਤੋਂ ਬਾਅਦ ਆਨੰਦ ਜੀਵ ਅਜੀਵ ਆਦਿ 9 ਤੱਤਾਂ ਦਾ ਜਾਨਕਾਰ ਸ਼੍ਰਮਣਾਂ ਦਾ ਉਪਾਸਕ ਬਨ ਗਿਆ ਅਤੇ ਸਾਧੂ ਸਾਧਵੀਆਂ ਨੂੰ ਪ੍ਰਾਸੁਕ ਜੀਵ ਰਹਿਤ ਭੋਜਨ ਦਿੰਦਾ ਹੋਇਆ ਧਾਰਮਿਕ ਜੀਵਨ ਗੁਜ਼ਾਰਨ ਲਗਾ।65।

ਉਸਤੋਂ ਬਾਅਦ ਸ਼ਿਵਾ ਨੰਦਾ ਵੀ ਸ਼੍ਰਮਣਾਂ ਦੀ ਉਪਾਸਿਕਾ ਬਨ ਗਈ ਅਤੇ ਸਾਧੂ ਸਾਧਵੀਆਂ ਨੂੰ ਸ਼ੁਧ ਅੰਨ ਜਲ, ਕਪੜਾ, ਭਾਂਡੇ, ਕੰਬਲ ਆਦਿ ਦੇਣ ਲਗੀ।66।

ਉਸਤੋਂ ਬਾਅਦ ਆਨੰਦ ਸ਼੍ਰਮਣਾਂ ਦਾ ਉਪਾਸਕ ਅਨੇਕਾਂ ਪ੍ਰਕਾਰ ਦੀ ਸ਼ੀਲ ਵਰਤ, ਗੁਣ ਵਰਤ, ਵਿਰਮਨ ਵਰਤ, ਪ੍ਰਤਿਖਿਆਨ ਪੋਸ਼ਧ ਉਪਵਾਸ ਆਦਿ ਰਾਹੀਂ ਆਪਣੀ ਆਤਮਾ ਨੂੰ ਪਵਿਤਰ ਬਨਾਉਣ ਲੱਗਾ। ਇਸ ਪ੍ਰਕਾਰ 14 ਸਾਲ ਬੀਤ ਗਏ। 15ਵੇਂ ਸਾਲ ਦੌਰਾਨ ਇਕ ਰਾਤ ਧਰਮ ਜਗਰਾਤਾ ਕਰਦੇ ਹੋਏ, ਉਸਦੇ ਮਨ ਵਿਚ ਇਹ ਵਿਚਾਰ ਉਠਿਆ "ਮੈਂ ਬਨਿਜਗ੍ਰਾਮ ਨਗਰ ਵਿਚ ਅਨੇਕਾਂ ਰਾਜਿਆਂ ਈਸ਼ਵਰ ਅਤੇ ਰਿਸ਼ਤੇਦਾਰਾਂ ਦਾ ਆਸਰਾ ਤੇ ਸਹਾਰਾ ਹਾਂ। ਅਨੇਕਾਂ ਕੰਮਾਂ ਵਿਚ ਮੇਰੀ ਸਲਾਹ ਲਈ ਜਾਂਦੀ ਹੈ ਇਨ੍ਹਾਂ ਉਲਝਨਾਂ ਕਾਰਣ, ਮੈ ਸ਼੍ਰਮਣ ਭਗਵਾਨ ਮਹਾਵੀਰ ਤੋਂ ਪ੍ਰਾਪਤ ਕੀਤੇ ਧਰਮ ਉਪਦੇਸ਼ ਤੇ ਠੀਕ ਤਰ੍ਹਾਂ ਨਹੀਂ ਚਲ ਸਕਦਾ। ਇਸ ਲਈ ਮੇਰੇ ਲਈ ਇਹ ਠੀਕ ਹੈ ਕਿ ਮੈਂ ਕਲ ਸਵੇਰੇ ਸੂਰਜ ਚੜ੍ਹਨ ਸਮੇਂ ਹੀ ਸਵਾਦੀ ਭੋਜਨ ਪਾਣੀ ਤਿਆਰ ਕਰਾਕੇ, ਮਿਤਰਾਂ ਅਤੇ ਪਰਿਵਾਰ ਦੇ ਮੈਂਬਰਾਂ ਨੂੰ ਭੋਜਨ ਕਰਾ ਕੇ ਪੂਰਨ ਸੇਠ ਦੀ ਤਰ੍ਹਾਂ ਬੜੇ ਪੁੱਤਰ ਨੂੰ ਪਰਿਵਾਰ ਦਾ ਭਾਰ ਸੰਭਾਲ ਕੇ ਮਿਤਰਾਂ ਤੇ ਬੜੇ ਪੁੱਤਰ ਨੂੰ ਪੁੱਛ ਕੇ ਕੋਲਾਕ ਸਨੀਵੇਸ਼ ਵਿਚ ਗਿਆਤ ਕੁਲ ਦੀ ਪੋਸ਼ਧਸ਼ਾਲਾ ਦੀ ਝਾੜ ਪੂੰਝ ਕਰਾਂ।"

---

1. ਜੈਨ ਧਰਮ ਅਨੁਸਾਰ ਸਾਰੇ ਦੇਵਤਿਆਂ ਦੇ ਚਾਰ ਪ੍ਰਮੁਖ ਵਰਗ ਹਨ।

(1) ਭਵਨਪਤੀ—ਜ਼ਮੀਨ ਦੇ ਹੇਠ ਨਿਵਾਸ ਕਰਨ ਵਾਲੇ।

(2) ਵਾਨਵਯੰਤਰ—ਜ਼ਮੀਨ ਉਪਰ ਰਹਿਨ ਵਾਲੇ ਦੇਵੀ-ਦੇਵਤਾ (ਜਿਵੇਂ ਭੂਤ, ਪਰੇਤ, ਰਾਖਸ਼ ਕਿਨਰ ਜਾਂ ਯਕਸ਼)।

(3) ਜਯੋਤਸ਼ੀ, ਚੰਦ, ਸੂਰਜ, ਤਾਰੇ, ਗ੍ਰਹਿ, ਨਛੱਤਰ।

(4) ਵਿਮਾਨਿਕ, ਉਰਧਵ ਲੋਕ ਵਿਚ ਰਹਿਨ ਵਾਲੇ ਦੇਵਤਿਆਂ ਦੇ 26 ਭੇਦ ਹਨ ਪਹਿਲੇ ਦੇਵ ਲੋਕ ਦਾ ਨਾਮ ਸਧੋਰਮ ਹੈ। ਜਿਥੇ 32 ਲੱਖ ਵਿਮਾਨਾਂ ਦਾ ਮਾਲਕ ਸਕੰਦਰ ਹੈ। ਦੇਵਤਿਆਂ ਬਾਰੇ ਭਗਵਤੀ ਸੂਤਰ, ਪ੍ਰਗਿਆਪਨਾ, ਦੇਵੇਂਦਰ ਸੱਤਵ ਅਤੇ ਉਤਰਾਧਿਐਨ ਸੂਤਰ ਵਿਚ ਬਹੁਤ ਵਿਸਥਾਰ ਮਿਲਦਾ ਹੈ।

ਇਹ ਸੋਚ ਕੇ ਉਸਨੇ ਦੂਸਰੇ ਦਿਨ ਮਿੱਤਰ ਵਰਗ ਅਤੇ ਪਰਿਵਾਰ ਨੂੰ ਬੁਲਾਵਾ ਦਿਤਾ ਅਤੇ ਉਨ੍ਹਾਂ ਦਾ ਫੁੱਲਾਂ, ਕਪੜਿਆਂ, ਗੰਧ (ਖੁਸ਼ਬੂ) ਹਾਰ ਅਤੇ ਸਵਾਦੀ ਭੋਜਨ ਪਾਣੀ ਨਾਲ ਸਤਿਕਾਰ ਕੀਤਾ। ਫਿਰ ਉਨ੍ਹਾਂ ਸਭ ਦੇ ਸਾਹਮਣੇ ਬੜੇ ਪੁੱਤਰ ਨੂੰ ਬੁਲਾ ਕੇ ਆਖਿਆ, "ਹੇ ਪੁੱਤਰ ! ਬਨਿਜਗਰਾਮ ਨਗਰ ਵਿਚ ਰਾਜ, ਈਸ਼ਵਰ ਅਤੇ ਪਿਆਰੇ ਮਿਤਰਾਂ ਦਾ ਸਹਾਰਾ ਹਾਂ। ਅਨੇਕਾਂ ਕੰਮਾਂ ਲਈ ਮੈਂ ਸਲਾਹਕਾਰ ਦੇ ਤੌਰ ਤੇ ਸਤਿਕਾਰਿਆ ਜਾਂਦਾ ਹਾਂ। ਇਨ੍ਹਾਂ ਉਲਝਨਾਂ ਕਾਰਨ ਭਗਵਾਨ ਮਹਾਵੀਰ ਦੇ ਧਰਮ ਦਾ ਠੀਕ ਤਰ੍ਹਾਂ ਪਾਲਣ ਨਹੀਂ ਕਰ ਸਕਦਾ, ਇਸ ਲਈ ਮੇਰੇ ਲਈ ਇਹ ਉਚਿੱਤ ਹੈ ਕਿ "ਮੈਂ ਹੁਣ ਤੈਨੂੰ ਪਰਿਵਾਰ ਦਾ ਭਾਰ ਸੰਭਾਲ ਕੇ ਏਕਾਂਤ ਧਰਮ ਦਾ ਪਾਲਣ ਕਰਾਂ।67।

ਇਸ ਤੋਂ ਬਾਅਦ ਬੜੇ ਪੁੱਤਰ ਨੇ ਆਨੰਦ ਸ਼੍ਰਮਣ ਦੇ ਉਪਾਸਕ ਦਾ ਉਪਰੋਕਤ ਕਥਨ ਨੂੰ ਆਦਰ ਪੂਰਵਕ ਗ੍ਰਹਿਣ ਕੀਤਾ।68।

ਇਸ ਤੋਂ ਬਾਅਦ ਆਨੰਦ ਸ਼੍ਰਮਣਾਂ ਦੇ ਉਪਾਸਕ ਨੇ ਆਪਣੇ ਮਿਤਰਾਂ ਅਤੇ ਬੜੇ ਪੁੱਤਰ ਨੂੰ ਬੁਲਾਕੇ ਇਸ ਪ੍ਰਕਾਰ ਆਖਿਆ "ਹੇ ਦੇਵਾਨੂਪ੍ਰਿਯ ਹੁਣ ਮੈਂਨੂੰ ਕੰਮ ਸੰਬੰਧੀ ਨਾ ਪੁਛਣਾ, ਨਾ ਮੇਰੇ ਨਮਿਤ ਵਾਸਤੇ ਭੋਜਨ ਤਿਆਰ ਕਰਾਉਣਾ। 69।

ਇਸ ਤੋਂ ਬਾਅਦ ਆਨੰਦ ਸ਼੍ਰਮਣਾਂ ਦੇ ਉਪਾਸਕ ਨੇ ਬੜੇ ਪੁੱਤਰ ਮਿਤੱਰ ਅਤੇ ਆਪਣੇ ਜਾਤ ਦੇ ਲੋਕਾਂ ਦੀ ਇਜ਼ਾਜਤ ਲੇਕੇ ਆਪਣੇ ਘਰੋਂ ਬਾਹਰ ਨਿਕਲਿਆ। ਬਨਿਜਗਰਾਮ ਨਗਰ ਦੇ ਵਿਚਕਾਰ ਘੁੰਮਦਾ ਹੋਇਆ ਜਿਥੇ ਕੋਲਾਕ ਸਨੀਵੇਂਸ ਸੀ ਜਿਥੇ ਗਿਆਤ ਕੁਲ ਦੀ ਪੋਸ਼ਧ ਸ਼ਾਲਾ ਸੀ, ਉਥੇ ਪਹੁੰਚਿਆ, ਪੋਸ਼ਧਸ਼ਾਲਾ ਵਿਚ ਟੱਟੀ ਪਿਸ਼ਾਬ ਯੋਗ ਥਾਂ ਸਾਫ ਕੀਤੀ। ਫਿਰ ਘਾਹ ਫੂਸ ਦਾ ਵਿਛੋਣਾ, ਵਿਛਾਕੇ ਪੋਸ਼ਧ ਵਰਤ ਅੰਗੀਕਾਰ ਕੀਤਾ ਅਤੇ ਭਗਵਾਨ ਮਹਾਵੀਰ ਰਾਹੀ ਪ੍ਰਗਟ ਕੀਤੇ ਧਰਮ ਉਪਦੇਸ਼ ਦਾ ਪਾਲਣ ਕਰਨ ਲਗਾ। 70।

ਇਸਤੋਂ ਬਾਅਦ ਆਨੰਦ ਸ਼੍ਰਮਣਾ ਦੇ ਉਪਾਸਕ ਨੇ ਉਪਾਸਕ ਦੀਆਂ ਪ੍ਰਤਿਮਾਵਾਂ ਸਵੀਕਾਰ ਕਰਕੇ ਧਰਮ ਵਿਚ ਘੁਮਨ ਲਗਾ। ਉਸਨੇ ਪਹਿਲਾਂ ਉਪਾਸਕ ਪ੍ਰਤਿਮਾਂ ਦਾ ਯਥਾ ਸੂਤਰ ਯਥਾਕਲਪ, ਯਥਾਮਾਰਗ, ਯਥਾ ਤੱਥਯ ਸਰੀਰ ਰਾਹੀ ਸ਼ਾਵੀਕਾਰ ਕੀਤਾ, ਪਾਲਣ ਕੀਤਾ, ਸੋਧਿਆ, ਕੀਰਤਨ ਕੀਤਾ ਅਤੇ ਅਰਾਧਨਾ ਕੀਤੀ।71।

ਇਸਤੋਂ ਬਾਅਦ ਆਨੰਦ ਸ਼੍ਰਮਣਾਂ ਦੇ ਉਪਾਸਕ ਨੇ ਦੂਸਰੀ, ਤੀਸਰੀ. ਚੌਥੀ, ਪੰਜਵੀ ਛੇਵੀਂ, ਸੱਤਵੀਂ, ਅਠਵੀਂ, ਨੌਵੀਂ, ਦਸਵੀਂ ਅਤੇ ਗਿਆਰਵੀਂ ਉਪਾਸਿਕ ਪ੍ਰਤਿਮਾਂ ਨੂੰ ਗ੍ਰਹਿਣ ਕੀਤਾ। 72।

---

1. ਦਰਸਨ ਪ੍ਰਤਿਮਾਂ :—ਜੈਨ ਧਰਮ ਤੇ ਦਰਸਨ ਪ੍ਰਤਿ ਸਹੀ ਵਿਸਵਾਸ ਰਖਣਾ ਦੇਵ ਗੁਰੂ ਦੇ ਦਸੇ ਰਾਹ ਤੇ ਸਰਧਾ ਨਾਲ ਚਲਨਾ, ਝੂਠੇ ਮੱਤਾ ਤੋਂ ਪਰੇ ਰਹਿਨਾ ਹੀ ਦਰਸ਼ਨ ਪ੍ਰਤਿਮਾਂ ਹੈ।

ਇਸਤੋਂ ਬਾਅਦ ਆਨੰਦ ਸ਼੍ਰਮਣਾਂ ਦੇ ਉਪਾਸਕ ਦਾ ਕਸ਼ਟਕਾਰੀ, ਵਿਸ਼ਾਲ, ਮਿਹਨਤ ਅਤੇ ਤਪ ਕਾਰਣ ਸ਼ਰੀਰ ਸੁੱਕ ਗਿਆ, ਤੇ ਨਸਾਂ ਵਿਖਾਈ ਦੇਣ ਲਗ ਪਈਆਂ।73।

---

1. ਦਰਸ਼ਨ ਪ੍ਰਤਿਮਾਂ (दर्शन) :—ਜੈਨ ਧਰਮ ਦੇ ਪ੍ਰਤੀ ਸੱਚਾ (ਸਮਿਅੱਕ) ਵਿਸ਼ਵਾਸ ਰਖਣਾ ਅਰਿਹੰਤ ਦੇਵ, ਗੁਰੂ ਦੇ ਦਸੇ ਰਾਹ ਤੇ ਸ਼ਰਧਾ ਨਾਲ ਚਲਨਾ, ਝੂਠੇ ਮੱਤਾਂ ਤੋਂ ਪਰੇ ਰਹਿਣਾ ਹੀ ਦਰਸ਼ਨ ਪ੍ਰਤਿਮਾਂ ਹੈ। ਇਸ ਦਾ ਸਮਾਂ ਇਕ ਮਹੀਨਾ ਹੈ ਇਸ ਵਿਚ ਰਾਤ ਦੇ ਭੋਜਨ ਦਾ ਤਿਆਗ ਹੁੰਦਾ ਹੈ। ਦਰਸ਼ਨ ਦਾ ਅਰਥ ਹੈ ਧਰਮ ਪ੍ਰਤੀ ਸੱਚੀ ਸ਼ਰਧਾ।

2. ਵਰਤ (व्रत) ਪ੍ਰਤਿਮਾਂ :—ਪਹਿਲੀ ਪ੍ਰਤਿਮਾਂ ਸਹੀ ਵਿਸ਼ਵਾਸ਼ ਨਾਲ ਸੰਬੰਧ ਰਖਦੀ ਹੈ ਪਰ ਦੂਸਰੀ ਪ੍ਰਤਿਮਾਂ ਦਾ ਉਦੇਸ਼ ਕਰਮਾਂ ਦੇ ਚੱਕਰ ਦਾ ਖਾਤਮਾ ਵੀ ਹੈ। ਸ਼੍ਰਾਵਕ 12 ਵਰਤਾਂ ਦਾ ਦਰਿੜ੍ਹਤਾ ਨਾਲ ਪਾਲਨ ਕਰਣਾ ਹੈ ਇਸ ਸਮੇਂ ਸ਼੍ਰਾਵਕ 5 ਅਣੂਵਰਤ 3 ਗੁਣਵਰਤ ਤੇ 4 ਸਿਖਿਆ ਵਰਤ ਨੂੰ ਧਾਰਣ ਕਰਦਾ ਹੈ ਪਰ ਇਸ ਦਾ ਸਮਾਂ ਦੋ ਮਹੀਨੇ ਹੈ ਸਮਾਇਕ ਅਤੇ ਦੇਸ਼ਅਵਕਾਸ਼ਿਤ ਵਰਤ ਦਾ ਠੀਕ ਢੰਗ ਨਾਲ ਪਾਲਣ ਨਹੀਂ ਕਰਦਾ।

3. ਸਮਾਇਕ ਪ੍ਰਤਿਮਾਂ (समायिक) :—ਦਿਨ ਵਿਚ ਤਿੰਨ ਵਾਰ ਸਮਾਇਕ ਕਰਨਾ, ਸ਼ੀਲ ਵਰਤ, ਗੁਣ ਵਰਤ, ਵਿਰਮਨ ਪੱਛਖਾਨ ਅਤੇ ਪੌਸ਼ਧ ਇਸ ਵਿਚ ਸ਼ਾਮਲ ਹਨ ਇਸ ਪ੍ਰਤਿਮਾਂ ਵਿਚ ਉਪਾਸ਼ਕ ਸਮਾਇਕ ਦੇ ਦੇਸ਼ਅਵਕਾਸ਼ਿਕ ਵਰਤ ਦਾ ਪਾਲਨ ਤਾਂ ਕਰਦਾ ਹੈ ਪਰ 14, 8, 11, 15 ਤਰੀਕਾਂ ਨੂੰ ਪੌਸ਼ਧਾਂ ਦਾ ਠੀਕ ਤਰਾਂ ਨਾਲ ਪਾਲਨ ਨਹੀਂ ਕਰਦਾ ਇਸ ਦਾ ਸਮਾਂ 3 ਮਹੀਨੇ ਹੈ।

4. ਪੌਸ਼ਧ ਪ੍ਰਤਿਮਾਂ (पोषध) :—ਉਪਰੋਕਤ ਪ੍ਰਤਿਮਾਵਾਂ ਨਾਲ 14, 8, 11, 15 ਨੂੰ ਪੌਸ਼ਧ ਕਰਨਾ, ਇਸ ਵਿਚ ਸ਼ਾਮਲ ਹੈ ਇਸਦਾ ਸਮਾਂ 4 ਮਹੀਨੇ ਹੈ।

5. ਕਾਯੋਤਸਰਗ (कायोत्सर्ग) ਪ੍ਰਤਿਮਾਂ—ਸਰੀਰ ਅਤੇ ਸਰੀਰ ਤੇ ਪਹਿਨੇ ਵਸਤਰਾਂ ਪ੍ਰਤੀ ਕੁਝ ਸਮੇਂ ਲਈ ਮੋਹ ਹੀ ਕਾਯੋਤਸਰਗ ਹੈ ਮਨ ਤੇ ਆਤਮ ਨੂੰ ਸੰਸਾਰਿਕ ਝੰਜਟਾਂ ਤੋਂ ਹਟਾ ਕੇ ਰਾਤ ਨੂੰ ਆਤਮ ਚਿੰਤਨ ਕਰਨਾ ਇਸ ਦਾ ਸਮਾਂ 5 ਮਹੀਨੇ ਹੈ ਇਹ ਪ੍ਰਤਿਮਾਂ ਦਾ ਘਟੋ ਘਟ ਸਮਾਂ ਇਕ ਦਿਨ, ਦੋ ਦਿਨ, ਤਿੰਨ ਦਿਨ ਜਾਂ 5 ਮਹੀਨੇ ਹੈ। ਦਿਗੰਬਰ ਪਰੰਪਰਾ ਵਿਚ ਇਥੇ ਸਚਿਤ ਤਿਆਗ ਦਾ ਵਰਨਣ ਹੈ।

6. ਬ੍ਰਹਮਚਰਜ (ब्रह्मचर्य) ਪ੍ਰਤਿਮਾਂ—ਪੰਜ ਪ੍ਰਤਿਮਾਵਾਂ ਤੋਂ ਬਾਅਦ 6 ਵੀਂ ਪ੍ਰਤਿਮਾਂ ਬ੍ਰਹਮਚਰਜ ਸਬੰਧੀ ਹੈ ਬ੍ਰਹਮਚਰਜ ਪਾਲਣ ਤੋਂ ਛੁਟ ਇਸਤਰੀਆਂ ਪ੍ਰਤੀ ਵਾਰਤਾਲਾਪ, ਸ਼ਿੰਗਾਰ ਵਰਨਣ ਇਸ ਵਿਚ ਮਨ੍ਹਾ ਹੈ। ਸਚਿੱਤ ਭੋਜਨ ਅਤੇ ਰਾਤਰੀ ਭੋਜਨ ਦਾ ਤਿਆਗ ਇਸ ਵਿਚ ਸ਼ਾਮਲ ਹੈ ਦਿਗੰਬਰ ਪਰੰਪਰਾ ਵਿਚ, ਇਸਦਾ ਨਾਂ ਰਾਤਰੀਭੋਜਨ (रात्री-

ਇਸਤੋਂ ਬਾਅਦ ਇਕ ਦਿਨ ਆਨੰਦ ਸ਼੍ਰਮਣ ਦੇ ਉਪਾਸਕ ਨੂੰ ਅਧੀ ਰਾਤ ਦੇ ਪੱਖ ਵਿਚ ਧਰਮ ਦਾ ਚਿੰਤਨ ਕਰਦੇ ਹਏ, ਇਹ ਵਿਚਾਰ ਹੋਇਆ, "ਹੁਣ ਮੈਂ ਤਪਸਿਆ ਕਾਰਨ ਕਮਜ਼ੋਰ ਹੋ ਗਿਆ ਹਾਂ, ਨਸਾਂ ਵਿਖਾਈ ਦੇਣ ਲਗ ਪਈਆਂ ਹਨ, ਫਿਰ ਵੀ ਅਜੇ ਤਕ ਉਥਾਨ (ਵਿਕਾਸ ਦੀ ਭਾਵਨਾ, ਉਠਣ, ਬੈਠਣ, ਚੱਲਣ ਦੀ ਸ਼ਕਤੀ) ਕਰਮ ਬਲ, ਵੀਰਜ(ਆਤਮਿਕ ਸ਼ਕਤੀ), ਪੁਰਸ਼ਾਰਥ, ਪਰਾਕਰਮ, ਸ਼ਰਧਾ, ਧੀਰਜ (ਹੌਸਲਾ) ਕਿਸੇ ਵੀ ਪ੍ਰਕਾਰ ਦੇ ਦੁਖ, ਮੁਸੀਬਤ ਤੋਂ ਨਾ ਘਬਰਾਉਣਾ) ਅਤੇ ਸੰਵੇਗ (ਆਤਮਾ ਦਾ ਵਿਵੇਕ ਅਤੇ ਸੰਸਾਰਿਕ ਚੀਜ਼ਾਂ ਪ੍ਰਤੀ ਮਮਤਾ ਨਾ ਰਖਣਾ) ਮੌਜੂਦ ਹੈ। ਇਸ ਲਈ ਜਦ ਤਕ ਮੇਰੇ ਵਿਚ ਉਪਰੋਕਤ ਸ਼ਕਤੀਆਂ ਮੌਜੂਦ ਹਨ ਅਤੇ ਜਦ ਤਕ ਮੈਨੂੰ ਧਰਮ ਦਾ ਉਪਦੇਸ਼ ਦੇਣ ਵਾਲੇ ਧਰਮ-ਅਚਾਰੀਆ ਸ਼੍ਰਮਣ ਭਗਵਾਨ ਮਹਾਵੀਰ, ਜਿਨ ਗੰਧ ਹਾਥੀ ਦੀ ਤਰ੍ਹਾਂ ਧਰਤੀ ਤੇ ਘੁਮ ਰਹੇ ਹਨ ਮੇਰੇ ਲਈ ਇਹ ਚੰਗਾ ਹੋਵੇਗਾ ਕਿ ਮੈਂ ਆਖਰੀ ਸੰਲੇਖਣਾ (ਗਿਆਨੀਆਂ ਵਾਲੀ ਮੌਤ) ਗ੍ਰਹਿਨ ਕਰਾਂ। ਭੋਜਨ ਪਾਣੀ ਆਦਿ ਦਾ ਤਿਆਗ ਕਰਾਂ ਮੌਤ ਦੀ ਇਛਾ ਨਾ ਕਰਦਾ ਹੋਇਆ ਇਕ ਚਿੱਤ ਹੋਕੇ ਆਖਰੀ ਸਮਾਂ ਗੁਜ਼ਾਰਾਂ।74।

---

ਭੋਜਨ) ਪ੍ਰਤਿਮਾਂ ਜਾਂ ਦਿਵਾਮੈਥੁਨ ਤਿਆਗ ਪ੍ਰਤਿਮਾ ਹੈ। ਇਸਦਾ ਸਮਾਂ 6 ਮਹੀਨੇ ਹੈ।

7. ਸਚਿੱਤਾਅਹਾਰ ਵਰਜਨ (सचिताहार वर्जन) ਪ੍ਰਤਿਮਾਂ—ਇਸ ਪ੍ਰਤਿਮਾਂ ਵਿਚ ਸ਼੍ਰਾਵਕ ਹਰ ਕਿਸਮ ਦੇ ਸਚਿੱਤ ਭੋਜਨ ਦਾ ਤਿਆਗ ਕਰਦਾ ਹੈ ਬ੍ਰਹਮਚਰਜ ਦਾ ਮਜ਼ਬੂਤੀ ਨਾਲ ਪਾਲਨ ਕਰਦਾ ਹੈ ਇਸਦਾ ਸਮਾਂ 6 ਮਹੀਨੇ ਹੈ।

8. ਸਵੇਅਰੰਭਵਰਜਨ (स्वयं आरम्भ वर्जन) ਪ੍ਰਤਿਮਾਂ—ਇਸ ਪ੍ਰਤਿਮਾਂ ਵਿਚ ਉਪਾਸਕ ਕਿਸੇ ਪ੍ਰਕਾਰ ਦੀ ਹਿੰਸਾ ਨਹੀਂ ਕਰਦਾ। ਸਚਿੱਤ ਭੋਜਨ ਦਾ ਤਿਆਗ ਕਰਦਾ ਹੈ, ਪਰ ਉਪਾਸਕ ਰੋਜਗਾਰ ਜਾਂ ਦੂਸਰੇ ਤੋਂ ਕੰਮ ਕਰਾਉਣ ਦਾ ਤਿਆਗ ਨਹੀਂ ਕਰਦਾ, ਇਸਦਾ ਸਮਾਂ ਘਟੋ ਘਟ ਇਕ ਦੋ, ਤਿੰਨ ਦਿਨ ਅਤੇ ਜ਼ਿਆਦਾ ਤੋਂ ਜ਼ਿਆਦਾ 8 ਮਹੀਨੇ ਹੈ।

9. ਭਰਿਤਕ ਪ੍ਰੇਸ਼ਯਾਂ ਆਰੰਭ ਵਰਜਨ ਪ੍ਰਤਿਮਾਂ (भृतकप्रेष्यारम्भव वर्जन) ਨੌਵੀਂ ਪ੍ਰਤਿਮਾਂ ਦਾ ਪਾਲਣ ਕਰਨ ਵਾਲਾ ਉਪਰੋਕਤ ਨਿਯਮਾਂ ਦਾ ਪਾਲਣ ਤਾਂ ਕਰਦਾ ਹੈ, ਪਰ ਜੋ ਭੋਜਨ ਉਸ ਲਈ ਬਨਾਇਆ ਗਿਆ ਹੈ ਉਸ ਭੋਜਨ ਨੂੰ ਗ੍ਰਹਿਣ ਕਰਨ ਦਾ ਤਿਆਗ ਨਹੀ ਕਰਦਾ, ਉਹ ਨਾ ਤਾਂ ਭੋਜਨ ਸਬੰਧੀ ਹਿੰਸਾ ਆਪ ਕਰਦਾ ਹੈ ਨਾ ਦੂਸਰੇ ਤੋਂ ਕਰਵਾਉਂਦਾ ਹੈ, ਪਰ ਉਸਨੂੰ ਇਹ ਆਗਿਆ ਹੈ ਕਿ ਉਹ ਕਿਸੇ ਨੂੰ ਇਸ ਸਬੰਧੀ ਆਖ ਸਕਦਾ ਹੈ ਪ੍ਰਤਿਮਾਂ ਦਾ ਘਟੋ ਘਟ ਸਮਾਂ ਇਕ, ਦੋ, ਤਿੰਨ ਦਿਨ ਹੈ ਜਿਆਦਾ ਤੋਂ ਜਿਆਦਾ 9 ਮਹੀਨੇ ਹੈ।

ਇਸ ਪ੍ਰਕਾਰ, ਧਰਮ ਚਿੰਤਨ ਕਰਦੇ ਹੋਏ, ਆਨੰਦ ਸ਼੍ਰਮਣਾਂ ਦੇ ਉਪਾਸਕ ਨੂੰ, ਇਕ ਦਿਨ ਸ਼ੁਭ ਅਧਿਆਵਸਾਏ ਸ਼ੁਭ ਪਰਿਨਾਮ ਅਤੇ ਸ਼ੁਧ ਲੇਸ਼ਿਆ ਦੇ ਕਾਰਨ ਅਵਧੀ ਗਿਆਨ-ਆਵਰਨ ਕਰਮ ਦੇ ਖਾਤਮਾ ਹੋਣ ਤੇ ਅਵਧੀ ਗਿਆਨ ਪ੍ਰਾਪਤ ਹੋ ਗਿਆ। ਸਿਟੇ ਵਜੋਂ ਉਹ ਪੂਰਵ, ਪੱਛਮ ਦੇ ਵਲ ਲਵਨਸਮੁੰਦਰ ਤਕ 500 ਯੋਜਨ ਦੀ ਦੂਰੀ ਤਕ ਜਾਨਣ ਅਤੇ ਵੇਖਣ ਲਗਾ। ਉਤਰ ਦਿਸ਼ਾ ਵਲ ਕਸ਼ੁਲਹਿਮਵਾਨ ਵਰਸ਼ਧਰ ਪਰਵਤ ਨੂੰ, ਉਰਧਵ ਲੋਕ ਵਿਚ ਸ਼ਧੋਰਮ ਕਲਪ ਤਕ ਅਤੇ ਅਧੋ ਲੋਕ ਵਿਚ 84000 ਸਾਲ ਦੀ ਸਥਿਤੀ ਵਾਲੇ ਲੋਲੁਪਾਚਯਤ ਨਰਕ ਨੂੰ ਜਾਨਣ ਤੇ ਵੇਖਣ ਲਗਾ। ।75।

ਉਸ ਕਾਲ ਤੇ ਉਸ ਸਮੇਂ ਭਗਵਾਨ ਮਹਾਵੀਰ ਪਿੰਡਾਂ, ਸ਼ਹਿਰਾਂ ਵਿਚ ਧਰਮ ਪ੍ਰਚਾਰ ਕਰਦੇ ਹੋਏ ਵਨਿਜਗਰਾਮ ਦੇ ਬਾਹਰ ਦੁਤੀਪਲਾਸ਼ ਨਾਉਂ ਦੇ ਚੇਤਯ ਵਿਚ ਪਹੁੰਚੇ। ਸ਼ਹਿਰ ਵਾਲਿਆਂ ਦੀ ਪਰਿਸ਼ਧ ਭਾਸ਼ਨ ਸੁਨਣ ਆਈ ਤੇ ਚਲੀ ਗਈ ।76।

---

10. ਉਦਿਸ਼ਟ ਭਕਤਵਰਜਨ ਪ੍ਰਤਿਮਾਂ (ਤਦਿਸ਼ਟ ਭਕਤ ਵਰਜਨ)—ਇਸ ਪ੍ਰਤਿਮਾਂ ਵਿਚ ਉਪਾਸਕ ਆਪਣੇ ਲਈ ਬਣਿਆ ਭੋਜਨ ਵੀ ਨਹੀਂ ਗ੍ਰਹਿਣ ਕਰਦਾ। ਸੰਸਾਰਿਕ ਮਾਮਲਿਆਂ ਬਾਰੇ ਰਾਏ ਪੁਛਣ ਤੇ ਇਹ ਹੀ ਆਖਦਾ ਹੈ ਕਿ "ਮੈਂ ਜਾਣਦਾ ਹਾਂ ਜਾਂ ਨਹੀਂ ਜਾਣਦਾ"। ਵਿਸਥਾਰ ਨਾਲ ਇਜਾਜਤ, ਹੁਕਮ ਜਾ ਰਾਏ ਨਹੀਂ ਦਿੰਦਾ। ਸਿਰ ਉਸਤਰੇ ਨਾਲ ਮੁਨਾਉਂਦਾ ਹੈ। ਕੋਈ ਕੋਈ ਇਕ ਬੋਦੀ ਵੀ ਰਖਦਾ ਹੈ। ਇਸਦਾ ਸਮਾਂ 1, 2, 3 ਦਿਨ ਜਿਆਦਾ ਤੋ ਜਿਆਦਾ 10 ਮਹੀਨੇ ਹੈ।

11. ਸ਼੍ਰਮਣ ਭੂਤ ਪ੍ਰਤਿਮਾਂ (श्रमण भूत)—ਇਸ ਪ੍ਰਤਿਮਾਂ ਵਿਚ ਉਪਰੋਕਤ ਸਭ ਨਿਅਮਾਂ ਦਾ ਪਾਲਣ ਕਰਦਾ ਹੈ। ਸਿਰ ਦੇ ਵਾਲ ਉਸਤਰੇ ਜਾਂ ਸ਼ਕਤੀ ਅਨੁਸਾਰ ਹਥ ਨਾਲ ਪੁਟਦਾ ਹੈ। ਪੰਜ ਮਹਾਂਵਰਤ, ਅਤੇ ਸਾਧੂ ਵਰਗਾ ਭੇਸ ਰਖਦਾ ਹੈ ਸਿਰਫ ਉਪਾਸ਼ਕ ਭੋਜਨ ਸਬੰਧੀ ਨਿਯਮਾਂ ਵਿਚ ਛੋਟ ਰਖਦਾ ਹੈ ਉਹ ਮੰਗਕੇ ਖਾਂਦਾ ਹੈ, ਪਰ ਉਸਨੂੰ ਆਪਣੇ ਰਿਸ਼ਤੇਦਾਰਾਂ ਦਾ ਭੋਜਨ ਲੈਣ ਦੀ ਖੁਲ ਹੈ। ਇਸ ਪ੍ਰਤਿਮਾਂ ਦਾ ਸਮਾਂ ਘਟੋ ਘਟ 1, 2, 3 ਦਿਨ ਤੋਂ ਜ਼ਿਆਦਾ 11 ਮਹੀਨੇ ਹੈ।

ਸਭ ਪ੍ਰਤਿਮਾਵਾਂ ਦਾ ਸਮਾਂ ਸਾਢੇ 5 ਸਾਲ ਹੈ।

ਪਾਠ ਨੰ: 71 ਦੀ ਟਿਪਣੀ

1. ਅਧਿਆਵਸਾਏ (अध्यवसाय) ਦਾ ਅਰਥ ਹੈ ਸ਼ੁਭ ਕੰਮ ਲਈ ਮਜ਼ਬੂਤ ਇਰਾਦਾ। ਭਾਵ ਸਭ ਤੋਂ ਪਹਿਲਾਂ ਆਨੰਦ ਨੇ ਤਪਸਿਆ, ਧਿਆਨ ਰਾਹੀਂ ਕਰਮਾਂ ਨਾਲ ਜੰਗ ਕਰਨ ਦਾ ਇਰਾਦਾ ਬਨਾਇਆ।

2. ਪਰਿਨਾਮ ਦਾ ਭਾਵ ਹੈ ਉਪਰੋਕਤ ਵਿਚਾਰਾਂ ਨਾਲ ਪੈਦਾ ਹੋਣ ਵਾਲਾ ਹੌਸਲਾ ।

3. ਸ਼ਾਸਤਰਾਂ ਵਿਚ ਲੈਸ਼ਿਆ 6 ਹਨ (1) ਕ੍ਰਿਸ਼ਨ (2) ਨੀਲ (3) ਕਪੋਤ (4) ਤੇਜਸ (5) ਪਦਮ (6) ਸ਼ੁਕਲ ।

ਨੀਲ ਆਦਿ ਲੈਸ਼ਿਆ ਤੋਂ ਸ਼ੁਧ ਭਾਵਨਾਵਾਂ ਪੈਦਾ ਹੁੰਦੀਆਂ ਹਨ ਹੋਰ ਲੈਸ਼ਿਆਵਾਂ ਬਾਰੇ ਵਿਸਥਾਰ ਨਾਲ ਸ੍ਰੀ ਉਤਰਾਧਿਐਨ ਸੂਤਰ (ਅਨੁਵਾਦਕ ਰਵਿੰਦਰ ਕੁਮਾਰ ਜੈਨ) ਵਿਚ ਪੜ੍ਹੋ ।

1. ਜੈਨ ਧਰਮ ਅਨੁਸਾਰ ਗਿਆਨ ਪੰਜ ਪ੍ਰਕਾਰ ਦਾ ਹੈ । (1) ਮਤੀ ਗਿਆਨ (2) ਸ਼ਰੁਤੀ ਗਿਆਨ (3) ਅਵਧੀ ਗਿਆਨ (4) ਮਨ ਪਰਯਵ ਗਿਆਨ (5) ਕੇਵਲ ਗਿਆਨ

ਜੈਨ ਧਰਮ ਅਨੁਸਾਰ ਆਤਮਾ ਅਨੰਤ ਗਿਆਨ, ਦਰਸ਼ਨ ਸੁੱਖ ਅਤੇ ਸ਼ਕਤੀ ਦਾ ਘਰ ਹੈ । ਉਹ ਕਿਹੜਾ ਕੰਮ ਹੈ ਜੋ ਆਤਮਾ ਨਹੀਂ ਕਰ ਸਕਦੀ । ਆਤਮਾ ਉਪਰੋਕਤ ਗੁਣਾਂ ਨਾਲ ਪ੍ਰਮਾਤਮਾ ਬਣ ਸਕਦੀ ਹੈ । ਪਰ ਇਨ੍ਹਾਂ ਗੁਣਾਂ ਰੂਪੀ ਸ਼ੀਸ਼ੇ ਤੇ ਕਰਮਾਂ ਦੀ ਧੂੜ ਪਈ ਹੈ । ਕਰਮ ਅੱਠ ਹਨ ਪਰ ਪਹਿਲੇ ਚਾਰ ਕਰਮਾਂ ਦਾ ਸੰਬੰਧ ਆਤਮਾ ਨਾਲ ਹੈ । ਅਤੇ ਬਾਕੀ ਚਾਰ ਆਤਮਾ ਨੂੰ ਭਿੰਨ-ਭਿੰਨ ਜਨਮਾਂ ਵਿਚ ਭਟਕਾਉਂਦੇ ਹਨ । ਆਤਮਾ ਦੇ ਗੁਣਾਂ ਨੂੰ ਢਕਣ ਵਾਲੇ ਇਹ ਚਾਰ ਕਰਮ ਹਨ :—

1. ਗਿਆਨਾਵਰਨੀਆਂ —ਅਗਿਆਨ ਦਾ ਕਾਰਣ ।

2. ਦਰਸ਼ਨਾਵਰਨੀਆ—ਸਚੇ ਵਿਸ਼ਵਾਸ਼ ਵਿਚ ਰੁਕਾਵਟ ਦਾ ਕਾਰਣ ।

3. ਮੋਹਨੀਆਂ—ਸੁਖ ਦਾ ਨਾਸ਼ ਕਰਨ ਵਾਲਾ ।

4. ਅੰਤਰਾਏ—ਸ਼ਕਤੀ ਦੇ ਨਾਸ਼ ਦਾ ਕਾਰਣ ।

ਗਿਆਨ ਵਰਨੀਆਂ ਕਰਮ ਦੇ ਪੰਜ ਭੇਦ ਹਨ :—

1. ਮਤੀ ਗਿਆਨਾਵਰਣ (2) ਸ਼ਰੁਤੀ ਗਿਆਨਾਵਰਣ (3) ਅਵਧੀਗਿਆਨਾ-ਵਰਣ (4) ਮਨਪਰਯਵ ਗਿਆਨਾਵਰਣ (5) ਕੇਵਲ ਗਿਆਨਾਵਰਣ ।

## ਅਵਧੀ ਗਿਆਨ

ਇਥੇ ਆਨੰਦ ਦੇ ਅਵਧੀ ਗਿਆਨਾਵਰਨ ਦੇ ਖਾਤਮੇ ਦਾ ਵਰਨਣ ਹੈ । ਜਿਸਦੇ ਖਾਤਮੇ ਦੇ ਨਾਲ ਉਸ ਨੂੰ ਅਵਧੀ ਗਿਆਨ ਪ੍ਰਾਪਤ ਹੋਇਆ ।

ਅਵਧੀ ਗਿਆਨ ਉਹ ਹੈ ਜੋ ਆਮ ਇੰਦਰੀਆਂ ਰਾਹੀਂ ਗ੍ਰਹਿਣ ਨਹੀਂ ਕੀਤਾ ਜਾ ਸਕਦਾ ਇਸ ਗਿਆਨ ਰਾਹੀਂ ਇਸ ਗਿਆਨ ਦਾ ਧਾਰਕ ਦੂਰ ਦੂਰ ਪਈਆਂ ਚੀਜ਼ਾਂ ਇੰਝ

ਉਸ ਕਾਲ ਅਤੇ ਉਸ ਸਮੇਂ ਸ਼੍ਰਮਣ ਭਗਵਾਨ ਮਹਾਵੀਰ ਦੇ ਪ੍ਰਧਾਨ (ਮੁੱਖ) ਚੇਲੇ, ਗੌਤਮ ਗੋਤਰ ਦੇ ਇੰਦਰਭੂਤੀ ਅਣਗਾਰ ਘੁਮ ਰਹੇ ਸਨ। ਉਨ੍ਹਾਂ ਦਾ ਸਰੀਰ ਸੱਤ ਹੱਥ ਉੱਚਾ ਸੀ। ਸਮਚਤੁਰਸੰਸਥਨ ਵਜਰਰਿਸ਼ਵਠਰਾਂਚ ਸੰਹਨਣ (ਸਰੀਰ) ਕਸੌਟੀ ਤੇ ਪਈ ਸੋਨੇ ਦੀ ਲਕੀਰ ਅਤੇ ਪਦਮ ਸਾਮਾਨ ਉਨਾਂ ਦਾ ਗੋਰਾ ਰੰਗ ਸੀ ਉਹ ਕਠੋਰ ਤਪਸੱਵੀ (ਤਪਸਿਆ ਵਿਚ ਸਰੀਰ ਦਾ ਮੋਹ ਨਾ ਕਰਨ ਵਾਲੇ) ਮਹਾਂਤਪਸੱਵੀ, ਵਿਸ਼ਾਂਲ ਹਿਰਦੇ ਵਾਲੇ, ਮਹਾਂ ਗੁਣਵਾਨ, ਮਹਾਨ ਤਪਸ਼ਿਆ ਰੂਪੀ ਹਨ ਦੇ ਬਾਦਸਾਹ, ਕਠੋਰ ਬ੍ਰਹਮਚਾਰੀ, ਸਰੀਰ ਤੋਂ ਨਿਰਮਲ, ਮਹਾਨ ਤੇਜੋਲੇਸ਼ਿਆ ਦੇ ਮਾਲਿਕ ਸਨ। ਲਗਾਤਾਰ 2–2 ਦਿਨ ਦਾ ਵਰਤ ਕਰਦੇ, ਹੋਏ ਤਪ ਰਾਂਹੀਂ ਆਤਮਾ ਦਾ ਵਿਕਾਸ ਕਰ ਰਹੇ ਸਨ। 77।

---

ਵੇਖ ਲੈਂਦਾ ਹੈ। ਜਿਵੇਂ ਬਿਲਕੁਲ ਅੱਖਾਂ ਦੇ ਸਾਹਮਣੇ ਹੋਣ। ਜਦੋਂ ਕਿ ਆਮ ਅੱਖਾਂ ਦੀ ਪਕੜ ਤੋਂ ਉਪਰੋਕਤ ਚੀਜ਼ਾਂ ਬਾਹਰ ਹੁੰਦੀਆਂ ਹਨ।

1. ਜੈਨ ਭੂਗੋਲ ਅਨੁਸਾਰ ਮਨੁੱਖ ਖੇਤਰ ਢਾਈ ਦੀਪਾਂ ਤਕ ਫੈਲਿਆ ਹੋਇਆ ਹੈ। ਦਰਮਿਆਨ ਵਿਚ ਜੰਬੂ ਦੀਪ ਹੈ ਜੋ ਇਕ ਲਖ ਯੋਜਨ ਲੰਬਾ ਇਕ ਲਖ ਯੋਜਨ ਚੌੜਾ ਹੈ। ਅਤੇ ਇਹ ਦੀਪ ਗੋਲ ਹੈ ਇਸਦੇ ਚਾਰ ਪਾਸ਼ੇ ਲਵਨ ਸਮੁੰਦਰ ਹੈ ਲਵਨ ਸਮੁੰਦਰ ਦੇ ਚਾਰੋਂ ਪਾਸੇ ਧਾਤਕੀ ਖੰਡ ਦੀਪ ਹੈ ਉਸ ਦੀਪ ਦੇ ਚਾਰੇ ਪਾਸੇ ਕਾਲੋਦੀਪ ਸਮੁੰਦਰ ਹੈ ਉਸਦੇ ਚਾਰੇ ਪਾਸੇ ਪੁਸ਼ਕਰ ਦੀਪ ਹੈ ਇਸ ਦੀਪ ਦੇ ਦਰਮਿਆਨ ਵਿਚ ਹੀ ਮਨੁਸ਼ੋਧਰਪਰਵਤ ਹੈ ਮਨੁਖ ਇਥੇ ਤਕ ਵਾਸ ਕਰਦੇ ਹਨ।

(2) ਵਰਸ਼ਧਰ ਪਰਬਤ–ਜੰਬੂਦੀਪ ਵਿਚਕਾਰ ਮੇਰੂ ਪਰਬਤ ਹੈ ਮੇਰੂਪਰਬਤ ਦੇ ਦਖਣ ਵਲ ਭਰਤ (ਭਾਰਤ) ਆਦਿ 6 ਖੰਡ ਹਨ ਵਰਸ਼ਧਰ ਪਰਬਤ ਇਨਾਂ ਨੂੰ ਦੋ ਹਿਸਿਆਂ ਵਿਚ ਵੰਡਦਾ ਹੈ। ਇਸ ਵਾਰੇ ਜਿਆਦਾ ਵਿਸਥਾਰ ਜੰਬੂਦੀਪ ਪ੍ਰਗਪਤੀ ਅਤੇ ਤਤਵਾਰਥ ਸੂਤਰ ਵਿਚ ਹੈ।

(3) ਉਰਧਵਲੋਕ ਵਿਚ ਪਹਿਲਾ ਦੇਵ ਲੋਕ ਸੋਧਰਮ ਹੈ।

(4) ਨਰਕਾਂ ਸੱਤ ਹਨ ਪਹਿਲੀ ਨਰਕ ਰਤਨ ਪ੍ਰਭਾ ਦਾ ਇਕ ਖਾਸ ਹਿਸਾ ਲੋਲੁਪਾਚਯੁਤ ਹੈ।

ਇਥੇ ਜੋ ਨਾਰਕੀ ਜਨਮ ਲੈਂਦਾ ਹੈ ਉਸਦੀ ਉਮਰ 84000 ਸਾਲ ਤਕ ਹੈ।

ਪਾਠ ਨੰ: 73 ਦੀ ਟਿਪਣੀ

ਸਮਚਤੁਰਸ ਸਥਾਨ :—

1. ਇਸ ਦਾ ਅਰਥ ਹੈ ਸਿਰ ਤੋਂ ਲੇਕੇ ਪੈਰਾਂ ਤਕ ਸਾਰੇ ਅੰਗ ਦਾ ਇਕ ਦੂਸਰੇ

ਇਸਤੋਂ ਬਾਅਦ ਭਗਵਾਨ ਗੌਤਮ ਨੇ ਦੋ ਦਿਨਾਂ ਦੇ ਵਰਤ ਖੋਲਣ ਵਾਲੇ ਦਿਨ ਪਹਿਲੇ ਪਹਿਰ ਸਵਾਧਿਆਏ ਕੀਤ।, ਦੂਸਰੇ ਪਹਿਰ ਵਿਚ ਧਿਆਨ ਕੀਤਾ, ਤੀਸਰੇ ਪਹਿਰ ਬਿਨਾ ਛੇਤੀ ਕੀਤੇ, ਤੇਜ਼ੀ ਅਤੇ ਚਲਾਕੀ ਤੋਂ ਰਹਿਤ ਸ਼ਾਂਤ ਚਿਤ ਹੋ ਕੇ ਮੂੰਹਪਟੀ, ਭਾਂਡੇ ਤੇ ਕਪੜਿਆਂ ਦੀ ਝਾੜ ਪੂੰਝ ਕੀਤੀ, ਅਤੇ ਦੇਖ ਭਾਲ ਕੀਤੀ। ਇਸਤੋਂ ਬਾਅਦ ਜਿਥੇ ਭਗਵਾਨ ਮਹਾਂਵੀਰ ਵਿਰਾਜਮਾਨ ਸਨ, ਉਥੇ ਪਹੁੰਚੇ ਉਨਾਂ ਨੂੰ ਬੰਦਨਾਂ, ਨਮਸਕਾਰ ਕੀਤਾ ਅਤੇ ਪੁਛਿਆ "ਹੇ ਭਗਵਾਨ ! ਜੇ ਆਪ ਜੀ ਦੀ ਇਜ਼ਾਜਤ ਹੋਵੇ ਤਾਂ ਮੈਂ ਦੋ ਦਿਨਾਂ ਦਾ ਵਰਤ ਖੋਲਣ ਲਈ ਵਨਿਜ ਗਰਾਮ ਵਿਚ ਉਚ, ਨੀਚ ਤੇ ਮਧੱਮ ਸਾਰੇ ਪਰਿਵਾਰਾਂ ਤੋਂ ਭੋਜਨ ਮੰਗਣਾ ਚਾਹੁੰਦਾ ਹਾਂ।

ਭਗਵਾਨ ਨੇ ਫਰਮਾਇਆ ! "ਹੇ ਦੇਵਾਨੁਪ੍ਰਿਯ ! ਜਿਵੇਂ ਤੇਰੀ ਆਤਮਾ ਨੂੰ ਸੁੱਖ ਹੋਵੇ ਉਸੇ ਪ੍ਰਕਾਰ ਕਰੋ, ਪਰ ਕਿਸੇ ਕੰਮ ਵਿਚ ਅਣਗਹਿਲੀ ਨਾ ਕਰੋ।" ।78।

ਇਸਤੋਂ ਬਾਅਦ ਭਗਵਾਨ ਗੌਤਮ, ਭਗਵਾਨ ਮਹਾਂਵੀਰ ਦੀ ਇਜ਼ਾਜ਼ਤ ਲੈਕੇ ਦਤੀਪਲਾਸ਼ ਚੇਤਯ ਤੋਂ ਬਾਹਰ ਆਏ। ਚਾਲਾਕੀ ਅਤੇ ਘਬਰਾਹਟ ਤੋਂ ਰਹਿਤ ਹੋਕੇ ਹੌਸਲੇ ਤੇ ਸ਼ਾਂਤੀ ਨਾਲ ਸਾਢੇ ਤਿੰਨ ਹੱਥ ਜ਼ਮੀਨ ਆਪਣੇ ਅੱਖਾਂ ਅਗੇ ਵੇਖਦੇ ਹੋਏ ਵਨਿਜਗਰਾਮ ਨਗਰ ਵਿਚ ਆਏ ਅਤੇ ਉਚ, ਨੀਚ, ਮਧੱਮ ਕੁਲਾਂ ਤੋਂ ਸਿਲਸਲੇਵਾਰ ਭਿਕਸ਼ਾ ਲੈਣ ਲਗੇ ।79।

---

ਦੇ ਅਨੁਕੂਲ ਅਤੇ ਸੁੰਦਰ ਹੋਣਾ।

2. ਸਹਨੰਨ ਤੋਂ ਭਾਵ ਹੈ ਸਰੀਰ ਦੇ ਅੰਗਾਂ ਦਾ ਜੋੜ, ਕਈ ਮਨੁੱਖਾਂ ਦਾ ਸਰੀਰ ਏਨਾ ਕੰਮਜ਼ੋਰ ਹੁੰਦਾ ਹੈ ਕਿ ਥੋੜੇ ਜਿਹੇ ਝਟਕੇ ਨਾਲ ਹੱਡੀਆਂ ਆਪਣੇ ਅਸਲ ਥਾਂ ਤੋਂ ਹਟ ਜਾਂਦੀਆਂ ਹਨ ਪਰ ਕਈ ਮਨੁਖਾਂ ਦੀਆਂ ਹੱਡੀਆਂ ਆਪਣੇ ਥਾਂ ਤੋਂ ਨਹੀਂ ਹਟਦੀਆਂ ਵਜਰ ਰਿਸ਼ਵ ਨਾਰਾਂਚ ਸਰੀਰ ਤੀਰਥੰਕਰ, ਚਕਰਵਰਤੀਆਂ ਕੁਝ ਖਾਸ ਮਹਾਂਪੁਰਸ਼ਾਂ ਦਾ ਹੁੰਦਾ ਹੈ ਇਸ ਵਿਚ ਹੱਡੀਆਂ ਤਿੰਨ ਪ੍ਰਕਾਰ ਨਾਲ ਮਿਲੀਆਂ ਹੁੰਦੀਆਂ ਹਨ।

1. ਨਾਰਾਂਚ ਤੋਂ ਭਾਵ ਹੈ ਇਕ ਹੱਡੀ ਦੂਸਰੀ ਹੱਡੀ ਵਿਚ ਕੁੰਡੇ ਦੀ ਤਰਾਂ ਫਸੀ ਹੁੰਦੀ ਹੈ।

2. ਰਿਸ਼ਵ ਤੋਂ ਭਾਵ ਹੈ ਉਸ ਹੱਡੀ ਤੇ ਮਾਸ ਦਾ ਪੱਟਾ ਚੜ੍ਹਿਆ ਹੁੰਦਾ ਹੈ।

ਇਸਤੋਂ ਬਾਅਦ ਭਗਵਾਨ ਗੌਤਮ ਨੇ ਵਨਿਜ ਗਰਾਮ ਨਗਰ ਵਿਚ ਭਗਵਤੀ ਸੂਤਰ ਅਨੁਸਾਰ ਦਸੇ ਸਾਧੂਆਂ ਦੇ ਨਿਯਮ ਅਨੁਸਾਰ ਭਿਕਸ਼ਾ ਲਈ ਅਤੇ ਅੰਨਜਲ ਗ੍ਰਹਿਣ ਕੀਤਾ, ਬਨਿਜਗਰਾਮ ਨਗਰ ਤੋਂ ਬਾਹਰ ਨਿਕਲਕੇ ਕੋਲਾਂਕ ਸਨੀਵੇਸ ਦੇ ਕੋਲ ਪਹੁੰਚੇ। ਉਥੇ ਉਹਨਾਂ ਬਹੁਤ ਸਾਰੇ ਲੋਕਾਂ ਨੂੰ ਇਸ ਪ੍ਰਕਾਰ ਗੱਲਾਂ ਕਰਦੇ ਸੁਣਿਆ—"ਹੇ ਦੇਵਾਨੂਪ੍ਰਿਯ ਸ਼੍ਰਮਣ ਭਗਵਾਨ ਮਹਾਵੀਰ ਦੇ ਚੇਲੇ ਆਨੰਦ ਸ਼੍ਰਮਣਾਂ ਦੇ ਉਪਾਸਕ ਪੋਸ਼ਧਸ਼ਾਲਾ ਵਿਚ ਸੰਲੇਖਨਾ ਕਰਦੇ ਹੋਏ ਜਨਮ ਮਰਨ ਦੀ ਇਛਾ ਤੋਂ ਰਹਿਤ ਸਾਧਨਾਂ ਕਰ ਰਹੇ ਹਨ। 80।

ਅਨੇਕਾਂ ਮਨੁੱਖਾਂ ਤੋਂ ਇਹ ਗਲ ਸੁਨ ਕੇ ਗੌਤਮ ਦੇ ਮਨ ਵਿਚ ਇਹ ਵਿਚਾਰ ਆਇਆ "ਮੈਂ ਇਧਰ ਹੀ ਜਾ ਆਵਾਂ ਅਤੇ ਆਨੰਦ ਸ਼੍ਰਮਣਾਂ ਦੇ ਉਪਾਸਕ ਨੂੰ ਵੇਖਾਂ। ਇਹ ਸੋਚ ਕੇ ਉਹ ਕੋਲਾਂਕ ਸਨੀਵੇਸ਼ ਵਿਚ ਬਨੀ ਹੋਈ ਪੋਸ਼ਧਸ਼ਾਲਾ ਵਿਚ ਬੈਠੇ ਹੋਏ ਆਨੰਦ ਸ਼੍ਰਾਵਕ ਕੋਲ ਆਇਆ। 81।

ਇਸਤੋਂ ਬਾਅਦ ਆਨੰਦ ਸ਼੍ਰਮਣਾਂ ਦੇ ਉਪਾਸਕ ਨੇ ਭਗਵਾਨ ਗੌਤਮ ਨੂੰ ਆਉਂਦੇ ਹੋਏ ਵੇਖਿਆ ਅਤੇ ਪ੍ਰਸੰਨ ਹੋਕੇ ਉਨਾਂ ਨੂੰ ਨਮਸ਼ਕਾਰ ਕਰਕ ਇਸ ਪ੍ਰਕਾਰ ਆਖਿਆ "ਹੇ ਭਗਵਾਨ ਮੈਂ ਕਠੋਰ ਤਪਸਿਆ ਕਾਰਣ ਬਹੁਤ ਕਮਜ਼ੋਰ ਹੋ ਗਿਆ ਹਾਂ। ਸਾਰੇ ਸ਼ਰੀਰ ਤੇ ਉਭਰੀਆਂ ਹੋਈਆਂ ਨਾੜੀਆਂ ਸਾਫ ਦਿਖਾਈ ਦੇ ਰਹੀਆਂ ਹਨ।

ਇਸ ਲਈ ਹੇ ਦੇਵਾਨੁਪ੍ਰਿਯ ! ਮੈਂ ਕੋਲ ਆ ਕੇ ਤਿੰਨ ਵਾਰ ਮੱਥਾ ਝੁਕਾ ਕੇ ਚਰਨਾਂ ਵਿਚ ਨਮਸ਼ਕਾਰ ਕਰਨ ਤੋਂ ਅਸਮਰਥ ਹਾਂ। ਭਗਵਾਨ ! ਆਪ ਹੀ ਬਿਨਾਂ ਕਿਸੇ ਦਬਾਓ ਦੇ ਮੇਰੇ ਕੋਲ ਪਧਾਰੋ, ਤਾਕਿ ਮੈਂ ਦੇਵਾਨੁਪ੍ਰਿਯ ਦੇ ਚਰਨਾਂ ਵਿਚ ਤਿੰਨ ਵਾਰ ਮਥਾ ਝੁਕਾ ਕੇ ਬੰਦਨਾ ਨਮਸਕਾਰ ਕਰ ਸਕਾਂ। 82।

ਇਸਤੋਂ ਬਾਅਦ ਗੌਤਮ ਆਨੰਦ ਸ੍ਰਮਣਾਂ ਦੇ ਉਪਾਸਕ ਕੋਲ ਆ ਗਏ।83।

ਇਸਤੋਂ ਬਾਅਦ ਆਨੰਦ ਨੇ ਭਗਵਾਨ ਗੌਤਮ ਨੂੰ ਤਿੰਨ ਵਾਰ ਮਥਾ ਝੁਕਾ ਕੇ ਬੰਦਨਾ, ਨਮਸਕਾਰ ਕੀਤਾ ਅਤੇ ਪੁਛਿਆ "ਹੇ ਭਗਵਾਨ ਕਿ ਗ੍ਰਹਿਸਥੀ ਨੂੰ ਘਰ ਵਿਚ ਰਹਿੰਦੇ ਹੋਏ ਅਵਧੀ ਗਿਆਨ ਹੋ ਸਕਦਾ ਹੈ ?" ਗੌਤਮ ਨੇ ਉੱਤਰ ਦਿਤਾ "ਹਾਂ" ਆਨੰਦ

---

3. ਕੀਲਕ ਤੋਂ ਭਾਵ ਹੈ ਪੂਰੇ ਜੋਤ ਜਿਸ ਵਿਚ ਮੇਖ ਨਹੀਂ ਹੁੰਦੀ ਹੈ ਸ੍ਰੀ ਗੌਤਮ ਸਵਾਮੀ ਬਾਰੇ ਸ੍ਰੀ ਸਾਂਤਾਅਚਾਰੀਆਂ ਨੇ ਆਪਣੀ ਸ੍ਰੀ ਜੰਬੂ ਦੀਪ ਪਰਗਯਪਤੀ ਸੂਤਰ ਦੀ ਵਿਰਤੀ ਵਿਚ ਅਜਿਹਾ ਹੀ ਵਰਨਣ ਕੀਤਾ ਹੈ।

ਨੇ ਕਿਹਾ "ਭਗਵਾਨ ! ਜੇ ਗ੍ਰਹਿਸਥੀ ਨੂੰ ਘਰ ਵਿਚ ਰਹਿੰਦੇ ਅਵਧੀ ਗਿਆਨ ਹੋ ਸਕਦਾ ਹੈ ਤਾਂ ਮੈਨੂੰ ਵੀ ਅਵਧੀ ਗਿਆਨ ਹੋ ਗਿਆ ਹੈ।" "ਉਸ ਗਿਆਨ ਕਾਰਣ ਮੈਂ ਪੂਰਵ ਦੇ ਵਲ ਲਵਣਸਮੁੰਦਰ ਵਿਚ 500 ਯੋਜਨ ਅਧੋਲੋਕ ਵਿਚ ਲੋਲਾਯਾਚਯੁਤ ਨਰਕ ਤਕ ਜਾਨਣ ਯੋਗ ਹੋ ਗਿਆ ਹਾਂ ਅਤੇ ਉਪਰੋਕਤ ਖੇਤਰ ਤਕ ਵੇਖਣ ਲਗਾ ਹਾਂ" ।84।

ਇਸਤੋਂ ਬਾਅਦ ਭਗਵਾਨ ਗੌਤਮ ਨੇ ਆਨੰਦ ਸ਼੍ਰਮਣਾਂ ਦੇ ਉਪਾਸਕ ਨੂੰ ਇਸ ਪ੍ਰਕਾਰ ਕਿਹਾ "ਹੇ ਆਨੰਦ ਗ੍ਰਹਿਸਥ ਵਿਚ ਰਹਿੰਦੇ ਹੋਏ ਗ੍ਰਹਿਸਥੀ ਨੂੰ ਅਵਧੀ ਗਿਆਨ ਤਾਂ ਹੋ ਸਕਦਾ ਹੈ ਪਰ ਇਨਾਂ ਵਿਸ਼ਾਲ ਨਹੀਂ, ਇਸ ਲਈ ਹੇ ਆਨੰਦ ਤੂੰ ਝੂਠ ਬੋਲਣ ਦੀ ਆਲੋਚਨਾ (ਪ੍ਰਾਸ਼ਚਿਤ) ਕਰ । ਸਿਟੇ ਵਜੋਂ ਆਤਮ ਸ਼ੁਧੀ ਲਈ ਯੋਗ ਤਪਸਿਆ ਕਰ" ।85।

ਇਸਤੋਂ ਬਾਅਦ ਆਨੰਦ ਭਗਵਾਨ ਗੌਤਮ ਨੂੰ ਆਖਣ ਲਗਾ "ਹੇ ਭਗਵਾਨ, ਕਿ ਜੈਨ ਧਰਮ ਦੇ ਉਪਦੇਸ਼ ਵਿਚ ਸੱਚੇ ਤਤਵ ਗਿਆਨੀ ਅਤੇ ਤਥ (ਅਸਲੀਅਤ) ਵਾਲਿਆਂ ਤੇ ਚੰਗੇ ਭਾਵ ਵਾਲੇ ਨੂੰ ਆਲੋਚਨਾ ਕਰਨੀ ਪੈਂਦੀ ਹੈ ।"

ਗੌਤਮ ਨੇ ਉੱਤਰ ਦਿਤਾ "ਨਹੀਂ, ਇਹ ਗਲ ਗਲਤ ਹੈ" ।86।

ਆਨੰਦ ਨੇ ਕਿਹਾ "ਜੇ ਜਨ ਧਰਮ ਦੇ ਉਪਦੇਸ਼ ਵਿਚ ਸਚੀ ਗਲ ਆਖਣ ਦੀ ਆਲੋਚਨਾ ਨਹੀਂ ਕਰਨੀ ਪੇਂਦੀ ਅਤੇ ਨਾ ਹੀ ਤਪਸਿਆ ਕਰਨੀ ਪੈਂਦੀ ਹੈ ਤਾਂ ਹੇ ਭਗਵਾਨ ਆਪ ਗਲਤ ਗੱਲ ਆਖਣ ਦੀ ਆਲੋਚਨਾ ਕਰੋ ਅਤੇ ਪ੍ਰਾਸ਼ਚਿਤ ਵਝੋਂ ਤਪਸਿਆ ਕਰੋ" ।87।

ਇਸ ਤੋਂ ਬਾਅਦ ਭਗਵਾਨ ਗੌਤਮ ਆਨੰਦ ਸ਼੍ਰਮਣਾਂ ਦੇ ਉਪਾਸਕ ਦੇ ਇਸ ਪ੍ਰਕਾਰ ਆਖਣ ਤੇ ਮਨ ਵਿਚ ਸ਼ੰਕਾ, ਕਾਕਸ਼ਾਂ ਅਤੇ ਵੀਚਕਿਤਸਾ ਲੈਕੇ ਆਨੰਦ ਕੋਲੋਂ ਵਾਪਿਸ ਦੁਤੀਪਲਾਸ ਚੇਤਯ ਵਿਚ ਭਗਵਾਨ ਮਹਾਵੀਰ ਕੋਲ ਪਹੁੰਚੇ । ਉਥੇ ਭਗਵਾਨ ਕੋਲ ਰਾਹ ਵਿਚ ਲਗੇ ਦੋਸ਼ਾਂ ਦਾ ਪ੍ਰਤਿਕ੍ਰਮਣ ਕੀਤਾ । ਏਸ਼ਨੀਆ ਅਤੇ ਅਨਵੇਸ਼ਨੀਆਂ ਵਸਤਾਂ ਦੀ ਆਲੋਚਨਾ ਕੀਤੀ । ਭਗਵਾਨ ਨੂੰ ਮੰਗ ਕੇ ਲਿਆਂਦਾ ਭੋਜਨ ਪਾਣੀ ਵਿਖਾਇਆ, ਬੰਦਨਾ ਨਮਸਕਾਰ ਕੀਤਾ ਅਤੇ ਕਿਹਾ "ਹੇ ਭਗਵਾਨ ! ਮੈਂ ਆਪ ਦੀ ਇਜਾਜਤ ਨਾਲ ਭੋਜ਼ਨ ਲਈ ਗਿਆ ।" ਉਪਰੋਕਤ ਕਥਨ ਆਖਣ ਤੋਂ ਬਾਅਦ ਗੌਤਮ ਨੇ ਆਪਣੇ ਨਾਲ ਬੀਤੀ ਸਾਰੀ ਘਟਨਾ ਸੁਣਾਈ ਅਤੇ ਫਿਰ ਪੁਛਿਆ "ਮੈਂ ਸ਼ਕ ਦੀ ਹਾਲਤ ਵਿਚ ਆਪਦੀ ਸੇਵਾ ਵਿਚ ਹਾਜ਼ਰ ਹੋਇਆ ਹਾਂ । ਭਗਵਾਨ ਉਸ ਪਾਪਯੋਗ ਗਲ ਦਾ ਮੈਨੂੰ ਪ੍ਰਾਸ਼ਚਿਤ ਕਰਨਾ ਚਾਹੀਦਾ ਹੈ, ਜਾਂ ਆਨੰਦ ਸ੍ਰਮਣਾਂ ਦੇ ਉਪਾਸਕ ਨੂੰ ।" "ਗੌਤਮ" ਇਸ ਪ੍ਰਕਾਰ ਸੰਬੋਧਨ ਕਰਕੇ,

ਭਗਵਾਨ ਮਹਾਂਵੀਰ ਨੇ ਇਸ ਪ੍ਰਕਾਰ ਫਰਮਾਇਆ । "ਹੇ ਗੌਤਮ, ਤੂੰ ਉਸ ਝੂਠੀ ਗੱਲ ਕਾਰਣ ਆਲੋਚਨਾ ਕਰ ਅਤੇ ਪ੍ਰਾਸਚਿਤ ਰੂਪ ਵਿਚ ਤਪਸਿਆ ਕਰ ਅਤੇ ਇਸ ਕਸੂਰ ਲਈ ਆਨੰਦ ਸ੍ਰਮਣਾਂ ਦੇ ਉਪਾਸਕ ਪਾਸੋਂ ਖਿਮਾ ਮੰਗ ?"

ਇਸਤੋਂ ਬਾਅਦ ਭਗਵਾਨ ਗੌਤਮ, ਭਗਵਾਨ ਮਹਾਵੀਰ ਦੇ ਉਪਰੋਕਤ ਹੁਕਮ ਨੂੰ ਬਿਨੈ ਨਾਲ ਸਵੀਕਾਰ ਕੀਤਾ । ਉਸ ਝੂਠ ਗੱਲ ਆਖਣ ਦੀ ਆਲੋਚਨਾ ਕੀਤੀ ਅਤੇ ਪ੍ਰਾਸਚਿਤ ਦੇ ਰੂਪ ਵਿਚ ਆਨੰਦ ਤੋਂ ਖਿਮਾ ਮੰਗੀ ।88।

ਇਸ ਤੋਂ ਬਾਅਦ ਭਗਵਾਨ ਮਹਾਵੀਰ ਦੂਸਰੇ ਦੇਸ਼ਾਂ ਵਿਚ ਧਰਮ ਪਰਚਾਰ ਕਰਦੇ ਹੋਏ ਘੁੰਮਣ ਲਗੇ ।89।

ਇਸ ਤੋਂ ਬਾਅਦ ਆਨੰਦ ਸ੍ਰਮਣਾਂ ਦਾ ਉਪਾਸ਼ਕ ਬਹੁਤ ਸਾਰੇ ਸੀਲਵਰਤਾਂ ਰਾਹੀਂ ਆਪਣੀ ਆਤਮਾ ਨੂੰ ਪਵਿੱਤਰ ਕਰਦਾ ਰਿਹਾ । ਉਸ ਸ਼੍ਰਾਵਕ ਦੇ ਵਰਤਾਂ ਦਾ ਪਾਲਨ ਕੀਤਾ । ਸ਼੍ਰਾਵਕ ਦੀਆਂ ਪ੍ਰਤਿਮਾਵਾਂ ਸਵੀਕਾਰ ਕੀਤੀਆਂ । ਅੰਤ ਸਮੇਂ ਇਕ ਮਹੀਨੇ ਦੇ ਸੰਲੇਖਨਾ ਕੀਤੀ । 30 ਦਿਨ ਵਰਤ ਅਤੇ 30 ਦਿਨ ਭੋਜਨ ਕੀਤਾ । ਆਖਰੀ ਦਿਨ ਸਮਾਧੀ ਮਰਨ ਪ੍ਰਾਪਤ ਕੀਤਾ । ਮਰ ਕੇ ਉਹ ਸੌਧਰਮ ਦੇਵ ਲੋਕ ਵਿਚ, ਸੌਧਰਮਾਂਵੱਤਸਕ ਮਹਾਂਵਿਮਾਨ ਦੇ ਈਸਾਨ ਕੋਨ ਵਿਚ ਸਥਿਤ ਅਰੁਨਵਿਮਾਨ ਵਿਚ ਦੇਵਤਾ ਰੂਪ ਵਿਚ ਪੈਦਾ ਹੋਇਆ । ਇਥੇ ਆਨੰਦ ਦੀ ਉਮਰ 4 ਪਲੋਯਪਮ ਹੈ ।90।

(ਗੌਤਮ ਸਵਾਮੀ ਨੇ ਭਗਵਾਨ ਮਹਾਂਵੀਰ ਨੂੰ ਪ੍ਰਸ਼ਨ ਕੀਤਾ "ਹੇ ਭਗਵਾਨ ! ਆਨੰਦ ਦੇਵਤੇ ਦੀ ਉਮਰ ਜੂਨ ਅਤੇ ਸਥਿਤਿ ਖਤਮ ਹੋਣ ਤੇ, ਦੇਵਤੇ ਦਾ ਸਰੀਰ ਛਡ ਕੇ ਕਿਥੇ ਜਾਵੇਗਾ, (ਕਿਥੇ ਪੈਦਾ ਹੋਵੇਗਾ ?)

ਭਗਵਾਨ ਨੇ ਉੱਤਰ ਦਿਤਾ "ਹੇ ਗੌਤਮ, ਆਨੰਦ ਮਰ ਕੇ ਮਹਾਂਵਿਦੇਹ ਖੇਤਰ ਵਿਚ ਪੈਦਾ ਹੋਵੇਗਾ । ਉਥੇ ਚਲ ਕੇ ਉਹ ਸਿਧ ਗਤੀ ਪ੍ਰਾਪਤ ਕਰੇਗਾ ।

ਨਿਕਸ਼ੇਪ (ਸੁਧਰਮਾਂ ਸਵਾਮੀ ਨੇ ਜੰਬੂ ਸਵਾਮੀ ਨੂੰ ਆਖਿਆ, "ਹੇ ਜੰਬੂ ! ਸ਼੍ਰਮਣ ਭਗਵਾਨ ਮਹਾਂਵੀਰ ਨੇ ਸ਼੍ਰੀ ਉਪਾਸਕ ਦਸ਼ਾਂਗ ਸੂਤਰ ਦੇ ਪਹਿਲੇ ਅਧਿਐਨ ਦਾ ਜੋ ਭਾਵ ਦਸਿਆ ਹੈ, ਉਸੇ ਪ੍ਰਕਾਰ ਮੈਂ ਆਖਦਾ ਹਾਂ" ।91।

---

1. ਉਪਰੋਕਤ ਕਥਨ ਕਾਫੀ ਮਹੱਤਵਪੂਰਨ ਹੈ । ਭਗਵਾਨ ਗੌਤਮ ਭਗਵਾਨ ਮਹਾਂਵੀਰ ਦੇ 14000 ਸ਼ਾਧੂਆਂ ਦੇ ਪ੍ਰਮੁਖ ਸਨ, ਪਰ ਜੈਨ ਧਰਮ ਵਿਚ ਸਾਧੂ ਦਾ ਸਥਾਨ ਗ੍ਰਹਿਸਥ ਨਾਲੋਂ ਕੋਈ ਨਹੀਂ 14 ਪੂਰਵਾਂ ਦੇ ਗਿਆਨ ਦੇ ਧਾਰਕ ਇਸ ਵਿਚ ਤਿੰਨ ਗਿਆਨ ਦੇ ਧਾਰਕ

ਸਾਰੀਆਂ ਰਿਧਿਆਂ ਸਿਧਿਆਂ ਦੇ ਮਾਲਕ ਇਕ ਸਧਾਰਣ ਗ੍ਰਹਿਸਥ ਤੋਂ ਖਿਮਾਂ ਮੰਗਣ ਲਈ ਜਾਂਦੇ ਹਨ। ਇਹ ਭਗਵਾਨ ਗੌਤਮ ਦੀ ਮਹਾਨਤਾ ਨਿਰਪੱਖਤਾ ਦਾ ਪ੍ਰਤੀਕ ਹੈ ਗੁਨਾਹ ਕੋਈ ਵੀ ਕਰੇ, ਸਜ਼ਾ ਸ਼ਭ ਨੂੰ ਬਰਾਬਰ ਹੈ।

ਪਾਠ ਨੰ: 91 ਦੀ ਟਿੱਪਣੀ

2. ਮਹਾਂਵਿਦੇਹ ਉਹ ਖੇਤਰ ਨੂੰ ਆਖਦੇ ਹਨ ਜਿਥੇ ਚੌਥਾ ਸੁਖ ਭਰਪੂਰ ਸਮਾਂ ਬਣਿਆ ਰਹਿੰਦਾ ਹੈ ਉਥੇ 20 ਵਿਹਰਮਾਨ ਤੀਰਥੰਕਰ ਹਮੇਸ਼ਾ ਧਰਮ ਪ੍ਰਚਾਰ ਕਰਦੇ ਹਨ। ਜਦੋਂ ਕਿ ਸਾਡੇ ਇਸ ਵਰਤ ਖੇਤਰ ਵਿਚ ਉਤਸਰਪਨੀ ਤੇ ਅਵਸਪਰਨੀ ਦੇ ਰੂਪ ਵਿਚ 6 ਆਰੇ ਹੁੰਦੇ ਹਨ ਇਨਾਂ ਵਿਚ ਦੁਖ ਸੁਖ ਚਲਦਾ ਰਹਿੰਦਾ ਹੈ। ਵਿਨਾਸ਼ ਤੇ ਵਿਕਾਸ ਹੁੰਦਾ ਰਹਿੰਦਾ ਹੈ। ਪਰ ਮਹਾਂਵਿਦੇਹ ਖੇਤਰ ਵਿਚ ਅਜਿਹਾ ਨਹੀਂ। ਅੱਜ ਦਸਵੇ ਭਰਤ ਖੇਤਰ 'ਵਿਚ ਕੋਈ ਆਤਮਾ ਮੁਕਤੀ ਨਹੀਂ ਪ੍ਰਾਪਤ ਕਰ ਸਕਦੀ, ਪਰ ਮਹਾਂਵਿਦੇਹ ਵਿਚ ਅਜਿਹੀ ਰੁਕਾਵਟ ਨਹੀਂ।



## • ੨ •

ਇਸ ਅਧਿਐਨ ਵਿਚ ਚੰਪਾ ਨਗਰੀ ਦੇ ਸ਼੍ਰਾਵਕ ਦਾ ਚਾਰਿਤਰ ਵਰਨਣ ਹੈ। ਕਾਮਦੇਵ ਨੇ ਭਗਵਾਨ ਮਹਾਵੀਰ ਦੇ 20ਵੇਂ ਚੋਮਾਸੇ ਵਿਚ 12 ਵਰਤ ਗ੍ਰਹਿਣ ਕੀਤੇ। ਇਨ੍ਹਾਂ ਦਾ ਵਰਨਣ ਆਨੰਦ ਉਪਾਸਕ ਦੀ ਤਰ੍ਹਾਂ ਹੀ ਹੈ। ਜਿਤਸ਼ਤਰੂ ਨਾਂ ਦਾ ਰਾਜਾ ਚੰਪਾ ਨਗਰੀ ਵਿਚ ਰਾਜ ਕਰਦਾ ਸੀ। ਇਸ ਉਪਾਸਕ ਨੇ ਵੀ ਆਨੰਦ ਉਪਾਸਕ ਦੀ ਤਰਾਂ 12 ਵਰਤਾਂ ਦਾ ਪਾਲਨ ਕਰਨ ਲਗੇ। ਕਾਮਦੇਵ ਉਪਾਸਕ ਨੂੰ ਇਕ ਦੇਵਤੇ ਨੇ ਮਾਰਨ ਦੀ ਧਮਕੀ ਦਿਤੀ, ਭਿੰਨ-2 ਢੰਗਾਂ ਨਾਲ ਭੇਸ ਬਣਾ ਕੇ ਡਰਾਇਆ, ਕਦੇ ਹਾਥੀ, ਕਦੇ ਸੱਪ ਦਾ ਰੂਪ ਧਾਰਨ ਕਰਕੇ ਤੰਗ ਕੀਤਾ ਪਰ ਕਾਮਦੇਵ ਅਡੋਲ ਰਿਹਾ। ਕਾਮਦੇਵ ਦੀ ਇਸ ਬਹਾਦਰੀ ਅਤੇ ਦਰਿੜ੍ਹਤਾ ਦੀ ਸ੍ਰਮਣ ਭਗਵਾਨ ਮਹਾਵੀਰ ਨੇ ਆਪ ਆਪਣੇ ਸਾਧੂ, ਸਾਧਵੀਆਂ ਅਗੇ ਪ੍ਰਸੰਸਾ ਕੀਤੀ ਅਤੇ ਉਨ੍ਹਾਂ ਨੂੰ ਤੱਪ ਸੰਜਮ ਮਾਰਗ ਵਿਚ ਅਜੇਹੀ ਦਰਿੜ੍ਹਤਾ ਤੇ ਚਲਣ ਦੀ ਪ੍ਰੇਰਣਾ ਦਿਤੀ। ਕਾਮਦੇਵ ਆਨੰਦ ਸ਼੍ਰਾਵਕ ਦੀ ਤਰ੍ਹਾਂ ਪ੍ਰਤਿਮਾਵਾਂ ਗ੍ਰਹਿਣ ਕੀਤੀਆਂ। ਅੰਤਿਮ ਸਮੇਂ ਸੋਧਰਮ ਕਲਪ ਦੇ ਸੋਧਰਮਵੰਸਕ ਮਹਾਵਿਮਾਨ ਦੇ ਉਤਰ ਪੂਰਵ ਵਿਚ ਅਰੁਣਾਭ ਨਾਂ ਦੇ ਵਿਮਾਨ ਵਿਚ 4 ਪਲਯੋਪਮ ਦੀ ਉਮਰ ਵਾਲਾ ਦੇਵਤਾ ਬਣਿਆ (ਅੰਤ ਵਿਚ ਇਹ ਸਿੱਧ ਬਣੇਗਾ।

ਇਸ ਅਧਿਐਨ ਵਿਚ 4 ਮਹੱਤਵ ਪੂਰਨ ਸ਼ਬਦ ਬਣੇ ਹਨ 1. ਸ਼ੀਲ—ਪੰਜ ਅਣੂਵਰਤ 2. ਵਿਰਮਣ—ਦਿਸ਼ਾਵਰਤ ਆਦਿ ਤਿੰਨ ਗੁਣ ਵਰਤ 3. ਪ੍ਰਤਿਖਿਆਨ—ਨਵਕਾਰਸੀ, ਪੋਰਸੀ ਆਦਿ 4. ਪੋਸ਼ਧ—11ਵਾਂ ਸ਼੍ਰਾਵਕ ਵਰਤ •

## ਦੂਜਾ ਅਧਿਐਣ

(ਆਰੀਆ ਜੰਬੂ ਸਵਾਮੀ ਆਪਣੇ ਗੁਰੂ ਸ਼੍ਰੀ ਸੁਧੱਰਮਾਂ ਸਵਾਮੀ ਤੋਂ ਪੁਛਦੇ ਹਨ)

"ਜੇ ਮੁਕਤੀ ਨੂੰ ਪ੍ਰਾਪਤ ਹੋਏ ਭਗਵਾਨ ਮਹਾਂਵੀਰ ਨੇ ਸਤਵੇਂ ਸ਼੍ਰੀ ਉਪਾਸਕ ਦਸਾਂਗ ਸੂਤਰ ਦੇ ਪਹਿਲੇ ਅਧਿਆਨ ਦਾ ਇਹ ਅਰਥ ਦਸਿਆ ਹੈ। ਤਾਂ ਹੇ ਭਗਵਾਨ ! ਦੂਸਰੇ ਅਧਿਐਨ ਦਾ ਕੀ ਅਰਥ ਫਰਮਾਇਆ ਹੈ" ?92।

(ਸੁਧਰਮਾਂ ਸਵਾਮੀ ਨੇ ਇਸ ਪ੍ਰਸ਼ਨ ਦਾ ਉੱਤਰ ਇਸ ਪ੍ਰਕਾਰ ਦਿਤਾ) ਹੇ ਜੰਬੂ ! ਉਸ ਕਾਲ ਉਸ ਸਮੇਂ ਚੰਪਾ ਨਾਂ ਦੀ ਨਗਰੀ ਸੀ ਉਥੇ ਪੂਰਨ ਭਦਰ ਨਾਂ ਦਾ ਚੇਤਯ ਸੀ ਜਿਤ ਸ਼ਤਰੂ ਨਾਂ ਦਾ ਰਾਜਾ ਰਾਜ ਕਰਦਾ ਸੀ ਉਥੇ ਕਾਮਦੇਵ ਨਾਂ ਦਾ ਗਾਥਾਪਤੀ ਰਹਿੰਦਾ ਉਸਦੇ ਖਜਾਨੇ ਵਿਚ ਸਨ, ਛੇ ਕਰੋੜ ਘਰ ਦੇ ਸਮਾਨ ਰੂਪ ਲਗਿਆ ਹੋਇਆ ਸੀ, ਉਸ ਦੀ ਭਕਰਾ ਨਾਂ ਦੀ ਇਜਤਰੀ ਸੀ। ਛੇ ਕਰੋੜ ਸੋਨੇ ਦੀਆਂ ਮੋਹਰਾ 6 ਗਊਆਂ ਦੇ ਬ੍ਰਿਜ ਸਨ ਹਰ ਬਿਰਜ ਵਿਚ 10000 ਗਾਂ ਸੀ। ਭਗਵਾਨ ਮਹਾਵੀਰ ਉਸਦੀ ਨਗਰੀ ਵਿਚ ਪਧਾਰੇ, ਧਰਮ ਉਪਦੇਸ ਦਿੱਤਾ ਜਿਵੇਂ ਆਨੰਦ ਨੇ 12 ਵਰਤ ਸਵੀਕਾਰ ਕੀਤੇ ਸਨ। ਉਸ ਪ੍ਰਕਾਰ ਕਾਮਦੇਵ ਵੀ ਸ਼੍ਰਮਣ ਭਗਵਾਨ ਮਹਾਵੀਰ ਦੇ 12 ਵਰਤ ਰੂਪੀ ਸ਼੍ਰਾਵਕ ਧਰਮ ਦਾ ਪਾਲਨ ਕਰਨ ਲਗਾ।93।

ਇਸਤੋਂ ਬਾਅਦ ਇਕ ਰਾਤ ਅੱਧੀ ਰਾਤ ਵੇਲੇ ਕਾਮਦੇਵ ਸ਼੍ਰਮਣਾਂ ਦੇ ਉਪਾਸਕ ਕੋਲ ਇਕ ਧੋਖੇਵਾਜ ਅਤੇ ਮਿਥਿਆਤਵੀ (ਸੱਚੇ ਤੋਂ ਧਰਮ ਤੋਂ ਰਹਿਤ) ਦੇਵਤਾ ਪ੍ਰਗਟ ਹੋਇਆ।94।

ਉਸ ਧੋਖੇਵਾਜ, ਤੇ ਝੂਠੇ ਦੇਵਤੇ ਨੇ ਡਰਾਉਣੇ ਪਿਸ਼ਾਚ ਦਾ ਰੂਪ ਧਾਰਣ ਕੀਤਾ ਉਸ ਦਾ ਸਿਰ ਗਊ ਨੂੰ ਚਾਰਾ ਪਾਉਣ ਵਾਲੀ ਟੋਕਰੀ ਵਰਗਾ ਸੀ, ਜੋਰੀ ਦੇ ਪਤਿਆਂ ਦੀਆਂ ਭੂਰੀਆਂ ਧਾਰੀਆਂ ਸਮਾਨ ਉਸਦੇ ਬਾਲ ਰੂਖੇ ਤੇ ਭੂਰੇ ਸਨ, ਮੱਥਾ ਮਟ ਦੀ ਤਰਾਂ ਲੰਬਾ ਚੌੜਾ ਸੀ ਅੱਖਾਂ ਦੀਆਂ ਭੋਆਂ ਗੁਲਹੈਰੀ ਦੀ ਪੂੰਛ ਦੀ ਤਰਾਂ ਵਿਖਰੀਆਂ ਹੋਈਆਂ ਤੇ ਡਰਾਉਣੀਆਂ ਸਨ। ਅੱਖਾਂ ਟਡੀਆਂ ਸਨ ਇੰਜ ਲਗਦੀਆਂ ਸਨ ਜਿਵੇਂ ਕਿਸੇ ਨੇ ਘੜੇ ਵਿਚ ਦੋ ਛੇਦ ਕਰ ਦਿਤੇ ਹੋਣ, ਨੱਕ ਮੇਡਂਕ ਵਰਗੀ ਸੀ ਉਸ ਵਿਚ ਟੋਏ ਵਰਗੇ ਛੇਦ ਸਨ। ਨੱਕ ਦੇ ਛੇਦ

ਜੁੜੇ ਹੋਏ ਦੋ ਚੁਲਿਆਂ ਦੀ ਤਰਾਂ ਸਨ। ਮੁਛਾਂ ਘੋੜੇ ਦੀ ਪੂੰਛ ਦੀ ਤਰਾਂ ਰੁਖੀਆਂ, ਭੂਰੀਆਂ ਤੇ ਭੈੜੀਆਂ ਸਨ ਬੁੱਲ ਉੱਠ ਦੀ ਗਲ੍ਹਾਂ ਦੀ ਤਰਾਂ ਲੰਬੇ ਸਨ।

ਦੰਦ ਹੱਲ ਦੇ ਫਾਲੇ ਦੀ ਤਰਾਂ ਤੀਖੇ ਸਨ, ਜੀਭ ਛੱਜ ਦੇ ਟੁਕੜਿਆਂ ਦੀ ਤਰਾਂ ਖਰਾਬ ਤੇ ਡਰਾਉਣੀ ਸੀ, ਉਸਦੀ ਠੋਡੀ ਹੱਲ ਦਾ ਫਾਲੇ ਦੀ ਤਰਾਂ ਉਭਰੀ ਹੋਈ ਸੀ, ਗੱਲ੍ਹਾਂ ਕੜਾਹੀ ਦੀ ਤਰਾਂ ਅੰਦਰ ਨੂੰ ਧਸੀਆਂ ਹੋਈਆਂ ਸਨ, ਗਲਾਂ ਫਟੀਆਂ ਹੋਈਆਂ, ਭੂਰੀਆਂ ਤੇ ਡਰਾਉਣੀਆਂ ਸਨ, ਕੰਧੇ ਢੋਲ ਦੀ ਤਰਾਂ ਸਨ, ਛਾਤੀ ਸ਼ਹਿਰ ਦੇ ਦਰਵਾਜ਼ੇ ਦੀ ਤਰਾਂ ਚੌੜੀ ਸੀ। ਬਾਹਾਂ ਅੱਗ ਜਲਾਉਣ ਵਾਲੀ ਭੂਕਨੀ (ਧੂੰਕਨੀ) ਦੀ ਤਰਾਂ ਸਨ, ਹਥੇਲੀਆਂ ਚੱਕੀ ਦੇ ਪੁੜਾਂ ਦੀ ਤਰਾਂ ਮੋਟੀਆਂ ਸਨ। ਹੱਥ ਦੀਆਂ ਉਂਗਲਾਂ ਸਿੱਲ ਬੱਟੇ ਦੀ ਤਰਾਂ ਸਨ, ਥਣ ਛਾਤੀ ਤੇ ਲਟਕ ਰਹੇ ਸਨ ਇਹ (ਥਣ) ਇਸ ਪ੍ਰਕਾਰ ਲਗ ਰਹੇ ਸਨ ਜਿਵੇਂ ਨਾਈਆਂ ਦੇ ਔਜਾਰ ਰਖਣ ਦੀਆਂ ਥੈਲੀਆਂ ਹੋਣ, ਪੇਟ ਲੋਹੇ ਦੇ ਕੋਠੇ ਦੀ ਤਰਾਂ ਗੋਲ ਸੀ। ਧੁੰਨੀ ਇੰਨੀ ਡੂੰਘੀ ਸੀ ਜਿਵੇਂ ਜੁਲਾਹੇ ਦਾ ਆਟਾ ਘੋਲਣ ਦੀ ਕੁੰਡੀ ਹੋਵੇ। ਅੱਖਾਂ ਛਿਕੇ ਦੀ ਤਰਾਂ ਸਨ, ਅੰਡ ਕੋਸ਼ ਦੋ ਭਰੀਆਂ ਹੋਈਆਂ ਬੋਰੀਆਂ ਦੀ ਤਰਾਂ ਸਨ ਪਟ ਦੋ ਬਰਾਬਰ ਦੀਆਂ ਕੋਠੀਆਂ ਦੀ ਤਰਾਂ ਸਨ, ਘੁਟਨੇ ਅਰਜੱਨ ਦਰਖਤ ਦੇ ਗੁਛੇ ਦੀ ਤਰਾਂ ਟੇਢੇ, ਵਿਗੜੇ ਹੋਏ ਅਤੇ ਡਰਾਉਣੇ ਸਨ, ਪਿੰਜਨੀਆਂ ਕਠੋਰ ਅਤੇ ਬਾਲਾਂ ਨਾਲ ਭਰੀਆਂ ਹੋਈਆਂ ਸਨ, ਪੈਰ ਦਾਲ ਪੀਸਣ ਵਾਲੀ ਸ਼ਿਲ ਦੀ ਤਰਾਂ ਸਨ, ਪੈਰਾਂ ਦੀਆਂ ਉਂਗਲਾਂ ਟੇਢੀ ਜਿਹੀ ਸ਼ਕਲ ਦੀ ਤਰਾਂ ਸਨ ਪੈਰਾਂ ਦੇ ਨੌਂਹ ਸੀਪ ਦੀ ਤਰਾਂ ਸਨ।95।

ਗੋਡੇ ਲੰਬੇ ਤੇ ਲੜਖੜਾ ਰਹੇ ਸਨ, ਭੌਆਂ ਵਿਗੜੀਆਂ ਹੋਈਆਂ, ਅਸਤ ਵਿਅਸਤ ਤੇ ਧੋਖੇਵਾਜ ਲਗਦੀਆਂ ਸਨ, ਉਸ ਨੇ ਮੂੰਹ ਫਾੜ ਰਖਿਆ ਸੀ, ਜੀਭ ਬਾਹਰ ਕਢ ਰਖੀ ਸੀ, ਗਿਰਗਿਟਾਂ ਅਤੇ ਚੂਹਿਆਂ ਦੀ ਮਾਲਾ ਉਸਨੇ ਗਲ ਵਿਚ ਪਾ ਰਖੀ ਸੀ, ਇਹ ਹੀ ਉਸਦੇ ਮੁੱਖ ਚਿੰਨ ਸਨ ਕੰਨਾਂ ਵਿਚ ਨੇਵਲੇ ਦਾ ਗਹਿਨਾ ਬਣਾਕੇ ਪਾਇਆ ਹੋਇਆ ਸੀ, ਸੱਪ ਦੁਪਟੇ ਦੀ ਤਰਾਂ ਗਲੇ ਵਿਚ ਪਾਏ ਹੋਏ ਸਨ, ਹਥ ਪੈਰ ਘੁਮਾਕੇ ਉਸ ਨੇ ਭਿਅੰਕਰ ਗਰਜ ਨਾਲ ਸ਼ੋਰ ਕੀਤਾ ਅਤੇ ਉਹ ਖਤਰਨਾਕ ਢੰਗ ਨਾਲ ਹਸਿਆ।

---

ਪਾਠ ਨੰ: 95 ਦੀ ਟਿਪਣੀ

(लडहमडहजाणुए, ਲੜਹਮਜਾਣੂਏ)
ਵਾਰੇ ਵਿਰਤੀਕਾਰ ਨੇ ਇਸ ਪ੍ਰਕਾਰ ਕਿਹਾ ਹੈ

लडहमहुतजाणुए त्ति इह प्रस्तावे लड़हशब्देन गन्त्रया: पश्चाद्भागवर्ति तदुतराङ्करक्षणार्थं यत्काष्ट तदुच्यते तच्चगन्त्र्यां श्लथबन्धनं भवति एवं च श्लथ-

ਉਸਦਾ ਸ਼ਰੀਰ ਪੰਜ ਰੰਗਾਂ ਦੇ ਵਾਲਾਂ ਨਾਲ ਭਰਪੂਰ ਸੀ। ਨੀਲ ਕਮਲ ਦੀ ਤਰਾਂ ਨੀਲੀ, ਮੈਸ ਦੇ ਸਿਰਾਂ ਦੀ ਤਰਾਂ ਟੇਢੀ, ਅਲੱਸੀ ਦੇ ਫੁੱਲ ਦੀ ਤਰਾਂ ਚਮਕੱਦੀ, ਤੀਖੀ ਧਾਰ ਵਾਲੀ ਤਲਵਾਰ ਨੂੰ ਲੈਕੇ ਪੌਸ਼ਧਸ਼ਾਲਾ ਵਿਚ ਕਾਮਦੇਵ ਕੋਲ ਪਹੁੰਚਿਆ। ਉਹ ਬੇਰਹਿਮੀ ਨਾਲ, ਗੁਸੇ, ਨਰਾਜ਼ ਹੋਇਆ ਅਤੇ ਖਤਰਨਾਕ ਢੰਗ ਨਾਲ ਹੱਸਦਾ ਹੋਇਆ ਬੋਲਿਆ "ਉਏ ਕਾਮਦੇਵ ! ਤੂੰ ਮਰਨ ਦੀ ਇਛਾ ਕਰ ਰਿਹਾ ਹੈਂ। ਤੂੰ ਦੁਖਾਂ ਦਾ ਕਾਰਨ ਤੇ ਭੈੜੇ ਲਛਣਾਂ ਨਾਲ ਭਰਪੂਰ ਹੈ ? ਤੂੰ ਭੈੜੀ 14ਵੀਂ ਨੂੰ ਪੈਦਾ ਹੋਇਆ ਹੈ ਸ਼ਰਮ, ਧਨ, ਧੀਰਜ ਤੇ ਯਮ ਤੋਂ ਰਹਿਤ ਹੈ ਧਰਮ ਸਵਰਗ ਅਤੇ ਮੁਕਤੀ ਦੀ ਇੱਛਾ ਕਰਦਾ ਹੈ। ਧਰਮ ਤੇ ਸਵਰਗ ਦੀ ਇਛਾ ਕਰਦਾ ਹੈ ਧਰਮ ਜਾਨਣ ਦਾ ਇਛੁਕ ਹੈ। ਹੇ ਦੇਵਾਨੂਪ੍ਰਿਯ! ਤੈਨੂੰ ਆਪਣਾ ਸ਼ੀਲ ਵਰਤ, ਵਿਰਮਨ ਪਛਖਾਨ ਅਤੇ ਪੋਸ਼ਧ ਉਪਵਾਸ ਤੋਂ ਡੋਲਨਾ, ਘਬਰਾਉਣਾ, ਖੰਡਤ ਕਰਨਾ ਭੰਗ ਕਰਨਾ, ਤਿਆਗਨਾ ਅਤੇ ਛਡਨਾ ਯੋਗ ਨਹੀਂ ਪਰ ਜੇ ਤੂੰ ਅਜ ਸ਼ੀਲ ਆਦਿ ਵਰਤ ਨਹੀਂ ਛਡੇਗਾ, ਭੰਗ ਨਹੀਂ ਕਰੇਗਾ ਤਾਂ ਇਸ ਕਮਲ ਆਦਿ ਦੀ ਤਰਾਂ ਕਾਲੇ ਰੰਗ ਦੀ ਤਿਖੀ ਤਲਵਾਰ ਨਾਲ ਤੇਰੇ ਟੁਕੜੇ ਟੁਕੜੇ ਕਰ ਦੇਵਾਂਗਾ ਜਿਸ ਕਾਰਨ ਤੂੰ ਦੁਖ ਭੋਗ ਦਾ, ਮੌਤ ਤੋਂ ਪਹਿਲਾਂ ਹੀ ਮਰ ਜਾਵੇਗਾ।96।

ਪਿਸਾਚਧਾਰੀ ਦੇਵਤੇ ਦੇ ਇਸ ਪ੍ਰਕਾਰ ਆਖਣ ਤੇ ਵੀ ਕਾਮਦੇਵ ਸ੍ਰਮਣਾਂ ਦਾ ਉਪਾਸਕ ਨਾ ਡਰਿਆ, ਨਾ ਤਕਲੀਫ ਮੰਨੀ, ਨਾ ਘਬਰਾਇਆ, ਨਾ ਦੁਖੀ ਹੋਇਆ, ਨਾ ਚਲਾਕੀ ਕੀਤੀ, ਅਤੇ ਨਾ ਭੱਰਮ ਵਿਚ ਡੁਬਿਆ, ਸਗੋਂ ਚੁਪਚਾਪ ਧਰਮ ਵਿਚ ਸਥਿਰ (ਪੱਕਾ) ਰਿਹਾ।97।

---

सन्धिबन्धनत्वाल्डह इव लडहे, मडहे च स्थुलत्वालपदीर्धत्वाम्यां जानुनी यस्य तजथा विकृते-विकारवत्यो भग्ने-विसंस्थुलतया भुग्ने-वक्रे भुवै यस्य पिशाचरूपस्य इह्याध्यदपि विशेषणनतुष्टयं वाचानान्तरेऽधीयते ।

ਭਾਵ ਲਕੜ ਦਾ ਅਰਥ ਹੈ ਲਕੜੀ ਦਾ ਤੂੰਹ ਲਠ ਹੈ ਜੋ ਬੈਲ ਗੱਡੀ ਨੂੰ ਸੰਤੁਲਨ ਵਿਚ ਰਖਣ ਲਈ ਉਸ ਦੇ ਪਿਛੇ ਲਟਕਦੀ ਹੈ ਇਹ ਮੋਟੀ ਤੇ ਢੀਲੀ ਹੁੰਦੀ ਹੈ ਪਿਸ਼ਾਚ ਦੀਆਂ ਟੰਗਾਂ ਉਸੇ ਪ੍ਰਕਾਰ ਮੋਟੀਆਂ ਢਿਲੀਆਂ ਅਤੇ ਲੜਖੜਾ ਰਹੀਆਂ ਸਨ।

ਉਹ ਦੁਪਟਾ ਜੋ ਬਗਲ ਤੋਂ ਹੇਠਾਂ ਲਿਜਾ ਕੇ ਮੋਢੇ ਤੇ ਸੁਟਿਆ ਜਾਂਦਾ ਹੈ ਪਿਸਾਚ ਨੇ ਇਸ ਪ੍ਰਕਾਰ ਗਲ ਵਿਚ ਪਾ ਰਖਿਆ ਸੀ ਇਥੋਂ ਕੁਝ ਪਾਠ ਭੇਦ ਮਿਲਦਾ ਹੈ ਉਸ ਪਾਠ ਅਨੁਸਾਰ ਉਸ਼ ਨੂੰ ਚੂਹਿਆ ਦਾ ਮੁਕਟ, ਵਿਛੂਆਂ ਦਾ ਹਾਰ, ਸੱਪ ਦਾ ਜਨੇਓ ਪਾ ਰਖਿਆ ਸੀ ਚੀਤੇ ਦੀ ਖਲ ਦਾ ਸਿਰਾ ਤੋਂ ਅੱਖ ਮੂੰਹ ਅਲਗ ਨਹੀਂ ਸੀ ਕੀਤਾ ਗਿਆ ਅਜਿਹੇ ਕਪੜੇ ਉਸਨੇ ਪਾ ਰਖੇ ਸਨ। ਸ਼ਰੀਰ ਤੇ ਖੂਨ ਤੇ ਮਾਸ ਲਿੱਪ ਰਖਿਆ ਸੀ।

ਪਿਸ਼ਾਚਧਾਰੀ ਦੇਵ ਨੇ ਕਾਮਦੇਵ ਸ਼੍ਰਮਣਾਂ ਦੇ ਉਪਾਸਕ ਨੂੰ ਧਰਮ ਧਿਆਨ ਵਿਚ ਸਥਿਰ ਤੇ ਮਜ਼ਬੂਤ ਵੇਖ ਕੇ ਲਗਾਤਾਰ ਤਿੰਨ ਵਾਰ ਇਹ ਸ਼ਬਦ ਆਖੇ "ਉਏ ਮੌਤ ਦੀ ਇੱਛਾ ਕਰਨ ਵਾਲੇ ਕਾਮਦੇਵ ਤੂੰ ਸੀਲ ਵਰਤ ਛਡ ਦੇਹ ਨਹੀਂ ਤਾਂ ਤੂੰ ਬਿਨਾ ਮੌਤ ਮਰ ਜਾਵੇਗਾ ।98।

ਦੇਵਤੇ ਦੇ ਦੂਸਰੀ ਤੇ ਤੀਸਰੀ ਵਾਰ ਆਖਣ ਤੇ ਵੀ ਕਾਮਦੇਵ ਭੈ ਰਹਿਤ ਹੋਕੇ ਧਰਮ ਧਿਆਨ ਵਿਚ ਲਗਿਆ ਰਿਹਾ ।99।

ਪਿਸ਼ਾਚਰੂਪੀ ਦੇਵਤੇ ਨੇ ਫਿਰ ਵੀ ਵੇਖਿਆ ਕਿ ਕਾਮਦੇਵ ਸ਼੍ਰਮਣਾਂ ਦਾ ਉਪਾਸਕ ਧਰਮ ਵਿਚ ਦਰਿੜ ਹੈ ਇਹ ਵੇਖ ਕੇ ਉਹ ਬਹੁਤ ਗੁਸੇ ਹੋਇਆ ਉਸਨੇ ਮਥੇ ਤੇ ਤਿੰਨ ਤਿਉੜੀਆਂ ਚਾੜਕੇ ਨੀਲ ਕਮਲ ਦੀ ਤਰਾਂ ਤਿਖੀ ਤਲਵਾਰ ਨਾਲ ਕਾਮਦੇਵ ਸ੍ਰਮਣਾਂ ਦੇ ਉਪਾਸ਼ਕ ਤੇ ਵਾਰ ਕਰਨ ਲਗਾ ।100।

ਕਾਮਦੇਵ ਸ਼੍ਰਮਣਾਂ ਦੇ ਉਪਾਸਕ ਉਸ ਤੇਜ ਤੇ ਅਸਹਿ ਪੀੜਾ ਨੂੰ ਸ਼ਾਂਤ ਚਿਤ ਹੋਕੇ ਸਹਿੰਦਾ ਰਿਹਾ ਅਤੇ ਧਰਮ ਧਿਆਨ ਵਿਚ ਸਥਿਰ ਰਿਹਾ ।101।

ਪਿਸ਼ਾਚਰੂਪੀ ਦੇਵਤੇ ਨੇ ਜਦ ਕਾਮਦੇਵ ਸ੍ਰਮਣ ਦੇ ਉਪਾਸਕ ਨੂੰ ਭੈ ਰਹਿਤ ਅਤੇ ਧਿਆਨ ਵਿਚ ਮਗਨ ਵੇਖਿਆ ਤਾਂ ਉਸਨੂੰ ਨਿਰਗਰੰਥਾਂ ਦੇ ਉਪਦੇਸ਼ ਤੋਂ ਗਿਰਾਉਣ ਲਈ, ਡਰਾਉਣ ਲਈ ਅਤੇ ਮਨ ਦੇ ਵਿਚਾਰ ਬਦਲਨ ਵਿਚ ਅਸਮਰਥ ਹੋਕੇ ਜਦ ਥਕ ਗਿਆ, ਪਰੇਸ਼ਾਨ ਹੋ ਗਿਆ ਅਤੇ ਰੋਗੀ ਦੀ ਤਰਾਂ ਕਮਜ਼ੋਰ ਹੋ ਗਿਆ ਤਾਂ ਉਹ ਹੌਲੀ ਹੌਲੀ ਬਾਹਰ (ਪੋਸ਼ਧਸ਼ਾਲਾ) ਤੋਂ ਨਿਕਲਿਆ । ਉਸਨੇ ਵਿਸ਼ਾਲ ਹਾਥੀ ਦਾ ਰੂਪ ਧਾਰਨ ਕਰ ਲਿਆ, ਉਸਦੇ ਸੱਤ ਅੰਗ ਸਡੋਲ ਸਨ । ਸ਼ਰੀਰ ਦੀ ਰਚਨਾ ਦਰਿੜ ਅਤੇ ਸੁੰਦਰ ਸੀ, ਪਰ ਉਸਦੇ ਸ਼ਰੀਰ ਦਾ ਮੂਹਰਲਾ ਹਿਸਾ ਉਭਰਿਆ ਹੋਇਆ ਤੇ ਪਿਛਲਾ ਹਿਸਾ ਮਗਰਮੱਛ ਦੀ ਤਰਾਂ ਝੁਕਿਆ ਹੋਇਆ ਸੀ, ਕੁੱਖ ਬੱਕਰੀ ਦੀ ਤਰਾਂ ਲੰਬੀ ਅਤੇ ਲਟਕੀ ਹੋਈ ਸ਼ੀ, ਪੇਟ ਗੋਲ ਅਤੇ ਸੁੰਡ ਹੇਠਾਂ ਨੂੰ ਲਟਕ ਰਹੀ ਸੀ, ਦੰਦ ਮੂੰਹ ਤੋਂ ਬਾਹਰ ਨਿਕਲੇ ਹੋਏ, ਮੁਕਾਲਿਤ ਮਾਲਿਕਾ ਫੁੱਲ ਦੀ ਤਰਾਂ ਨਿਰਮਲ ਤੇ ਸਫੇਦ ਸਨ ਉਨ੍ਹਾਂ ਉਪਰ ਸ਼ੋਨੇ ਦਾ ਖੋਲ ਚੜਿਆ ਹੋਇਆ ਸੀ । ਸੁੰਡ ਦਾ ਮੂਹਰਲਾ ਹਿਸਾ ਝੁਕੇ ਹੋਏ, ਧਨੁਸ਼ ਦੀ ਤਰਾਂ ਮੁੜਿਆ ਹੋਇਆ ਸੀ । ਪੈਰ ਕਛੂ ਦੀ ਤਰਾਂ ਸਥੂਲ ਅਤੇ ਚਪਟੇ ਸਨ ਪੂਛ ਉਠੀ ਹੋਈ ਸ਼ੀ ਅਤੇ ਪ੍ਰਮਾਣ ਅਨੁਸਾਰ ਸੀ ।102।

---

ਪਾਠ 102 ਦੀ ਟਿੱਪਣੀ

(1) ਚਾਰ ਪੈਰ (5) ਸੁੰਡ (6) ਲਿੰਗ (7) ਪੂਛ

ਉਹ ਹਾਥੀ ਮਸਤ ਸੀ ਬੱਦਲ ਦੀ ਤਰਾਂ ਗਰਜ ਰਿਹਾ ਸੀ ਉਸ ਦੀ ਰਫਤਾਰ ਮਨ ਤੇ ਹਵਾ ਨਾਲੋਂ ਵੀ ਤੇਜ ਸੀ ਦੇਵਤੇ ਨੇ ਅਜਿਹੇ ਮਨ ਨੂੰ ਮੋਹਨ ਵਾਲੇ ਹਾਥੀ ਦਾ ਰੂਪ ਬਨਾਇਆ। ਉਹ ਪੋਸ਼ਧਸ਼ਾਲਾ ਵਿਚ ਆਕੇ ਕਾਮਦੇਵ ਸ਼੍ਰਮਣਾਂ ਦੇ ਉਪਾਸਕ ਕੋਲ ਆਇਆ; ਅਤੇ ਬੋਲਿਆ "ਉਏ ਕਾਮਦੇਵ ਸ਼੍ਰਮਣਾਂ ਦੇ ਉਪਾਸਕ! ਜੇ ਤੂੰ ਸੀਲ ਵਰਤ ਆਦਿ ਭੰਗ ਨਹੀਂ ਕਰੇਗਾ, ਤਾਂ ਮੈਂ ਤੈਨੂੰ ਆਪਣੀ ਸੁੰਡ ਤੋਂ ਫੜ ਕੇ ਬਾਹਰ ਲੈ ਜਾਵਾਂਗਾ। ਅਕਾਸ਼ ਵਿਚ ਉਛਾਲਾਂਗਾ, ਫਿਰ ਆਪਣੇ ਤਿਖੇ ਮੂਸਲ ਦੀ ਤਰਾਂ ਮਜਬੂਤ ਦੰਦਾਂ ਨਾਲ ਉਠਾਵਾਂਗਾ। ਤਿੰਨ ਵਾਰ ਹੇਠਾਂ ਜਮੀਨ ਤੇ ਸੁਟਕੇ ਪੈਰਾਂ ਨਾਲ ਕੁਚਲ ਦੇਵਾਂਗਾ, ਜਿਸ ਕਾਰਣ ਤੂੰ ਬਹੁਤ ਦੁਖੀ ਹੋਕੇ ਚਿੰਤਾ ਵਿਚ ਪੈਕੇ ਬੇਮੌਕੇ ਮਰ ਜਾਵੇਗਾ" ।103।

ਹਾਥੀ ਰੂਪੀ ਦੇਵਤੇ ਦੇ ਅਜਿਹਾ ਆਖਣ ਤੇ ਵੀ ਕਾਮਦੇਵ ਸ਼੍ਰਮਣਾਂ ਦਾ ਉਪਾਸਕ ਨਿਡਰ ਰਿਹਾ ਅਤੇ ਧਰਮ ਵਿਚ ਸਥਿਰ ਰਿਹਾ ।104।

ਹਾਥੀ ਰੂਪੀ ਦੇਵਤੇ ਨੇ ਕਾਮਦੇਵ ਸ਼੍ਰਮਣਾਂ ਦੇ ਉਪਾਸਕ ਨੂੰ ਨਿੱਡਰ ਅਤੇ ਧਿਆਨ ਵਿਚ ਵੇਖਿਆ, ਉਸ ਨੇ ਕਾਮਦੇਵ ਨੂੰ ਦੂਸਰੀ ਤੇ ਤੀਸਰੀ ਵਾਰ ਇਸੇ ਤਰਾਂ ਕਿਹਾ ਪਰ ਉਹ ਪਹਿਲਾਂ ਦੀ ਤਰਾਂ ਧਰਮ ਵਿਚ ਸਥਿਰ ਰਿਹਾ ।105।

ਫਿਰ ਵੀ ਹਾਥੀ ਰੂਪੀ ਦੇਵਤੇ ਨੇ ਕਾਮਦੇਵ ਸ਼੍ਰਮਣਾਂ ਦੇ ਉਪਾਸਕ ਨੂੰ ਨਿਡਰ ਅਤੇ ਧਿਆਨ ਵਿਚ ਲਗਾ ਵੇਖਿਆ ਤਾਂ ਉਹ ਲਾਲ ਪੀਲਾ ਹੋ ਗਿਆ ਉਸਨੇ ਆਪਣਾ ਸੁੰਡ ਨਾਲ ਕਾਮਦੇਵ ਨੂੰ ਪਕੜ ਕੇ ਅਕਾਸ਼ ਵਿਚ ਉਛਾਲਿਆ, ਤਿਖੇ ਦੰਦਾ ਨਾਲ ਫੜਿਆ। ਫੇਰ ਜ਼ਮੀਨ ਤੇ ਸੁਟਕੇ ਪੈਰ ਹੇਠਾਂ ਕੁਚਲਿਆ ।106।

ਕਾਮਦੇਵ ਸ਼੍ਰਮਣਾਂ ਦੇ ਉਪਾਸਕ ਉਸ ਨਾ ਸਹਿਨ ਯੋਗ ਕਸ਼ਟ ਨੂੰ ਸ਼ਾਂਤੀ ਨਾਲ ਸਹਿਨ ਕਰਦਾ ਰਿਹਾ ।107।

ਉਸ ਹਾਥੀ ਰੂਪੀ ਦੇਵਤੇ ਨੇ ਕਾਮਦੇਵ ਸ਼੍ਰਮਣਾ ਦੇ ਉਪਾਸਕ ਨੂੰ ਧਰਮ ਵਿਚ ਅੱਟਲ ਵੇਖਿਆ ਤਾਂ ਉਹ ਪੋਸ਼ਧਸ਼ਾਲਾ ਤੋਂ ਵਾਪਿਸ ਬਾਹਰ ਆਇਆ। ਹਾਥੀ ਦਾ ਰੂਪ ਛੱਡ ਦਿਤਾ ਉਸਨੇ ਖਤੱਰਨਾਕ ਸੱਪ ਦਾ ਰੂਪ ਗ੍ਰਹਿਣ (ਧਾਰਨ) ਕੀਤਾ, ਜੋ ਉਗੱਰ (ਅਸਹਿ ਕਸਟ ਪੈਦਾ ਕਰਨ ਵਾਲਾ) ਚੰਡ (ਸਾਰੇ ਸ਼ਰੀਰ ਵਿਚ ਛੇਤੀ ਫੈਲਣ ਵਾਲਾ ਜਹਿਰ) ਘੋਰ (ਉਹ ਜਿਸ ਦੇ ਫੈਲਨ ਨਾਲ ਹੀ ਮੌਤ ਹੋ ਜਾਂਦੀ ਹੈ) ਆਦਿ ਜਹਿਰ ਨਾਲ ਭਰਪੂਰ ਅਤੇ ਵਿਸ਼ਾਲ ਸਰੀਰ ਵਾਲਾ ਸੀ। ਉਸਦਾ ਰੰਗ ਸਿਆਹੀ ਅਤੇ ਏਰਨ (ਲੋਹਾ ਤੀਖਾ ਕਰਨ ਵਾਲੀ) ਦੀ ਤਰਾਂ ਕਾਲਾ ਸੀ। ਅੱਖ ਜਹਿਰ ਅਤੇ ਗੁਸੇ ਨਾਲ ਭਰੀ ਹੋਈ ਸੀ। ਅੱਖ ਸੁਰਮੇ ਦੇ ਟੁਕੜੇ ਦੀ ਤਰਾਂ ਸੀ। ਅੱਖਾਂ ਲਾਲ ਅਤੇ ਅੱਗ ਦੀ ਤਰਾਂ ਸਨ, ਜੀਭਾਂ ਦਾ ਜੋੜਾ ਬਾਹਰ ਨੂੰ ਨਿਕਲਿਆ ਹੋਇਆ ਇੰਝ ਲਗਦਾ ਸੀ, ਜਿਵੇਂ ਜਮੀਨ ਦੀ ਗੁੱਤ ਹੋਵੇ ਉਸਨੇ ਕਾਲਾ

ਬਹੁਤ ਸਪਸ਼ਟ 'ਕੌੜੇ' ਨਾ ਸਮਝਨ ਵਾਲੇ ਕਠੋਰ ਅਤੇ ਖਤਰਨਾਕ ਫਣ ਫੈਲਾਏ ਹੋਏ ਸਨ ਲੁਹਾਰ ਦੀ ਫੂਕਨੀ ਦੀ ਤਰਾਂ ਉਹ ਫੁਕਾਰ ਭਰਦਾ ਸੀ। ਉਹ ਭੈੜਾ, ਤੇਜ ਅਤੇ ਭਿਅੰਕਰ ਕਰੋਧ ਨਾਲ ਭਰਪੂਰ ਸੀ ਇਸ ਪ੍ਰਕਾਰ ਦਾ ਰੂਪ ਬਣਾ ਕੇ ਉਹ ਦੇਵਤਾ ਪੋਸ਼ਧਸ਼ਾਲਾ ਵਿਚ ਕਾਮਦੇਵ ਸ੍ਰਮਣਾਂ ਦੇ ਉਪਾਸਕ ਕੋਲ ਆਇਆ ਅਤੇ ਆਖਣ ਲਗਾ !"ਉਏ ਕਾਮਦੇਵ ਸ੍ਰਮਣਾਂ ਦੇ ਉਪਾਸਕ ! ਜੇ ਤੂੰ ਸੀਲ ਆਦਿ ਵਰਤ ਭੰਗ ਨਹੀਂ ਕਰੇਗਾ ਤਾਂ ਮੈਂ ਹੁਣੇ ਤੇਰੇ ਸਿਰ ਤੇ ਸਰ ਸਰ ਕਰਦਾ ਚੜ ਜਾਵਾਂਗਾ, ਗਲੇ ਨਾਲ ਲਿਪਟ ਜਾਵਾਂਗਾ। ਤਿਖੀ ਜਹਰਿਲੀ ਜਾੜ੍ਹਾਂ ਨਾਲ ਛਾਂਤੀ ਤੇ ਡੰਗ ਮਾਰਾਂਗਾ ਜਿਸ ਨੂੰ ਤੂੰ ਬਹੁਤ ਦੁਖ ਨਾਲ ਦੁਖੀ ਹੋਕੇ ਸਮੇ ਤੋਂ ਪਹਿਲਾ ਮਰ ਜਾਵੇਗਾ। 108।

ਸੱਪ ਦਾ ਰੂਪ ਧਾਰਨ ਕਰਨ ਵਾਲੇ ਉਸ ਦੇਵਤੇ ਦੇ ਆਖਣ ਤੇ ਵੀ ਉਹ ਨਿਡਰ ਰਿਹਾ ਅਤੇ ਧਰਮ ਵਿਚ ਸਥਿਰ ਰਿਹਾ। ਦੇਵਤੇ ਨੇ ਦੂਸਰੀ, ਤੀਸਰੀ ਵਾਰ ਇਸੇ ਪ੍ਰਕਾਰ ਕਿਹਾ। ਪਰ ਕਾਮਦੇਵ ਅਟਲ ਰਿਹਾ। 109।

ਜਦ ਸੱਪ ਦਾ ਰੂਪ ਧਾਰਨ ਕਰਨ ਵਾਲੇ ਦੇਵਤੇ ਨੇ ਕਾਮਦੇਵ ਸ੍ਰਮਣਾ ਦੇ ਉਪਾਸਕ ਨੂੰ ਨਿਡਰ ਤੇ ਧਿਆਨ ਵਿਚ ਸਥਿਰ ਵੇਖਿਆ ਤਾਂ ਉਹ ਗੁਸੇ ਨਾਲ ਸਰ-ਸਰ ਕਰਦਾ ਹੋਇਆ ਉਸਦੇ ਸਰੀਰ ਤੇ ਚੜਕੇ ਉਸਦੀ ਗਰਦਨ ਤੇ ਲਿਪਟ ਗਿਆ ਅਤੇ ਤਿਖੇ ਦੰਦਾ ਨਾਲ ਉਸਦੀ ਛਾਤੀ ਤੇ ਜਹਰੀਲੇ ਡੰਗ ਮਾਰਨ ਲਗਾ। 110।

ਕਾਮਦੇਵ ਸ੍ਰਮਣਾ ਦਾ ਉਪਾਸਕ ਉਸ ਅਸਹਿ ਕਸ਼ਟ ਨੂੰ ਸ਼ਾਂਤੀ ਨਾਲ ਸਹਿਨ ਕਰਦਾ ਰਿਹਾ। 111।

ਜਦ ਸੱਪ ਦਾ ਰੂਪ ਧਾਰਨ ਵਾਲੇ ਦੇਵਤੇ ਨੇ ਸੋਚਿਆ ਕਿ "ਕਾਮਦੇਵ ਸ੍ਰਮਣਾ ਦੇ ਉਪਾਸਕ ਨੂੰ ਨਿਰਗੰਰਥਾ ਦੇ ਉਪਦੇਸ ਤੋਂ ਗਿਰਾਉਣਾ ਉਸਦੇ ਵੱਸ ਦੀ ਗਲ ਨਹੀ ਤਾਂ ਉਹ ਹੋਲੀ ਹੋਲੀ ਵਾਪਸ ਆਇਆ। ਪੋਸ਼ਧਸ਼ਾਲਾ ਤੇ ਬਾਹਰ ਨਿਕਲ ਕੇ ਸੱਪ ਦਾ ਰੂਪ ਛਡ ਦਿਤਾ ਅਤੇ ਦੇਵਤੇ ਦਾ ਰੂਪ ਧਾਰਨ ਕਰ ਲਿਆ। 112।

ਉਸ ਦੇਵਤੇ ਦੀ ਛਾਤੀ ਉਪਰ ਪਹਿਨਿਆ ਹੋਇਆ ਹਾਰ ਦਸ ਦਿਸ਼ਾਵਾਂ ਨੂੰ ਪ੍ਰਕਾਸ਼ਿਤ ਕਰਨ ਵਾਲਾ, ਚਿਤੱ ਨੂੰ ਮੋਹਨ ਵਾਲ, ਵੇਖਣ ਯੋਗ, ਅਭੀਰੂਪ (ਰੂਪ ਅਨੁਸਾਰ) ਅਤੇ ਉਸਨੇ ਦੇਵਤੇ ਦਾ ਰੂਪ ਧਾਰਨ ਕੀਤਾ। ਉਹ ਦੇਵਤਾ ਪੋਸ਼ਧਸ਼ਾਲਾ ਵਿਚ ਆਇਆ ਅਤੇ ਅਕਾਸ਼ ਵਿਚ ਖੜਾ ਹੋ ਗਿਆ ਉਸਨੇ ਪੰਜ ਰੰਗਾਂ ਵਾਲੇ ਕਪੜੇ ਪਹਿਨੇ ਹੋਏ ਸਨ ਜਿਨਾਂ ਉਪਰ ਘੁੰਗਰੂ ਲਗੇ ਸਨ ਇਸਤੋਂ ਬਾਅਦ ਉਹ ਕਾਮਦੇਵ ਸ੍ਰਮਣਾ ਦੇ ਉਪਾਸਕ ਕੋਲ ਆਕੇ ਇਸ ਪ੍ਰਕਾਰ ਬੋਲਿਆ "ਹੇ ਦੇਵਾਨੁ ਪ੍ਰਿਯ। ਤੁਸੀ ਧਨ ਹੋ, ਧੰਨਵਾਨ ਹੋ, ਸਭ ਲੱਛਣਾਂ ਵਾਲੇ ਹੋ, ਖੁਸ਼ ਕਰਨ ਵਾਲੇ ਹੋ, ਤੁਹਾਡਾ ਜੀਵਨ ਤੇ ਮਨੁੱਖੀ ਜਨਮ ਸਫਲ

ਹੈ, ਕਿਉਂਕਿ ਤੁਹਾਡੀ ਨਿਰਗੰਰਥ ਪ੍ਰਵਚਨ ਤੇ ਚਰਿਤ੍ਰ ਵਿੱਚ ਸ਼ਰਧਾ ਹੈ ਹੇ ਦੇਵਾਨੁਪ੍ਰਿਯ! ਦੇਵਰਾਜ ਸ਼ੁਕਰ ਨੇ ਚੌਰਾਸੀ ਹਜਾਰ ਸਾਮਾਨਿਕ ਅਤੇ ਹੋਰ ਦੇਵੀ ਦੇਵਤਿਆਂ ਦੀ ਸਭਾ ਵਿਚ ਇਹ ਘੋਸ਼ਨਾ ਕੀਤੀ ਹੈ ਕਿ—

"ਹੇ ਦੇਵਾਨੁਪ੍ਰਿਯ ਜੰਬੂ ਦੀਪ, ਭਰਤਖੰਡ ਵਿਚ ਚੰਪਾ ਨਗਰੀ ਹੈ ਉਥੇ ਸ਼੍ਰਮਣਾ ਦਾ ਉਪਾਸਕ, ਪੋਸ਼ਧਸ਼ਾਲਾ ਵਿਚ ਭਗਵਾਨ ਮਹਾਵੀਰ ਰਾਂਹੀ ਪ੍ਰਗਟ ਕੀਤੇ ਧਰਮ ਦੀ ਅਰਾਧਨਾਂ ਕਰ ਰਿਹਾ ਹੈ, ਕੋਈ ਵੀ ਦੇਵਤਾ ਅਸੁਰ ਜਾਂ ਗੰਧਰਵ ਉਸ ਨੂੰ ਧਰਮ ਤੋਂ ਨਹੀਂ ਗਿਰਾ ਸਕਦਾ, ਉਸਦੇ ਵਿਚਾਰਾਂ ਨੂੰ ਕੋਈ ਨਹੀਂ ਬਦਲ ਸਕਦਾ। ਦੇਵ ਰਾਜ ਸ਼ੁਕਰ ਦੀ ਇਸ ਗਲ ਤੇ ਮੈਂ ਯਕੀਨ ਨਾ ਕੀਤਾ ਅਤੇ ਮੈਂ ਫੌਰਨ ਇਥੇ ਆਇਆ, ਹੇ ਦੇਵਾਨੁਪ੍ਰਿਯ! ਤੁਸਾਂ ਮਹਾਨ ਰਿਧੀ ਪ੍ਰਾਪਤ ਕੀਤੀ ਹੈ, ਹੇ ਦੇਵਾਨੁਪ੍ਰਿਯਾ! ਮੇਰੇ ਕਾਰਣ ਜੋ ਆਪ ਨੂੰ ਕਸ਼ਟ ਹੋਇਆ ਉਸ ਲਈ ਮੈਨੂੰ ਖਿਮਾਂ ਕਰੋ, ਆਪ ਖਿਮਾਂ ਕਰਨ ਵਿਚ ਸਮਰਥ ਹੋ ਫੇਰ ਅਜਿਹੀ ਗਲ ਨਹੀ ਹੋਵੇਗੀ", ਇੰਨਾ ਆਖ ਕੇ ਉਹ ਕਾਮਦੇਵ ਦੇ ਪੈਰੀਂ ਗਿਰ ਕੇ ਵਾਰ ਵਾਰ ਖਿਮਾਂ ਮੰਗਣ ਲਗਾ ਫਿਰ ਜਿਥੋਂ ਆਇਆ ਸੀ ਉਸੇ ਦਿਸ਼ਾ ਵਲ ਚਲਾ ਗਿਆ। 113।

---

ਟੀਕਾਕਾਰ ਨੇ ਸ਼ੁਕਰ ਦੇ 12 ਨਾਂ ਆਖੇ ਹਨ।

1, ਸ਼ੁਕਰ—ਸ਼ਕਤੀਸ਼ਾਲੀ।

2. ਦੇਵੇਂਦਰ—ਦੇਵਤਿਆਂ ਦਾ ਸਵਾਮੀ।

3. ਦੇਵਰਾਜ—ਦੇਵਤਿਆਂ ਵਿਚ ਸ਼ੋਭਾ ਪਾਉਣ ਵਾਲਾ

4. ਵਜਰਪਾਣੀ—ਜਿਸਦੇ ਹਥ ਵਿਚ ਵਜ਼ਰ ਹੈ।

5. ਪੁਰੰਦਰ—ਅਸੁਰਾਂ ਦੇ ਸ਼ਹਿਰ ਖਤਮ ਕਰਨ ਵਾਲਾ

5. ਸ਼ਤਕਰਿਤੂ—100 ਵਾਰ ਸਰਾਵਕ ਦੀਆਂ 12 ਪ੍ਰਤਿਮਾਂ ਗ੍ਰਹਿਣ ਕਰਨ ਵਾਲਾਂ ਵੈਦਿਕ ਵਿਸ਼ਵਾਸ਼ ਅਨੁਸਾਰ 100 ਯਗ ਕਰਨ ਵਾਲਾ।

7. ਸ਼ਹਤਰ ਅਕਸ—ਭਾਵ ਹਜਾਰਅੱਖ ਵਾਲਾ ਇੰਦਰ ਦੇ ਪੰਜ ਸੌ ਮੰਤਰੀ ਹੁੰਦੇ ਹਨ ਇਸ ਲਈ ਉਹ 500×2=1000 ਅੱਖ ਵਾਲਾਂ ਹੈ।

8. ਮੇਘਵਾਨ—ਬਦਲਾਂ ਨੂੰ ਕਾਬੂ ਕਰਨ ਵਾਲਾ

9] ਪਾਕਸਾਸਨ—ਬਲਵਾਨ ਦੁਸ਼ਮਨਾ ਦਾ ਖਾਤਮਾ ਕਰਨ ਵਾਲਾ

10. ਦਕਿਸਨਾ ਅਰਧਾਪਤਿ—ਲੋਕ ਦਾ ਅਧਾ ਭਾਗ ਦੱਖਣ ਅਤੇ ਅੱਧਾ ਉੱਤਰ ਵਲ ਭਾਗ ਦਾ ਸਵਾਮੀ।

11. ਏਰਾਵਤ ਵਾਹਨ—ਇੰਦਰ ਦੇ ਹਾਥੀ ਦਾ ਨਾਂ ਏਰਾਵਤ ਹੈ ਇਸਤੇ ਸਵਾਰੀ ਕਰਨ ਕਾਰਣ ਇੰਦਰ ਏਰਾਵਤ ਵਾਹਨ ਹੈ।

12. ਸੁਰਿੰਦਰ—ਦੇਵਤਿਆਂ ਦਾ ਰਾਜਾ।

ਇਸਤੋਂ ਬਾਅਦ ਕਾਮਦੇਵ ਸ਼੍ਰਮਣਾ ਦੇ ਉਪਾਸਕ ਨੇ ਪ੍ਰਤਿਮਾਵਾਂ ਇਹ ਸੋਚਕੇ ਪੂਰੀਆਂ ਕੀਤੀਆਂ ਕਿ "ਹੁਣ ਕਸ਼ਟ ਟਲ ਗਿਆ ਹੈ।" ।114।

ਉਸ ਕਾਲ ਉਸ ਸਮੇਂ ਸ਼੍ਰਮਣ ਭਗਵਾਨ ਮਹਾਵੀਰ ਚੰਪਾ ਨਗਰੀ ਦੇ ਬਾਹਰ ਬਾਗ ਵਿਚ ਠਹਿਰੇ ।115।

ਕਾਮਦੇਵ ਸ਼੍ਰਮਣਾ ਦੇ ਉਪਾਸਕ ਨੇ ਜਦ ਸੁਣਿਆ ਕਿ "ਸ਼੍ਰਮਣ ਭਗਵਾਨ ਮਹਾਵੀਰ ਪਧਾਰ ਰਹੇ ਹਨ ਤਾ ਮਨ ਵਿਚਾਰ ਕੀਤਾ ਕਿ "ਚੰਗਾ ਹੋਵੇਗਾ ਕਿ ਮੈਂ ਸ਼੍ਰਮਣ ਭਗਵਾਨ ਮਹਾਵੀਰ ਨੂੰ ਨਮਸਕਾਰ ਕਰਕੇ ਪੌਸ਼ਧ ਦਾ ਵਰਤ ਖੋਲਾਂ' ਇਹ ਵਿਚਾਰ ਕੇ ਪਰਿਸ਼ਦ ਆਦਿ ਵਿਚ ਪ੍ਰਵੇਸ ਕਰਨ ਯੋਗ ਸੁਧ ਅਤੇ ਘੱਟ ਭਾਰ ਵਾਲੇ ਕੀਮਤੀ ਗਹਿਣੇ ਧਾਰਨ ਕੀਤੇ ਅਤੇ ਉਹ ਘਰੋਂ ਦਰਸ਼ਨ ਕਰਨ ਲਈ ਨਿਕਲ ਗਿਆ, ਚੰਪਾ ਨਗਰੀ ਵਿਚ ਹੁੰਦਾ ਹੋਇਆ ਉਹ ਪੂਰਨਭਦੱਰ ਚੇਤਯ ਵਿਚ ਪਹੁੰਚਿਆ ਅਤੇ ਸ਼ੰਖ ਦੀ ਤਰ੍ਹਾਂ ਭਗਤੀ ਕੀਤੀ ।116।

---

ਪਾਠ ਨੰ: 116 ਦੀ ਟਿੱਪਣੀ

ਸ਼ੰਖ ਸ਼੍ਰਮਣਾਂ ਦੇ ਉਪਾਸਕ ਦਾ ਵਰਨਣ ਸ੍ਰੀ ਭਗਵਤੀ ਸੂਤਰ ਦੇ 12ਵੇਂ ਸ਼ਤਕ ਦੇ 1 ਉਦੇਸ਼ਕ ਵਿਚ ਇਸ ਪ੍ਰਕਾਰ ਸੰਖੇਪ ਵਿਚ ਵਰਨਣ ਕੀਤਾ ਗਿਆ ਹੈ।

## ਸ਼ੰਖ ਗਾਥਾਪਤੀ

ਉਸ ਕਾਲ ਉਸ ਸਮੇ ਸ਼੍ਰਾਵਸਤੀ ਨਾਂ ਦੀ ਨਗਰੀ ਸੀ ਉਥੇ ਕੋਸ਼ਟਕ ਨਾਂ ਦਾ ਚੇਤਯ (ਸਮਾਰਕ ਮੰਦਿਰ) ਸੀ ਇਸ ਚੇਤਯ, ਬਗੀਚੇ, ਰਾਜੇ ਤੇ ਰਾਜੇ ਦਰਸ਼ਨ ਸਬੰਧੀ ਸਾਰਾ ਵਿਰਤਾਂਤ ਸ੍ਰੀ ਉਵਵਾਈ ਸੂਤਰ ਦੀ ਚੰਪਾ ਨਗਰੀ, ਪੂਰਨਭੱਦਰ ਚੈਤਯ ਤੇ ਕੋਣਿਕ ਦੀ ਤਰ੍ਹਾਂ ਹੀ ਸਮਝ ਲੈਣਾ ਚਾਹੀਦਾ ਹੈ)। ਉਸ ਨਗਰੀ ਵਿਚ ਸ਼ੰਖ ਆਦਿ ਪ੍ਰਮੁਖ ਬਹੁਤ ਸਾਰੇ ਅਮੀਰ ਸ਼੍ਰਮਣਾਂ ਦੇ ਉਪਾਸਕ ਰਹਿੰਦੇ ਸਨ ਉਹ ਸਾਰੇ ਜੀਵ ਅਜੀਵ ਆਦਿ ਨੌਂ ਤਤਵਾਂ ਦੇ ਜਾਣਕਾਰ ਅਤੇ ਜੈਨ ਧਰਮ ਅਨੁਸਾਰ ਜੀਵਨ ਗੁਜ਼ਾਰਦੇ ਸਨ।

ਉਸ ਸ਼ੰਖ ਦੇ ਉਤਪਲਾ ਨਾਂ ਦੀ ਖੂਬਸੂਰਤ ਅਤੇ ਗੁਣ ਭਰਪੂਰ ਪਤਨੀ ਸੀ। ਉਹ ਵੀ ਜੀਵ ਅਜੀਵ ਆਦਿ ਤਤਵਾਂ ਦੀ ਜਾਣਕਾਰ ਸੀ। ਉਹ ਸ਼੍ਰਮਣਾਂ ਦੀ ਉਪਾਸਿਕਾ ਸੀ। ਭਗਵਾਨ ਮਹਾਵੀਰ ਦੇ ਧਰਮ ਦਾ ਪਾਲਨ ਕਰਨ ਵਾਲੀ ਸੀ।

ਉਸ ਨਗਰੀ ਵਿਚ ਸ਼ੰਖ ਦੀ ਤਰ੍ਹਾਂ ਪੁਸ਼ਕਲੀ ਨਾਂ ਦਾ ਸ਼੍ਰਮਣਾਂ ਦਾ ਉਪਾਸਕ ਰਹਿੰਦਾ ਸੀ ਉਹ ਵੀ ਭਗਵਾਨ ਮਹਾਵੀਰ ਦੇ ਜੀਵ ਅਜੀਵ ਆਦਿ ਧਰਮ ਦਾ ਜਾਨਕਾਰ ਸੀ।

ਇਕ ਵਾਰ ਭਗਵਾਨ ਮਹਾਵੀਰ ਉਸ ਨਗਰੀ ਵਿਚ ਪਧਾਰੇ। ਸਮੋਸਰਨ ਲਗਿਆ ਸਾਰੇ ਸ਼੍ਰਾਵਕ (ਸ਼੍ਰਮਣਾਂ ਦੇ ਉਪਾਸਕ) ਭਗਵਾਨ ਦੀ ਭਗਤੀ, ਨਮਸਕਾਰ ਅਤੇ ਧਰਮ-ਕਥਾ

ਸੁਨਣ ਲਈ ਹਾਜ਼ਰ ਹੋਏ ਧਰਮ ਕਥਾ ਖਤਮ ਹੋਈ, ਸਾਰੇ ਸ਼੍ਰਾਵਕਾਂ ਨੇ ਕਥਾ ਸੁਣ ਕੇ ਪ੍ਰਸ਼ਨ ਪੁਛੇ, ਉੱਤਰ ਸੁਣ ਕੇ ਖੁਸ਼ ਹੋਏ ਇਸ ਤੋਂ ਬਾਅਦ ਘਰਾਂ ਨੂੰ ਆ ਗਏ।

ਘਰ ਆਕੇ ਸਾਰੇ ਸ਼੍ਰਾਵਕ ਇਕ ਥਾਂ ਇਕੱਠੇ ਹੋਏ। ਸ਼ੰਖ ਸ਼੍ਰਾਵਕ ਨੇ ਸਾਰੇ ਸ਼੍ਰਾਵਕਾਂ ਨੂੰ ਕਿਹਾ "ਅੱਜ ਤੁਸੀਂ ਉੱਤਮ ਖਾਣੇ ਤਿਆਰ ਕਰਾਓ ਅੱਜ ਆਪਾਂ ਖਾਣ ਪੀਣ ਵਾਲੀ ਪੋਸ਼ਧ ਭਾਵ ਦਯਾ ਵਰਤ ਕਰਾਂਗੇ। ਧਰਮ ਧਿਆਨ ਵੀ ਕਰਾਂਗੇ। ਧਰਮ-ਚਰਚਾ ਵੀ ਪੋਸ਼ਧਸ਼ਾਲਾ ਵਿਚ ਕਰਾਂਗੇ"। ਸਾਰੇ ਸ਼੍ਰਾਵਕ ਮੰਨ ਗਏ।

ਪਰ ਉਨ੍ਹਾਂ ਦੇ ਜਾਣ ਤੋਂ ਬਾਅਦ ਸ਼ੰਖ ਨੇ ਸੋਚਿਆ ਕਿ ਖਾਣ ਪੀਣ ਵਾਲੀ ਪੋਸ਼ਧ ਕਰਨਾ ਮੇਰੇ ਲਈ ਉਚਿਤ ਨਹੀਂ ਮੈਂ ਅਪਣੀ ਪੋਸ਼ਧਸ਼ਾਲਾ ਵਿਚ, ਬ੍ਰਹਮਚਰਜ ਦਾ ਵਰਤ ਕਰਦਾ ਹੋਇਆ ਗਹਿਣੇ ਤਿਆਗਦਾ ਹੋਇਆ ਹਥਿਆਰ ਤੇ ਸ਼ਿੰਗਾਰ ਤਿਆਗ ਕੇ ਘਾਹ ਦੇ ਵਿਛੌਣੇ ਉਪਰ ਬਿਨਾ ਕਿਸੇ ਦੀ ਸਹਾਇਤਾ ਤੋਂ ਇਕੱਲਾ ਪੋਸ਼ਧ ਵਰਤ ਕਰਾਂ"। ਅਜੇਹਾ ਸੋਚ ਕੇ ਉਹ ਘਰ ਆਇਆ। ਟੱਟੀ, ਪੇਸ਼ਾਬ ਯੋਗ ਥਾਂ ਪੋਸ਼ਧਸ਼ਾਲਾ ਵਿਚ ਚੁਣ ਕੇ ਉਹ ਜ਼ਮੀਨ ਸਾਫ਼ ਕਰਕੇ ਪੋਸ਼ਧ ਕਰਨ ਲੱਗਾ।"

ਉਧਰ ਦੂਸਰੇ ਸਾਥੀ ਸਵਾਦੀ ਖਾਣੇ ਤਿਆਰ ਕਰਕੇ ਸ਼ੰਖ ਦਾ ਇੰਤਜ਼ਾਰ ਕਰ ਰਹੇ ਸਨ। ਉਨ੍ਹਾਂ ਸ਼ੰਖ ਸ਼੍ਰਮਣਾਂ ਦੇ ਉਪਾਸਕ ਨੂੰ ਸ਼ੰਖ ਦੇ ਘਰ ਬੁਲਾਵਾ ਭੇਜਿਆ। ਪਰ ਸ਼ੰਖ ਤਾਂ ਪੋਸ਼ਧ ਸ਼ਾਲਾ ਵਿਚ ਸੀ। ਉਸ ਦੀ ਪਤਨੀ ਉਤਪਲਾ ਨੇ ਸ਼ੰਖ ਦੇ। ਪੋਸ਼ਧ ਵਰਤ ਕਰਨ ਦੀ ਕਹਾਣੀ ਪੁਸ਼ਕਲ ਸ਼੍ਰਾਵਕ ਨੂੰ ਸੁਣਾਈ।

ਪੁਸ਼ਕਲ, ਸ਼ੰਖ ਨੂੰ ਮਿਲਣ ਪੋਸ਼ਧਸ਼ਾਲਾ ਆਇਆ ਪਰ ਸ਼ੰਖ ਨੇ ਉਸਨੂੰ ਅਪਣੇ ਵਿਚਾਰ ਦਸ ਦਿਤੇ ਕਿ ਉਹ ਖਾਣ ਪੀਣ ਵਾਲੀ ਪੋਸ਼ਧ ਨਹੀਂ ਕਰੇਗਾ"। ਪੁਸ਼ਕਲ ਨੇ ਨਿਰਾਸ਼ ਹੋ ਕੇ ਇਹ ਵਿਚਾਰ ਸਾਰੇ ਸਾਥੀਆਂ ਨੂੰ ਦੱਸੇ ਅਤੇ ਇਹ ਆਖ ਦਿਤਾ ਕਿ ਪੁਸ਼ਕਲ ਨਹੀਂ ਆਵੇਗਾ"।

ਪੋਸ਼ਧ ਵਾਲੀ ਰਾਤ ਸ਼ੰਖ ਨੇ ਧਰਮ ਧਿਆਨ ਕਰਦਿਆਂ ਬਿਤਾਈ। ਸਵੇਰ ਹੋਣ ਤੇ ਸਾਰੇ ਸ਼੍ਰਾਵਕ ਤੇ ਸ਼ੰਖ ਭਗਵਾਨ ਮਹਾਵੀਰ ਦਾ ਕਲਿਆਣਕਾਰੀ ਉਪਦੇਸ਼ ਸੁਨਣ ਗਏ। ਸਾਰਿਆਂ ਭਗਵਾਨ ਮਹਾਵੀਰ ਦੇ ਹੁਕਮ ਨੂੰ ਮੰਨਣ ਦਾ ਪ੍ਰਣ ਲਿਆ।

ਧਰਮ ਕਥਾ ਤੋਂ ਬਾਅਦ ਬਹੁਤ ਸਾਰੇ ਸ਼੍ਰਾਵਕ ਸ਼ੰਖ ਨੂੰ ਉਲਾਂਭਾ ਦੇਣ ਲਗੇ "ਹੇ ਦੇਵਾਨੁਪ੍ਰਿਯ! ਅਸੀਂ ਆਪ ਦੇ ਆਖੇ ਬਹੁਤ ਸਾਰਾ ਸੁਆਦੀ ਭੋਜਨ ਤਿਆਰ ਕੀਤਾ ਪਰ ਆਪ ਨਹੀਂ ਆਏ। ਤੁਸੀਂ ਸਾਡੇ ਨਾਲ ਚੰਗਾ ਮਜ਼ਾਕ ਕੀਤਾ ਹੈ?"

ਉਨ੍ਹਾਂ ਸ਼੍ਰਾਵਕਾਂ ਦੀ ਗੱਲ ਨੂੰ ਸੁਣ ਕੇ ਭਗਵਾਨ ਮਹਾਵੀਰ ਨੇ ਸੰਬੋਧਨ ਕੀਤਾ "ਹੇ ਆਰੀਆ! ਤੁਸੀਂ ਲੋਕ ਸ਼ੰਖ ਸ਼੍ਰਾਵਕ ਦੀ ਨਿੰਦਾ, ਬੇਇਜ਼ਤੀ, ਹਾਂਸਾ ਮਜ਼ਾਕ ਨਾ ਕਰੋ

ਇਸ ਤੋਂ ਬਾਅਦ ਸ਼ੰਖ ਸ਼੍ਰਾਵਕ ਨੇ ਵੀ ਭਗਵਾਨ ਮਹਾਵੀਰ ਪਾਸੋਂ ਕਸ਼ਾਏ ਅਤੇ ਕਰਮਾਂ ਸਬੰਧੀ ਪ੍ਰਸ਼ਨ ਪੁਛੇ । ਫੇਰ ਸਾਰੇ ਸ਼੍ਰਾਵਕ ਪ੍ਰਸ਼ਨ ਕਰਨ ਪਿਛੋਂ ਘਰ ਆਏ ।

ਇਸਤੋਂ ਬਾਅਦ ਸ਼੍ਰਮਣ ਭਗਵਾਨ ਮਹਾਵੀਰ ਨੇ ਕਾਮਦੇਵ ਸ਼੍ਰਮਣਾ ਦੇ ਉਪਾਸਕ ਅਤੇ ਵਿਸ਼ਾਲ ਜਨ ਸਮੂਹ ਨੂੰ ਧਰਮ ਉਪਦੇਸ਼ ਦਿਤਾ । ਧਰਮ ਕਥਾ ਸਮਾਪਤ ਹੋਈ ।117॥

ਸ਼੍ਰਮਣ ਭਗਵਾਨ ਮਹਾਵੀਰ ਨੇ ਕਾਮਦੇਵ ਸ਼੍ਰਮਣਾ ਦੇ ਉਪਾਸਕ ਤੋਂ ਪੁਛਿਆ ਹੇ ਕਾਮਦੇਵ ! ਅੱਧੀ ਰਾਤ ਇਕ ਦੇਵਤਾ ਤੇਰੇ ਕੋਲ ਆਇਆ ਫਿਰ ਉਸ ਦੇਵਤੇ ਨੇ ਇਕ ਖਤਰਨਾਕ ਪਿਸ਼ਾਚ ਦਾ ਰੂਪ ਧਾਰਨ ਕਰਕੇ ਨੀਲੇ ਕਮਲ ਦੀ ਤਰਾਂ ਚਮਕਦੀ ਤਲਵਾਰ ਲੈ ਕੇ ਤੈਨੂੰ ਇਸ ਪ੍ਰਕਾਰ ਆਖਣ ਲਗਾ'' ਹੇ ਕਾਮਦੇਵ ਜੇ ਤੂੰ ਸੀਲ ਆਦਿ ਵਰਤ ਭੰਗ ਨਹੀਂ ਕਰੇਂਗਾ ਤਾਂ ਤੈਨੂੰ ਮਾਰ ਦੇਵਾਂਗਾ'' ਤੂੰ ਉਸ ਦੇਵਤੇ ਦੇ ਇਸ ਪ੍ਰਕਾਰ ਆਖਣ ਤੇ ਵੀ ਧਰਮ ਵਿਚ ਸਥਿਰ ਰਿਹਾ (ਇਸ ਪ੍ਰਕਾਰ ਤਿੰਨ ਉਪਸਰਗਾਂ ਦਾ ਵਰਨਣ ਕੀਤਾ) ਫਿਰ ਦੇਵਤਾ ਵਾਪਿਸ ਹੋ ਗਿਆ । ਹੇ ਕਾਮਦੇਵ ਕਿ ਇਹ ਗਲ ਠੀਕ ਹੈ ? ਕਾਮਦੇਵ ਨੇ ਕਿਹਾ "ਹਾਂ ਭਗਵਾਨ ਆਪ ਜੋ ਫਰਮਾ ਰਹੇ ਹੋ, ਸੋ ਸੱਚ ਹੈ" ।118।

ਸ਼੍ਰਮਣ ਭਗਵਾਨ ਮਹਾਵੀਰ ਨੇ ਸਾਧੂ, ਸਾਧਵੀਆਂ ਨੂੰ ਇਕਠੇ ਕਰਕੇ ਇਹ ਫਰਮਾਇਆ ਹੇ ਆਰੀਆ (ਸ਼੍ਰੇਸ਼ਟ) ਜੇ ਸ਼੍ਰਮਣਾ ਦਾ ਉਪਾਸਕ ਘਰ ਵਿਚ ਰਹਿਕੇ ਦੇਵਤੇ ਸੰਬੰਧੀ, ਮਨੁੱਖ ਸੰਬੰਧੀ ਅਤੇ ਪਸ਼ੂ ਸੰਬੰਧੀ ਦੁੱਖ ਆਸਾਨੀ ਨਾਲ ਝੱਲ ਸਕਦਾ ਹੈ ਤਾਂ, ਫਿਰ ਤੁਸੀਂ ਤਾਂ 12

---

ਕਿਉਂਕਿ ਸ਼ੰਖ ਸ਼੍ਰਾਵਕ ਧਰਮ ਦਾ ਪ੍ਰੇਮੀ ਹੈ, ਧਰਮ ਵਿਚ ਮਜ਼ਬੂਤ ਹੈ ਇਸ ਨੇ ਤਾਂ ਪ੍ਰਮਾਦ (ਅਣਗਹਿਲੀ) ਅਤੇ ਨੀਂਦ ਨੂੰ ਛੱਡ ਕੇ ਸੁਦਰਸ਼ਨ ਜਾਗਰਿਕਾ ਨਾਂ ਦਾ ਧਾਰਮਿਕ ਤਪ (ਜਗਰਾਤਾ) ਕੀਤਾ ਹੈ ।"

ਇਸ ਤੋਂ ਬਾਅਦ ਭਗਵਾਨ ਮਹਾਵੀਰ ਨੇ ਧਾਰਮਿਕ ਜਗਰਾਤੇ ਦੀਆਂ ਤਿੰਨ ਕਿਸਮਾਂ ਦੀ ਵਿਆਖਿਆ ਕੀਤੀ ।

1. ਬੁਧ ਜਾਗਰਿਕਾ—ਸਰਵੱਗ, ਕੇਵਲ ਗਿਆਨੀ ਤੀਰਥੰਕਰਾਂ ਦਾ ਧਾਰਮਿਕ ਜਗਰਾਤਾ ਬੁਧ ਜਾਗਰਿਕਾ ਹੈ ।
2. ਅਬੁਧ ਜਾਗਰਿਕਾ—ਜੋ ਭਿਕਸ਼ੂ ਪੰਜ ਸਮਿਤੀ, ਤਿੰਨ ਗੁਪਤੀ ਤੇ ਪੰਜ ਮਹਾਵਰਤਾਂ ਦਾ ਠੀਕ ਢੰਗ ਨਾਲ ਪਾਲਨ ਕਰਦੇ ਹਨ ਉਨ੍ਹਾਂ ਦਾ ਧਾਰਮਿਕ ਜਗਰਾਤਾ ਅਬੁਧ-ਜਾਗਰਿਕਾ ਹੈ ।
3. ਸੁਦਰਸ਼ਨ ਜਾਗਰਿਕਾ—ਜੀਵ, ਅਜੀਵ ਦੇ ਜਾਣਕਾਰ ਸ਼੍ਰਾਵਕਾਂ ਦਾ ਧਾਰਮਿਕ ਜਾਗਰਨ ਸੁਦਰਸ਼ਨ ਜਾਗਰਿਕਾ ਹੈ ।

ਅੰਗਾਂ ਦੇ ਜਾਨਕਾਰ ਹੋ ਤੁਸੀ ਕਿਉਂ ਨਹੀਂ ਇਹ ਕਸ਼ਟ ਝਲ ਸਕਦੇ) (ਭਾਵ ਤੁਹਾਨੂੰ ਵੀ ਉਪਰੋਕਤ ਕਸਟਾਂ ਵਿਚ ਕਾਮਦੇਵ ਦੀ ਤਰਾਂ ਦਰਿੜ ਰਹਿਨਾ ਚਾਹੀਦਾ ਹੈ ।119।

ਸ਼੍ਰਮਣ ਭਗਵਾਨ ਮਹਾਂਵੀਰ ਦੇ ਇਸ ਬਚਨ ਨੂੰ ਸਾਧੂ ਆਪਣੀਆਂ ਵਿਨੇ ਪੂਰਬਕ (ਤਹਿਤ) ਆਖਕੇ ਅੰਗੀਕਾਰ ਕੀਤਾ ।120।

ਕਾਮਦੇਵ ਸ਼੍ਰਮਣਾ ਦੇ ਉਪਾਸਕ ਨੇ ਖੁਸ਼ ਹੋਕੇ ਭਗਵਾਨ ਮਹਾਵੀਰ ਤੋਂ ਪ੍ਰਸ਼ਨ ਪੁੱਛੇ, ਉਨਾਂ ਦੇ ਪ੍ਰਸ਼ਨਾ ਦੇ ਅਰਥ ਨੂੰ ਗ੍ਰਹਿਣ ਕੀਤਾ ਅਤੇ ਫਿਰ ਨਮਸ਼ਕਾਰ ਕਰਕੇ ਜਿਸ ਦਿਸਾ ਤੋਂ ਆਇਆ ਸੀ ਉਧਰ ਨੂੰ ਵਾਪਸ ਹੋ ਗਿਆ ।121।

ਇਸਤੋਂ ਬਾਅਦ ਸ਼੍ਰਮਣ ਭਗਵਾਨ ਮਹਾਵੀਰ ਚੰਪਾ ਨਗਰੀ ਤੋਂ ਚਲਕੇ ਹੋਰ ਦੇਸਾਂ ਵਿਚ ਧਰਮ ਉਪਦੇਸ਼ ਕਰਨ ਲਗੇ ।122।

ਫਿਰ ਕਾਮਦੇਵ ਨੇ ਪਹਿਲੀ ਪ੍ਰਤਿਮਾਂ ਗ੍ਰਹਿਣ ਕੀਤੀ ।123।

ਇਸਤੋਂ ਬਾਅਦ ਕਾਮਦੇਵ ਸ਼੍ਰਮਣਾ ਦਾ ਉਪਾਸਕ ਬਹੁਤ ਸਾਰੀਆਂ ਪ੍ਰਤਿਗਿਆਵਾਂ ਕਰਦਾ ਹੋਇਆ, ਵੀਹ ਸਾਲ ਸ਼੍ਰਾਵਕ ਧਰਮ ਦਾ ਪਾਲਣ ਕਰਦਾ ਹੋਇਆ 11 ਪ੍ਰਤਿਮਾਵਾਂ ਦਾ ਪਾਲਣ ਕਰਕੇ ਇਕ ਮਹੀਨੇ ਦਾ ਸੰਥਾਰਾ ਕਰਕੇ, ਪਾਪਾਂ ਤੋਂ ਮੁਕਤ ਹੋਕੇ ਸਮਾਧੀ ਮਰਨ ਨੂੰ ਪ੍ਰਾਪਤ ਹੋਇਆ। ਮਰਕੇ ਸੌਧਰਮ ਦੇਵ ਲੋਕ ਦੇ ਸੌਧਰਮਾਵੰਤਸਕ ਮਹਾਂਵਿਮਾਨ ਵਿਚ ਪੈਦਾ ਹੋਇਆ ।124।

"ਗੌਤਮ ਨੇ ਪੁੱਛਿਆ ਹੇ ਭਗਵਾਨ ਉਹ ਕਾਮਦੇਵ ਉਸ ਦੇਵ ਲੋਕ ਦੀ ਉਪਰ ਪੂਰੀ ਉਮਰ ਪੂਰੀ ਕਰਕੇ ਕਿਥੇ ਪੈਦਾ ਹੋਵੇਗਾ !" ਭਗਵਾਨ ਨੇ ਕਿਹਾ, "ਹੇ ਗੌਤਮ ਮਹਾਂਵਿਦੇਹ ਖੇਤਰ ਵਿਚ ਉਹ ਪੈਦਾ ਹੋਕੇ ਸਿੱਧ ਗਤੀ, ਨਿਰਵਾਨ ਨੂੰ ਪ੍ਰਾਪਤ ਕਰੇਗਾ ।125।



# ● ३ ●

ਭਗਵਾਨ ਮਹਾਵੀਰ ਅਪਣ 18ਵੇਂ ਚੌਮਾਸੇ ਵਿਚ ਜਦ ਵਾਰਾਣਸੀ ਪਹੁੰਚੇ ਤਾਂ ਚੂਲਣੀ-ਪਿਤਾ ਨੇ ਦੀਖਿਆ ਲਈ। ਇਸ ਦਾ ਵਰਤ ਤੇ ਪ੍ਰਤਿਮਾ ਗ੍ਰਹਿਣ ਕਰਨ ਦਾ ਵਰਨਣ ਆਨੰਦ ਤੇ ਕਾਮਦੇਵ ਉਪਾਸਕਾਂ ਦੀ ਤਰ੍ਹਾਂ ਹੀ ਸੀ। ਪੌਸ਼ਧ ਕਰਦੇ ਸਮੇਂ ਇਕ ਦੇਵਤਾ ਇਸ ਉਪਾਸਕ ਦੇ ਪੁਤਰਾਂ ਨੂੰ ਮਾਰਨ ਦੀ ਧਮਕੀ ਦਿੰਦਾ ਹੈ। ਚੂਲਨੀਪਿਤਾ ਇਸ ਧਮਕੀ ਦੀ ਤਾਂ ਕੋਈ ਪਰਵਾਹ ਨਹੀਂ ਕਰਦਾ, ਪਰ ਜਦ ਇਹ ਦੇਵਤਾ ਚੂਲਨੀਪਿਤਾ ਦੀ ਮਾਂ ਨੂੰ ਮਾਰਨ ਦੀ ਧਮਕੀ ਦਿੰਦਾ ਹੈ ਤਾਂ ਦੇਵਤੇ ਦੀ ਚਾਲ ਕਾਰਣ ਇਸ ਦਾ ਧਿਆਨ ਭੰਗ ਹੋ ਜਾਂਦਾ ਹੈ। ਇਸ ਦੀ ਮਾਂ ਹੀ ਇਸਨੂੰ ਧਰਮ ਵਿਚ ਸਥਾਪਿਤ ਕਰਦੀ ਹੈ। ਅੰਤਮ ਸਮੇਂ ਇਹ ਸੌਧਰਮ ਕਲਪ, ਸ਼ੌਧਰਮਾਣਹੰਸਕ ਦੇ ਉਤਰ ਪੂਰਵ ਈਸ਼ਾਮੌਕਣ ਵਿਚ ਸਥਿਤ ਅਰੁਣਪ੍ਰਭ ਨਾਂ ਦੇ ਵਿਮਾਨ ਵਿਚ 4 ਪਲਯੋਪਮ ਦੀ ਉਮਰ ਵਾਲਾ ਦੇਵਤਾ ਬਣਿਆ। ਅੰਤ ਵਿਚ ਇਹ ਵੀ ਸਿੱਧ, ਬੁੱਧ ਬਣਕੇ ਆਤਮਾ ਦਾ ਕਲਿਆਨ ਕਰੇਗਾ।

# ਤੀਸਰਾ ਅਧਿਐਨ

ਸ੍ਰੀ ਸੁਧਰਮਾ ਸਵਾਮੀ, ਜੰਬੂ ਸਵਾਮੀ ਨੂੰ ਆਖਦੇ ਹਨ, ਹੇ ਜੰਬੂ। ਉਸ ਕਾਲ, ਉਸ ਸਮੇਂ ਵਾਰਾਨਸੀ ਨਾਂ ਦੀ ਨਗਰੀ ਸੀ, ਉਥੇ ਕੋਸ਼ਟਕ ਨਾਂ ਦਾ ਚੇਤਯ ਸੀ, ਜਿਤ ਸ਼ਤਰੂ ਨਾਂ ਦਾ ਰਾਜਾ ਰਾਜ ਕਰਦਾ ਸੀ ।126।

ਉਸ ਵਾਰਾਨਸੀ ਨਗਰੀ ਵਿਚ ਚੁਲਨੀਪਿਤਾ ਨਾਂਓ ਦਾ ਗਾਥਾਪਤੀ ਰਹਿੰਦਾ ਸੀ ਉਹ ਹਰ ਪ੍ਰਕਾਰ ਨਾਲ ਭਰਪੂਰ ਸੀ। ਉਸਦੀ ਸ਼ਿਆਮਾਂ ਨਾਂ ਦੀ ਇਸਤਰੀ ਸੀ। ਉਸ ਕੋਲ 8 ਕਰੋੜ ਸੋਨੇ ਦੀਆਂ ਮੋਹਰਾਂ ਜਮਾਂ ਸਨ। 8 ਕਰੋੜ ਦੀਆਂ ਮੋਹਰਾਂ ਵਪਾਰ ਵਿੱਚ ਲਗੀਆਂ ਸਨ। 8 ਕਰੋੜ ਸੋਨੇ ਦੀਆਂ ਮੋਹਰਾਂ ਦਾ ਸਮਾਨ ਘਰ ਵਿਚ ਸੀ। 10 ਹਜਾਰ ਗਊਆਂ ਦੀ ਸੰਖਿਆ ਵਾਲੇ 8 ਗੋਕੁਲ (80000) ਗਾਂਵਾਂ ਦੇ ਸਨ। ਉਹ ਵੀ ਆਨੰਦ ਦੀ ਤਰਾਂ ਰਾਜਾ, ਈਸ਼ਵਰ ਆਦਿ ਦਾ ਸਹਾਰਾ ਅਤੇ ਸਭ ਪ੍ਰਕਾਰ ਦੇ ਕੰਮਾਂ ਵਿਚ ਹਿੱਸਾ ਲੈਣ ਵਾਲਾ ਸੀ ।127।

ਇਕ ਸਮੇਂ ਉਸ ਸ਼ਹਿਰ ਭਗਵਾਨ ਮਹਾਵੀਰ ਵਾਰਾਨਸੀ ਪਧਾਰੇ। ਭਾਸ਼ਨ ਸੁਣਨ ਲਈ ਲੋਕ ਆਏ। ਚੁਲਨੀ-ਪਿਤਾ ਵੀ ਆਨੰਦ ਦੀ ਤਰ੍ਹਾਂ ਘਰੋਂ ਉਪਦੇਸ਼ ਸੁਣਨ ਲਈ ਨਿਕਲਿਆ। ਉਸਨੇ ਵੀ ਗ੍ਰਹਿਸਥ ਧਰਮ ਆਨੰਦ ਦੀ ਤਰ੍ਹਾਂ ਅੰਗੀਕਾਰ ਕੀਤਾ। ਉਸਨੇ ਗਣਧਰ ਗੌਤਮ ਤੋਂ ਪ੍ਰਸ਼ਨ ਪੁਛੇ। ਬਾਕੀ ਦਾ ਵਿਰਤਾਂਤ ਕਾਮਦੇਵ ਉਪਾਸਕ ਦੀ ਤਰ੍ਹਾਂ ਜਾਣ ਲੈਣਾ ਚਾਹੀਦਾ ਹੈ। ਉਹ ਵੀ ਪੋਸਧਸ਼ਾਲਾ ਵਿਚ ਬ੍ਰਹਮਚਰਜ ਵਰਤ ਸਵੀਕਾਰ ਕਰਦੇ ਹੋਏ ਭਗਵਾਨ ਮਹਾਵੀਰ ਰਾਹੀਂ ਦਸੇ ਧਰਮ ਦਾ ਆਚਰਣ ਕਰਨ ਲਗਾ। 128।

ਇਸ ਤੋਂ ਬਾਅਦ ਉਸ ਚੁਲਨੀ-ਪਿਤਾ ਸ਼੍ਰਮਣਾ ਦੇ ਉਪਾਸਕ ਕੋਲ ਅਧੀ ਰਾਤ ਨੂੰ ਇਕ ਦੇਵ ਆਇਆ ।129।

ਉਹ ਦੇਵਤਾ ਨੀਲੇ ਕਮਲ ਦੀ ਤਲਵਾਰ ਲੈਕੇ, ਚੁਲਨੀ-ਪਿਤਾ ਸ਼੍ਰਮਣਾ ਦੇ ਉਪਾਸਕ ਨੂੰ ਬੋਲਿਆ "ਹੇ ਚੁਲਨੀਪਿਤਾ ਸ਼੍ਰਮਣਾ ਦੇ ਉਪਾਸਕ ਤ ਭਗਵਾਨ ਮਹਾਵੀਰ ਦਾ ਧਰਮ ਛੱਡ ਦੇ। ਉਸ ਨੇ ਚੁਲਨੀਪਿਤਾ ਨੂੰ ਉਸੇ ਪ੍ਰਕਾਰ ਕਿਹਾ ਜਿਵੇਂ ਕਾਮਦੇਵ ਨੂੰ ਕਿਹਾ ਸੀ ਕਿ

---

ਪਾਠ ਨੰ। 126 ਦੀ ਟਿੱਪਣੀ।

1, ਕਈ ਜਗ੍ਹਾ ਇਥੇ ਮਹਾਬਨ ਨਾਂ ਦੇ ਚੇਤਯ ਦਾ ਨਾਂ ਆਉਂਦਾ ਹੈ।

"ਜੇ ਤੂੰ ਸ਼ੀਲ ਆਦਿ ਵਰਤ ਨਹੀਂ ਛਡੇਂਗਾ ਤਾਂ ਮੈਂ ਤੇਰੇ ਬੜੇ ਪੁੱਤਰ ਨੂੰ ਤੇਰੇ ਸਾਹਮਣੇ ਮਾਰ ਕੇ ਤਿੰਨ ਟੁਕੜੇ ਕਰ ਦੇਵਾਂਗਾ, ਬਰਛੀ ਵਿਚ ਪਰੋ ਕੇ ਤੇਲ ਦੇ ਉਬਲਦੇ ਕੜਾਹੇ ਵਿਚ ਪਕਾਵਾਂਗਾ, ਤੇਰੇ ਉਤੇ ਉਸਦਾ ਮਾਸ ਸੁਟਾਂਗਾ, ਉਸਦੇ ਲਹੂ ਦੇ ਛਿੱਟੇ ਪਾਵਾਂਗਾ, ਜਿਸ ਤੋਂ ਤੂੰ ਵੀ ਚਿੰਤਾ ਵਿਚ ਦੁਖੀ ਅਤੇ ਬੇਵਸ ਹੋ ਕੇ ਮਰ ਜਾਵੇਂਗਾ ।130।

ਇਸ ਤੋਂ ਬਾਅਦ ਦੇਵਤਾ ਦੇ ਅਜਿਹਾ ਆਖਣ ਤੇ ਵੀ ਚੁਲਨੀਪਿਤਾ ਸ਼੍ਰਮਣਾ ਦਾ ਉਪਾਸਕ ਨਿਡਰ ਰਿਹਾ ।131।

ਇਸ ਤੋਂ ਬਾਅਦ ਜਦ ਦੇਵਤੇ ਨੇ ਸ਼੍ਰਮਣਾ ਦੇ ਉਪਾਸਕ ਨੂੰ ਸ਼ਾਂਤ ਤੇ ਨਿਡਰ ਵੇਖਿਆ ਤਾਂ ਦੂਸਰੀ ਤੇ ਤੀਸਰੀ ਵਾਰ ਅਜਿਹੀ ਗੱਲ ਫੇਰ ਆਖੀ । ਪਰ ਚੁਲਨੀ-ਪਿਤਾ ਸ਼੍ਰਮਣਾ ਦਾ ਉਪਾਸਕ ਪਹਿਲਾਂ ਦੀ ਤਰ੍ਹਾਂ ਨਿਡਰ ਰਿਹਾ ।132।

ਇਸ ਤੋਂ ਬਾਅਦ ਉਹ ਦੇਵਤਾ ਗੁਸੇ ਹੋਕੇ ਚੁਲਨੀ ਪਿਤਾ ਸ਼੍ਰਮਣਾਂ ਦੇ ਉਪਾਸਕ ਦੇ ਬੜੇ ਪੁੱਤਰ ਨੂੰ ਘਰੋਂ ਚੁਕ ਲਿਆਇਆ ਅਤੇ ਉਸਦੇ ਸਾਹਮਣੇ ਉਸ ਨੂੰ ਮਾਰ ਕੇ ਤਿੰਨ ਟੁਕੜੇ ਕੀਤੇ । ਉਸਨੂੰ ਤੇਲ ਦੇ ਭਰੇ ਕੜਾਹੇ ਵਿਚ ਤਲਿਆ । ਉਸ ਦੇਵਤੇ ਨੇ ਚੁਲਨੀਪਿਤਾ ਦੇ ਬੜੇ ਪੁੱਤਰ ਦਾ ਮਾਸ ਉਸ ਉਪਰ ਸੁਟਿਆ । ਲਹੂ ਦੇ ਛਿੱਟੇ ਮਾਰੇ ।133।

ਇਸਤੋਂ ਬਾਅਦ ਚੁਲਨੀਪਿਤਾ ਸ਼੍ਰਮਣਾਂ ਦੇ ਉਪਾਸਕ ਦੇਵਤੇ ਰਾਹੀਂ ਦਿਤੇ ਕਸ਼ਟ ਨੂੰ ਪੀੜ ਨੂੰ ਨਿਡਰਤਾ ਨਾਲ ਸਹਿਨ ਕਰਦਾ ਰਿਹਾ ।134।

ਇਸ ਤੋਂ ਬਾਅਦ ਜਦ ਦੇਵਤੇ ਨੇ ਚੁਲਨੀਪਿਤਾ ਸ਼੍ਰਮਣਾਂ ਦੇ ਉਪਾਸਕ ਨੂੰ ਨਿਡਰ ਵੇਖਿਆ ਤਾਂ ਉਸ ਨੇ ਫਿਰ ਕਿਹਾ "ਉਏ ਮੌਤ ਦੇ ਇਛੁਕ ! ਜੇ ਤੂੰ ਸ਼ੀਲ ਆਦਿ ਵਰਤ ਨਹੀਂ ਛਡੇਗਾ, ਤਾਂ ਮੈਂ ਤੇਰੇ ਦਰਮਿਆਨੇ ਪੁੱਤਰ ਨੂੰ ਤੇਰੇ ਸਾਹਮਣੇ ਮਾਰ ਦੇਵਾਂਗਾ, ਇਸ ਪ੍ਰਕਾਰ ਆਖ ਕੇ ਉਸ ਦੇਵਤੇ ਨੇ ਉਸ ਦੇ ਦਰਮਿਆਨੇ ਪੁੱਤਰ ਨਾਲ ਉਹੀ ਵਿਵਹਾਰ ਕੀਤਾ, ਜੋ ਬੜੇ ਨਾਲ ਕੀਤਾ ਸੀ । ਪਰ ਚੁਲਨੀਪਿਤਾ ਸ਼੍ਰਮਣਾਂ ਦੇ ਉਪਾਸਕ ਨੇ ਇਸ ਅਸਹਿ ਕਸ਼ਟ ਨੂੰ ਧੀਰਜ ਨਾਲ ਸਹਿਨ ਕੀਤਾ । ਦੇਵਤੇ ਨੇ ਤੀਸਰੇ ਪੁੱਤਰ ਬਾਰੇ ਵੀ ਇਸੇ ਪ੍ਰਕਾਰ ਕਿਹਾ ਅਤੇ ਉਸਨੂੰ ਵੀ ਉਹ ਹੀ ਵਰਤਾਉ ਕੀਤਾ ਜੋ ਪਹਿਲੇ ਦੋ ਨਾਲ ਕੀਤਾ ਸੀ । ਪਰ ਚੁਲਨੀਪਿਤਾ

---

ਪਾਠ ਨੰ: 134 ਦੀ ਟਿੱਪਣੀ

(ਆਦਣ ਭਰਿਯੀਸ) ਤੋਂ ਭਾਵੇਂ ਤੇਲ ਜਾਂ ਪਾਣੀ ਨਾਲ ਗਿਲੀਆਂ ਹੋਕੇ ਜੋ ਵਸਤਾਂ ਜਲ ਜਾਣ ਟੀਕਾਕਾਰ ਨੇ ਇਸ ਬਾਰੇ ਇਸ ਪ੍ਰਕਾਰ ਆਖਿਆ ਹੈ ।

(ग्रादाण भरियीस) ग्राद्रहणं यदुदक तैलादिकमन्यररर द्रव्य पाका- याग्नावुत्ताप्यते तद्भृते कड़ाहयसि त्ति कटाहे लोहमयभाजन विशेष ग्राद्रहयामि उत्कवथायामि ।

ਨਿਡਰ ਰਿਹਾ।135।

ਇਸ ਤੋਂ ਬਾਅਦ ਉਸਨੇ ਚੌਥੀ ਵਾਰ ਚੁਲਨੀਪਿਤਾ ਸ਼੍ਰਮਣਾ ਦੇ ਉਪਾਸਕ ਨੂੰ ਕਿਹਾ— "ਉਏ ਚੁਲਨੀਪਿਤਾ ਸ਼੍ਰਮਣਾ ਦੇ ਉਪਾਸਕ ! ਜੇ ਤੂੰ ਸ਼ੀਲ ਆਦਿ ਵਰਤ ਭੰਗ ਨਹੀਂ ਕਰੇਂਗਾ ਤਾਂ ਮੈਂ ਤੇਰੀ ਭੱਦਰਾ ਨਾਂ ਦੀ ਮਾਂ ਨੂੰ ਤੇਰੇ ਸਾਹਮਣੇ ਮਾਰ ਦੇਵਾਂਗਾ, ਇਹ ਉਹ ਮਾਂ ਹੈ ਜੋ ਤੇਰੇ ਲਈ ਦੇਵ, ਗੁਰੂ ਦੀ ਤਰ੍ਹਾਂ ਪੂਜ ਹੈ, ਜਿਸਨੇ ਤੇਰੇ ਲਈ ਅਨੇਕਾਂ ਕਸ਼ਟ ਝੱਲੇ ਹਨ, ਮੈਂ ਉਸ ਨੂੰ ਘਰੋਂ ਚੁਕ ਲੈ ਆਵਾਂਗਾ। ਉਸਦੇ ਦੋ ਤਿੰਨ ਟੁਕੜੇ ਕਰਕੇ ਕੜਾਹੀ ਵਿਚ ਤਲਾਂਗਾ ਉਸਦੇ ਮਾਸ ਤੇ ਖੂਨ ਦੇ ਛਿੱਟੇ ਤੇਰੇ ਸ਼ਰੀਰ ਉਤੇ ਸੁਟਾਂਗਾ, ਜਿਸ ਕਾਰਨ ਤੂੰ ਚਿੰਤਾ ਕਰੇਂਗਾ ਅਤੇ ਬੇਵਸੀ ਨਾਲ ਮੌਤ ਤੋਂ ਪਹਿਲਾਂ ਹੀ ਮਰ ਜਾਵੇਂਗਾ।136।

ਇਸਤੋਂ ਬਾਅਦ ਚੁਲਨੀਪਿਤਾ ਸ਼੍ਰਮਣਾ ਦਾ ਉਪਾਸਕ ਦੇਵਤੇ ਦੇ ਉਪਰੋਕਤ ਵਾਕ ਸੁਣ ਕੇ ਵੀ ਪਹਿਲਾਂ ਦੀ ਤਰ੍ਹਾਂ ਨਿਡਰ ਰਿਹਾ।137।

ਇਸਤੋਂ ਬਾਅਦ ਦੇਵਤੇ ਨੇ ਉਸ ਚੁਲਨੀਪਿਤਾ ਸ਼੍ਰਮਣਾ ਦੇ ਉਪਾਸਕ ਨੂੰ ਵਰਤਾਂ ਵਿਚ ਦ੍ਰਿੜ੍ਹ ਦੇਖ ਕੇ, ਉਪਰੋਕਤ ਵਚਨਾਂ ਨੂੰ ਦੂਸਰੀ ਤੇ ਤੀਸਰੀ ਵਾਰ ਦੁਹਰਾਇਆ ਕਿ "ਤੂੰ ਮਾਰਿਆ ਜਾਵੇਂਗਾ"।138।

ਦੇਵ ਦੇ ਦੂਸਰੀ ਤੇ ਤੀਸਰੀ ਵਾਰ ਅਜਿਹਾ ਆਖਣ ਤੇ ਚੁਲਨੀਪਿਤਾ ਸ਼੍ਰਮਣਾ ਦਾ ਉਪਾਸਕ ਸੋਚਣ ਲਗਾ "ਇਹ ਆਦਮੀ ਅਨਾਰੀਆ (ਦੁਸ਼ਟ) ਹੈ ਇਸਦੀ ਬੁੱਧੀ ਅਨਾਰੀਆ (ਦੁਸ਼ਟ) ਹੈ ਇਹ ਅਨਾਰੀਆ (ਦੁਸ਼ਟਾਂ) ਵਾਲੇ ਪਾਪ ਕਰਮ ਕਰਦਾ ਹੈ। ਇਸ ਨੇ ਮੇਰੇ ਸਾਹਮਣੇ ਮੇਰੇ ਬੜੇ ਪੁੱਤਰ ਨੂੰ ਚੁਕ ਲਿਆ ਅਤੇ ਮੇਰੇ ਸਾਹਮਣੇ ਮਾਰ ਦਿਤਾ, ਇਸੇ ਪ੍ਰਕਾਰ ਦਰਮਿਆਨੇ ਤੇ ਸਭ ਤੋਂ ਛੋਟੇ ਨੂੰ ਵੀ ਮਾਰ ਦਿਤਾ। ਚੁਲਨੀਪਿਤਾ ਸੋਚਣ ਲਗਾ "ਮੇਰੀ ਮਾਂ ਦੇਵਤੇ ਅਤੇ ਗੁਰੂ ਦੀ ਤਰ੍ਹਾਂ ਪੂਜਨ ਯੋਗ ਹੈ। ਉਸਨੇ ਮੇਰੇ ਲਈ ਅਨੇਕਾਂ ਕਸ਼ਟ ਝੱਲੇ ਹਨ। ਉਹ ਮੇਰੇ ਸਾਹਮਣੇ ਮੇਰੀ ਮਾਂ ਨੂੰ ਮਾਰਨਾ ਚਾਹੁੰਦਾ ਹੈ ਇਸ ਲਈ ਇਹ ਚੰਗਾ ਹੈ ਕਿ ਮੈਂ ਇਸਨੂੰ ਪਕੜ ਲਵਾਂ" ਇਹ ਸੋਚਕੇ ਉਹ ਉਸ ਨੂੰ ਫੜਨ ਲਈ ਉਠਿਆ ਤਾਂ ਦੇਵਤਾ ਅਕਾਸ਼ ਵਿਚ ਉਡ ਗਿਆ, ਚੁਲਨੀਪਿਤਾ ਦੇ ਹੱਥ ਵਿਚ ਖੰਭਾ ਆ ਗਿਆ ਉਸ ਨੂੰ ਫੜਕੇ ਉਹ ਸ਼ੋਰ ਮਚਾਉਣ ਲਗਾ।139।

ਇਸ ਤੋਂ ਬਾਅਦ ਭਦਰਾ ਸਾਰਥਵਾਹੀ ਸ਼ੋਰ ਸੁਣਕੇ ਚੁਲਣੀਪਿਤਾ ਸ਼੍ਰਮਣਾ ਦੇ ਉਪਾਸਕ ਕੋਲ ਆਈ ਅਤੇ ਆਖਣ ਲਗੀ "ਹੇ ਪੁੱਤਰ ! ਤੂੰ ਸ਼ੋਰ ਕਿਉਂ ਕੀਤਾ ?"।140।

ਇਸ ਤੋਂ ਬਾਅਦ ਚੁਲਨੀਪਿਤਾ ਸ਼੍ਰਮਣਾ ਦਾ ਉਪਾਸਕ ਆਪਣੀ ਮਾਂ ਭਦਰਾ ਸਾਰਥ-ਵਾਹੀ ਨੂੰ ਆਖਣ ਲਗਾ "ਹੇ ਮਾਂ ! ਪਤਾ ਨਹੀਂ ਕੋਈ ਗੁਸੇ ਵਾਲਾ ਮਨੁੱਖ ਹਥ ਵਿਚ ਨੀਲੀ ਕਮਲ ਵਰਗੀ ਤਲਵਾਰ ਲੈਕੇ ਆਖਣ ਲਗਾ ਹੇ ਚੁਲਨੀਪਿਤਾ ! ਸ਼੍ਰਮਣਾ ਦੇ ਉਪਾਸਕ ! ਜੇ

ਤੂੰ ਸ਼ੀਲ ਆਦਿ ਵਰਤ ਨਹੀਂ ਛੱਡੇਂਗਾ ਤਾਂ ਮੈਂ ਤੇਰੇ ਪੁੱਤਰ ਨੂੰ ਮਾਰ ਦੇਵਾਂਗਾ।141।

"ਉਸਦੇ ਅਜਿਹਾ ਆਖਣ ਤੇ ਵੀ ਮੈਂ ਨਿਡਰ ਰਿਹਾ ਅਤੇ ਧਰਮ ਧਿਆਨ ਵਿਚ ਸਥਿਰ ਰਿਹਾ।142।

ਜਦ ਉਸ ਨੇ ਮੈਨੂੰ ਨਿਡਰ ਤੇ ਸ਼ਾਤ ਵੇਖਿਆ ਤਾਂ ਉਸਨੇ ਮੈਨੂੰ ਦੂਸਰੀ ਤੇ ਤੀਸਰੀ ਵਾਰ ਅਜਿਹੀ ਧਮਕੀ ਦਿਤੀ ਅਤੇ ਕਿਹਾ "ਹੇ ਚੁਲਨੀਪਿਤਾ! ਸ਼੍ਰਮਣਾ ਦੇ ਉਪਾਸਕ! ਮੈਂ ਤੇਰੇ ਸ਼ਰੀਰ ਤੇ ਮਾਸ ਤੇ ਲਹੂ ਦੇ ਛਿਟੇ ਸੁਟਾਂਗਾ"।143।

ਇਸ ਤੋਂ ਬਾਅਦ ਮੈਂ ਅਸਹਿ ਕਸ਼ਟ ਸਹਿੰਦਾ ਰਿਹਾ"। ਇਸ ਪ੍ਰਕਾਰ ਉਸਨੇ ਸਾਰਾ ਵਿਰਤਾਂਤ ਆਪਣੀ ਮਾਂ ਨੂੰ ਸੁਣਾਇਆ "ਉਸਨੇ ਇਸ ਪ੍ਰਕਾਰ ਮੇਰੇ ਦਰਮਿਆਨੇ ਤੇ ਛੋਟੇ ਪੁਤਰ ਨੂੰ ਮੇਰੇ ਸਾਹਮਣੇ ਮਾਰ ਕੇ ਮੇਰੇ ਸ਼ਰੀਰ ਤੇ ਲਹੂ ਤੇ ਮਾਸ ਸੁਟਿਆ, ਮੈਂ ਇਸ ਅਸਹਿ ਕਸ਼ਟ ਨੂੰ ਸਹਿੰਦਾ ਰਿਹਾ।144।

ਇਸਤੋਂ ਬਾਅਦ ਜਦ ਉਸਨੇ ਮੈਨੂੰ ਨਿਡਰ ਵੇਖ ਕੇ ਚੌਥੀ ਵਾਰ ਕਿਹਾ "ਹੇ ਚੁਲਨੀ-ਪਿਤਾ ਸ਼੍ਰਮਣਾਂ ਦੇ ਉਪਾਸਕ ਜੇ ਤੂੰ ਸ਼ੀਲ ਆਦਿ ਭੰਗ ਨਹੀਂ ਕਰੇਂਗਾ ਤਾਂ ਮੈਂ ਦੇਵਤੇ ਤੇ ਗੁਰੂ ਦੀ ਤਰ੍ਹਾਂ ਤੇਰੇ ਲਈ ਪੂਜਨ ਯੋਗ ਤੇਰੀ ਮਾਂ ਨੂੰ ਤੇਰੇ ਸਾਹਮਣੇ ਮਾਰ ਦੇਵਾਂਗਾ ਅਤੇ ਤੂੰ ਵੀ ਮੌਤ ਤੋਂ ਪਹਿਲਾਂ ਹੀ ਮਰ ਜਾਵੇਂਗਾ।145।

ਇਸ ਤੋਂ ਬਾਅਦ ਮੈਂ ਉਸਦੇ ਅਜਿਹਾ ਆਖਣ ਤੇ ਵੀ ਨਿਡਰ ਰਿਹਾ।140।

ਇਸਤੋਂ ਬਾਅਦ ਉਸਨੇ ਤੇ ਤੀਸਰੀ ਵਾਰ ਕਿਹਾ "ਹੇ ਸ਼੍ਰਮਣਾਂ ਦੇ ਉਪਾਸਕ! ਤੂੰ ਅਜ ਮਾਰਿਆ ਜਾਵੇਂਗਾ"।146।

ਇਸਤੋਂ ਬਾਅਦ ਉਸਦੇ ਦੂਸਰੀ ਤੇ ਤੀਸਰੀ ਵਾਰ ਆਖਣ ਤੇ ਮੈਂ ਸੋਚਣ ਲਗਾ "ਇਹ ਪੁਰਸ਼ ਅਨਾਰੀਆ ਹੈ ਇਸਦੀ ਬੁੱਧੀ ਅਨਾਰੀਆ ਹੈ ਇਸ ਦੇ ਕੰਮ ਅਨਾਰੀਆਂ ਵਾਲੇ ਹਨ ਇਸਨੇ ਮੇਰੇ ਬੜੇ ਦਰਮਿਆਨੇ ਤੇ ਛੋਟੇ ਪੁੱਤਰਾਂ ਨੂੰ ਮਾਰ ਦਿਤਾ ਹੈ, ਮੇਰਾ ਸ਼ਰੀਰ ਖੂਨ ਤੇ ਮਾਸ ਨਾਲ ਸਿੰਝ ਦਿਤਾ ਹੈ, ਹੁਣ ਇਹ ਮੇਰੇ ਸਾਹਮਣੇ ਤੇਨੂੰ ਮਾਰਨਾ ਚਾਹੁੰਦਾ ਹੈ ਇਸਲਈ ਇਸ ਨੂੰ ਫੜ ਲੈਣਾ ਯੋਗ ਹੈ ਅਜਿਹਾ ਵਿਚਾਰ ਕੇ ਮੈਂ ਜਿਉਂ ਹੀ ਖੜਾ ਹੋਇਆ ਤਾਂ ਉਹ ਅਕਾਸ਼ ਵਿਚ ਉਡ ਗਿਆ ਮੇਰੇ ਹਥ ਕਮਰੇ ਦਾ ਖੰਬਾ ਰਹਿ ਗਿਆ ਹੈ।147।

ਇਸਤੋਂ ਬਾਅਦ ਭਦਰਾ ਸਾਰਥਵਾਹੀ ਚੁਲਨੀਪਿਤਾ ਸ਼੍ਰਮਣਾ ਦੇ ਉਪਾਸਕ ਨੂੰ ਇਸ ਪ੍ਰਕਾਰ ਆਖਣ ਲਗੀ "ਹੇ ਪੁੱਤਰ ਕੋਈ ਆਦਮੀ ਵੀ ਤੇਰੇ ਬੜੇ ਪੁੱਤਰ ਨੂੰ ਘਰੋਂ ਚੁਕ ਕੇ ਨਹੀਂ ਲੈ ਆਇਆ ਨਾ ਹੀ ਤੇਰੇ ਸਾਹਮਣੇ ਉਸ ਨੂੰ ਮਾਰਿਆ ਹੈ ਇਹ ਕਿਸੇ ਨੇ ਤੈਨੂੰ ਦੁਖ ਦਿਤਾ ਹੈ ਤੂੰ ਝੂਠੀ ਘਟਨਾ ਵੇਖੀ ਹੈ। ਕਸ਼ਾਏ ਦੇ ਪੈਦਾ ਹੋਣ ਕਾਰਨ ਤੇਰਾ ਚਿਤ ਡੋਲ ਗਿਆ ਹੈ ਤੂੰ ਉਸ ਆਦਮੀ ਨੂੰ ਫੜਨ ਲਈ ਉਠਿਆ ਇਸ ਲਈ ਤੇਰਾ ਵਰਤ ਨਿਯਮ ਤੇ ਪੌਸ਼ਧ

ਤੂੰ ਸ਼ੀਲ ਆਦਿ ਵਰਤ ਨਹੀਂ ਛੱਡੇਂਗਾ ਤਾਂ ਮੈਂ ਤੇਰੇ ਪੁੱਤਰ ਨੂੰ ਮਾਰ ਦੇਵਾਂਗਾ ।141।

"ਉਸਦੇ ਅਜਿਹਾ ਆਖਣ ਤੇ ਵੀ ਮੈਂ ਨਿਡਰ ਰਿਹਾ ਅਤੇ ਧਰਮ ਧਿਆਨ ਵਿਚ ਸਥਿਰ ਰਿਹਾ ।142।

ਜਦ ਉਸ ਨੇ ਮੈਨੂੰ ਨਿਡਰ ਤੇ ਸ਼ਾਂਤ ਵੇਖਿਆ ਤਾਂ ਉਸਨੇ ਮੈਨੂੰ ਦੂਸਰੀ ਤੇ ਤੀਸਰੀ ਵਾਰ ਅਜਿਹੀ ਧਮਕੀ ਦਿਤੀ ਅਤੇ ਕਿਹਾ "ਹੇ ਚੁਲਨੀਪਿਤਾ ! ਸ਼੍ਰਮਣਾ ਦੇ ਉਪਾਸਕ ! ਮੈਂ ਤੇਰੇ ਸ਼ਰੀਰ ਤੇ ਮਾਸ ਤੇ ਲਹੂ ਦੇ ਛਿਟੇ ਸੁਟਾਂਗਾ" ।143।

ਇਸ ਤੋਂ ਬਾਅਦ ਮੈਂ ਅਸਹਿ ਕਸ਼ਟ ਸਹਿੰਦਾ ਰਿਹਾ" । ਇਸ ਪ੍ਰਕਾਰ ਉਸਨੇ ਸਾਰਾ ਵਿਰਤਾਂਤ ਆਪਣੀ ਮਾਂ ਨੂੰ ਸੁਣਾਇਆ "ਉਸਨੇ ਇਸ ਪ੍ਰਕਾਰ ਮੇਰੇ ਦਰਮਿਆਨੇ ਤੇ ਛੋਟੇ ਪੁਤਰ ਨੂੰ ਮੇਰੇ ਸਾਹਮਣੇ ਮਾਰ ਕੇ ਮੇਰੇ ਸ਼ਰੀਰ ਤੇ ਲਹੂ ਤੇ ਮਾਸ ਸੁਟਿਆ, ਮੈਂ ਇਸ ਅਸਹਿ ਕਸ਼ਟ ਨੂੰ ਸਹਿੰਦਾ ਰਿਹਾ ।144।

ਇਸਤੋਂ ਬਾਅਦ ਜਦ ਉਸਨੇ ਮੈਨੂੰ ਨਿਡਰ ਵੇਖ ਕੇ ਚੌਥੀ ਵਾਰ ਕਿਹਾ "ਹੇ ਚੁਲਨੀ-ਪਿਤਾ ਸ਼੍ਰਮਣਾਂ ਦੇ ਉਪਾਸਕ ਜੇ ਤੂੰ ਸ਼ੀਲ ਆਦਿ ਭੰਗ ਨਹੀਂ ਕਰੇਂਗਾ ਤਾਂ ਮੈਂ ਦੇਵਤੇ ਤੇ ਗੁਰੂ ਦੀ ਤਰ੍ਹਾਂ ਤੇਰੇ ਲਈ ਪੂਜਨ ਯੋਗ ਤੇਰੀ ਮਾਂ ਨੂੰ ਤੇਰੇ ਸਾਹਮਣੇ ਮਾਰ ਦੇਵਾਂਗਾ ਅਤੇ ਤੂੰ ਵੀ ਮੌਤ ਤੋਂ ਪਹਿਲਾਂ ਹੀ ਮਰ ਜਾਵੇਂਗਾ ।145।

ਇਸ ਤੋਂ ਬਾਅਦ ਮੈਂ ਉਸਦੇ ਅਜਿਹਾ ਆਖਣ ਤੇ ਵੀ ਨਿਡਰ ਰਿਹਾ ।140।

ਇਸਤੋਂ ਬਾਅਦ ਉਸਨੇ ਤੇ ਤੀਸਰੀ ਵਾਰ ਕਿਹਾ "ਹੇ ਸ਼੍ਰਮਣਾਂ ਦੇ ਉਪਾਸਕ ! ਤੂੰ ਅਜ ਮਾਰਿਆ ਜਾਵੇਂਗਾ" ।146।

ਇਸਤੋਂ ਬਾਅਦ ਉਸਦੇ ਦੂਸਰੀ ਤੇ ਤੀਸਰੀ ਵਾਰ ਆਖਣ ਤੇ ਮੈਂ ਸੋਚਣ ਲਗਾ "ਇਹ ਪੁਰਸ਼ ਅਨਾਰੀਆ ਹੈ ਇਸਦੀ ਬੁੱਧੀ ਅਨਾਰੀਆ ਹੈ ਇਸ ਦੇ ਕੰਮ ਅਨਾਰੀਆਂ ਵਾਲੇ ਹਨ ਇਸਨੇ ਮੇਰੇ ਬੜੇ ਦਰਮਿਆਨੇ ਤੇ ਛੋਟੇ ਪੁੱਤਰਾਂ ਨੂੰ ਮਾਰ ਦਿਤਾ ਹੈ, ਮੇਰਾ ਸ਼ਰੀਰ ਖ਼ੂਨ ਤੇ ਮਾਸ ਨਾਲ ਸਿੰਝ ਦਿਤਾ ਹੈ, ਹੁਣ ਇਹ ਮੇਰੇ ਸਾਹਮਣੇ ਤੈਨੂੰ ਮਾਰਨਾ ਚਾਹੁੰਦਾ ਹੈ ਇਸਲਈ ਇਸ ਨੂੰ ਫੜ ਲੈਣਾ ਯੋਗ ਹੈ ਅਜਿਹਾ ਵਿਚਾਰ ਕੇ ਮੈਂ ਜਿਉਂ ਹੀ ਖੜਾ ਹੋਇਆ ਤਾਂ ਉਹ ਅਕਾਸ਼ ਵਿਚ ਉਡ ਗਿਆ ਮੇਰੇ ਹਥ ਕਮਰੇ ਦਾ ਖੰਬਾ ਰਹਿ ਗਿਆ ਹੈ ।147।

ਇਸਤੋਂ ਬਾਅਦ ਭਦਰਾ ਸਾਰਥਵਾਹੀ ਚੁਲਨੀਪਿਤਾ ਸ਼੍ਰਮਣਾ ਦੇ ਉਪਾਸਕ ਨੂੰ ਇਸ ਪ੍ਰਕਾਰ ਆਖਣ ਲਗੀ "ਹੇ ਪੁੱਤਰ ਕੋਈ ਆਦਮੀ ਵੀ ਤੇਰੇ ਬੜੇ ਪੁੱਤਰ ਨੂੰ ਘਰੋਂ ਚੁਕ ਕੇ ਨਹੀਂ ਲੈ ਆਇਆ ਨਾ ਹੀ ਤੇਰੇ ਸਾਹਮਣੇ ਉਸ ਨੂੰ ਮਾਰਿਆ ਹੈ ਇਹ ਕਿਸੇ ਨੇ ਤੈਨੂੰ ਦੁਖ ਦਿਤਾ ਹੈ ਤੂੰ ਝੂਠੀ ਘਟਨਾ ਵੇਖੀ ਹੈ । ਕਸ਼ਾਏ ਦੇ ਪੈਦਾ ਹੋਣ ਕਾਰਨ ਤੇਰਾ ਚਿਤ ਡੋਲ ਗਿਆ ਹੈ ਤੂੰ ਉਸ ਆਦਮੀ ਨੂੰ ਫੜਨ ਲਈ ਉਠਿਆ ਇਸ ਲਈ ਤੇਰਾ ਵਰਤ ਨਿਯਮ ਤੇ ਪੌਸ਼ਧ

ਤਿਆਗ ਦੇਵੋ ।

6. ਦੋਸ਼ ਰੂਪੀ ਮੈਲ ਨੂੰ ਧੋ ਕੇ ਆਤਮਾ ਨੂੰ ਸ਼ੁਧ ਕਰੋ ।

7. ਫਿਰ ਅਜਿਹਾ ਨਾ ਕਰਨ ਦੀ ਪ੍ਰਤਿਗਿਆ ਕਰੋ ।

8. ਦੋਸ਼ ਸੁਧੀ ਲਈ ਪ੍ਰਾਯਸ਼ਚਿਤ ਰੂਪ ਵਿਚ ਤਪ ਸਵੀਕਾਰ ਕਰੋ ।

ਕੁਝ ਲੋਕਾਂ ਦੀ ਮਾਨਤਾ ਹੈ ਕਿ ਨਸ਼ਿਧ ਸੂਤਰ ਵਿਚ ਉਪਾਸਕ ਲਈ ਪ੍ਰਾਯਸ਼ਚਿਤ ਦਾ ਵਿਧਾਨ ਨਹੀਂ ਪਰ ਇਹ ਗੱਲ ਸਹੀ ਨਹੀਂ ਸੀ । ਉਪਾਸਕ ਦਸ਼ਾਂਗ ਜੋ ਕਿ ਉਪਾਸਕਾਂ ਦਾ ਹੀ ਸੂਤਰ ਹੈ ਇਸ ਵਿਚ ਸਾਫ ਪ੍ਰਾਯਸ਼ਚਿਤ ਦਾ ਵਿਧਾਨ ਹੈ । ਇਸ ਬਾਰੇ ਟੀਕਾਕਾਰ ਦਾ ਕਥਨ ਹੈ—

एतेन च निशीथादिषु गृहिणं प्रति प्रायश्चित्तस्याप्रतिपादनान्न तेषां प्रायश्चित्तमस्तीति ये प्रतिपद्यन्ते तन्मतमपास्तं साधुद्देशेन गृहिणोऽपि प्रायश्चित्तस्य जीतव्यवहारानुपतितत्वात् ।





## • ੪ •

ਇਸ ਅਧਿਐਨ ਵਿਚ ਵਾਰਾਨਸੀ ਨਿਵਾਸੀ, 12 ਵਰਤ ਧਾਰੀ ਸੁਰਾਦੇਵ ਦਾ ਵਰਨਣ ਹੈ। ਇਸ ਨੇ ਵੀ ਭਗਵਾਨ ਮਹਾਵੀਰ ਦੇ 18ਵੇਂ ਚੌਮਾਸੇ ਵਿਸ 12 ਵਰਤ ਗ੍ਰਹਿਣ ਕੀਤੇ। ਪਿਸ਼ਾਚ ਦੇ ਰੂਪ ਵਿਚ ਦੇਵਤਾ ਨੇ ਇਸ ਦਾ ਧਿਆਨ ਭੰਗ ਕਰਨ ਦੀ ਬੇ-ਹਦ ਕੋਸ਼ਿਸ਼ ਕੀਤੀ। ਅਪਣੇ ਚਮਤਕਾਰ ਰਾਹੀਂ ਅਤੇ ਡਰਾਉਣ ਲਈ ਇਸਦੇ ਸ਼ਰੀਰ ਵਿਚ 16 ਰੋਗ ਪੈਦਾ ਕਰ ਦਿਤੇ, ਪੁਤਰਾਂ ਨੂੰ ਮਾਰਨ ਦਾ ਨਾਟਕ ਰਚਿਆ। ਪਰ ਨਾਟਕ, ਨਾਟਕ ਸੀ। ਇਸਦੀ ਪਤਨੀ ਨੇ ਇਸ ਨੂੰ ਧਰਮ ਵਿਚ ਸਥਾਪਿਤ ਕੀਤਾ। ਅੰਤਮ ਸਮੇਂ ਸੌਧਰਮ ਦੇਵ ਲੋਕ ਦੇ ਅਰੁਣਾਕਾਂਤ ਵਿਮਾਨ ਵਿਚ 4 ਪਲਯੋਪਮ ਦੀ ਉਮਰ ਵਾਲਾ ਦੇਵਤਾ ਬਣਿਆ। ਭਵਿੱਖ ਵਿਚ ਇਹ ਵੀ ਸਿੱਧ, ਬੁੱਧ ਮੁਕਤ ਹੋਵੇਗਾ।

# ਚੌਥਾ ਅਧਿਐਨ

ਭਗਵਾਨ ਸੁਧਰਮਾ ਸਵਾਮੀ ਆਖਦੇ ਹਨ, ਕਿ ਉਸ ਕਾਲ, ਉਸ ਸਮੇਂ ਵਿਚ ਵਾਰਾਣਸੀ ਨਾਂ ਦੀ ਨਗਰੀ ਸੀ, ਉਥੇ ਕੋਸ਼ਟਕ ਨਾਂ ਦਾ ਚੈਤਯ ਸੀ, ਉਥੇ ਜਿਤ-ਸ਼ਤਰੂ ਨਾਂ ਦਾ ਰਾਜਾ ਰਾਜ ਕਰਦਾ ਸੀ, ਉਥੇ ਸੂਰਾਦੇਵ ਨਾਂ ਦਾ ਗਾਥਾਪਤੀ ਰਹਿੰਦਾ ਸੀ, ਉਸ ਪਾਸ 6 ਕਰੋੜ ਸੋਨੇ ਦੀਆਂ ਮੋਹਰਾਂ ਦਾ ਖਜਾਨਾ ਸੀ 6 ਕਰੋੜ ਸੋਨੇ ਦੀਆਂ ਮੋਹਰਾਂ ਵਿਉਪਾਰ ਵਿਚ ਲਗੀਆਂ ਹੋਈਆਂ ਸਨ । 6 ਕਰੋੜ ਸੋਨੇ ਦੀਆਂ ਮੋਹਰਾਂ ਘਰ ਦੇ ਸਮਾਨ ਵਿਚ ਲਗੀਆਂ ਹੋਈਆਂ ਸਨ । 10000 ਹਜਾਰ ਦੀ ਸੰਖਿਆ ਵਾਲੇ ਗਾਵਾਂ ਦੇ ਛੇ ਬ੍ਰਿਜ ਸਨ । ਉਸ ਦੀ ਇਸਤਰੀ ਦਾ ਨਾਂ ਧਨਾ ਸੀ । ਉਸੇ ਸ਼ਹਿਰ ਵਿਚ ਸ਼੍ਰਮਣ ਭਗਵਾਨ ਮਹਾਵੀਰ ਪਧਾਰੇ । ਧਰਮ ਸਭਾ ਇਕੱਠੀ ਹੋਈ ਉਸਨੇ ਆਨੰਦ ਸ਼੍ਰਮਣਾਂ ਦੇ ਉਪਾਸਕ ਦੀ ਤਰ੍ਹਾਂ ਸ਼੍ਰਾਵਕ ਧਰਮ ਧਾਰਨ ਕੀਤਾ । ਸਮਾਂ ਬੀਤਨ ਤੇ ਉਹ ਵੀ ਕਾਮਦੇਵ ਦੀ ਤਰ੍ਹਾਂ ਪੋਸ਼ਧ ਕਰਨ ਲਗਾ । ।152।

ਸੁਰਾਦੇਵ ਸ਼੍ਰਮਣਾਂ ਦੇ ਉਪਾਸਕ ਕੋਲ ਇਕ ਦੇਵਤਾ ਅਧੀ ਰਾਤ ਨੂੰ ਨੀਲੇ ਕਮਲ ਦੀ ਤਰ੍ਹਾਂ ਦੀ ਤਲਵਾਰ ਹੱਥ ਵਿਚ ਲੈ ਕੇ ਪ੍ਰਗਟ ਹੋਇਆ ਅਤੇ ਬੋਲਿਆ "ਉਏ ਸੁਰਾਦੇਵ ਸ਼੍ਰਮਣਾਂ ਦੇ ਉਪਾਸਕ ! ਆਪਣਾ ਆਪ ਦਾ ਬੁਰਾ ਚਾਹੁਣ ਵਾਲੇ, ਜੇ ਤੂੰ ਸ਼ੀਲ ਆਦਿ ਵਰਤ ਨਹੀਂ ਛੱਡੇਂਗਾ ਤਾਂ ਮੈਂ ਤੇਰੇ ਬੜੇ ਪੁਤਰ ਨੂੰ ਤੇਰੇ ਘਰੋਂ ਚੁਕ ਕੇ ਤੇਰੇ ਸਾਹਮਣੇ ਹੀ ਮਾਰ ਦਿਆਂਗਾ । ਉਸ ਦੇ ਸਰੀਰ ਦੇ ਪੰਜ ਟੁਕੜੇ ਕਰਕੇ ਤੇਲ ਵਿਚ ਤਲਾਂਗਾ ਅਤੇ ਤੇਰੇ ਸਰੀਰ ਤੇ ਉਸਦਾ ਮਾਸ ਸੁਟਾਂਗਾ ਤੇ ਉਸਦੇ ਲਹੂ ਦੇ ਛਿਟੇ ਮਾਰਾਂਗਾ, ਇਸ ਦੁਖ ਕਾਰਨ ਤੂੰ ਸਮੇ ਤੋਂ ਪਹਿਲਾਂ ਹੀ ਮਾਰਿਆ ਜਾਵੇਂਗਾ ।" ਉਸੇ ਪ੍ਰਕਾਰ ਉਸ ਪਿਸ਼ਾਚ ਨੇ ਕੀਤਾ ਜਿਵੇਂ ਉਸਨੇ ਕਿਹਾ ਸੀ । ਇਸ ਪ੍ਰਕਾਰ ਦਰਮਿਆਨੇ ਤੇ ਛੋਟੇ ਪੁੱਤਰ ਨਾਲ ਕੀਤਾ, ਚੁਲਨੀਪਿਤਾ ਦੇ ਪੁੱਤਰਾਂ ਦੀ ਤਰ੍ਹਾਂ ਉਸਦੇ ਪੁੱਤਰਾਂ ਦੇ ਸਰੀਰ ਦੇ ਟੁਕੜੇ ਕੀਤੇ, ਇਥੇ ਫਰਕ ਇਹ ਹੈ, ਇਥੇ ਸ਼ਰੀਰ ਦੇ ਇਕ ਟੁਕੜੇ ਦੀ ਥਾਂ 5 ਟੁਕੜੇ ਕੀਤੇ ।153।

ਇਸ ਤੋਂ ਬਾਅਦ ਉਸ ਦੇਵਤੇ ਨੇ ਸੁਰਾਦੇਵ ਸ਼੍ਰਮਣਾਂ ਦੇ ਉਪਾਸਕ ਨੂੰ ਚੌਥੀ ਵਾਰ ਇਸੇ ਪ੍ਰਕਾਰ ਆਖਿਆ "ਉਏ ਸੁਰਾਦੇਵ ਸ਼੍ਰਮਣਾਂ ਦੇ ਉਪਾਸਕ ! ਆਪਣਾ ਭੈੜਾ ਚਾਹੁਣ ਵਾਲੇ ਜੇ ਤੂੰ ਸ਼ੀਲ ਆਦਿ ਵਰਤਾਂ ਨੂੰ ਨਹੀਂ ਛਡੇਂਗਾ ਤਾਂ ਮੈਂ ਤੇਰੇ ਸ਼ਰੀਰ ਵਿਚ ਇਕੋ ਸਮੇਂ 16 ਰੋਗ ਪੈਦਾ ਕਰ ਦੇਵਾਂਗਾ ਜਿਵੇਂ ਸਾਹ, ਖਾਂਸੀ ਜਾਂ ਕੋੜ੍ਹ ਜਿਸ ਕਾਰਨ ਤੂੰ ਸਮੇਂ ਤੋਂ ਪਹਿਲਾਂ ਹੀ ਮਰ ਜਾਵੇਂਗਾ ।154।

ਇਸਤੋਂ ਬਾਅਦ ਸੁਰਾਦੇਵ ਸ਼੍ਰਮਣਾਂ ਦਾ ਉਪਾਸਕ ਧਰਮ ਧਿਆਨ ਵਿਚ ਸਥਿਰ ਰਿਹਾ ਦੇਵਤੇ ਨੇ ਦੂਸਰੀ ਤੇ ਤੀਸਰੀ ਵਾਰ ਇਸੇ ਪ੍ਰਕਾਰ ਕਿਹਾ ਕਿ ਤੂੰ ਮਾਰਿਆ ਜਾਵੇਂਗਾ ।155।

ਇਸ ਤੋਂ ਬਾਅਦ ਸੁਰਾਦੇਵ ਸ਼੍ਰਮਣਾਂ ਦਾ ਉਪਾਸਕ ਦੂਸਰੀ ਤੇ ਤੀਸਰੀ ਵਾਰ ਆਖਣ ਤੇ ਉਹ ਉਪਾਸਕ ਸੋਚਣ ਲਗਾ "ਇਹ ਪੁਰਸ਼ ਅਨਾਰੀਆ (ਦੁਸ਼ਟ) ਹੈ। ਅਨਾਰੀਆ (ਦੁਸ਼ਟ) ਕਰਮ ਕਰਨ ਵਾਲਾ ਹੈ, ਇਸਨੇ ਮੇਰੇ ਬੜੇ ਤੇ ਛੋਟੇ ਪੁੱਤਰ ਨੂੰ ਮਾਰ ਕੇ ਮੇਰੇ ਸ਼ਰੀਰ ਤੇ ਖੂਨ ਤੇ ਮਾਸ ਸੁਟਿਆ ਹੈ ਹੁਣ ਇਹ ਸਾਹ, ਖਾਂਸੀ ਅਤੇ ਕੋੜ੍ਹ ਆਦਿ ਸੋਲਾਂ ਰੋਗ ਮੇਰੇ ਸ਼ਰੀਰ ਨੂੰ ਲਾਉਣਾ ਚਾਹੁੰਦਾ ਹੈ, ਇਸ ਲਈ ਇਸਨੂੰ ਪਕੜਨਾ ਚਾਹੀਦਾ ਹੈ।" ਇਹ ਸੋਚ ਕੇ ਦੇਵਤੇ ਨੂੰ ਫੜਨ ਲਗਿਆ ਤਾਂ ਉਹ ਦੇਵਤਾ ਅਕਾਸ਼ ਵਿਚ ਉਡ ਗਿਆ। ਉਹ ਸ਼੍ਰਾਵਕ ਖੰਬਾ ਫੜਕੇ ਜੋਰ ਨਾਲ ਸ਼ੋਰ ਮਚਾਉਣ ਲਗਾ ।156।

ਇਸਤੋਂ ਬਾਅਦ ਸੁਰਾਦੇਵ ਸ਼੍ਰਮਣਾਂ ਦੇ ਉਪਾਸਕ ਦੀ ਪਤਨੀ ਸ਼ੋਰ ਸੁਣ ਕੇ ਆ ਗਈ ਅਤੇ ਆਖਣ ਲਗੀ "ਹੇ ਦੇਵਾਨੂਪ੍ਰਿਯ ਤੁਸੀਂ ਸ਼ੋਰ ਕਿਉਂ ਮਚਾਇਆ ਸੀ ?" ।157।

ਇਸ ਤੋਂ ਬਾਅਦ ਸੁਰਾਦੇਵ ਸ਼੍ਰਮਣਾਂ ਦੇ ਉਪਾਸਕ ਨੇ ਆਪਣੀ ਪਤਨੀ ਧੰਨਾ ਨੂੰ ਕਿਹਾ "ਹੇ ਦੇਵਾਨੂਪ੍ਰਿਯ ਇਥੇ ਕੋਈ ਆਦਮੀ ਆਇਆ ਸੀ" ਬਾਕੀ ਉਸਨੇ ਉਸ ਪ੍ਰਕਾਰ ਵਿਰਤਾਂਤ ਸੁਣਾਇਆ ਜਿਵੇਂ ਚੁਲਨੀਪਿਤਾ ਨੇ ਆਪਣੀ ਮਾਂ ਨੂੰ ਸੁਣਾਇਆ ਸੀ। ਧਨਾ ਨੇ ਕਿਹਾ ਤੁਹਾਡੇ ਪੁਤਰ ਰਾਜੀ ਖੁਸ਼ੀ ਹਨ ਤੁਹਾਡੇ ਸਰੀਰ ਵਿਚ ਇਕੋ ਸਮੇਂ 16 ਰੋਗ ਲਾਉਣ ਦਾ ਕਿਸੇ ਨੇ ਕਸ਼ਟ ਨਹੀਂ ਦਿਤਾ ਹੈ ਬਾਕੀ ਚੁਲਨੀਪਿਤਾ ਦੀ ਮਾਂ ਦੀ ਤਰ੍ਹਾਂ ਸੁਰਾਦੇਵ ਦੀ ਪਤਨੀ ਨੇ ਆਪਣੇ ਪਤੀ ਨੂੰ ਇਸ ਗਲ ਦਾ ਪ੍ਰਾਯਸ਼ਚਿਤ ਦੇ ਰੂਪ ਵਿਚ ਤਪ ਕਰਨ ਲਈ ਕਿਹਾ ਸੁਰਾਦੇਵ ਸ਼੍ਰਮਣਾਂ ਦਾ ਉਪਾਸਕ ਮਰ ਕੇ ਸੋਧਰਮ ਦੇਵ ਲੋਕ ਦੇ ਅਰੁਣਕਾਂਤ ਵਿਮਾਨ ਵਿਚ ਪੈਦਾ ਹੋਇਆ। ਉਥੇ ਉਸਦੀ ਉਮਰ 4 ਪਲਯੋਪਮ ਹੈ ਉਹ ਵੀ ਮਹਾਵਿਦੇਹ ਖੇਤਰ ਵਿਚ ਸਿਧ ਗਤੀ ਨੂੰ ਪ੍ਰਾਪਤ ਕਰੇਗਾ ।158।

---

16 ਰੋਗ ਇਸ ਪ੍ਰਕਾਰ ਹਨ (1) ਸਾਹ ਦਮਾ (2) ਖਾਂਸੀ (3) ਬੁਖਾਰ (4) ਪਿੱਤ ਜਾਂ ਸ਼ਰੀਰ ਦੀ ਜਲਨ (5) ਕਮਰ ਦੀ ਪੀੜ (6) ਪੇਟ ਵਿਚ ਵਾਰ ਵਾਰ ਦਰਦ ਉਠਨਾ (7) ਭਗੰਦਰ (8) ਬਵਾਸੀਰ (9) ਬਦ-ਹਜਮੀ (10) ਨਜ਼ਰ ਦੀ ਕਮਜ਼ੋਰੀ (11) ਸਿਰ ਦਰਦ (12) ਭੁਖ ਨਾ ਲਗਨਾ (13) ਅੱਖ ਦੁਖਨਾ (14) ਕੰਨਾਂ ਦਾ ਰੋਗ ਜਾਂ ਦਰਦ (15) ਖਾਜ (16) ਕੋੜ੍ਹ



## • ੫ •

ਆਲਭਿੱਕਾ ਨਗਰੀ ਵਾਸੀ ਚੁਲਸ਼ਤਕ 12 ਵਰਤ ਧਾਰੀ ਸ਼੍ਰਾਵਕ ਦਾ ਸੰਖੇਪ ਵਰਨਣ ਇਸ ਅਧਿਐਨ ਵਿਚ ਕੀਤਾ ਗਿਆ ਹੈ। ਇਸਦਾ ਧਿਆਨ ਭੰਗ ਕਰਨ ਲਈ ਵੀ ਇਕ ਦੇਵਤਾ ਪ੍ਰਗਟ ਹੋਕੇ ਬੜੇ ਪੁੱਤਰ ਨੂੰ ਮਾਰਨ ਦੀ ਧਮਕੀ ਦਿੰਦਾ ਹੈ। ਧਨ ਨਾਸ਼ ਕਰਨ ਤੇ ਮੌਤ ਦੀ ਧਮਕੀ ਦਿੰਦਾ ਹੈ। ਇਸ ਨੂੰ ਵੀ ਇਸ ਦੀ ਪਤਨੀ ਇਸ ਸ਼੍ਰਾਵਕ ਨੂੰ ਇਸ ਦੀ ਪਤਨੀ ਧਰਮ ਵਿਚ ਸਥਾਪਿਤ ਕਰਦੀ ਹੈ। ਇਹ ਵੀ ਅੰਤਮ ਸਮੇਂ ਧਰਮ ਦਾ ਪਾਲਨ ਕਰਦਾ ਹੋਇਆ ਸੌਧਰਮ ਦੇਵ ਲੋਕ ਵਿਚ ਅਰੁਣ ਸਰੇਸ਼ਟ ਸਾਧਕ ਵਿਮਾਨ ਵਿਚ 4 ਪਲਯੋਪਮ ਵਾਲੀ ਉਮਰ ਵਾਲਾ ਦੇਵਤਾ ਬਣਦਾ ਹੈ। ਭਵਿੱਖ ਵਿਚ ਮਰ ਕੇ ਇਹ ਵੀ ਸਿੱਧ ਬੁੱਧ ਮੁਕਤ ਹੋਵੇਗਾ।

# ਪੰਜਵਾਂ ਅਧਿਐਨ

ਪੰਜਵੇਂ ਅਧਿਐਨ ਦਾ ਨਿਕਸ਼ੇਪ (ਪਹਿਲੇ ਅਧਿਐਨ ਦੀ ਤਰ੍ਹਾਂ ਵਾਰਤਾਲਾਪ)

ਭਗਵਾਨ ਸੁਧਰਮਾ ਸਵਾਮੀ ਆਖਦੇ ਹਨ "ਹੇ ਜੰਬੂ ! ਉਸ ਕਾਲ ਉਸ ਸਮੇਂ ਵਿਚ ਆਲਭਿਕਾ ਨਾਂ ਦੀ ਨਗਰੀ ਸੀ ਉਥੇ ਸੰਖਬਨ ਨਾਂ ਦਾ ਬਾਗ ਸੀ। ਜਿਤਸ਼ਤਰੂ ਨਾਂ ਦਾ ਰਾਜਾ ਰਾਜ ਕਰਦਾ ਸੀ ਉਥੇ ਚੁਲਸ਼ਤਕ ਸ਼੍ਰਮਣਾਂ ਦਾ ਉਪਾਸਕ ਰਹਿੰਦਾ ਸੀ। ਉਹ ਰਿਧੀ ਸਿਧੀ ਨਾਲ ਭਰਪੂਰ ਸੀ। ਉਸ ਕੋਲ 6 ਕਰੋੜ ਸੋਨੇ ਦੀਆਂ ਮੋਹਰਾਂ ਦਾ ਖਜ਼ਾਨਾ ਸੀ। 6 ਕਰੋੜ ਸੋਨੇ ਦੀਆਂ ਮੋਹਰਾਂ ਵਿਉਪਾਰ ਵਿਚ ਲਗੀਆਂ ਹੋਈਆਂ ਸਨ। 6 ਕਰੋੜ ਸੋਨੇ ਦੀਆਂ ਮੋਹਰਾਂ ਘਰ ਦੇ ਸਮਾਨ ਵਿਚ ਲਗੀਆਂ ਹੋਈਆਂ ਸਨ। ਉਸਦੇ ਪਾਸ 10000 ਗਾਵਾਂ ਦੇ ਹਿਸਾਬ ਦੇ 6 ਬ੍ਰਿਜ ਸਨ। ਉਸਦੀ ਪਤਨੀ ਦਾ ਨਾਂ ਬਹੁਲਾ ਸੀ (ਭਗਵਾਨ ਮਹਾਵੀਰ ਉਸੇ ਸ਼ਹਿਰ ਵਿਚ ਪਧਾਰੇ) ਧਰਮ ਸਭਾ ਲਗੀ ਜਿਵੇਂ ਆਨੰਦ ਨੇ ਗ੍ਰਹਿਸਥ ਧਰਮ ਗ੍ਰਹਿਣ ਕੀਤਾ ਉਸੇ ਪ੍ਰਕਾਰ ਚੁਲਸ਼ਤਕ ਵੀ 12 ਵਰਤ ਰੂਪੀ ਗ੍ਰਹਿਸਥ ਧਰਮ ਦੀ ਅਰਾਧਨਾ ਕਰਨ ਲਗਾ। ਬਾਕੀ ਜਿਵੇਂ ਕਾਮਦੇਵ ਨੇ ਧਰਮ ਸਵੀਕਾਰ ਕੀਤਾ ਉਸੇ ਪ੍ਰਕਾਰ ਉਹ ਵੀ ਪੋਸ਼ਧਸ਼ਾਲਾ ਵਿਚ ਪੋਸ਼ਧ ਕਰਨ ਲਗਾ।159।

ਇਸਤੋਂ ਬਾਅਦ ਚੁਲਸ਼ਤਕ ਸ਼੍ਰਮਣਾਂ ਦੇ ਉਪਾਸਕ ਕੋਲ ਅਧੀ ਰਾਤ ਸ਼ਮੇਂ ਇਕ ਦੇਵਤਾ ਹਥ ਵਿਚ ਤਲਵਾਰ ਲੈਕੇ ਆਇਆ ਅਤੇ ਆਖਣ ਲਗਾ "ਉਏ ਚੁਲਸ਼ਤਕ ਜੇ ਤੂੰ ਸ਼ੀਲ ਆਦਿ ਵਰਤਾਂ ਨੂੰ ਨਹੀਂ ਛਡੇਂਗਾ ਤਾਂ ਮੈਂ ਤੇਰੇ ਸਾਹਮਣੇ ਤੇਰੇ ਬੜੇ ਪੁੱਤਰ ਨੂੰ ਮਾਰ ਦੇਵਾਂਗਾ ਇਹ ਸਭ ਕੁਝ ਉਸ ਪ੍ਰਕਾਰ ਕਿਹਾ ਜਿਵੇਂ ਚੁਲਨੀਪਿਤਾ ਨੂੰ ਦੇਵਤੇ ਨੇ ਕਿਹਾ ਸੀ ਫਰਕ ਇਹੋ ਹੈ ਕਿ ਇਥੇ ਇਹ ਸਰੀਰ ਦਾ ਇਕ ਟੁਕੜਾ ਨਹੀਂ ਸਤ, ਟੁਕੜੇ ਕਰਨ ਦੀ ਧਮਕੀ ਦਿਤੀ ਇਸੇ ਪ੍ਰਕਾਰ ਛੋਟੇ ਪੁਤਰ ਨਾਲ ਕੀਤਾ ਅਤੇ ਮਾਸ ਚੁਲਸ਼ਤਕ ਦੇ ਸ਼ਰੀਰ ਤੇ ਸੁਟਿਆ ਲਹੂ ਦੇ ਛਿੱਟੇ ਸੁਟੇ ਪਰ ਚੁਲਸ਼ਤਕ ਸ਼੍ਰਮਣਾਂ ਦਾ ਉਪਾਸਕ ਸ਼ਾਂਤ ਤੇ ਧਿਆਨ ਵਿਚ ਲਗਾ ਰਿਹਾ। ।160।

ਇਸ ਤੋਂ ਬਾਅਦ ਦੇਵਤੇ ਨੇ ਚੌਥੀ ਵਾਰ ਇਸੇ ਪ੍ਰਕਾਰ ਕਿਹਾ "ਹੇ ਚੁਲਸ਼ਤਕ ਸ਼੍ਰਮਣਾਂ ਦੇ ਉਪਾਸਕ ! ਜੇ ਤੂੰ ਸ਼ੀਲ ਆਦਿ ਵਰਤ ਭੰਗ ਨਹੀਂ ਕਰਦਾ ਤਾਂ ਜੋ ਤੇਰੀਆਂ 6 ਕਰੋੜ ਸੋਨੇ ਦੀਆਂ ਮੋਹਰਾਂ ਦਾ ਖਜਾਨਾ 6 ਕਰੋੜ ਸੋਨੇ ਦੀਆਂ ਮੋਹਰਾਂ ਵਿਉਪਾਰ ਵਿਚ ਲਗੀਆਂ ਮੋਹਰਾਂ ਅਤੇ 6 ਕਰੋੜ ਘਰ ਦੇ ਸਮਾਨ ਵਿਚ ਲਗੀਆਂ ਮੋਹਰਾਂ ਚੌਕ ਵਿਚ ਵਿਖੇਰ ਦੇਵਾਂਗਾ ਜਿਸ ਕਾਰਨ ਤੂੰ ਦੁਖੀ ਹੋਕੇ ਮੌਤ ਤੋਂ ਪਹਿਲਾਂ ਮਰ ਜਾਵੇਂਗਾ।161।

ਇਸਤੋਂ ਬਾਅਦ ਦੇਵਤੇ ਦੇ ਇਸ ਪ੍ਰਕਾਰ ਆਖਣ ਤੇ ਚੁਲਸ਼ਤਕ ਸ਼੍ਰਮਣਾਂ ਦਾ ਉਪਾਸਕ ਧਰਮ ਵਿਚ ਸਥਿਰ ਰਿਹਾ ।162।

ਇਸਤੋਂ ਬਾਅਦ ਦੇਵਤੇ ਨੇ ਉਸਨੂੰ ਨਿਡਰ ਵੇਖ ਕੇ ਦੂਸਰੀ ਤੇ ਤੀਸਰੀ ਵਾਰ ਉਸੇ ਪ੍ਰਕਾਰ ਕਿਹਾ ਕਿ ਤੂੰ ਮਾਰਿਆ ਜਾਵੇਂਗਾ ।163।

ਇਸਤੋਂ ਬਾਅਦ ਚੁਲਸ਼ਤਕ ਸ਼੍ਰਮਣਾਂ ਦਾ ਉਪਾਸਕ ਦੇਵਤੇ ਦੇ ਦੂਸਰੀ ਤੇ ਤੀਸਰੀ ਵਾਰ ਆਖਣ ਤੇ ਸੋਚਣ ਲਗਾ "ਇਹ ਪੁਰਸ਼ ਅਨਾਰੀਆ ਹੈ ਇਸਨੇ ਮੇਰੇ ਬੜੇ ਤੇ ਛੋਟੇ ਪੁੱਤਰ ਨੂੰ ਮਾਰ ਕੇ ਮੇਰੇ ਸ਼ਰੀਰ ਨੂੰ ਮਾਸ ਤੇ ਖ਼ੂਨ ਨਾਲ ਸਿੰਝਿਆ ਹੈ ਹੁਣ ਇਹ ਮੇਰੇ 6 ਕਰੋੜ ਸੋਨੇ ਦੀਆਂ ਮੋਹਰਾਂ ਦੇ ਖਜ਼ਾਨੇ, 6 ਕਰੋੜ ਵਪਾਰ ਵਿਚ ਲਗੀਆਂ ਸੋਨੇ ਦੀਆਂ ਮੋਹਰਾਂ ਤੇ 6 ਕਰੋੜ ਘਰ ਵਿਚ ਲਗੀਆਂ ਸੋਨੇ ਦੀਆਂ ਮੋਹਰਾਂ ਨੂੰ ਚੌਕ ਵਿਚ ਸੁਟਨਾ ਚਾਹੁੰਦਾ ਹੈ ਇਸ ਲਈ ਇਸਨੂੰ ਫੜਨਾ ਠੀਕ ਹੈ, ਇਹ ਸੋਚ ਕੇ ਉਸਨੇ ਸੁਰਾਦੇਵ ਦੀ ਤਰ੍ਹਾਂ ਕੀਤਾ । ਉਸਦੀ ਪਤਨੀ ਨੇ ਸ਼ੋਰ ਮਚਾਉਣ ਦਾ ਕਾਰਨ ਪੁਛਿਆ । ਉਸਨੇ ਸਾਰਾ ਵਰਨਣ ਆਪਣੀ ਪਤਨੀ ਨੂੰ ਦਸਿਆ ਜਿਵੇਂ ਸੁਰਾਦੇਵ ਨੇ ਦਸਿਆ ਸੀ ।164।

ਇਸ ਸ਼੍ਰਾਵਕ ਦਾ ਬਾਕੀ ਦਾ ਵਰਨਣ ਚੁਲਨੀਪਿਤਾ ਦੀ ਤਰ੍ਹਾਂ ਜਾਨਣਾ ਚਾਹੀਦਾ ਹੈ ਇਹ ਵੀ ਸੌਧਰਮਕਲਪ ਦੇਵ ਲੋਕ ਦੇ ਅਰੁਣ ਸ੍ਰਿਸ਼ਟ ਨਾਂ ਦੇ ਵਿਮਾਨ ਵਿਚ ਪੈਦਾ ਹੋਇਆ ਉਥੇ ਇਸ ਦੀ ਉਮਰ 4 ਪਲਯੋਪਮ ਹੈ ਇਹ ਵੀ ਮਹਾਵਿਦੇਹ ਖੇਤਰ ਵਿਚ ਜਨਮ ਲੈ ਕੇ ਸਿਧ ਬਣੇਗਾ ।165।

ਬਾਕੀ ਵਰਨਣ ਪਹਿਲੇ ਅਧਿਐਨ ਦੀ ਤਰ੍ਹਾਂ ਜਾਨਣਾ ਚਾਹੀਦਾ ਹੈ



# ● ੬ ●

ਕੰਪਿਲਪੁਰ ਨਿਵਾਸੀ ਕੁੰਡਕੋਲਿਕ ਉਪਾਸਕ ਦੀ ਮਹਾਨਤਾ ਦਾ ਸੁੰਦਰ ਢੰਗ ਨਾਲ ਵਰਨਣ ਕੀਤਾ ਗਿਆ ਹੈ। ਇਹ ਅਧਿਐਨ ਇਤਿਹਾਸਿਕ ਪਖੋਂ ਬਹੁਤ ਮਹਾਨਤਾ ਰਖਦਾ ਹੈ। ਇਸ ਵਿਚ ਭਗਵਾਨ ਮਹਾਵੀਰ, ਇਕ ਭਰਿਸ਼ਟ ਚੇਲੇ ਗੋਸ਼ਾਲਕ ਦੇ ਮੱਤ ਦੇ ਸਿੱਧਾਂਤਾਂ ਦਾ ਵਰਨਣ ਕੀਤਾ ਗਿਆ ਹੈ। ਕੁੰਡਕੋਲਿਕ ਦੀ ਦੇਵਤੇ ਨਾਲ ਬਹਿਸ, ਉਸ ਦੀ ਮਹਾਨਤਾ, ਵਿਦਵਾਨਤਾ ਪ੍ਰਗਟ ਕਰਦੀ ਹੈ। ਕੁੰਡਕੋਲਿਕ ਵੀ ਉਨ੍ਹਾਂ ਭਾਗਸ਼ਾਲੀ ਉਪਾਸਕਾਂ ਵਿਚੋਂ ਇਕ ਸੀ, ਜਿਸ ਦੀ ਭਗਵਾਨ ਮਹਾਵੀਰ ਨੇ ਅਪਣੇ ਦਰਬਾਰ ਵਿਚ ਪ੍ਰਸ਼ੰਸਾ ਕੀਤੀ। ਕੁੰਡਕੋਲਿਕ ਵੀ ਵਰਤ, ਤਪੱਸਿਆ ਅਤੇ ਸਾਧਨਾ ਰਾਹੀਂ ਅੰਤਮ ਸਮੇਂ ਸੌਧਰਮ ਦੇਵਲੋਕ ਦੇ ਵਿਮਾਨ ਅਰੁਣਧਵੱਜ ਵਿਚ ਦੇਵਤਾ ਰੂਪ ਵਿਚ ਪੈਦਾ ਹੋਇਆ। ਅੰਤਮ ਸਮੇਂ ਸਿੱਧ, ਬੁੱਧ ਅਤੇ ਮੁਕਤ ਹੋਵੇਗਾ। ਇਹ ਭਗਵਾਨ ਮਹਾਵੀਰ ਦੇ 21ਵੇਂ ਚੌਮਾਸੇ ਵਿਚ ਉਪਾਸਕ ਬਣਿਆ।

# ਛੇਵਾਂ ਅਧਿਐਨ

(ਇਹ ਅਧਿਐਨ ਦਾ ਸ਼ੁਰੂ ਦਾ ਵਾਰਤਾਲਾਪ ਪਹਿਲੇ ਅਧਿਐਨ ਦੀ ਤਰਾਂ ਹੈ) ਸੁਧੱਰਮਾ ਸੁਵਾਮੀ ਆਖਦੇ ਹਨ "ਹੇ ਜੰਬੂ ! ਉਸ ਕਾਲ, ਉਸ ਸਮੇ ਕੰਪਿਲਪੁਰ ਨਾਂ ਦਾ ਨਗਰ ਸੀ ਉਥੇ ਸਹਸਤਰਬਨ ਨਾਂ ਦਾ ਬਾਗ ਸੀ, ਉਥੇ ਜਿਤਸ਼ਤਰੂ ਰਾਜਾ ਰਾਜ ਕਰਦਾ ਸੀ, ਉਸੇ ਸ਼ਹਿਰ ਵਿਚ ਕੁੰਡਕੋਲਿਕ ਨਾਂ ਦਾ ਗਾਥਾਪਤੀ ਰਹਿੰਦਾ ਸੀ, ਉਸ ਦੀਆਂ 6 ਕਰੋੜ ਸੋਨੇ ਦੀਆਂ ਮੋਹਰਾਂ ਵਿਉਪਾਰ ਵਿਚ, ਅਤੇ 6 ਕਰੋੜ ਘਰ ਦੇ ਸਾਜ ਸਮਾਨ ਵਿਚ ਲਗੀਆਂ ਹੋਈਆਂ ਸਨ। ਉਥੇ ਸ਼੍ਰਮਣ ਭਗਵਾਨ ਮਹਾਵੀਰ ਪਧਾਰੇ, ਧਰਮ ਸਭਾ ਹੋਈ ਕਾਮਦੇਵ ਦੀ ਤਰਾਂ ਕੁੰਡਕੋਲਿਕ ਨੇ ਸ਼੍ਰਾਵਕ ਧਰਮ ਗ੍ਰਹਿਣ ਕੀਤਾ, ਉਹ ਵੀ ਚੰਗੇ ਉਪਾਸਕ ਦੀ ਤਰਾਂ ਸਾਧੂ, ਸਾਧਵੀਆਂ ਨੂੰ ਸੇਵਾ, ਭਗਤੀ ਨਾਲ ਭੋਜਨ ਦਿੰਦਾ ਹੋਇਆ ਜ਼ਿੰਦਗੀ ਗੁਜ਼ਾਰਨ ਲਗਾ।166।

ਇਸਤੋਂ ਬਾਅਦ ਇੱਕ ਦਿਨ ਕੁੰਡਕੋਲਿਕ ਸ਼੍ਰਮਣਾ ਦਾ ਉਪਾਸਕ ਦੁਪੈਹਰ ਸਮੇਂ ਅਸ਼ੋਕ ਵਾਟੀਕਾ ਵਿਚ ਗਿਆ, ਉਥੇ ਉਸਨੇ ਅਪਣੇ ਨਾਂ ਦੀ ਅੰਗੂਠੀ ਅਤੇ ਉਪਰ ਲੈਣ ਵਾਲਾ ਦੁੱਪਟਾ ਜਮੀਨ ਤੇ ਬਣੀ ਸਿਲ ਤੇ ਰਖ ਦਿੱਤਾ। ਫਿਰ ਉਹ ਸ਼੍ਰਮਣ ਭਗਵਾਨ ਮਹਾਵੀਰ ਰਾਂਹੀ ਫੁਰਮਾਂਦੇ ਹੋਏ ਧਰਮ ਦੀ ਉਪਾਸਨਾ ਕਰਨ ਲਗਾ।167।

ਇਸਤੋਂ ਬਾਅਦ ਜਦ ਕੁੰਡਕੋਲਿਕ ਸ਼੍ਰਮਣਾ ਦਾ ਉਪਾਸਕ ਧਰਮ ਦੀ ਅਰਾਧਨਾ ਕਰ ਰਿਹਾ ਸੀ ਤਾਂ ਉਥੇ ਇਕ ਦੇਵਤਾ ਪ੍ਰਗਟ ਹੋਇਆ।168।

ਇਸਤੋਂ ਬਾਅਦ ਉਹ ਦੇਵਤੇ ਨੇ ਸਿਲ ਤੋਂ ਅੰਗੂਠੀ ਤੇ ਦੁਪੱਟਾ ਚੁੱਕ ਕੇ ਲੈ ਗਿਆ ਅਤੇ ਘੁੰਗਰੂ ਬਜਾਉਂਦਾ ਹੋਇਆ, ਅਕਾਸ਼ ਵਿਚ ਉੜ ਗਿਆ।

ਅਕਾਸ਼ ਵਿਚ ਜਾ ਕੇ ਬੋਲਣ ਲਗਾ "ਹੇ ਕੁਡਕੋਲਿਕ ਸ਼੍ਰਮਣਾ ਦੇ ਉਪਾਸਕ ! ਦੇਵਤਿਆਂ ਦੇ ਪਿਆਰੇ ਮੰਖਲੀ ਗੋਸ਼ਾਲਕ ਦਾ ਧਰਮ ਬਹੁਤ ਸੋਹਣਾ ਹੈ ਉਸ ਵਿਚ ਉਥਾਨ (ਕਿਸੇ ਕੰਮ ਲਈ ਤਿਆਰ ਹੋਣਾ) ਕਰਮ (ਕ੍ਰਿਆ) ਬਲ (ਸਰੀਰਕ ਸ਼ਕਤੀ) ਵੀਰਜ (ਆਤਮਿਕ ਸ਼ਕਤੀ) ਪੁਰਸਕਾਰ (ਮੇਹਨਤ) ਅਤੇ ਪਰਾਕ੍ਰਮਿਕ (ਬਹਾਦਰੀ) ਲਈ ਕੋਈ ਥਾਂ ਨਹੀਂ ਹੈ, ਸਭ ਕੁਝ ਨਿਯਤ ਹੈ। ਭਾਵ ਉਪਰੋਕਤ ਚੀਜਾਂ ਦੀ ਕੋਈ ਜਰੂਰਤ ਨਹੀਂ ਜੋ ਕੁਝ ਹੋਣਾ ਹੈ ਹੋਕੇ ਰਹਿੰਦਾ ਹੈ ਮੇਹਨਤ ਕਰਨ ਦਾ ਕੋਈ ਲਾਭ ਨਹੀਂ, ਨਾ ਹੀ ਕੁਝ

ਬਦਲਦਾ ਹੈ ਅਤੇ ਨਾ ਹੀ ਪੈਦਾ ਹੁੰਦਾ ਹੈ। ਇਸਤੋਂ ਉਲਟ ਸ਼੍ਰਮਣ ਭਗਵਾਨ ਮਹਾਵੀਰ ਦਾ ਧਰਮ ਸੁੰਦਰ ਨਹੀਂ, ਇਹ ਝੂਠਾ ਹੈ, ਇਸ ਵਿਚ ਉਥਾਨ ਪਰਾਕ੍ਰਮ ਆਦਿ ਦੀ ਮਹਾਨਤਾ ਹੈ ਸੰਸਾਰ ਦਾ ਪਰਿਵਰਤਨ ਅਨਿਯਤ ਹੈ ਅਰਥਾਤ ਮੇਹਨਤ ਰਾਹੀਂ ਕੁਝ ਨਹੀਂ ਸੰਵਰ ਸਕਦਾ।169।

ਇਸ ਤੋਂ ਬਾਅਦ ਕੁੰਡਕੋਲਿਕ ਸ਼੍ਰਮਣਾਂ ਦਾ ਉਪਾਸਕ ਉਸ ਦੇਵਤੇ ਨੂੰ ਇਸ ਪ੍ਰਕਾਰ ਆਖਣ ਲੱਗਾ "ਹੇ ਦੇਵ ! ਜੇ ਮੰਖਲੀ ਪੁਤਰ ਗੋਸ਼ਾਲਕ ਦਾ ਧਰਮ ਸੁੰਦਰ ਹੈ ਕਿਉਂਕਿ

---

1. ਮੰਖਲੀ ਗੋਸ਼ਾਲਕ ਭਗਵਾਨ ਮਹਾਵੀਰ ਤੇ ਬੁੱਧ ਦੇ ਸਮੇਂ ਇਕ ਮਸ਼ਹੂਰ ਧਰਮ ਪ੍ਰਚਾਰਕ ਸੀ ਇਹ ਪਹਿਲਾਂ ਭਗਵਾਨ ਮਹਾਵੀਰ ਦਾ ਚੇਲਾ ਬਣਿਆ ਅਤੇ ਕਾਫੀ ਸਮੇ ਭਗਵਾਨ ਮਹਾਵੀਰ ਦੇ ਨਾਲ ਰਿਹਾ ਪਰ ਬਾਅਦ ਵਿਚ ਉਹ ਉਨਾਂ ਦਾ ਵਿਰੋਧੀ ਹੋ ਗਿਆ (ਮੰਖਲੀ ਪੁੱਤਰ ਵਾਰੇ ਵਿਸਥਾਰ ਨਾਲ ਸ਼੍ਰੀ ਭਗਵਤੀ ਸੂਤਰ, ਉਵਵਾਈ ਸੂਤਰ, ਸੂਤਾਰ-ਕ੍ਰਿਤਾਂਗ ਸੂਤਰ ਅਤੇ ਉਪਾਸਕ ਦਸਾਂਗ ਸੂਤਰ ਵਿਚ ਮਿਲਦਾ ਹੈ) ਉਹ ਆਜੀਵਕ ਸੰਪਰਦਾਏ ਦਾ ਪ੍ਰਚਾਰਕ ਸੀ ਉਸ ਦੇ ਸਾਧੂ ਨੰਗੇ ਰਹਿੰਦੇ ਸਨ। ਉਦਾ ਸੰਪਰਦਾਏ 3 ਸੱਦੀ ਤਕ ਚਲਿਆ। ਅਸ਼ੋਕ ਦੇ ਪੋਤਰੇ ਦਸ਼ਰਥ ਨੇ ਆਜੀਵਕ ਭਿਕਸ਼ੂਆਂ ਲਈ ਗੁਫਾਵਾਂ ਬਨਾਈਆਂ। ਉਸਦਾ ਸਿਧਾਂਤ ਸੀ "ਜੋ ਵੀ ਕੁਝ ਹੁੰਦਾ ਹੈ ਨਿਸ਼ਚਿਤ ਹੈ ਇਥੋਂ ਤੀਕ ਮਨੁਖ ਵੀ 84 ਲੱਖ ਯੋਨੀ ਭੁਗਤ ਆਪਣੇ ਆਪ ਸਿਧ, ਬੁਧ, ਮੁਕਤ ਹੋ ਜਾਂਦਾ ਹੈ, ਉਸ ਨੂੰ ਕਿਸੇ ਤਿਆਗ, ਤਪੱਸਿਆ, ਮੇਹਨਤ ਕ੍ਰਿਆ ਦੀ ਜ਼ਰੂਰਤ ਨਹੀਂ। ਜੋ ਕੁਝ ਹੋਣਾ ਹੈ ਹੋ ਕੇ ਰਹਿੰਦਾ ਹੈ ਹੋਣੀ ਨੂੰ ਕੋਈ ਰੋਕ ਨਹੀਂ ਸਕਦਾ। ਇਸ ਮੱਤ ਨੂੰ ਅਸੀਂ ਭਾਗ, ਹੋਣਹਾਰ ਅਤੇ ਕਿਸਮਤ ਤੇ ਵਿਸ਼ਵਾਸ ਰਖਣ ਵਾਲਾ ਆਖ ਸਕਦੇ ਹਾਂ। ਇਥੇ ਜੋ ਭਗਵਾਨ ਮਹਾਵੀਰ ਦੇ ਸਿਧਾਂਤ ਲਈ 6 ਸ਼ਬਦ ਆਏ ਹਨ ਉਸਦਾ ਅਰਥ ਇਸ ਪ੍ਰਕਾਰ ਹੈ।

1. ਉਥਾਨ—ਕਿਸੇ ਕੰਮ ਲਈ ਉਠ ਕੇ ਖੜੇ ਹੋਏ ਜਾਂ ਉਤਸਾਹ ਪੈਦਾ ਹੋਣਾ।
2. ਕਰਮ-ਕ੍ਰਿਆ—ਕਿਸੇ ਕੰਮ ਲਈ ਆਉਣਾ, ਜਾਣਾ, ਹੱਥ ਪੈਰ ਹਿਲਾਉਣ ਦੀ ਸਰੀਰਕ ਕ੍ਰਿਆ ਕਰਨਾ।
3. ਬਲ—ਸ਼ਰੀਰਕ ਸ਼ਕਤੀ।
4. ਵੀਰਜ—ਆਤਮਾ ਸ਼ਕਤੀ, ਹਿੰਮਤ ਰਖਣਾ, ਹੌਸਲਾ ਨਾ ਹਾਰਨਾ।
5. ਪੁਰਸ਼ਾਕਾਰ—ਆਪਣੀ ਮੇਹਨਤ ਤੇ ਮਾਨ ਕਰਨਾ, ਕਸ਼ਟਾਂ ਨੂੰ ਸਹਿਨ ਕਰਨ ਦੀ ਸ਼ਕਤੀ ਰਖਣਾ, ਮੁਸ਼ਕਿਲਾਂ ਅੱਗੇ ਹਥਿਆਰ ਨਾ ਸੁਟਨਾ।
6. ਪ੍ਰਾਕਰਮ—ਸਫਲਤਾ ਪ੍ਰਾਪਤ ਕਰਨ ਦੀ ਸ਼ਕਤੀ।

ਉਸ ਵਿਚ ਉਥਾਨ ਆਦਿ ਕੁਝ ਵੀ ਨਹੀਂ ਸਭ ਕੁਝ ਨੀਯਤ ਹੈ ਅਤੇ ਸ਼੍ਰਮਣ ਭਗਵਾਨ ਮਹਾਵੀਰ ਦਾ ਧਰਮ ਸੁੰਦਰ ਨਹੀਂ ਕਿਉਂਕਿ ਉਸ ਵਿਚ ਉਪਰੋਕਤ ਤੱਤ ਹਨ ਭਾਵ ਕੁਝ ਵੀ ਨਿਯਤ ਨਹੀਂ ਤਾਂ ਤੈਨੂੰ ਜੋ ਦਿੱਵਯ ਅਲੌਕਿਕ ਦੇਵਤਿਆਂ ਵਾਲੀ ਰਿਧੀ ਸੁੰਦਰਤਾ ਅਤੇ ਪ੍ਰਭਾਵ ਕਿਸ ਪ੍ਰਕਾਰ ਪ੍ਰਾਪਤ ਹੋਇਆ ? ਕਿਵੇਂ ਲਭਿਆ ? ਕਿਵੇਂ ਮਿਲਿਆ ? ਕੀ ਇਹ ਬਿਨਾ ਉਥਾਨ ਜਾਂ ਪ੍ਰਾਕਰਮ ਜਾਂ ਮੇਹਨਤ ਤੋਂ ਮਿਲ ਗਿਆ ? ਜਾਂ ਇਸ ਤੋਂ ਬਿਨਾ ? ।170।

ਇਸ ਤੋਂ ਬਾਅਦ ਉਸ ਦੇਵਤੇ ਨੇ ਉੱਤਰ ਦਿਤਾ "ਹੇ ਦੇਵਾਨੁਪ੍ਰਿਯ ! ਮੈਨੂੰ ਇਹ ਅਲੌਕਿਕ ਦੇਵਤਿਆਂ ਵਾਲੀ ਰਿਧੀ ਬਿਨਾ ਮੇਹਨਤ, ਪ੍ਰਾਕਰਮ ਤੋਂ ਹੋਈ ਹੈ । 171 ।

ਇਸ ਤੋਂ ਬਾਅਦ ਕੁੰਡਕੋਲਿਕ ਸ਼੍ਰਮਣਾ ਦੇ ਉਪਾਸਕ ਨੇ ਉਸ ਦੇਵਤੇ ਨੂੰ ਪ੍ਰਸ਼ਨ ਕੀਤਾ "ਹੇ ਦੇਵ ! ਜੇ ਤੈਨੂੰ ਇਸ ਪ੍ਰਕਾਰ ਦੀ ਅਲੌਕਿਕ ਰਿਧੀ ਬਿਨਾ ਉਥਾਨ, ਪ੍ਰਾਕਰਮ ਤੋਂ ਪ੍ਰਾਪਤ ਹੋਈ ਹੈ ਤਾਂ ਜਿਹੜੇ ਜੀਵਾਂ ਕੋਲ ਉਥਾਨ, ਪ੍ਰਾਕਰਮ ਨਹੀਂ ਉਹ ਸਾਰੇ ਦੇਵਤੇ ਕਿਉਂ ਨਾ ਬਣ ਗਏ ? ਹੇ ਦੇਵ ! ਜੇ ਤੈਨੂੰ ਇਹ ਰਿਧੀ ਉਥਾਨ ਤੇ ਪ੍ਰਾਕਰਮ ਨਾਲ ਪ੍ਰਾਪਤ ਹੋਈ ਹੈ ਤਾਂ ਤੇਰਾ ਇਹ ਆਖਣਾ ਝੂਠ ਹੈ, ਕਿ ਮੰਖਲੀ ਪੁੱਤਰ ਗੋਸ਼ਾਲਕ ਦਾ ਧਰਮ ਸੁੰਦਰ ਹੈ ਅਤੇ ਸ਼੍ਰਮਣ ਭਗਵਾਨ ਮਹਾਵੀਰ ਦਾ ਧਰਮ ਸੁੰਦਰ ਨਹੀਂ" । 172 ।

ਇਸ ਤੋਂ ਬਾਅਦ ਕੁੰਡਕੋਲਿਕ ਸ਼੍ਰਮਣਾਂ ਦੇ ਉਪਾਸਕ ਦੇ ਉਪਰੋਕਤ ਵਚਨ ਸੁਣ ਕੇ ਕੋਈ ਉੱਤਰ ਨਾ ਦੇ ਸਕਿਆ । ਉਹ ਦੇਵਤਾ ਕੁੰਡਕੋਲਿਕ ਦੇ ਨਾਂ ਦੀ ਅੰਗੂਠੀ ਅਤੇ ਦੁਪੱਟਾ ਸ਼ਿਲ ਤੇ ਰਖ ਕੇ, ਜਿਥੋਂ ਆਇਆ ਸੀ ਉਥੇ ਚਲਾ ਗਿਆ । 173 ।

ਉਸ ਕਾਲ ਉਸ ਸਮੇਂ ਸ਼੍ਰਮਣ ਭਗਵਾਨ ਮਹਾਵੀਰ ਉਸ ਨਗਰੀ ਵਿਚ ਪਧਾਰੇ, ਧਾਰਮਿਕ ਸਭਾ ਲਗੀ । 174 ।

(ਸਾਰਾ ਵਰਨਣ ਉਵਵਾਈ ਸੂਤਰ ਵਿਚ ਵੇਖ ਲੈਣਾ ਚਾਹੀਦਾ ਹੈ)

ਇਸ ਤੋਂ ਬਾਅਦ ਕੁੰਡਕੋਲਿਕ ਸ਼੍ਰਮਣਾਂ ਦਾ ਉਪਾਸਕ ਭਗਵਾਨ ਦੇ ਆਉਣ ਦੀ ਖਬਰ ਸੁਣ ਕੇ ਕਾਮਦੇਵ ਦੀ ਤਰ੍ਹਾਂ ਦਰਸ਼ਨ ਕਰਨ ਗਿਆ । ਭਗਵਾਨ ਦੀ ਭਗਤੀ ਸੇਵਾ ਕੀਤੀ ਭਗਵਾਨ ਨੇ ਧਰਮ ਉਪਦੇਸ਼ ਦਿਤਾ । 175 ।

ਇਸ ਤੋਂ ਬਾਅਦ ਭਗਵਾਨ ਮਹਾਵੀਰ ਨੇ ਕੁੰਡਕੋਲਿਕ ਸ਼੍ਰਮਣਾਂ ਦੇ ਉਪਾਸਕ ਨੂੰ ਇਸ ਪ੍ਰਕਾਰ ਫਰਮਾਇਆ "ਹੇ ਕੁੰਡਕੋਲਿਕ ਸ਼੍ਰਮਣਾਂ ਦੇ ਉਪਾਸਕ ! ਕੱਲ ਅਸ਼ੋਕ ਵਾਟਿਕਾ ਵਿਚ ਤੇਰੇ ਕੋਲ ਇਕ ਦੇਵਤਾ ਪ੍ਰਗਟ ਹੋਕੇ, ਤੇਰੀ ਅੰਗੂਠੀ ਤੇ ਦੁਪੱਟਾ ਚੁਕ ਕੇ ਇਸ ਪ੍ਰਕਾਰ ਆਖਣ ਲੱਗਾ (ਅਗੋਂ ਭਗਵਾਨ ਉਹ ਸਭ ਕੁਝ ਫਰਮਾਇਆ ਜੋ ਕੁੰਡਕੋਲਿਕ ਅਤੇ ਦੇਵਤੇ ਵਿਚਕਾਰ ਗਲ ਬਾਤ ਹੋਈ ਸੀ) ਇਸ ਪ੍ਰਕਾਰ ਸਾਰਾ ਵਿਰਤਾਂਤ ਸੁਣਾ ਕੇ ਭਗਵਾਨ ਨੇ ਪੁਛਿਆ "ਕੀ ਇਹ ਗੱਲ ਠੀਕ ਹੈ" ?

"ਹਾਂ ਭਗਵਾਨ ਸਚ ਹੈ"।

ਹੇ ਕੁੰਡਕੋਲਿਕ ! ਤੂੰ ਧੰਨਵਾਦ ਦਾ ਹਕਦਾਰ ਹੈਂ ਉਸ ਦੀ ਵੀ ਕਾਮਦੇਵ ਦੀ ਤਰ੍ਹਾਂ ਸਭਾ ਵਿਚ ਪ੍ਰਸ਼ੰਸਾ ਕੀਤੀ।

ਭਗਵਾਨ ਮਹਾਵੀਰ ਨੇ ਨਿਰਗ੍ਰੰਥ (ਸਾਧੂ) ਤੇ ਨਿਰਗ੍ਰੰਥਨੀਆਂ (ਸਾਧਵੀਆਂ) ਨੂੰ ਇਕੱਠੇ ਕਰਕੇ ਇਸ ਪ੍ਰਕਾਰ ਫਰਮਾਇਆ "ਅਰਥਾਂ, ਕਾਰਨਾਂ, ਉਦਾਹਰਨਾਂ ਤੇ ਵਿਆਖਿਆਵਾਂ ਨਾਲ ਦੂਸਰੇ ਮਤਾਂ ਨੂੰ ਜੇ ਉਪਾਸਕ ਇਕ ਨੂੰ ਹਰਾ ਸਕਦਾ ਹੈ ਤਾਂ ਹੇ ਆਰੀਆ! ਤੁਸੀਂ ਤਾਂ 12 ਅੰਗਾਂ ਦਾ ਅਧਿਐਨ ਕਰਨ ਵਾਲੇ ਹੋ ਤੁਹਾਨੂੰ ਵੀ ਦੂਜੇ ਧਰਮਾਂ ਵਾਲਿਆਂ ਨੂੰ ਅਜਿਹੇ ਭਿੰਨ ਭਿੰਨ ਅਰਥਾਂ ਵਾਲੇ, ਕਾਰਨਾਂ ਵਾਲੇ ਅਤੇ ਉਦਾਹਰਨਾਂ ਵਾਲੇ ਉੱਤਰ ਦੇ ਕੇ ਉਨ੍ਹਾਂ ਨੂੰ ਲਾ-ਜਵਾਬ ਕਰਨਾ ਚਾਹੀਦਾ ਹੈ। 177।

ਇਸਤੋਂ ਬਾਅਦ ਨਿਰਗ੍ਰੰਥ ਅਤੇ ਨਿਰਗ੍ਰੰਥਨੀਆਂ ਭਗਵਾਨ ਮਹਾਵੀਰ ਦੇ ਉਪਰੋਕਤ ਬਚਨਾਂ ਨੂੰ ਵਿਨੈ ਪੂਰਵਕ ਸਵੀਕਾਰ ਕੀਤਾ। 178।

ਇਸ ਤੋਂ ਬਾਅਦ ਕੁੰਡਕੋਲਿਕ ਸ਼੍ਰਮਣਾਂ ਦੇ ਉਪਾਸਕ ਨੇ ਭਗਵਾਨ ਮਹਾਵੀਰ ਨੂੰ ਸਿਰ ਝੁਕਾ ਕੇ ਨਮਸਕਾਰ ਕੀਤਾ, ਪ੍ਰਸ਼ਨ ਪੁਛੇ ਅਰਥ ਗ੍ਰਹਿਣ ਕੀਤਾ ਅਤੇ ਵਾਪਿਸ ਘਰ ਆ ਗਿਆ ਭਗਵਾਨ ਮਹਾਵੀਰ ਵੀ ਦੇਸ ਵਿਦੇਸ਼ਾਂ ਵਿਚ ਘੁਮਣ ਲਗੇ। 179।

ਇਸ ਤੋਂ ਬਾਅਦ ਕੁੰਡਕੋਲਿਕ ਸ਼੍ਰਮਣਾਂ ਦਾ ਉਪਾਸਕ ਭਿੰਨ ਭਿੰਨ ਪ੍ਰਕਾਰ ਦੇ ਸ਼ੀਲ ਵਰਤਾਂ ਦਾ ਪਾਲਨ ਕਰਦਾ ਹੋਇਆ ਆਤਮ ਵਿਕਾਸ ਵਲ ਅੱਗੇ ਵਧਨ ਲੱਗਾ। 14 ਸਾਲ ਬੀਤ ਗਏ। 15ਵੇਂ ਸਾਲ ਕਾਮਦੇਵ ਦੀ ਤਰ੍ਹਾਂ ਬੜੇ ਪੁਤਰ ਨੂੰ ਘਰ ਬਾਰ ਸੰਭਾਲ ਕੇ ਆਪ ਪੋਸ਼ਧਸ਼ਾਲਾ ਵਿਚ ਜਾਕੇ ਪੋਸ਼ਧ ਕਰਨ ਲੱਗਾ। ਸਿਲਸਲੇ ਵਾਰ 11 ਪ੍ਰਤਿਮਾ ਸਵੀਕਾਰ ਕਰਕੇ ਸੌਧਰਮ ਕਲਪ ਦੇਵਲੋਕ ਵਿਚ ਅਰੁਣਧਵਜ ਵਿਮਾਨ ਵਿਚ ਪੈਦਾ ਹੋਇਆ। ਉਥੋਂ ਚਲ ਕੇ ਉਹ ਮਹਾਂ ਵਿਦੇਹ ਖੇਤਰ ਵਿਚ ਪੈਦਾ ਹੋ ਕੇ ਸਿਧ ਗਤੀ ਪ੍ਰਾਪਤ ਕਰੇਗਾ।180।

---

ਇਹ ਅਧਿਐਨ ਬਹੁਤ ਮਹਤਵ ਪੂਰਨ ਹੈ ਇਸ ਤੋਂ ਪਤਾ ਲਗ ਸਕਦਾ ਹੈ ਕਿ ਭਗਵਾਨ ਮਹਾਵੀਰ ਗ੍ਰਹਿਸਥ ਨੂੰ ਸਨਿਆਸ ਧਰਮ ਦੀ ਤਰ੍ਹਾਂ ਮਹਾਨ ਸਮਝਦੇ ਸਨ ਉਨ੍ਹਾਂ ਦੇ ਉਪਾਸਕ ਸ਼ਾਸਤਰਾਂ ਦੇ ਜਾਨਕਾਰ ਹੋਇਆ ਕਰਦੇ ਸਨ ਭਗਵਾਨ ਮਹਾਵੀਰ ਉਨ੍ਹਾਂ ਦੀ ਕਿੰਨੀ ਕਦਰ ਕਰਦੇ ਸਨ ਕਿ ਉਹ ਆਪਣੇ ਵਿਦਵਾਨ, ਤਿਆਗੀ, ਗਿਆਨੀ ਚੇਲਿਆਂ ਨੂੰ ਅਜਿਹੇ ਉਪਾਸਕਾਂ ਤੋਂ ਸਿਖਣ ਦੀ ਪ੍ਰੇਰਣਾ ਕਰਦੇ ਸਨ ਉਨ੍ਹਾਂ ਦੇ ਗਿਆਨ ਦੀ ਖੁਲੇ ਸਮਾਗਮਾ ਵਿਚ ਪ੍ਰਸ਼ੰਸਾ ਕਰਦੇ ਸਨ।

ਕੁੰਡੋਲਿਕ ਲਈ ਪੰਜ ਸ਼ਬਦ ਆਏ ਹਨ—

1. ਅਰਥ—ਜੀਵ ਅਜੀਵ ਆਦਿ ਨੌਂ ਤੱਤਵਾਂ ਦਾ ਜਾਨਕਾਰ
2. ਹੇਤੂ—ਅਰਥਾਤ ਕਿਸੇ ਚੀਜ਼ ਨੂੰ ਪੂਰੀ ਤਰ੍ਹਾਂ ਸਿਧ ਕਰਨਾ
3. ਪ੍ਰਸ਼ਨ—ਇਸ ਤੋਂ ਭਾਵ ਹੈ ਪ੍ਰਸ਼ਨ ਪੁਛਣ ਵਾਲੇ ਤੋਂ ਪ੍ਰਸ਼ਨ ਕਰਨਾ ਅਤੇ ਉਸ ਨੂੰ ਝੂਠਾ ਸਿਧ ਕਰਨਾ
4. ਕਾਰਨ—ਉਦਾਹਰਨਾਂ ਰਾਹੀਂ ਗਲ ਸਪਸ਼ਟ ਕਰਨਾ
5. ਵਿਆਕਰਨ—ਪੁਛਣ ਵਾਲੇ ਦੇ ਪ੍ਰਸ਼ਨ ਦੀ ਵਿਆਖਿਆ ਕਰਨਾ।



## ● ੭ ●

ਇਹ ਅਧਿਐਨ ਭਾਰਤੀ ਇਤਿਹਾਸ ਵਿਚ ਅਪਣੀ ਅਨੋਖੀ ਥਾਂ ਰਖਦਾ ਹੈ। ਸਧਾਲਪੁੱਤਰ ਨਾਂ ਦੇ ਘੁਮਾਰ ਨੇ ਭਗਵਾਨ ਮਹਾਵੀਰ ਦਾ ਧਰਮ ਕਿਸ ਢੰਗ ਨਾਲ ਗ੍ਰਹਿਣ ਕੀਤਾ, ਇਸ ਦਾ ਬੜੇ ਸੁੰਦਰ ਢੰਗ ਨਾਲ ਇਸ ਅਧਿਐਨ ਵਿਚ ਵਰਨਣ ਹੈ। ਇਸ ਅਧਿਐਨ ਵਿਚ ਭਗਵਾਨ ਮਹਾਵੀਰ ਨੇ ਗੋਸ਼ਾਲਕ ਦੇ ਨਿਯਤੀ-ਵਾਦ ਦਾ ਬੜੇ ਤਰਕ ਨਾਲ ਖੰਡਨ ਕੀਤਾ ਹੈ। ਇਸ ਅਧਿਐਨ ਰਾਹੀਂ ਅਸੀਂ ਭਗਵਾਨ ਮਹਾਵੀਰ ਤੇ ਮੰਖਲੀ ਪੁੱਤਰ ਗੋਸ਼ਾਲਕ ਦੇ ਸਿਧਾਂਤ ਦਾ ਫਰਕ ਸਮਝ ਸਕਦੇ ਹਾਂ। ਪੋਲਾਸਪੁਰ ਦਾ ਘੁਮਾਰ ਨਿਯਤੀਵਾਦ ਨੂੰ ਛੱਡ ਕੇ ਭਗਵਾਨ ਮਹਾਵੀਰ ਦੇ ਸਿਧਾਂਤ ਨੂੰ ਅਪਣਾਂਦਾ ਹੋਇਆ, ਅੰਤਮ ਸਮੇਂ ਅਰੁਣਭੂਤ ਵਿਮਾਨ ਵਿਚ ਦੇਵਤਾ ਰੂਪ ਵਿਚ ਪੈਦਾ ਹੋਇਆ। ਅੰਤਮ ਸਮੇਂ ਇਹ ਵੀ ਸਿੱਧ, ਬੁੱਧ ਮੁਕਤ ਹੋਵੇਗਾ।

# ਸੱਤਵਾਂ ਅਧਿਐਨ

ਸਤਵੇਂ ਅਧਿਐਨ ਦਾ ਸ਼ੁਰੂ ਵੀ ਪਹਿਲੇ ਅਧਿਐਨ ਸ੍ਰੀ ਸੁਧਰਮਾ ਸਵਾਮੀ ਤੇ ਸ੍ਰੀ ਜੰਬੂ ਸਵਾਮੀ ਦਾ ਆਪਸੀ ਵਾਰਤਾਲਾਪ ਹੈ ਉਸਦੇ ਅਰਥ ਰੂਪ ਵਿਚ ਸ੍ਰੀ ਸੁਧਰਮਾ ਸਵਾਮੀ ਫਰਮਾਂਦੇ ਹਨ। ਉਸ ਕਾਲ, ਉਸ ਸਮੇਂ ਪੋਲਾਸਪੁਰ ਨਾਂ ਦਾ ਨਗਰ ਸੀ। ਉਥੇ ਸ਼ਹਸਤਰ ਬਨ ਨਾਂ ਦਾ ਬਾਗ ਸੀ ਉਥੇ ਜਿਤ ਸ਼ਤਰੂ ਰਾਜਾ ਰਾਜ ਕਰਦਾ ਸੀ। 181।

ਇਸ ਤੋਂ ਬਾਅਦ ਉਸੇ ਪੋਲਾਸਪੁਰ ਸ਼ਹਿਰ ਵਿਚ ਸਦਾਲਪੁਤਰ ਨਾਂ ਦਾ ਘੁਮਾਰ ਰਹਿੰਦਾ ਸੀ ਜੋਕਿ ਅਜੀਵਕ ਮੱਤ ਦਾ ਉਪਾਸਕ ਸੀ, ਉਸਨੇ ਆਜੀਵਕ ਸੰਪਰਦਾਏ ਦੇ ਸਿਧਾਂਤ ਨੂੰ ਚੰਗੀ ਤਰ੍ਹਾਂ ਸਮਝ ਕੇ ਸਵੀਕਾਰ ਕੀਤਾ ਸੀ, ਪ੍ਰਸ਼ਨਾਂ ਉਤਰਾਂ ਰਾਹੀਂ ਸਪਸ਼ਟ ਕੀਤਾ ਸੀ, ਨਿਸ਼ਚੇ ਨਾਲ ਧਾਰਨ ਕੀਤਾ ਸੀ ਅਤੇ ਸਮਿਅੱਕ ( ਸਹੀ)ਤਰੀਕੇ ਨਾਲ ਜਾਣ ਲਿਆ ਸੀ ਆਜੀਵਕ ਧਰਮ ਦੇ ਸਿਧਾਂਤ ਉਸਦੇ ਹੱਡ ਮਾਸ ਵਿਚ ਰਚ ਚੁਕੇ ਸਨ ਉਹ ਆਖਦਾ ਸੀ "ਹੇ ਲੰਬੀ ਉਮਰ ਵਾਲੇ ! ਆਜੀਵਕ ਸਿਧਾਂਤ ਹੀ ਅਰਥ ਭਰਪੂਰ ਹਨ ਦੂਸਰੇ ਸਿਧਾਂਤ ਅਨਰਥਾਂ ਦੀ ਖਾਨ ਹਨ ਇਸ ਤਰ੍ਹਾਂ ਉਹ ਆਜੀਵਕ ਸਿਧਾਂਤ ਰਾਹੀਂ ਆਤਮਾ ਨੂੰ ਪਵਿਤਰ ਕਰਦਾ ਹੋਇਆ ਜ਼ਿੰਦਗੀ ਗੁਜ਼ਾਰ ਰਿਹਾ ਸੀ। 182।

ਉਸ ਸਦਾਲਪੁਤਰ ਆਜੀਵਕਾਂ ਦੇ ਕੋਲ 1 ਕਰੋੜ ਸੋਨੇ ਦੀਆਂ ਮੋਹਰਾਂ ਦਾ ਖਜ਼ਾਨਾ ਸੀ। ਇਕ ਕਰੋੜ ਸੋਨੇ ਦੀਆਂ ਮੋਹਰਾਂ ਵਿਉਪਾਰ ਵਿਚ ਲਗੀਆਂ ਹੋਈਆਂ ਸਨ। ਇਕ ਕਰੋੜ ਸੋਨੇ ਦੀਆਂ ਮੋਹਰਾਂ ਘਰ ਦੇ ਸਮਾਨ ਵਿਚ ਲਗੀਆਂ ਹੋਈਆਂ ਸਨ। ਦਸ ਹਜ਼ਾਰ ਗਾਵਾਂ ਦਾ ਇਕ ਬ੍ਰਿਜ ਸੀ। 183।

ਉਸ ਸਦਾਲਪੁਤਰ ਆਜੀਵਕਾਂ ਦੇ ਉਪਾਸਕ ਦੀ ਪਤਨੀ ਦਾ ਨਾਂ ਅਗਨੀ ਮਿਤਰਾ ਸੀ। 184।

ਉਸ ਸਦਾਲਪੁੱਤਰ ਆਜੀਵਕਾਂ ਦੇ ਉਪਾਸਕ ਦੀਆਂ ਪੋਲਾਸਪੁਰ ਸ਼ਹਿਰ ਤੋਂ ਬਾਹਰ 500 ਬਰਤਨਾਂ ਦੀਆਂ ਦੁਕਾਨਾਂ ਸਨ। ਜਿਥੇ ਹਰ ਰੋਜ਼ ਬਹੁਤ ਸਾਰੇ ਮਨੁੱਖ ਰੋਜ਼ਾਨਾ ਮਜ਼ਦੂਰੀ ਭੋਜਨ ਤੇ ਤਨਖਾਹ ਪ੍ਰਾਪਤ ਕਰਕੇ ਭਿੰਨ-ਭਿੰਨ ਪ੍ਰਕਾਰ ਦੇ ਕਰਕ (ਪਾਣੀ ਠੰਡਾ ਰਖਣ ਵਾਲੇ ਘੜੇ) ਵਾਰਕ (ਗੁੱਲਕ) ਪਿਠਰ (ਦਹੀ ਜਮਾਉਣ ਵਾਲੀ ਮਿਟੀ ਦੀ ਪਰਾਂਤ), ਘੜੇ, ਅਰਧ ਘਟਕ (ਛੋਟੇ ਮਟਕੇ) ਜਾਮਬੁਨਦ (ਸੁਰਾਹੀ) ਅਤੇ ਉਸਟਰਿਕਾ (ਲੰਬੀ ਗਰਦਨ

ਤੇ ਬੜੇ ਪੇਟ ਵਾਲਾ ਭਾਂਡਾ ਜੋ ਤੇਲ ਘੀ ਭਰਨ ਦੇ ਕੰਮ ਆਉਂਦਾ ਹੈ) ਆਦਿ ਬਨਾਉਂਦੇ ਸਨ। ਇਸੇ ਪ੍ਰਕਾਰ ਬਹੁਤ ਸਾਰੇ ਮਨੁਖ ਰੋਜ਼ਾਨਾ ਮਜ਼ਦੂਰੀ ਤੇ ਤਨਖਾਹ ਤੇ ਸ਼ਹਿਰ ਦੇ ਚੌਕਾਂ ਤੇ ਰਾਹਾਂ ਵਿਚ ਵੇਚਦੇ ਸਨ ਅਤੇ ਅਪਣਾ ਗੁਜ਼ਾਰਾ ਕਰਦੇ ਸਨ। 185।

ਉਹ ਸਧਾਲਪੁੱਤਰ ਆਜੀਵਕਾਂ ਦਾ ਉਪਾਸਕ ਇਕ ਦਿਨ ਦੁਪਹਿਰ ਅਸ਼ੋਕ ਬਨ ਵਿਚ ਆਇਆ ਅਤੇ ਗੋਸ਼ਾਲਕ ਮੰਖਲੀਪੁਤਰ ਰਾਹੀਂ ਪ੍ਰਗਟ ਕੀਤੇ ਧਰਮ ਦੀ ਅਰਾਧਨਾ ਕਰਨ ਲਗਾ।

ਇਸ ਤੋਂ ਬਾਅਦ ਸਧਾਲਪੁਤਰ ਆਜੀਵਕਾਂ ਦੇ ਉਪਾਸਕ ਕੋਲ ਇਕ ਦੇਵਤਾ ਆਇਆ। 186।

ਉਸ ਦੇਵਤੇ ਨੇ ਘੁੰਗਰੂਆਂ ਵਾਲੇ ਕਪੜੇ ਪਾਏ ਹੋਏ ਸਨ। ਉਹ ਅਕਾਸ਼ ਵਿਚ ਸਥਿਤ ਹੋਕੇ ਸਧਾਲਪੁਤਰ ਆਜੀਵਕਾਂ ਦੇ ਉਪਾਸਕ ਨੂੰ ਇਸ ਪ੍ਰਕਾਰ ਆਖਣ ਲਗਾ "ਹੇ ਦੇਵਤੇ ਦੇ ਪਿਆਰੇ! ਕਲ ਇਥੇ ਮਹਾਮਾਹਨ, ਅਨੰਤ ਗਿਆਨ, ਦਰਸ਼ਨ ਦੇ ਧਨੀ, ਭੂਤ, ਵਰਤਮਾਨ ਤੇ ਭਵਿੱਖ ਦੇ ਜਾਨਕਾਰ, ਅਰਿਹੰਤ, ਜਿਨ, ਕੇਵਲੀ ਸਰਵੱਗ, ਸਰਵਦਰਸ਼ੀਸਭ (ਕੁਝ ਵੇਖਣ ਵਾਲੇ) ਤਿੰਨ ਲੋਕ ਵਿਚ ਧਿਆਨ, ਸਤੁਤੀ ਤੇ ਪੂਜਨ ਯੋਗ ਦੇਵ, ਮਨੁਖ ਅਤੇ ਅਸੁਰਾਂ ਰਾਹੀਂ ਪੂਜਨ ਯੋਗ, ਵੰਦਨ ਯੋਗ, ਸਤਿਕਾਰ ਯੋਗ, ਸਨਮਾਨ ਯੋਗ, ਕਲਿਆਣ ਦਾ ਕਾਰਨ, ਮੰਗਲ ਰੂਪ, ਦੇਵਤਾ ਸਵਰੂਪ ਅਤੇ ਗਿਆਨ ਸਵਰੂਪ, ਭਗਤੀ ਕਰਨ ਯੋਗ ਮਹਾਵੀਰ ਸਵਾਮੀ ਕਲ ਇਥੇ ਪਧਾਰਨਗੇ ਤੂੰ ਉਨ੍ਹਾਂ ਦੀ ਭਗਤੀ ਤੇ ਵੰਦਨਾ ਕਰੀਂ, ਉਨ੍ਹਾਂ ਨੂੰ ਬੈਠਣ ਦੀ ਚੌਕੀ, ਸੌਣ ਦਾ ਫੱਟਾ ਰਹਿਣ ਲਈ ਥਾਂ ਅਤੇ ਘਾਹ ਦਾ ਵਿਛੌਣਾ ਪੇਸ਼ ਕਰੀਂ ਇਸ ਪ੍ਰਕਾਰ ਦੇਵਤਾ

---

1. ਗੋਸ਼ਾਲਕ ਦਾ ਨਿਯਤੀਵਾਦ

186. (1) ਮਹਾਮਾਹਨ—ਇਹ ਭਗਵਾਨ ਮਹਾਵੀਰ ਦਾ ਖਾਸ ਵਿਸ਼ੇਸ਼ਨ ਹੈ ਇਸ ਬਾਰੇ ਟੀਕਾਕਾਰ ਦਾ ਕਥਨ ਇਸ ਪ੍ਰਕਾਰ ਹੈ।

ਮहामाहणे त्ति मां हन्मि न हन्मीत्यर्थः आत्मना व हननिवृत्तः परं प्रति मा हन इत्येवमाचष्टे यः स माहनः स एव मनप्रभृतिकरणादिभिराजन्म सूक्ष्मादिभेदभिन्न जीवहननिवृत्तत्वात् महामाहनः।

ਭਾਵ-ਅਰਥ ਮਾਹਨ ਤੋਂ ਭਾਵ ਹੈ ਕਿਸੇ ਨੂੰ ਵੀ ਨਾ ਮਾਰੋ ਇਸ ਦਾ ਅਰਥ ਬ੍ਰਾਹਮਣ ਵੀ ਹੈ ਜੋ ਮਨੁਖ ਨਾ ਆਪ ਕਿਸੇ ਨੂੰ ਮਾਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਨਾ ਹੀ ਕਿਸੇ ਨੂੰ ਮਾਰਨ ਦਾ ਉਪਦੇਸ਼ ਦਿੰਦਾ ਹੈ ਜੋ ਮਨੁਖ ਜਾਂ ਮੋਟੇ ਜੀਵਾਂ ਦੀ ਹਿੰਸਾ ਤੋਂ ਸਦਾ ਲਈ ਛੁਟਕਾਰਾ ਪਾ ਲੈਂਦਾ ਹੈ ਉਹ ਹੀ ਮਹਾਮਾਹਨ ਹੈ।

ਦੋ ਤਿੰਨ ਵਾਰ ਆਖ ਕੇ ਜਿਸ ਦਿਸ਼ਾ ਵਲੋਂ ਆਇਆ ਸੀ ਉਸੇ ਪਾਸੇ ਚਲਾ ਗਿਆ । 186।

ਉਸ ਦੇਵਤੇ ਦੇ ਇਸ ਪ੍ਰਕਾਰ ਆਖਣ ਤੇ ਸਧਾਲਪੁੱਤਰ ਆਜੀਵਕਾਂ ਦਾ ਉਪਾਸਕ ਸੋਚਦਾ ਹੈ ਕਿ ਮੇਰੇ ਧਰਮ ਆਚਾਰੀਆ, ਧਰਮ ਉਪਦੇਸ਼ਕ ਗੋਸ਼ਾਲਕ ਮੰਖਲੀਪੁਤਰ ਮਹਾ-ਮਾਹਨ, ਅਨੰਤ ਗਿਆਨ,, ਦਰਸ਼ਨ ਦੇ ਧਨੀ ਆਦਿ ਕਰਮ ਰੂਪੀ ਸੰਪਤੀ ਦੇ ਸਵਾਮੀ ਕਲ ਆਉਣਗੇ ਮੈਂ ਉਨ੍ਹਾਂ ਨੂੰ ਨਮਸਕਾਰ ਕਰਾਂਗਾ, ਭਗਤੀ ਕਰਾਂਗਾ ਫੱਟਾ ਤਖਤਪੋਸ਼ ਆਦਿ ਲਈ ਬੇਨਤੀ ਕਰਾਂਗਾ । 188 ।

ਦੂਸਰੇ ਦਿਨ ਸਵੇਰੇ ਹੀ ਸ਼੍ਰਮਣ ਭਗਵਾਨ ਮਹਾਵੀਰ ਉਸ ਨਗਰੀ ਵਿਚ ਪਹੁੰਚੇ । ਧਰਮ ਸਭਾ ਲਗੀ । ਲੋਕਾਂ ਨੇ ਭਗਵਾਨ ਦੀ ਭਗਤੀ ਕੀਤੀ । 189 ।

ਸਧਾਲਪੁਤਰ ਆਜੀਵਕਾਂ ਦੇ ਉਪਾਸਕ ਨੇ ਜਦ ਇਹ ਸਭ ਵਿਰਤਾਂਤ ਸੁਣਿਆ ਕਿ ਭਗਵਾਨ ਮਹਾਵੀਰ ਪਧਾਰ ਗਏ ਹਨ ਉਸਦੇ ਦਿਲ ਵਿਚ ਆਇਆ "ਮੈਂ ਵੀ ਸ਼੍ਰਮਣ ਭਗਵਾਨ ਮਹਾਵੀਰ ਨੂੰ ਬੰਦਨਾ ਨਮਸਕਾਰ ਕਰਨ ਜਾਵਾਂਗਾ ਮੈਂ ਉਨ੍ਹਾਂ ਦੀ ਭਗਤੀ ਕਰਾਂਗਾ" ਇਸ ਪ੍ਰਕਾਰ ਸੋਚ ਕੇ ਉਸਨੇ ਇਸ਼ਨਾਨ ਕੀਤਾ, ਕੌਤਿਕ ਅਤੇ ਮੰਗਲਾਚਾਰ ਕੀਤਾ । ਸਭਾ ਵਿਚ ਜਾਣ ਯੋਗ ਕਪੜੇ ਪਹਿਨੇ, ਥੋੜੇ ਭਾਰ ਵਾਲੇ ਕੀਮਤੀ ਗਹਿਣਿਆਂ ਨਾਲ ਆਪਣੇ ਸ਼ਰੀਰ ਨੂੰ ਸਜਾਇਆ ਅਤੇ ਲੋਕਾਂ ਨਾਲ ਘਰੋਂ ਨਿਕਲ ਕੇ ਪੋਲਾਸਪੁਰ ਨਗਰ ਤੋਂ ਬਾਹਰ ਸਹਸਤਰਬਣ ਬਾਗ ਵਿਚ ਪਹੁੰਚਿਆ, ਜਿਥੇ ਭਗਵਾਨ ਮਹਾਵੀਰ ਵਿਰਾਜਮਾਨ ਸਨ । ਉਸਨੇ ਬੰਦਨਾ ਕੀਤੀ, ਨਮਸਕਾਰ ਕਰਕੇ ਭਗਤੀ ਕਰਨ ਲਗਾ । 190 ।

ਤਦ ਸ਼੍ਰਮਣ ਭਗਵਾਨ ਮਹਾਂਵੀਰ ਨੇ ਉਸ ਵਿਸ਼ਾਲ ਇਕਠ ਵਿਚ ਸਧਾਲਪੁਤਰ ਆਜੀਵਕਾ ਦੇ ਉਪਾਸਕ ਨੂੰ ਧਰਮ ਉਪਦੇਸ਼ ਦਿਤਾ । ਧਰਮ-ਕਥਾ ਖਤਮ ਹੋਈ । 191 ।

ਇਸ ਪ੍ਰਕਾਰ ਭਗਵਾਨ ਮਹਾਵੀਰ ਨੇ ਸਧਾਲਪੁਤਰ ਆਜੀਵਕਾ ਦੇ ਉਪਾਸਕ ਨੂੰ ਪੁਛਿਆ "ਹੇ ਸਧਾਲਪੁਤਰ ! ਕਲ ਜਦ ਤੂੰ ਅਸ਼ੋਕ ਬਣ ਵਿਚ ਸੀ ਤੇਰੇ ਕੋਲ ਇਕ ਦੇਵਤਾ ਆਇਆ, ਉਸ਼ਨੇ ਇਸ ਪ੍ਰਕਾਰ ਕਿਹਾ "ਕਿ ਅਰਿਹੰਤ, ਕੇਵਲੀ ਆ ਰਹੇ ਹਨ" ਇਸ ਪ੍ਰਕਾਰ ਭਗਵਾਨ ਮਹਾਵੀਰ ਨੇ ਭਰੀ ਸਭਾ ਵਿਚ ਸਧਾਲਪੁਤਰ ਨਾਲ ਬੀਤੀ ਘਟਨਾ ਸੁਣਾਈ ਅਤੇ ਪੁਛਿਆ, "ਕੀ ਇਹ ਠੀਕ ਹੈ ?"

"ਹਾਂ, ਭਗਵਾਨ ਇਹ ਠੀਕ ਹੈ" ਸਧਾਲਪੁਤਰ ਨੇ ਕਿਹਾ ।

"ਹੇ ਸਧਾਲਪੁਤਰ ! ਇਹ ਗੱਲ ਦੇਵਤੇ ਨੇ ਗੋਸ਼ਾਲਕ ਮੰਖਲੀ ਪੁਤਰ ਬਾਰੇ ਨਹੀਂ ਆਖੀ ਸੀ"

(ਇਸ ਪ੍ਰਕਾਰ ਭਗਵਾਨ ਮਹਾਵੀਰ ਨੇ ਉਸ ਦਾ ਸ਼ਕ ਦੂਰ ਕੀਤਾ) । 192 ।

ਸ਼੍ਰਮਣ ਭਗਵਾਨ ਮਹਾਵੀਰ ਦੀ ਇਹ ਗਲ ਸੁਣਕੇ ਸਧਾਲਪੁਤਰ ਅਜੀਵਕਾ ਦਾ ਉਪਾਸਕ ਦਿਲ ਵਿਚ ਸੋਚਣ ਲਗਾ "ਇਹ ਅਨੰਤ ਗਿਆਨ, ਅਨੰਤ ਦਰਸ਼ਨ ਦੇ ਧਾਰਕ ਆਦਿ ਕਰਮ ਸੰਪਦਾ ਦੇ ਧਨੀ ਸ਼੍ਰਮਣ ਭਗਵਾਨ ਮਹਾਵੀਰ ਹਨ ਮੈਨੂੰ ਚਾਹੀਦਾ ਹੈ ਕਿ ਮੈਂ ਇਨ੍ਹਾਂ ਨੂੰ ਨਮਸਕਾਰ ਕਰਕੇ ਚੌਂਕੀ, ਫੱਟੇ ਲਈ ਬੇਨਤੀ ਕਰਾਂ"। ਇਹ ਸੋਚ ਕੇ ਉਹ ਉਠਿਆ ਤੇ ਸ਼੍ਰਮਣ ਭਗਵਾਨ ਮਹਾਵੀਰ ਨੂੰ ਨਮਸਕਾਰ ਕਰਕੇ ਬੇਨਤੀ ਕਰਨ ਲਗਾ "ਹੇ ਸਵਾਮੀ ! ਪੋਲਾਸਪੁਰ ਸ਼ਹਿਰ ਦੇ ਬਾਹਰ ਮੇਰੀਆਂ 500 ਦੁਕਾਨਾਂ ਹਨ ਉਥੇ ਆਪ ਚੌਂਕੀ ਫੱਟਾ ਗ੍ਰਹਿਣ ਕਰਕੇ ਮੇਰੇ ਤੇ ਕ੍ਰਿਪਾ ਕਰੋ । 193 ।

ਤਦ ਸ਼੍ਰਮਣ ਭਗਵਾਨ ਮਹਾਵੀਰ ਨੇ ਸਧਾਲਪੁਤਰ ਅਜੀਵਕਾ ਦੇ ਉਪਾਸਕ ਦੀ ਉਪਰੋਕਤ ਬੇਨਤੀ ਨੂੰ ਸਵੀਕਾਰ ਕੀਤਾ । ਸਧਾਲਪੁਤਰ ਦੀਆਂ 500 ਦੁਕਾਨਾਂ ਤੋਂ ਪ੍ਰਾਸੁਕ (ਜੀਵ ਰਹਿਤ) ਏਸ਼ਨੀਆ (ਸ਼ੁਧ) ਚੌਂਕੀ, ਫੱਟਾ ਤੇ ਵਿਛੌਣਾ ਲਿਆ । 194 ।

ਇਕ ਦਿਨ ਸਧਾਲ ਪੁਤਰ ਅਜੀਵਕਾ ਦਾ ਉਪਾਸ਼ਕ ਹਵਾ ਵਿਚ ਸੁੱਕੇ ਹੋਏ ਭਾਂਡਿਆਂ ਨੂੰ ਕੋਲੇ ਤੋਂ ਬਾਹਰ ਲਿਆ ਕੇ ਧੁੱਪ ਵਿਚ ਸੁਕਾਉਣ ਲਗਾ ।195।

ਇਹ ਵੇਖ ਕੇ ਸ਼੍ਰਮਣ ਭਗਵਾਨ ਮਹਾਵੀਰ ਨੇ ਸਧਾਲ ਪੁਤਰ ਅਜੀਵਕਾ ਦੇ ਉਪਾਸ਼ਕ ਨੂੰ ਪੁਛਿਆ "ਇਹ ਭਾਂਡੇ ਕਿਵੇਂ ਬਣੇ ?" ।196।

ਸਧਾਲ ਪੁਤਰ ਅਜੀਵਕਾ ਦੇ ਉਪਾਸ਼ਕ ਨੇ ਕਿਹਾ, "ਹੇ ਭਗਵਾਨ ਪਹਿਲਾਂ ਮਿੱਟੀ ਆਈ, ਫਿਰ ਉਸ ਨੂੰ ਪਾਣੀ ਵਿਚ ਘੋਲਿਆ ਗਿਆ, ਫਿਰ ਰਾਖ ਅਤੇ ਗੋਹਾ ਮਿਲਾ ਕੇ ਚੱਕ ਤੇ ਚੜ੍ਹਾਇਆ ਗਿਆ ਤਦ ਇਹ ਭਾਂਡੇ ਬਣੇ" ।197।

---

ਪਾਠ ਨੰ: 192 ਦੀ ਟਿੱਪਣੀ ।

ਤਥ ਕਰਮ ਸੰਪਦਾ ਸੰਪ੍ਰਯੁਕਤ—ਇਸ ਤੋਂ ਭਾਵ ਇਹ ਹੈ ਕਿ ਭਗਵਾਨ ਮਹਾਵੀਰ ਖਾਲੀ ਉਪਦੇਸ਼ਕ ਹੀ ਨਹੀਂ ਸਨ ਸਗੋਂ ਕਰਮ ਸੰਪਦਾ ਤੇ ਯਕੀਨ ਰਖਦੇ ਸਨ ਭਾਵ ਉਸ ਉਪਦੇਸ਼ ਤੇ ਆਪ ਵੀ ਉਸੇ ਪ੍ਰਕਾਰ ਚਲਦੇ ਸਨ ਜਿਵੇਂ ਉਹ ਸੰਸਾਰ ਨੂੰ ਆਖਦੇ ਸਨ । ਤਥ ਕਰਮ ਸੰਪਦਾ ਦੋ ਪ੍ਰਕਾਰ ਦੀ ਹੈ ।

(1) ਤਥ—ਜ਼ਿੰਦਗੀ ਨੂੰ ਉਪਰ ਚੁਕਣ ਵਾਲੀ

(2) ਅਤਥ—ਫਜ਼ੂਲ ਜੋ ਕੇਵਲ ਵਖਾਵੇ ਲਈ ਹੋਵੇ

ਭਗਵਾਨ ਮਹਾਂਵੀਰ ਨੇ ਵਿਖਾਵੇ ਦੀ ਤਪਸਿਆ ਨੂੰ ਬਾਲ ਤਪ ਕਿਹਾ ਹੈ।

ਵਿਰਤੀਕਾਰ ਸ਼੍ਰੀ ਅਭੈਦੇਵ ਸੂਰੀ ਨੇ ਇਸ ਪ੍ਰਕਾਰ ਕਿਹਾ ਹੈ ।

**तच्चकम्मत्ति तथ्यानि सत्फलानि अव्यभिचारितया यानि कर्माणि-क्रियास्तत्सम्पदा तत्समृद्धया यः सम्प्रयुक्तो युक्तः स 'तथा'**

ਇਸ ਤੋਂ ਬਾਅਦ ਭਗਵਾਨ ਮਹਾਂਵੀਰ ਨੇ ਸਧਾਲ ਪੁਤਰ ਅਜੀਵਕਾ ਦੇ ਉਪਾਸ਼ਕ ਤੋਂ ਫਿਰ ਪੁਛਿਆ "ਹੇ ਸਧਾਲ ਪੁਤਰ ਕਿ ਇਹ ਭਾਂਡੇ ਪੁਰਸ਼ਾਰਥ (ਮੇਹਨਤ) ਪ੍ਰਾਕ੍ਰਮ ਆਦਿ ਤੋਂ ਬਣੇ ਹਨ ? ਜਾਂ ਇਨ੍ਹਾਂ ਤੋਂ ਬਿਨਾਂ ?" ।198।

ਇਹ ਗੱਲ ਸੁਣ ਕੇ ਸਧਾਲਪੁਤਰ ਅਜੀਵਕਾ ਦਾ ਉਪਾਸਕ ਇਸ ਪ੍ਰਕਾਰ ਆਖਣ ਲਗਾ "ਹੇ ਭਗਵਾਨ ਇਹ ਸਾਰੇ ਭਾਂਡੇ ਬਿਨਾ ਪੁਰਸ਼ਾਰਥ, ਪ੍ਰਾਕ੍ਰਮ ਤੋਂ ਬਣੇ ਹਨ ਉਥਾਨ ਦਾ ਕੋਈ ਅਰਥ ਨਹੀਂ ਸਾਰੇ ਪਰੀਵਰਤਨ ਨਿਯਤ ਹਨ (ਭਾਵ ਜੋ ਹੋਣਾ ਹੈ ਹੋਕੇ ਰਹਿੰਦਾ ਹੈ) ।199।

ਸ਼੍ਰਮਣ ਭਗਵਾਨ ਮਹਾਵੀਰ ਨੇ ਸਧਾਲਪੁਤਰ ਅਜੀਵਕਾ ਦੇ ਉਪਾਸਕ ਨੂੰ ਪੁਛਿਆ "ਹੇ ਸਧਾਲਪੁਤਰ ! ਜੇ ਕੋਈ ਆਦਮੀ ਤੇਰੇ ਸੁਕੇ ਭਾਂਡਿਆਂ ਨੂੰ ਚੁਕ ਲਵੇ, ਚੁਰਾ ਲਵੇ, ਕਿਤੇ ਚੁਕ ਕੇ ਰਖ ਦੇਵੇ, ਤੇਰੀ ਅਗਨੀ ਮਿਤਰਾ ਨਾਂ ਦੀ ਇਸਤਰੀ ਨਾਲ ਤੇਰੇ ਸਾਹਮਣੇ ਕਾਮ ਭੋਗ ਕਰੇ, ਤੂੰ ਉਸ਼ ਪੁਰਸ਼ ਨੂੰ ਕੀ ਸਜ਼ਾ ਦੇਵੇਂਗਾ ?"

ਸਧਾਲਪੁਤਰ, "ਹੇ ਭਗਵਾਨ ਮੈਂ ਉਸ ਮਨੁਖ ਨੂੰ ਗਾਲਾਂ ਦੇਵਾਂਗਾ, ਫਟਕਾਰਾਂਗਾ, ਕੁਟਾਂਗਾ, ਬਨ੍ਹ ਲਵਾਂਗਾ, ਪੈਰਾਂ ਹੇਠਾਂ ਕੁਚਲ ਦੇਵਾਂਗਾ, ਧਿਕਾਰਾਂਗਾ, ਤਾੜਾਂਗਾ, ਨੋਚ ਦੇਵਾਂਗਾ, ਭਲਾ ਬੁਰਾ ਆਖਾਂਗਾ, ਉਸ ਨੂੰ ਜਾਨ ਤੋਂ ਮਾਰ ਦੇਵਾਂਗਾ" ।

ਭਗਵਾਨ ਮਹਾਵੀਰ—ਹੇ ਸਧਾਲਪੁਤਰ ! ਤੇਰੇ ਧਰਮ ਦੀ ਮਾਨਤਾ ਅਨੁਸਾਰ ਨਾ ਤਾਂ ਕੋਈ ਪੁਰਸ਼ ਤੇਰੇ ਭਾਂਡੇ ਚੁਰਾਂਦਾ ਹੈ ਅਤੇ ਨਾ ਹੀ ਤੇਰੀ ਇਸਤਰੀ ਨਾਲ ਦੁਰਾਚਾਰ ਕਰਦਾ ਹੈ, ਨਾ ਹੀ ਤੂੰ ਉਸ ਪੁਰਸ਼ ਨੂੰ ਸਜ਼ਾ ਦਿੰਦਾ ਹੈ ਕਿਉਂਕਿ ਤੇਰੇ ਮਤ ਵਿਚ ਪੁਰਸ਼ਾਰਥ ਜਾਂ ਪ੍ਰਾਕ੍ਰਮ ਹੈ ਹੀ ਨਹੀਂ ਜੋ ਕੁਝ ਹੁੰਦਾ ਹੈ ਆਪਣੇ ਆਪ ਹੁੰਦਾ ਹੈ। ਇਸ ਤੋਂ ਉਲਟ ਜੇ ਕੋਈ ਆਦਮੀ ਤੇਰੇ ਭਾਂਡੇ ਚੁਰਾਉਂਦਾ ਹੈ ਜਾਂ ਤੇਰੀ ਪਤਨੀ ਨਾਲ ਭੈੜਾ ਵਰਤਾਓ ਕਰਦਾ ਹੈ ਅਤੇ ਤੂੰ ਉਸਨੂੰ ਗਾਲਾਂ ਦੇਵੇਂਗਾ, ਮਾਰੇਂਗਾ ਤੇਰਾ ਇਹ ਆਖਣਾ ਝੂਠ ਹੈ ਕਿਉਂਕਿ ਤੁਹਾਡੇ ਮਤ ਵਿਚ ਮਿਹਨਤ ਆਦਿ ਕੁਝ ਨਹੀਂ ਸਭ ਕੁਝ ਨਿਯਤ ਹੈ।

ਇਹ ਸੁਣਕੇ ਸਧਾਲਪੁਤਰ ਅਜੀਵਕਾ ਦਾ ਉਪਾਸ਼ਕ ਸਚਾਈ ਨੂੰ ਸਮਝ ਗਿਆ ਇਸਤੋਂ ਬਾਅਦ ਸਧਾਲਪੁਤਹ ਅਜੀਵਕਾ ਦਾ ਉਪਾਸ਼ਕ ਭਗਵਾਨ ਮਹਾਵੀਰ ਨੂੰ ਬੰਦਨ ਨਮਸਕਾਰ ਕਰਕੇ ਆਖਣ ਲਗਾ, "ਹੇ ਭਗਵਾਨ ਮੈਂ ਆਪ ਦਾ ਧਰਮ ਸੁਨਣਾ ਚਾਹੁੰਦਾ ਹਾਂ" । 200

ਇਸਤੋਂ ਬਾਅਦ ਸ਼੍ਰਮਣ ਭਗਵਾਨ ਮਹਾਵੀਰ ਨੇ ਸਧਾਲਪੁਤਰ ਅਜੀਵਕਾ ਦੇ ਉਪਾਸ਼ਕ ਨੂੰ ਧਰਮ ਉਪਦੇਸ਼ ਦਿਤਾ । 201

ਇਸਤੋਂ ਬਾਅਦ ਸਧਾਲਪੁਤਰ ਅਜੀਵਕਾ ਦਾ ਉਪਾਸ਼ਕ ਬਹੁਤ ਖੁਸ਼ ਹੋਇਆ ਅਤੇ ਉਸਨੇ ਸੰਤੋਖ ਅਨੁਭਵ ਕੀਤਾ, ਆਂਨੰਦ ਦੀ ਤਰਾਂ ਗ੍ਰਹਿਸਥ ਧਰਮ ਸਵੀਕਾਰ ਕੀਤਾ

ਫਰਕ ਇਹ ਹੀ ਹੈ ਕਿ ਇਸਦੇ ਇਕ ਕਰੋੜ ਸੋਨੇ ਦੀਆਂ ਮੋਹਰਾਂ ਖਜ਼ਾਨੇ ਵਿਚ ਸਨ ਇਕ ਕਰੋੜ ਮੋਹਰਾਂ ਵਿਉਪਾਰ ਵਿਚ ਲਗੀਆਂ ਹੋਈਆਂ ਸਨ ਇਕ ਕਰੋੜ ਸੋਨੇ ਦੀਆਂ ਮੋਹਰਾਂ ਘਰ ਦੇ ਸਮਾਨ ਵਿਚ ਲਗੀਆਂ ਹੋਈਆਂ ਸਨ ਦਸ ਹਜ਼ਾਰ ਗਾਵਾਂ ਦਾ ਇਕ ਬਿਰਜ ਸੀ ਸਧਾਲਪੁਤਰ ਨੇ ਸ਼੍ਰਮਣ ਭਗਵਾਨ ਮਹਾਵੀਰ ਨੂੰ ਬੰਦਨਾ ਨਮਸਕਾਰ ਕੀਤਾ ਅਤੇ ਪੋਲਾਸਪੁਰ ਨਗਰ ਵਿਚੋਂ ਹੁੰਦਾ ਹੋਇਆ ਆਪਣੇ ਘਰ ਪਹੁੰਚਿਆ, ਉਥੇ ਜਾਕੇ ਆਪਣੀ ਧਰਮਪਤਨੀ ਅਗਨੀ ਮਿਤਰਾਂ ਨੂੰ ਆਖਣ ਲਗਾ "ਹੇ ਦੇਵਤਿਆਂ ਦੀ ਪਿਆਰੀ ! ਇਸ ਪ੍ਰਕਾਰ ਸ਼੍ਰਮਣ ਭਗਵਾਨ ਮਹਾਵੀਰ ਪਧਾਰੇ ਹਨ, ਤੂੰ ਵੀ ਜਾਕੇ ਉਨਾਂ ਨੂੰ ਬੰਦਨਾ ਨਮਸਕਾਰ ਕਰਕੇ ਭਗਤੀ ਕਰ, ਉਨਾਂ ਪਾਸੋਂ ਪੰਜ ਅਣੂਵਰਤ ਅਤੇ ਸਤ ਸਿਖਿਆ ਵਰਤ ਰੂਪੀ ਗ੍ਰਹਿਸਥ ਧਰਮ ਸਵੀਕਾਰ ਕਰ । 202

ਇਸਤੋਂ ਬਾਅਦ ਅਗਨੀ ਮਿਤਰਾ ਇਸ ਢੰਗ ਨਾਲ ਆਪਣੇ ਪਤੀ ਦੇ ਉਪਰੋਕਤ ਕਥਨ ਨੂੰ ਨਿਮਰਤਾ ਨਾਲ ਸਵੀਕਾਰ ਕੀਤਾਂ । 203

ਸਧਾਲਪੁਤਰ ਸ਼੍ਰਮਣਾ ਦੇ ਉਪਾਸਕ ਨੇ ਆਪਣੇ ਪਰੀਵਾਰ ਦੇ ਨੌਕਰਾਂ ਨੂੰ ਬੁਲਾਕੇ ਹੁਕਮ ਦਿਤਾ "ਹੇ ਦੇਵਤਿਆਂ ਦੇ ਪਿਆਰਿਓ ! ਛੇਤੀ ਤੇਜ ਚਲਣ ਵਾਲਾ ਰਥ ਸਜਾਓ ਉਸ ਨਾਲ ਅਜਿਹੀ ਨਵੀਂ ਉਮਰ ਦੇ ਬਲਦਾਂ ਦੀ ਜੋੜੀ ਜੋੜਨਾ, ਜਿਸ ਦੇ ਖੁਰ ਤੇ ਪੂਛ ਇਕ ਰੰਗ ਦੇ ਹੋਣ, ਸਿੰਗ ਭਿੰਨ ਭਿੰਨ ਰੰਗਾਂ ਨਾਲ ਰੰਗੇ ਹੋਣ, ਉਨਾਂ ਦੇ ਗਲ ਵਿਚ ਗਹਿਣੇ ਪਾਉਣਾ, ਨੱਕ ਵਿਚ ਸੋਨੇ ਦੀ ਰਸੀ ਦੀ ਨਕੇਲ ਪਾਉਣਾ, ਮੱਥੇ ਤੇ ਨੀਲ ਕਮਲ ਦੇ ਫੁੱਲ ਸਜੇ ਹੋਣ, ਰਥ ਤੇ ਭਿੰਨ ਭਿੰਨ ਪ੍ਰਕਾਰ ਦੀਆਂ ਮਣੀਆਂ ਤੇ ਘੰਟੀਆਂ ਜੜੀਆਂ ਹੋਣ, ਇਨਾਂ ਬਲਦਾਂ ਦਾ ਜੂਆ ਚੰਗੀ ਲਕੜੀ ਦਾ ਬਣਿਆ ਹੋਵੇ, ਬਨਾਵਟ ਨਵੀਂ ਸਧਾਰਨ ਤੇ ਸੋਹਣੀ ਹੋਵੇ ਧਰਮ ਕ੍ਰਿਆ ਦੇ ਲਈ ਯੋਗ ਰਥ ਪੇਸ਼ ਕਰੋ ਅਤੇ ਹੁਕਮ ਦਾ ਪਾਲਣ ਕਰਕੇ ਮੈਨੂੰ ਸੂਚਨਾ, ਦੇਵੋ । 204

ਨੌਕਰ ਨੇ ਹੁਕਮ ਅਨੁਸਾਰ ਰਥ ਤਿਆਰ ਕਰਕੇ ਸਧਾਲਪੁਤਰ ਨੂੰ ਸੂਚਨਾ ਦਿਤੀ । 205

ਇਸਤੋਂ ਬਾਅਦ ਅਗਨੀਮਿਤਰਾ ਨੇ ਇਸ਼ਨਾਨ ਕੀਤਾ, ਸ਼ੁਧ ਅਤੇ ਸਭਾ ਵਿਚ ਪ੍ਰਵੇਸ਼ ਯੋਗ ਉੱਤਮ ਕਪੜੇ ਧਾਰਨ ਕੀਤੇ, ਘਟ ਭਾਰ ਅਤੇ ਵਡਮੁੱਲੇ ਗਹਿਣੇ ਸਰੀਰ ਦਾ ਸ਼ਿੰਗਾਰ ਕੀਤਾ, ਦਾਸੀਆਂ ਨਾਲ ਘਿਰੀ ਹੋਈ ਧਾਰਮਿਕ ਰਥ ਤੇ ਸਵਾਰ ਹੋਕੇ ਪੋਲਾਸਪੁਰ ਨਗਰ ਵਿਚਕਾਰ ਹੁੰਦੀ ਹੋਈ ਸਹਸਤਰਬਨ ਪਹੁੰਚੀ ਰਥ ਤੋਂ ਉਤਰ ਕੇ ਸ਼੍ਰਮਣ ਭਗਵਾਨ ਮਹਾਵੀਰ ਕੋਲ ਪਹੁੰਚੀ । ਭਗਵਾਨ ਨੂੰ ਤਿੰਨ ਵਾਰ ਹਥ ਜੜ ਕੇ ਬੰਦਨਾ ਨਮਸ਼ਕਾਰ ਕੀਤਾ, ਨਾ ਬਹੁਤ ਦੂਰ, ਨਾ ਬਹੁਤ ਨੇੜੇ ਹੋਕੇ ਹਥ ਜੋੜ ਕੇ ਉਪਾਸ਼ਨਾ ਕਰਨ ਲਗੀ । 206

ਇਸਤੋਂ ਬਾਅਦ ਸ਼੍ਰਮਣ ਭਗਵਾਨ ਮਹਾਵੀਰ ਨੇ ਅਗਨੀਮਿਤਰਾ ਨੂੰ ਧਰਮ–ਉਪਦੇਸ਼ ਦਿਤਾ । 207

ਸ਼੍ਰਮਣ ਭਗਵਾਨ ਮਹਾਵੀਰ ਦਾ ਧਰਮ ਸੁਣਕੇ ਅਗਨੀਮਿਤਰਾ ਇਸਤਰੀ ਬਹੁਤ ਖੁਸ਼ ਹੋਈ। ਉਸਨੇ ਭਗਵਾਨ ਮਹਾਵੀਰ ਨੂੰ ਬੰਦਨਾ ਨਮਸਕਾਰ ਕੀਤਾ ਅਤੇ ਕਿਹਾ "ਹੇ ਭਗਵਾਨ ! ਮੈਂ ਨਿਰਗਰੰਥ ਪ੍ਰਵਚਨ ਤੇ ਸ਼ਰਧਾ ਕਰਦੀ ਹਾਂ, ਜਿਸ ਤਰਾਂ ਆਪ ਆਖਦੇ ਹੋ ਇਹ ਸਭ ਉਸੇ ਪ੍ਰਕਾਰ ਹੈ। ਆਪ ਕੋਲ ਜਿਵੇਂ ਹੋਰ ਦੇਵਤੇ ਦੇ ਪਿਆਰੇ ! ਉਗਰ ਵੰਸੀ, ਭੋਗ ਵੰਸ਼ੀ ਲੋਕ ਦੀਖਿਅਤ ਹੋ ਚੁਕੇ ਹਨ ਮੈਂ ਅਜਿਹਾ ਕਰਨ ਤੋਂ ਅਸਮਰਥ ਹਾਂ, ਮੈਂ ਆਪ ਪਾਸੋਂ ਪੰਜ ਅਣੁਵਰਤ, ਸੱਤ ਸਿਖਿਆ ਵਰਤ ਰੂਪੀ ਧਰਮ ਨੂੰ ਗ੍ਰਹਿਣ ਕਰਦੀ ਹਾਂ" ਭਗਵਾਨ ਨੇ ਕਿਹਾ ਹੇ ਦੇਵਤਿਆਂ ਦੀ ਪਿਆਰੀ ! ਜਿਵੇ ਤੇਰੀ ਆਤਮਾ ਨੂੰ ਸੁਖ ਹੋਵੇ ਧਰਮ ਕਰ, ਪਰ ਸੁਭ ਕੰਮ ਵਿਚ ਦੇਰ ਨਾ ਕਰ । 208

ਇਸਤੋਂ ਬਾਅਦ ਅਗਨੀਮਿਤਰਾ ਇਸਤਰੀ ਨੇ ਸ਼੍ਰਮਣ ਭਗਵਾਨ ਮਹਾਵੀਰ ਤੋਂ ਪੰਜ ਅਣੂਵਰਤ, ਸੱਤ ਸਿਖਿਆ ਵਰਤ ਗ੍ਰਹਿਣ ਕੀਤੇ, ਸ਼੍ਰਮਣ ਭਗਵਾਨ ਮਹਾਵੀਰ ਨੂੰ ਨਮਸ਼ਕਾਰ, ਕੀਤਾ ਅਤੇ ਉਸੇ ਧਾਰਮਿਕ ਰਥ ਤੇ ਸਵਾਰ ਹੋਕੇ ਵਾਪਿਸ ਚਲੀ ਗਈ ਜਿਸ ਦਿਸ਼ਾ ਤੋਂ ਚੜ ਕੇ ਆਈ ਸੀ। 209

ਉਸਤੋਂ ਬਾਅਦ ਇਕ ਦਿਨ ਸ਼੍ਰਮਣ ਭਗਵਾਨ ਮਹਾਵੀਰ ਪੋਲਾਸਪੁਰ ਦੇ ਸਹਸਤਰਬਨ ਬਾਗ ਤੋਂ ਚਲ ਕੇ ਹੋਰ ਦੇਸ਼ਾਂ ਵਿਚ ਘੁਮਨ ਲਗੇ । 210

ਇਸਤੋਂ ਬਾਅਦ ਸਧਾਲਪੁਪਰ ਸ਼੍ਰਮਣਾ ਦਾ ਉਪਾਸਕ ਜੀਵ, ਅਜੀਵ ਆਦਿ ਨੌ ਤੱਤਾਂ ਦਾ ਜਾਨਕਾਰ ਬਨਕੇ ਜਿੰਦਗੀ ਗੁਜਾਰਨ ਲਗਾ । 211

ਇਸਤੋਂ ਬਾਅਦ ਜਦੋਂ ਮੰਖਲੀ ਪੁਤਰ ਗੋਸ਼ਾਲਕ ਨੂੰ ਇਹ ਪਤਾ ਲਗਾ ਕਿ ਸਧਾਲਪੁਤਰ ਅਜੀਵਕਾ ਦਾ ਉਪਾਸਕ ਸ਼੍ਰਮਣ ਨਿਰਗਰੰਥ ਬਨ ਗਿਆ ਹੈ, ਤਾ ਉਸਦੇ ਮਨ ਵਿਚ ਆਇਆ ਕਿ "ਮੈਨੂੰ ਪੋਲਾਸਪੁਰ ਜਾਕੇ ਉਸ ਨੂੰ ਫਿਰ ਅਜੀਵਕ ਧਰਮ ਵਿਚ ਵਾਪਿਸ ਲੈ ਆਉਣਾ ਚਾਹਿਦਾ ਹੈ ਇਹ ਵਿਚਾਰ ਕੇ ਉਹ ਆਜੀਵਕ ਸੰਘ ਦੇ ਨਾਲ ਪੋਲਾਸਪੁਰ ਪਹੁੰਚਿਆ। 212

ਅਜੀਵਕ ਸਭਾ ਵਿਚ ਆਪਣੇ ਭਾਂਡੇ ਰਖ ਕੇ ਕੁਝ ਅਜ਼ੀਵਕਾ ਨਾਲ ਸਧਾਲਪੁਤਰ ਸ਼੍ਰਮਣਾ ਦੇ ਉਪਾਸਕ ਕੋਲ ਆਇਆ। 213

ਇਸ਼ਤੋਂ ਬਾਅਦ ਸਧਾਲਪੁਤਰ ਸ਼੍ਰਮਣਾਂ ਦਾ ਉਪਾਸਕ ਨੇ ਮੰਖਲੀਪੁਤਰ ਗੋਸਾਲਕ ਨੂੰ ਵੇਖਿਆ ਉਸ ਨੇ ਨਾ ਤਾਂ ਗੋਸ਼ਾਲਕ ਦਾ ਆਦਰ ਕੀਤਾ ਅਤੇ ਨਾਂ ਹੀ ਪਛੱਾਣਿਆ ਸਗੋਂ ਚੁਪ ਚਾਪ ਬੈਠਾ ਰਿਹਾ। 214

ਇਸਤੋਂ ਬਾਅਦ ਮੰਖਲੀਪੁਤਰ ਗੋਸ਼ਾਲਕ ਨੂੰ ਸਧਾਲਪੁਤਰ ਸ਼੍ਰਮਣਾਂ ਦੇ ਉਪਾਸਕ ਨੇ ਕੋਈ ਸਨਮਾਨ, ਸਤਿਕਾਰ ਨਹੀਂ ਦਿਤਾ। ਫਿਰ ਵੀ ਗੋਸਾਲਕ ਨੇ ਚੌਕੀ, ਫੱਟਾ ਤੇ ਵਿਛੌਣੇ ਦੀ ਪ੍ਰਾਪਤੀ ਦੇ ਲਾਲਚ ਵਸ ਪੁਛਿਆ "ਕਿ ਇਥੇ ਮਹਾਮਾਹਨ ਆਏ ਹਨ। 215

ਸਧਾਲਪੁਤਰ ਸ਼੍ਰਮਣਾ ਦੇ ਉਪਾਸਕ ਨੇ ਮੰਖਲੀਪੁਤਰ ਗੋਸ਼ਾਲਕ ਨੂੰ ਉਤਰ ਦਿਤਾ "ਹੇ ਦੇਵਿਤਆ ਦੇ ਪਿਆਰੇ ਮਹਾਮਾਹਨ ਹਨ ? 216

ਮੰਖਲੀਪੁਤਰ ਗੋਸ਼ਾਲਕ ਨੇ ਸਧਾਲਪੁਤਰ ਸ਼੍ਰਮਣਾਂ ਦੇ ਉਪਾਸਕ ਨੂੰ ਕਿਹਾ "ਹੇ ਭਗਵਾਨ ਮਹਾਵੀਰ ਮਹਾਮਾਹਨ ਹਨ।"

ਸਧਾਲਪੁਤਰ—"ਹੇ ਦੇਵਤਿਆਂ ਦੇ ਪਿਆਰੇ ! ਆਪ ਕਿਸ ਤਰਾਂ ਸ਼੍ਰਮਣ ਭਗਵਾਨ ਮਹਾਵੀਰ ਨੂੰ ਮਹਾਮਾਹਨ ਆਖਦੇ ਹੋ ?

ਗੋਸ਼ਾਲਕ—ਕਿਉਂਕਿ ਭਗਵਾਨ ਮਹਾਵੀਰ ਅਨੰਤ ਗਿਆਨ, ਅੰਨਤ ਦਰਸ਼ਨ ਦੇ ਭੰਡਾਰ ਹਨ ਮਹਿਮਾ ਭਰਪੂਰ, ਪੂਜਨਯੋਗ ਅਤੇ ਕਰਮ ਸੰਪਦਾ ਦੇ ਸਵਾਮੀ ਹਨ ਇਸ ਲਈ ਮੈਂ ਆਖਦਾ ਹਾਂ ਕਿ ਸ਼੍ਰਮਣ ਭਗਵਾਨ ਮਹਾਵੀਰ ਮਹਾਮਾਹਨ ਹਨ।

ਗੋਸ਼ਾਲਕ—ਕਿ ਇਥੇ ਮਹਾਂਗੋਪ ਆਏ ਹਨ ?

ਸਧਾਲਪੁਤਰ—ਹੇ ਦੇਵਤਿਆਂ ਦੇ ਪਿਆਰੇ ! ਮਹਾਂਗੋਪ ਕੌਣ ਹਨ ?

ਗੋਸ਼ਾਲਕ—ਸ਼੍ਰਮਣ ਭਗਵਾਨ ਮਹਾਵੀਰ ਮਹਾਂਗੋਪ ਹਨ।

ਸਧਾਲਪੁਤਰ—ਤੁਸੀਂ ਇਹ ਗਲ ਕਿਸ ਤਰਾਂ ਆਖ ਸਕਦੇ ਹੋ ਕਿ ਸ਼੍ਰਮਣ ਮਹਾਵੀਰ ਮਹਾਂਗੋਪ ਹਨ।

ਗੋਸਾਲਕ—ਸ਼੍ਰਮਣ ਭਗਵਾਨ ਮਹਾਵੀਰ ਸੰਸਾਰ ਰੂਪੀ ਜੰਗਲ ਵਿਚ ਨਸ਼ਟ ਹੋ ਰਹੇ, ਭਿਆਨਕ ਕਸ਼ਟ ਝਲਦੇ ਹੋਏ, ਵਾਰ ਵਾਰ ਨਸ਼ਟ ਹੋ ਰਹੇ, ਛਿਨ ਛਿਨ ਟੁਟ ਰਹੇ, ਜੀਵਾਂ ਰੂਪੀ ਕੰਡਾ ਲੈਕੇ ਰਖਿਆ ਕਰਦੇ ਹਨ, ਬਚਾਉਂਦੇ ਹਨ ਅਤੇ ਆਪਣੇ ਹੱਥਾਂ ਨਾਲ ਨਿਰਵਾਨ ਰੂਪੀ ਬਾੜੇ ਵਿਚ ਵਿਚ ਪਹੁੰਚਾਂਦੇ ਹਨ ਇਸ ਲਈ ਮੈਂ ਆਖਦਾ ਹਾਂ ਕਿ ਸ਼੍ਰਮਣ ਭਗਵਾਨ ਮਹਾਵੀਤ ਮਹਾਂਗੋਪ ਹਨ।

ਗੋਸ਼ਾਲਕ—ਸਧਾਲਪੁੱਤਰ ਕਿ ਮਹਾਂਸਾਰਥਵਾਹ ਆਏ ਹਨ ?

ਸਧਾਲਪੁੱਤਰ—ਹੇ ਦੇਵਤਿਆ ਦੇ ਪਿਆਰੇ ! ਸਾਰਥਵਾਹ ਕੌਣ ਹਨ ?

ਗੋਸ਼ਾਲਕ—ਸ਼੍ਰਮਣ ਭਗਵਾਨ ਮਹਾਵੀਰ ਮਹਾਸਾਰਥਵਾਹ ਹਨ

ਸਧਾਲਪੁੱਤਰ—ਆਪ ਇਹ ਗਲ ਕਿਸ ਤਰਾਂ ਆਖ ਸ਼ਕਦੇ ਹੋ ਕਿ ਸ਼੍ਰਮਣ ਭਗਵਾਨ ਮਰਾਵੀਰ ਮਹਾਸਾਰਥਵਾਹ ਹਨ ?

ਗੋਸ਼ਾਲਕ—ਸ਼੍ਰਮਣ ਭਗਵਾਨ ਮਹਾਵੀਰ ਸੰਸਾਰ ਰੂਪੀ ਜੰਗਲ ਵਿਚ ਭਟਕਦੇ ਹੋਏ ਕਸ਼ਟ ਝਲਦੇ ਹੋਏ, ਮਨੁੱਖਾਂ ਲਈ ਧਰਮ ਰੂਪੀ ਰਾਹ ਤੇ ਪਹੁੰਚਾਂਦੇ ਹਨ ਅਤੇ ਨਿਰਵਾਨ ਰੂਪੀ ਨਗਰ ਵਲ ਲੈ ਜਾਂਦੇ ਹਨ ਇਸ ਭਾਵ ਤੋਂ ਮੈਂ ਆਖਦਾ ਹਾਂ ਕਿ ਸ਼੍ਰਮਣ ਭਗਵਾਨ ਮਹਾਵੀਰ ਮਹਾਸਾਰਥਵਾਹ ਹਨ।

ਗੋਸ਼ਾਲਕ—"ਕਿ ਇਥੇ ਮਹਾਧਰਮ ਕਥਾ ਕਰਨ ਵਾਲੇ ਆਏ ਸਨ ?"

ਸਧਾਲਪੁਤਰ—ਹੇ ਦੇਵਤਿਆਂ ਦੇ ਪਿਆਰੇ ! ਇਹ ਮਹਾਧਰਮ ਕਥਾ ਕਰਨ ਵਾਲੇ ਕੌਣ ਹਨ ?

ਗੋਸ਼ਾਲਕ—ਸ਼੍ਰਮਣ ਭਗਵਾਨ ਮਹਾਵੀਰ ਮਹਾਂਧਰਮ ਕਥਾ ਕਰਨ ਵਾਲੇ ਹਨ

ਸਧਾਲਪੁਤਰ—ਆਪ ਇਹ ਕਿਸ ਤਰਾਂ ਆਖ ਸਕਦੇ ਹੋ ਕਿ ਸ਼੍ਰਮਣ ਭਗਵਾਨ ਮਹਾਵੀਰ ਮਹਾਂਧਰਮ ਕਥਾ ਕਰਨ ਵਾਲੇ ਹਨ।

ਗੋਸ਼ਾਲਕ—ਹੇ ਦੇਵਤਿਆਂ ਦੇ ਪਿਆਰੇ ! ਸ਼੍ਰਮਣ ਭਗਵਾਨ ਮਹਾਵੀਰ ਇਸ ਸੰਸਾਰ ਰੂਪੀ ਜੰਗਲ ਵਿਚ ਭਟਕੇ ਹੋਏ, ਪਥ-ਭ੍ਰਿਸ਼ਟ, ਭੈੜੇ ਰਾਹ ਤੇ ਚਲਣ ਵਾਲੇ, ਚੰਗੇ ਰਾਹ ਤੋਂ ਭਟਕੇ ਹੋਏ, ਝੂਠ ਵਿਚ ਫਸੇ ਹੋਏ ਅਤੇ ਅਠ ਪ੍ਰਕਾਰ ਦੇ ਕਰਮ-ਰੂਪੀ ਹਨੇਰੇ ਨਾਲ ਘਿਰੇ ਲੋਕਾਂ ਲਈ, ਜੁਗਤਾਂ, ਉਪਦੇਸ਼ਾਂ ਅਤੇ ਵਿਆਖਿਆਵਾਂ ਰਾਂਹੀ ਪਾਰ ਪਹੁੰਚਾਂਦੇ ਹਨ ਇਸੇ ਕਾਰਣ ਮੈਂ ਸ੍ਰਮਣ ਭਗਵਾਨ ਮਹਾਵੀਰ ਨੂੰ ਮਹਾਂਧਰਮ ਕਥਾ ਕਰਨ ਵਾਲੇ ਆਖਦਾ ਹਾਂ।

ਗੋਸ਼ਾਲਕ—ਕਿ ਇਥੇ ਮਹਾਂਨਿਰਯਾਮਕ ਆਏ ਸਨ ?

ਸਧਾਲਪੁਤਰ :—ਮਹਾਨਿਰਯਾਮਕ ਕੌਣ ਹਨ ?

ਗੋਸ਼ਾਲਕ—ਸ਼੍ਰਮਣ ਭਗਵਾਨ ਮਹਾਵੀਰ ਮਹਾਂਨਿਰਯਾਮਕ ਹਨ ?

ਸਧਾਲਪੁਤਰ—ਆਪ ਇਹ ਕਿਸ ਪ੍ਰਕਾਰ ਆਖਦੇ ਹੋ, ਕਿ ਸ਼੍ਰਮਣ ਭਗਵਾਨ ਮਹਾਵੀਰ ਮਹਾਂਨਿਰਯਾਮਕ ਹਨ ?

ਗੋਸ਼ਾਲਕ—ਹੇ ਦੇਵਤਿਆਂ ਦੇ ਪਿਆਰੇ ! ਸ਼੍ਰਮਣ ਭਗਵਾਨ ਮਹਾਵੀਰ ਸੰਸਾਰ ਰੂਪੀ

---

ਪਾਠ ਨੰ: 186 ਦੀ ਟਿੱਪਣੀ—

ਮਹਾਮਾਹਨ ਭਾਵ ਹੈ ਜੋ ਆਦਮੀ ਆਪ ਕਿਸੇ ਜੀਵ ਨੂੰ ਨਾ ਮਾਰਨ ਦਾ ਨਿਯਮ ਲਈ ਕਰਦਾ ਹੈ ਨਾਲ ਹੀ ਦੂਸਰਿਆਂ ਨੂੰ ਉਪਦੇਸ਼ ਦਿੰਦਾ ਹੈ। ਜੋ ਸੂਖਮ ਤੇ ਸਥੂਲ ਸਾਰੇ ਜੀਵਾਂ ਦੀ ਹਿੰਸਾ ਤੋਂ ਰਹਿਤ ਹੈ।"

(ਅਚਾਰਿਆ ਅਭੈਦੇਵ ਸੂਰੀ)

ਮਹਾਸਮੁੰਦਰ ਵਿਚ ਨਸ਼ਟ ਹੋ ਰਹੇ ਹਨ, ਵਿਨਾਸ ਹੋ ਰਹੇ, ਗੋਤੇ ਖਾ ਰਹੇ, ਵਹਿੰਦੇ ਹੋਏ ਬਹੁਤ ਸਾਰੇ ਜੀਵਾਂ ਨੂੰ, ਧਰਮ ਰੂਪੀ ਕਿਸ਼ਤੀ ਰਾਂਹੀ ਨਿਰਵਾਨ ਰੂਪੀ ਕਿਨਾਰੇ ਤੇ ਲੈ ਆਉਂਦੇ ਹਨ। ਇਸ ਲਈ ਸ਼੍ਰਮਣਭਗਵਾਨ ਮਹਾਵੀਰ ਮਹਾਂਨਿਰਯਾਮਕ ਹਨ। 214।

ਇਸਤੋਂ ਸ਼ਧਾਲਪੁੱਤਰ ਸ਼੍ਰਮਣਾਂ ਦਾ ਉਪਾਸਕ, ਸੰਖਲੀ ਪੁਤਰ ਗੋਸ਼ਾਲਕ ਨੂੰ ਆਖਣ ਲਗਾ "ਹੇ ਦੇਵਤਿਆਂ ਦੇ ਪਿਆਰੇ! ਤੁਸੀਂ ਇਸ ਪ੍ਰਕਾਰ ਮੌਕਾ ਵੇਖ ਕੇ ਗੱਲ ਕਰਨ ਵਾਲੇ ਹੋ, ਨਿਪੁੰਨ ਹੋ, ਨੀਤੀਵਾਨ ਹੋ, ਪੜੇ ਲਿਖੇ ਹੋ ਕਿ ਤੁਸੀਂ ਮੇਰੇ ਧਰਮ ਅਚਾਰੀਆ ਸ਼੍ਰਮਣ ਭਗਵਾਨ ਮਹਾਵੀਰ ਨਾਲ ਧਰਮ ਚਰਚਾ ਕਰ ਸਕਦੇ ਹੋ?

ਗੋਸ਼ਾਲਕ ਨੇ ਕਿਹਾ "ਮੈਂ ਨਹੀਂ ਕਰ ਸਕਦਾ"

ਸਧਾਲਪੁਤਰ ਨੇ ਪੁਛਿਆ "ਹੇ ਦੇਵਤਿਆਂ ਦੇ ਪਿਆਰੇ! ਇਸ ਦਾ ਕੀ ਕਾਰਣ ਹੈ?

"ਸਧਾਲਪੁਤਰ—ਜਿਵੇ ਕੋਈ ਨੌਜਵਾਨ, ਬਲਵਾਨ, ਭਾਗਾਂ ਵਾਲਾ, ਯੁਵਕ ਰੋਗ ਰਹਿਤ ਤੇ ਦਰਿੜ ਬਾਹਾਂ, ਹਥ ਪੈਰ, ਪਗਲੀਆਂ ਪੀਠ ਦੇ ਦਰਮਿਆਨ ਮਜਬੂਤ ਹਿਸੇ ਵਾਲਾ ਪੱਟਾਂ ਵਾਲਾ, ਕਲਾ ਕੌਸ਼ਲ ਦਾ ਜਾਨਕਾਰ, ਪੁਰਸ਼ ਕਿਸੇ ਵੀ ਬਕਰੇ, ਦੂੰਬੇ, ਸੂਅਰ, ਕੰਪਿਜਲ, ਕੋਂ ਅਤੇ ਬਾਜ ਨੂੰ ਹਥ ਪੈਰ ਖੁਹ ਪੂੰਛ, ਫੰਗ ਸਿੰਗ, ਦੰਦਾਂ ਅਤੇ ਬਾਲ ਜਿਥੋਂ ਵੀ ਚਾਹੇ ਪਕੜ ਸਕਦਾ ਹੈ ਅਤੇ ਬਿਨਾ ਹਿਲਾਏ ਚਲਾਏ ਉਸ੍ਨੂੰ ਦੱਬ ਸ਼ਕਦਾ ਹੈ ਇਸੇ ਪ੍ਰਕਾਰ ਸ਼੍ਰਮਣ ਭਗਵਾਨ ਮਹਾਵੀਰ ਅਨੇਕਾਂ ਅਰਥਾਂ ਹੇਤੂਆਂ (ਕਾਰਣਾ) ਆਦਿ ਵਿਆਕਰਨਾ, ਪ੍ਰਸ਼ਨ ਉਤਰਾਂ ਰਾਂਹੀ ਮੈਂਨੂੰ ਜਿਥੇ ਚਾਹੁਣ ਪਕੜ ਸਕਦੇ ਹਨ ਮੈਨੂੰ ਲਾਜੁਆਬ ਕਰ ਸਕਦੇ ਹਨ। ਹੇ ਸ਼ਧਾਲਪੁੱਤਰ! ਇਸ ਲਈ ਮੈਂ ਆਖਦਾ ਹਾਂ ਕਿ ਤੇਰੇ ਧਰਮਆਚਾਰੀਆ ਭਗਵਾਨ ਮਹਾਵੀਰ ਦੇ ਨਾਲ ਮੈਂ ਧਰਮ-ਚਰਚਾ ਕਰਨ ਤੋਂ ਅਸਮਰਥ ਹਾਂ। 215।

ਇਸ ਪ੍ਰਕਾਰ ਗੋਸ਼ਾਲ ਮੰਖਲੀਪੁਤਰ ਦੇ ਬਚਣ ਸੁਣਕੇ ਸਧਾਲਪੁਤਰ ਸ਼੍ਰਮਣਾਂ ਦਾ ਉਪਾਸਕ ਆਖਣ ਲੱਗਾ "ਹੇ ਦੇਵਤਿਆਂ ਦੇ ਪਿਆਰੇ ਕਿਉਂਕਿ ਤੂੰ ਮੇਰੇ ਧਰਮ ਅਚਾਰੀਆਂ ਸ਼੍ਰਮਣ ਭਗਵਾਨ ਮਹਾਵੀਰ ਦੀ ਸੱਚੀ, ਤੱਥਾਂ ਨਾਲ ਭਰਪੂਰ ਗੁਣ ਕੀਰਤੀ (ਪ੍ਰਸ਼ੰਸਾ) ਕੀਤੀ ਹੈ ਇਸ ਲਈ ਮੈਂ ਤੈਨੂੰ ਵਾਪਸੀਯੋਗ ਚੋਕੀ, ਫੱਟਾ ਆਸਨ ਤੇ ਵਿਛੌਣਾ ਲਈ ਬੇਨਤੀ ਕਰਦਾ ਹਾਂ (ਮੈਂ ਇਸ ਪ੍ਰਾਹੁਣਾਚਾਰੀ ਵਿਚ ਕੋਈ ਧਰਮ ਜਾਂ ਤੱਪ ਨਹੀਂ ਸਮਝਦਾ ਫਿਰ ਵੀ ਆਪ ਜਾਓ ਤੇ ਮੇਰੇ ਭਾਂਡਿਆ ਦੀਆਂ ਦੁਕਾਨਾਂ ਤੇ ਚੋਕੀ, ਫੱਟਾ ਆਸਨ ਵਿਛੌਣਾ ਲੈ ਸਕਦੇ ਹੋ।216।

ਇਸਤੋਂ ਬਾਅਦ ਸੰਖਲੀਪੁੱਤਰ ਗੋਸ਼ਾਲਕ ਨੇ ਸਧਾਲਪੁਤਰ ਸ਼੍ਰਮਣਾਂ ਦੇ ਉਪਾਸਕ ਦੀ ਇਸ ਗਲ ਨੂੰ ਸਵੀਕਾਰ ਕਰਕੇ ਵਾਪਸੀ ਯੋਗ ਵਸਤਾਂ ਚੋਕੀ ਆਦਿ ਚੀਜਾਂ ਉਸਦੀ ਦੁਕਾਨ ਤੋਂ ਲੈ ਲਈਆਂ।217।

ਜਦ ਮੰਖਲੀਪੁਤਰ ਗੋਸ਼ਾਲਕ ਅਨੇਕਾਂ ਪ੍ਰਕਾਰ, ਸਧਾਰਨ ਗੱਲਾਂ ਰਾਂਹੀ ਭਿੰਨ-ਭਿੰਨ ਵਿਆਖਿਆ ਰਾਹੀਂ ਗਿਆਨ ਤੇ ਵਿਗਿਆਨ ਰਾਂਹੀ ਸਧਾਲਪੁਤਰ ਸ਼੍ਰਮਣਾਂ ਦਾ ਉਪਾਸਕ ਨੂੰ ਨਿਰਗ੍ਰੰਥ ਪ੍ਰਵਚਨ (ਜੈਨ ਧਰਮ) ਤੋਂ ਗਿਰਾ, ਤੰਗ ਜਾ ਵਿਰੋਧੀ ਨਾ ਕਰ ਸਕਿਆ ਤਾਂ ਉਹ ਤੰਗ ਹੋਇਆ, ਘਬਰਾਇਆ ਹੋਇਆ, ਦੁਖੀ ਹੋਇਆ ਪੋਲਾਸਪੁਰ ਸ਼ਹਿਰ ਤੋਂ ਦੂਰ ਗਿਆ ਉਹ ਹੋਰ ਦੇਸ਼ਾਂ ਵਿਚ ਘੁੰਮਨ ਫਿਰਨ ਲੱਗਾ ।218।

ਸਧਾਲਪੁਤਰ ਸ਼੍ਰਮਣਾਂ ਦਾ ਉਪਾਸਕ ਬਹੁਤ ਸਮੇਂ ਸ਼ੀਲ ਆਦਿ ਵਰਤਾਂ ਨਿਯਮਾਂ ਰਾਂਹੀ ਆਤਮਾ ਨੂੰ ਪਵਿਤਰ ਕਰਦੇ ਹੋਏ ਜਦ 14 ਸਾਲ ਬੀਤ ਗਏ 15ਵੇਂ ਸਾਲ ਇਕ ਅੱਧੀ ਰਾਤ ਨੂੰ ਪੌਸਧਸਾਲਾ ਵਿਚ ਸ਼੍ਰਮਣ ਭਗਵਾਨ ਮਹਾਵੀਰ ਦੇ ਧਰਮ-ਅਰਾਧਨਾ ਕਰ ਰਿਹਾ ਸੀ ।219।

ਇਸ ਸਮੇਂ ਇਕ ਦੇਵਤਾ ਅਧੀ ਰਾਤ ਨੂੰ ਸਧਾਲਪੁਤਰ ਸ਼੍ਰਮਣਾਂ ਦੇ ਉਪਾਸਕ ਕੋਲ ਪ੍ਰਗਟ ਹੋਇਆ ।220।

ਉਹ ਦੇਵਤੇ ਨੇ ਨੀਲ ਕਮਲ ਦੀ ਤਰਾਂ ਚਮਕੀਲੀ ਤਲਵਾਰ ਦੇਕੇ ਚੁਲਨੀਪਿਤਾ ਦੀ ਤਰਾਂ ਅਨੇਕਾਂ ਕਸ਼ਟ ਦਿਤੇ ਫਰਕ ਸਿਰਫ਼ ਇਹੋ ਹੈ ਕਿ ਉਸਨੇ ਹਰ ਪੁਤਰ ਦੇ ਨੌ ਟੁਕੜੇ ਕੀਤੇ, ਛੋਟੇ ਲੜਕੇ ਨੂੰ ਮਾਰ ਦਿਤਾ ਅਤੇ ਸਧਾਲਪੁਤਰ ਦੇ ਸਰੀਰ ਤੇ ਲਹੂ ਤੇ ਮਾਸ ਦੇ ਛਿੱਟੇ ਸੁਟੇ ।221।

ਫਿਰ ਵੀ ਸਧਾਲਪੁਤਰ ਸ਼੍ਰਮਣਾਂ ਦਾ ਉਪਾਸਕ ਸਮਾਧੀ ਵਿਚ ਸਥਿਰ ਰਿਹਾ ।223।

ਇਸਤੋਂ ਬਾਅਦ ਜਦ ਦੇਵਤੇ ਨੇ ਸਧਾਲਪੁਤਰ ਸ਼੍ਰਮਣਾਂ ਦੇ ਉਪਾਸਕ ਨੂੰ ਸਮਾਧੀ ਵਿਚ ਮਜਬੂਤ ਵੇਖਿਆ ਤਾਂ ਚੌਥੀ ਵਾਰ ਆਖਣ ਲਗਾ "ਹੇ ਸਧਾਲਪੁਤਰ ਸ਼੍ਰਮਣਾਂ ਦੇ ਉਪਾਸਕ ਮੌਤ ਨੂੰ ਚਾਹੁਣ ਵਾਲੇ, ਜੇ ਤੂੰ ਸੀਲ ਆਦਿ ਵਰਤ ਨਹੀਂ ਛਡੇਗਾ ਤਾਂ ਮੈਂ ਤੇਰੀ ਅਗਨੀਮਿਤਰਾ ਨਾਂ ਦੀ ਔਰਤ ਜੋ ਕਿ ਤੇਰੀ ਧਰਮ ਦੀ ਸਹਾਇਕਾ ਹੈ ਤੇਰੇ ਧਰਮ ਨੂੰ ਸੁਰਖਿਅਤ ਰੱਖਣ ਵਾਲੀ ਹੈ, ਧਰਮ ਦੇ ਪਿਆਰ ਵਿਚ ਰੰਗੀ ਹੋਈ ਹੈ ਤੇਰੇ ਦੁਖ ਸੁਖ ਦੀ ਸਹਾਇਕ ਹੈ ਉਸ ਨੂੰ ਤੇਰੇ ਘਰੋਂ ਲਿਆ ਕੇ ਤੇਰੇ ਸਾਹਮਣੇ ਮਾਰ ਕੇ ਨੌ ਟੁਕੜੇ ਕਰਾਂਗਾ,

---

ਪਾਠ ਨੰ: 216 ਦੀ ਟਿੱਪਣੀ —,

ਸਧਾਲਪੁਤਰ ਨੇ ਗੋਸਾਲਕ ਨੂੰ ਸਪਸ਼ਟ ਕਿਹਾ ਕਿ ਮੈਂ ਜੋ ਆਪ ਨੂੰ ਚੌਂਕੀ ਫੱਟੇ ਲਈ ਬੁਲਾਵਾ ਦਿਤਾ ਹੈ ਉਹ ਧਰਮ ਦਾ ਕੰਮ ਨਹੀਂ ਸਮਝਦਾ ਸਗੋਂ ਇਹ ਇਸ ਲਈ ਦੇ ਰਿਹਾ ਹਾਂ ਕਿਉਂਕਿ ਆਂਪਣੇ ਮੇਰੇ ਗੁਰੂ ਦੀ ਸੱਚੀ ਪ੍ਰਸ਼ੰਸਾ ਕੀਤੀ ਹੈ ਮੈਂ ਇਹ ਗੁਰੂ ਤੇ ਧਰਮ ਬੁਧੀ ਨਾਲ ਨਹੀਂ ਦੇ ਰਿਹਾ ਸਗੋਂ ਪੋਹਣਾਚਾਰੀ ਦਾ ਫਰਜ ਨਿਭਾ ਰਿਹਾ ਹਾਂ। ਧਰਮ ਜਾਂ ਪੁੰਨ ਸਮਝਕੇ ਨਹੀਂ ਦੇ ਰਿਹਾ।

ਉਸ ਨੂੰ ਤੇਲ ਦੇ ਭਰੇ ਕੜਾਹੇ ਵਿਚ ਤਲਾਂਗਾ, ਉਸ ਦੇ ਮਾਸ ਤੇ ਖੂਨ ਦੇ ਛਿੱਟੇ ਤੇਰੇ ਸਰੀਰ ਤੇ ਸੁਟਾਂਗਾ। ਇਸ ਕਾਰਣ ਤੂੰ ਚਿੰਤਾ ਕਰੇਂਗਾ, ਬੇਵਸ ਹੋਕੇ ਸਮੇਂ ਤੋਂ ਪਹਿਲਾਂ ਹੀ ਮਰ ਜਾਵੇਂਗਾ।223।

ਇਸ ਤੋਂ ਬਾਅਦ ਦੇਵਤੇ ਦੇ ਇਸ ਪ੍ਰਕਾਰ ਆਖਣ ਤੇ ਵੀ ਉਹ ਸਧਾਲਪੁਤਰ ਸ਼੍ਰਮਣਾਂ ਦਾ ਉਪਾਸਕ ਧਰਮ ਵਿਚ ਮਜ਼ਬੂਤ ਰਿਹਾ।224।

ਦੇਵਤੇ ਨੇ ਦੂਸਰੀ ਤੇ ਤੀਸਰੀ ਵਾਰ ਇਸੇ ਪ੍ਰਕਾਰ ਕਿਹਾ।225।

ਜਦ ਉਸ ਅਨਾਰੀਆ ਪੁਰਸ਼ ਨੇ ਦੂਸਰੀ ਤੇ ਤੀਸਰੀ ਵਾਰ ਇਸੇ ਪ੍ਰਕਾਰ ਕਿਹਾ ਤਾਂ ਸਧਾਲਪੁਤਰ ਸ਼੍ਰਮਣਾਂ ਦਾ ਉਪਾਸਕ ਮਨ ਵਿਚ ਆਖਣ ਲਗਾ "ਇਹ ਪੁਰਸ਼ ਅਨਾਰੀਆ (ਦੁਸ਼ਟ) ਹੈ (ਬਾਕੀ ਦਾ ਵਰਨਣ ਪਹਿਲੇ ਸ਼੍ਰਾਵਕਾਂ ਦੀ ਤਰਾਂ ਸਮਝਣਾ ਚਾਹੀਦਾ ਹੈ) ਉਸਨੇ ਸੋਚਿਆ "ਇਸਨੇ ਮੇਰੇ ਬੜੇ, ਦਰਮਿਆਨੇ ਤੇ ਛੋਟੇ ਪੁਤਰ ਮਾਰ ਦਿਤੇ ਹਨ ਉਨ੍ਹਾਂ ਦੇ ਟੁਕੜੇ ਟੁਕੜੇ ਕਰਕੇ ਉਨ੍ਹਾਂ ਦਾ ਖੂਨ ਤੇ ਮਾਸ ਮੇਰੇ ਤੇ ਸੁਟਿਆ ਹੈ ਹੁਣ ਇਹ ਮੇਰੀ ਪਤਨੀ ਅਗਨੀ-ਮਿਤਰਾ ਜੋ ਮੇਰੀ ਸੁੱਖ ਦੁੱਖ ਤੇ ਧਰਮ ਦੀ ਸਹਾਇਕਾ ਹੈ। ਘਰ ਵਿਚ ਲਿਆ ਕੇ ਮਾਰਨਾ ਚਾਹੁੰਦਾ ਹੈ ਇਹ ਸਾਰਾ ਵਿਰਤਾਂਤ ਚੁਲਨੀਪਿਤਾ ਸ਼੍ਰਮਣਾਂ ਦੇ ਉਪਾਸਕ ਦੀ ਤਰਾਂ ਹੈ ਫਰਕ ਸਿਰਫ ਇਹ ਹੈ ਕਿ ਚੁਲਨੀਪਿਤਾ ਨੂੰ ਉਸਦੀ ਮਾਂ ਧਰਮ ਵਿਚ ਦਰਿੜ੍ਹ ਕਰਦੀ ਹੈ ਇਥੇ ਉਸਦੀ ਪਤਨੀ ਅਗਨੀਮਿਤਰਾ ਆਉਂਦੀ ਹੈ ਸਧਾਲਪੁਤਰ ਵੀ ਮਰਕੇ ਅਰੁਣ ਭੂਤ ਵਿਮਾਨ ਵਿਚ ਪੈਦਾ ਹੋਇਆ ਉਹ ਵੀ ਮਹਾਵਿਦੇਹ ਖੇਤਰ ਵਿਚ ਪੈਦਾ ਹੋਕੇ ਸਿਧ ਗਤੀ ਪ੍ਰਾਪਤ ਕਰੇਗਾ।226।

---

ਪਾਠ ਨੰ: 223 ਦੀ ਟਿੱਪਣੀ

ਇਥੇ ਸ਼੍ਰਮਣ ਭਗਵਾਨ ਮਹਾਵੀਰ ਨੇ ਇਸਤਰੀ ਦੇ ਲਈ ਚਾਰ ਸਤਿਕਾਰ ਯੋਗ ਵਿਸ਼ੇਸ਼ਨ ਵਰਤੇ ਹਨ ਜੋ ਉਨਾਂ ਦੇ ਮਨ ਵਿਚ ਇਸਤਰੀ ਜਾਤੀ ਪ੍ਰਤਿ ਸਤਿਕਾਰ ਨੂੰ ਪ੍ਰਗਟਾਂਦੇ ਹਨ —

(1) ਧਰਮ ਸਹਾਇਕਾ (2) ਧਰਮ ਵੈਦ (ਭਾਵ ਪਤੀ ਨੂੰ ਪਾਪ ਰੂਪੀ ਰੋਗਾਂ ਤੋਂ ਵੈਦ ਦੀ ਤਰਾਂ ਦੂਰ ਰਖਣ ਵਾਲੀ) (3) ਧਰਮ ਅਨੁਰਾਗਰਤਾ (ਧਰਮ ਦੇ ਰੰਗ ਵਿਚ ਰੰਗੀ ਹੋਈ) (4) ਸਮ ਦੁਖ ਸੁਖ ਸਹਾਇਕਾ (ਸੁਖ ਦੁਖ ਦੀ ਸਾਥੀ)



# • ੮ •

ਇਸ ਅਧਿਐਨ ਵਿਚ ਮਹਾਸ਼ਤਕ ਨਾਂ ਦੇ ਉਪਾਸਕ ਦਾ ਵਰਨਣ ਆਇਆ ਹੈ। ਜਿਸ ਦੀਆਂ ਰੇਵਤੀ ਸਮੇਤ 13 ਇਸਤਰੀਆਂ ਸਨ। ਰੇਵਤੀ ਚਾਰਿੱਤਰਹੀਣ, ਸ਼ਰਾਬ ਅਤੇ ਮਾਸ ਦਾ ਸੇਵਨ ਕਰਨ ਵਾਲੀ ਸੀ। ਉਸ ਨੇ ਅਪਣੀ 12 ਸੌਂਕਣਾਂ ਨੂੰ ਮਾਰ ਕੇ ਉਨ੍ਹਾਂ ਦੀ ਸੰਪਤੀ ਤੇ ਅਧਿਕਾਰ ਕਰ ਲਿਆ ਸੀ। ਇਕ ਦਿਨ ਸ਼ਰਾਬੀ ਹਾਲਤ ਵਿਚ ਇਹ ਭਗਵਾਨ ਮਹਾਵੀਰ ਦੇ ਭਗਤ ਮਹਾਸ਼ਤਕ ਨੂੰ ਧਿਆਨ ਤੋਂ ਗਿਰਾਉਣ ਲਈ ਪਹੁੰਚੀ। ਉਸ ਸਮੇਂ ਮਹਾਸ਼ਤਕ ਨੂੰ ਅਵਧੀ ਗਿਆਨ ਹੋ ਗਿਆ ਸੀ। ਉਸ ਨੇ ਰੇਵਤੀ ਦੇ ਮਰ ਕੇ ਨਰਕ ਜਾਣ ਦੀ ਭਵਿੱਖ ਬਾਨੀ ਕੀਤੀ। ਅਗਲੇ ਦਿਨ ਭਗਵਾਨ ਮਹਾਵੀਰ ਨੇ ਇਸ ਨੂੰ ਇਸ ਦੀ ਕੌੜੀ ਗਲ ਆਖਣ ਦੇ ਉਪਰ ਪ੍ਰਾਯਸ਼ਚਿਤ ਕਰਨ ਲਈ ਕਿਹਾ, ਜੋ ਮਹਾਸ਼ਤਕ ਨੇ ਖਿੜੇ ਮੱਥੇ ਸਵੀਕਾਰ ਕੀਤਾ। ਅੰਤ ਸਮੇਂ ਸ਼੍ਰਾਵਕ ਧਰਮ ਦਾ ਪਾਲਣ ਕਰਦਾ ਸੌਧਰਮ ਕਲਪ ਨਾਂ ਦੇ ਦੇਵਲੋਕ ਵਿਚ ਅਰੁਣਾਵਤੰਸਕ ਵਿਮਾਨ ਵਿਚ ਦੇਵਤਾ ਰੂਪ ਵਿਚ ਪੈਦਾ ਹੋਇਆ। ਇਹ ਰਾਜਗ੍ਰਹਿ ਦਾ ਨਿਵਾਸੀ ਸੀ। ਭਗਵਾਨ ਮਹਾਵੀਰ ਦੇ 22ਵੇਂ ਚੌਮਾਸੇ ਵਿਚ ਸ਼੍ਰਾਵਕ ਬਣਿਆ। ਭਵਿੱਖ ਵਿਚ ਇਹ ਵੀ ਸਿੱਧ, ਬੁੱਧ ਮੁਕਤ ਹੋਵੇਗਾ।

# ਅਠਵਾਂ ਅਧਿਐਨ

ਅਠਵੇਂ ਅਧਿਐਨ ਵਿਚ ਵੀ ਸ਼ੁਰੂ ਦਾ ਵਾਰਤਾਲਾਪ ਪਹਿਲੇ ਅਧਿਐਨ ਦੀ ਤਰ੍ਹਾਂ ਹੈ। ਸ੍ਰੀ ਜੰਬੂ ਸਵਾਮੀ ਦੇ ਪ੍ਰਸ਼ਨ ਦੇ ਉੱਤਰ ਵਿਚ ਸ੍ਰੀ ਸੁਧਰਮਾ ਸਵਾਮੀ ਫੁਰਮਾਂਦੇ ਹਨ। ਉਸ ਕਾਲ ਉਸ ਸਮੇਂ ਰਾਜਗ੍ਰਹਿ ਨਾਂ ਦੀ ਨਗਰੀ ਸੀ, ਗੁਣਸ਼ੀਲ ਨਾਂ ਦਾ ਚੈਤਯ ਸੀ। ਸ਼੍ਰੇਣਿਕ ਨਾਂ ਦਾ ਰਾਜਾ ਰਾਜ ਕਰਦਾ ਸੀ।227।

ਉਸੇ ਰਾਜਗ੍ਰਹਿ ਨਗਰ ਵਿਚ ਮਹਾਸ਼ਤਕ ਨਾਂ ਦਾ ਗਾਥਾਪਤੀ ਰਹਿੰਦਾ ਸੀ (ਜਿਵੇਂ ਕਿ ਆਨੰਦ ਸ਼੍ਰਾਵਕ ਬਨਿਆ ਗਰਾਮ ਵਿਚ ਸ਼ਾਨ ਸ਼ੌਕਤ ਨਾਲ ਰਹਿੰਦਾ ਸੀ) ਉਸਦੇ ਖਜ਼ਾਨੇ ਵਿਚ 8 ਕਰੋੜ ਸੋਨੇ ਦੀਆਂ ਮੋਹਰਾਂ ਸਨ। 8 ਕਰੋੜ ਸੋਨੇ ਦੀ ਮੋਹਰਾਂ ਵਿਊਪਾਰ ਵਿਚ ਅਤੇ 8 ਕਰੋੜ ਸੋਨੇ ਦੀਆਂ ਮੋਹਰਾਂ ਘਰ ਦੇ ਸਾਜ ਸਮਾਨ ਵਿਚ ਲਗੀਆਂ ਹੋਈਆਂ ਸਨ ਉਸ ਕੋਲ ਦਸ ਹਜਾਰ ਦੇ ਹਿਸਾਬ ਨਾਲ 80000 ਗਾਵਾਂ ਦੇ 8 ਬ੍ਰਿਜ ਸਨ।228।

ਉਸਦੀ ਰੇਵਤੀ ਆਦਿ 13 ਪਤਨੀਆਂ ਸਨ ਸਾਰੀਆਂ ਖੂਬਸੂਰਤ ਅਤੇ ਸਾਰੇ ਅੰਗ ਸੰਪੂਰਨ ਰਖਦੀਆਂ ਸਨ।229।

ਰੇਵਤੀ ਦੇ ਕੋਲ ਉਸਦੇ ਪਿਤਾ ਵਲੋਂ ਦਹੇਜ ਵਿਚ ਦਿਤੀਆਂ 8 ਕਰੋੜ ਸੋਨੇ ਦੀਆਂ ਮੋਹਰਾਂ ਅਤੇ ਦਸ ਦਸ ਹਜਾਰਾਂ ਵਾਲੇਆਂ ਗਾਵਾਂ ਦੇ 8 ਬਿਰਜ ਗਉਆਂ ਦੇ ਸਨ ਬਾਕੀ 12 ਇਸਤਰੀਆਂ ਕੋਲ ਪਿਤਾ ਰਾਹੀ ਦਿਤੀਆਂ ਇਕ ਇਕ ਕਰੋੜ ਸੋਨੇ ਦੀਆਂ ਮੋਹਰਾਂ ਅਤੇ ਇਕ-ਇਕ ਬਿਰਜ ਗਾਵਾਂ ਦੇ ਸਨ।230।

ਉਸ ਕਾਲ, ਉਸੇਂ ਸਮੇ ਸ਼੍ਰਮਣ ਭਗਵਾਨ ਮਹਾਵੀਰ ਰਾਜਗ੍ਰਹਿ ਨਗਰੀ ਵਿਚ ਪਧਾਰੇ। ਲੋਕ ਦਰਸ਼ਨ ਲਈ ਧਰਮ ਸਭਾ ਵਿਚ ਪਹੁੰਚੇ। ਮਹਾਂਸਤਕ ਵੀ ਆਨੰਦ ਦੀ ਤਰ੍ਹਾਂ ਭਗਵਾਨ ਦੇ ਦਰਸ਼ਨ ਲਈ ਪਹੁੰਚਿਆ ਅਤੇ ਗ੍ਰਹਿਸਥ ਧਰਮ ਸਵੀਕਾਰ ਕੀਤਾ। ਫਰਕ ਇਹੋ ਹੈ ਕਿ ਉਸਨੇ 8 ਕਰੋੜ ਮੋਹਰਾਂ ਆਦਿ ਰਖਣ ਦੀ ਮਰਿਆਦਾ ਲਈ ਰੇਵਤੀ ਆਦਿ 13 ਇਸਤਰੀਆਂ ਤੋਂ ਛੁਟ ਹੋਰ ਇਸਤਰੀਆਂ ਨਾਲ ਭੋਗ ਭੋਗਨ ਦਾ ਤਿਆਗ ਕਰ ਦਿਤਾ ਬਾਕੀ ਦੀਆਂ ਪ੍ਰਤਿਗਿਆਵਾਂ ਆਨੰਦ ਸ਼੍ਰਾਵਕ ਦੀ ਤਰਾਂ ਹਨ। ਉਸਨੇ ਇਹ ਵੀ ਪ੍ਰਤਿਗਿਆ ਲਈ ਕਿ ਮੈਂ

ਦੋ ਦਰੋਣ (ਦੋਣ) ਦੇ ਭਾਂਡੇ ਵਿਚ ਜਿੰਨੀਆਂ ਵੀ ਸੋਨੇ ਦੀਆਂ ਮੋਹਰਾਂ ਆਉਣਗੀਆਂ ਉਨੀਆਂ ਮੋਹਰਾਂ ਨਾਲ ਰੋਜ ਵਿਪਾਰ ਕਰਿਆ ਕਰਾਂਗਾ ।231।

ਮਹਾਂਸਤਕ ਸ੍ਰਮਣਾ ਦਾ ਉਪਾਸਕ ਬਨ ਗਿਆ, ਉਹ ਜੀਵ ਅਜੀਵ ਆਦਿ ਨੌ ਤੱਤਵਾਂ ਦਾ ਜਾਣਕਾਰ ਬਨ ਗਿਆ ।232।

ਇਸਤੋਂ ਬਾਅਦ ਸ੍ਰਮਣ ਭਗਵਾਨ ਮਹਾਂਵੀਰ ਹੋਰ ਦੇਸ਼ਾਂ ਵਿਚ ਧਰਮ-ਪ੍ਰਚਾਰ ਕਰਦੇ ਹੋਏ ਘੁੰਮਨ ਫਿਰਨ ਲਗੇ ।233।

ਰੇਵਤੀ ਗਾਥਾਪਤਨੀ ਇਕ ਰਾਤ, ਅਧੀ ਰਾਤ ਵੇਲੇ ਸੋਚਣ ਲਗੀ । ਮੈਂ ਇਨਾਂ 12 ਸੌਕਣਾਂ ਕਾਰਣ ਮਹਾਂਸਤਕ ਸ੍ਰਮਣਾ ਦੇ ਉਪਾਸਕ ਨਾਲ ਠੀਕ ਤਰਾਂ ਨਾਲ ਭੋਗ ਨਹੀਂ ਸਕਦੀ, ਚੰਗਾ ਹੋਵੇ ਮੈਂ ਇਨਾਂ ਸੌਕਣਾ ਨੂੰ ਮਾਰ ਦੇਵਾਂ ਅਤੇ ਇਨਾਂ ਦੀ ਇਕ ਇਕ ਕਰੋੜ ਸੋਨੇ ਦੀਆਂ ਮੋਹਰਾਂ ਅਤੇ ਬ੍ਰਿਜਾਂ ਤੇ ਕਬਜਾ ਕਰ ਲਵਾਂ, ਅਤੇ ਮਹਾਂਸ਼ਤਕ ਸ੍ਰਮਣਾ ਦੇ ਉਪਾ-ਸਕ ਨਾਲ ਇੱਛਾ ਅਨੁਸਾਰ ਭੋਗਾਂ ਦਾ ਆਨੰਦ ਲਵਾਂ" ਇਹ ਸੋਚ ਕੇ ਉਹ ਉਨਾਂ ਇਸਤਰੀਆਂ ਦੇ ਗੁਪਤ ਭੇਦ ਤੇ ਛੇਦ ਢੂੰਡਣ ਲਗੀ ।234।

ਰੇਵਤੀ ਗਾਥਾਪਤਨੀ ਨੇ ਆਪਣੀਆਂ 12 ਸੌਕਣਾ ਦੇ ਗੁਪਤ ਭੇਦ ਜਾਨ ਲਏ । 6 ਨੂੰ ਉਸਨੇ ਹਥਿਆਰ ਰਾਂਹੀ ਅਤੇ 6 ਨੂੰ ਵਿਸ਼ ਦੇਕੇ ਮਾਰ ਦਿਤਾ । ਉਨਾਂ ਦੀਆਂ ਸੋਨੇ ਦੀਆਂ ਮੋਹਰਾਂ ਤੇ ਗਾਵਾਂ ਦਾ ਬ੍ਰਿਜ਼ ਤੇ ਕਬਜਾ ਕਰ ਲਿਆ ਉਹ ਮਹਾਸ਼ਤਕ ਸ੍ਰਮਣਾ ਦੇ ਉਪਾਸਕ ਨਾਲ ਮਨ ਚਾਹੇ ਭੋਗ ਭੋਗਣ ਲਗੀ ।235।

ਰੇਵਤੀ ਗਾਥਾਪਤਨੀ ਮਾਸ ਤੇ ਸ਼ਰਾਬ ਦੇ ਰੰਗ ਵਿਚ ਡੁਬੀ ਰਹਿਣ ਲਗੀ । ਤਿੰਨ ਕਿਸਮਾਂ ਦੇ ਮਾਸਾਂ ਦੇ ਬਨੇ ਸਿੱਖਾਂ ਦੇ ਕਬਾਬ, ਤਲ ਕੇ, ਭੁਨ ਕੇ ਖਾਣ ਲਗੀ, ਮਾਸ ਦੇ ਨਾਲ ਨਾਲ ਸੂਰ, ਸੀਧੂ, ਮੇਰਕ, ਮਧੂ, ਮਧ ਆਦਿ ਅਨੇਕਾਂ ਕਿਸਮਾਂ ਦੀ ਸ਼ਰਾਬ ਸੇਵਨ ਕਰਨ ਲਗੀ ।236।

---

ਦਰੋਣ (ਡ੍ਰੋਣ) ਮਗਧਦੇਸ ਦੇਸ਼ ਪੈਮਾਣਾ ਹੈ । 16 ਸੇਰ ਦਾ ਇਕ ਦਰੋਣ ਹੈ । ਮਹਾਵੀਰ ਗਣਿਤਸਾਰ ਵਿਚ ਆਖਿਆ ਗਿਆ ਹੈ—

> आद्या षोडशिका तत्र कुडवः प्रस्थ आधकः ।
> द्रोणो मानी ततः खारी क्रमेण चतुराहृतः ।।

**ਭਾਵ**—ਸੋਡੀਕਾ (ਛਟਾਂਕ) ਕੁੜਵ, ਪ੍ਰਸਥ ਆੜਕ ਦਰੋਣ ਮਾਣੀ ਤੇ ਖਾਰੀ ਇਹ ਇਕ ਦੂਸਰੇ ਤੋਂ ਚਾਰ ਗੁਣੇ ਹਨ ਭਾਵ ਚਾਰ ਸੇਰ ਦਾ ਇਕ ਆੜਕ, 4 ਆੜਕ ਦਾ ਇਕ ਦਰੋਣ ਅਤੇ ਕੁਲ 16 ਸੇਰ ਦਾ ਇਕ ਦਰੋਣ ਹੈ ।

ਇਕ ਦਿਨ ਰਾਜ ਗ੍ਰਿਹਿ ਵਿਚ ਅਹਿੰਸਾ ਦਾ ਦਿਨ ਮਨਾਉਣ ਦੀ ਘੋਸ਼ਨਾ ਰਾਜੇ ਵਲੋਂ ਕੀਤੀ ਗਈ।237।

ਇਸਤੋਂ ਬਾਅਦ ਮਾਸ ਸ਼ਰਾਬ ਦੀ ਇਛੁਕ ਰੇਵਤੀ ਗਾਥਾਪਤਨੀ ਨੇ ਆਪਣੇ ਪੇਕਿਆਂ ਤੋਂ ਨੌਕਰ ਨੂੰ ਬੁਲਾਕੇ ਕਿਹਾ, ਹੇ ਦੇਵਤਿਆਂ ਦੇ ਪਿਆਰੇ ! ਤੂੰ ਹਰ ਰੋਜ ਮੇਰੇ ਪੇਕਿਆਂ ਦੇ ਬਿਰਜ ਤੋਂ ਦੋ ਬੱਛੜੇ ਮਾਰ ਕੇ ਲਿਆਇਆ ਕਰ ।238।

ਦਾਸ ਨੇ ਰੇਵਤੀ ਗਾਥਾਪਤਨੀ ਦੇ ਉਪਰੋਕਤ ਕਥਨ ਨੂੰ ਸਿਰ ਝੁਕਾ ਦੇ ਸਵੀਕਾਰ ਕੀਤਾ ਅਤੇ ਉਹ ਹਰ ਰੋਜ ਦੋ ਬੱਛੇ ਮਾਰ ਕੇ ਲਿਆਉਣ ਲਗਾ ।239।

ਰੇਵਤੀ ਗਾਥਾਪਤਨੀ ਉਨਾਂ ਬੱਛਿਆਂ ਦੇ ਮਾਸ ਨੂੰ ਕਬਾਬ ਆਦਿ ਭਿੰਨ-ਭਿੰਨ ਢੰਗ ਨਾਲ ਸੇਵਨ ਕਰਦੀ ਸੀ ਸਾਰਾ ਦਿਨ ਸ਼ਰਾਬ ਵਿਚ ਮਸਤ ਰਹਿੰਦੀ ਸੀ ।240।

ਮਹਾਸ਼ਤਕ ਸ਼੍ਰਮਣਾਂ ਦਾ ਉਪਾਸਕ ਭਿੰਨ-ਭਿੰਨ ਪ੍ਰਕਾਰ ਦੇ ਵਰਤ ਨਿਯਮਾਂ ਦਾ ਪਾਲਣ ਕਰਕੇ ਧਰਮ ਰਾਂਹੀਂ ਆਤਮਾ ਨੂੰ ਪਵਿੱਤਰ ਕਰਨ ਲਗਾ। ਇਸ ਤਰਾਂ 14 ਸਾਲ ਬੀਤ ਗਏ ਉਹ ਵੀ ਆਨੰਦ ਦੀ ਤਰਾਂ ਆਪਣੇ ਬੜੇ ਪੁਤਰ ਨੂੰ ਘਰ ਦਾ ਭਾਰ ਸੰਭਾਲ ਕੇ ਪੌਸ਼ਧਸ਼ਾਲਾ (ਧਰਮ ਸਥਾਨ) ਵਿਚ ਧਰਮ-ਕਰਮ ਵਿਚ ਜਿੰਦਗੀ ਗੁਜਾਰਨ ਲਗਾ ।241।

ਉਹ ਰੇਵਤੀ ਗਾਥਾਪਤਨੀ ਮਾਸ ਤੇ ਸ਼ਰਾਬ ਵਿਚ ਪਾਗਲ ਹੋਈ ਪੌਸ਼ਧਸਾਲਾ ਵਿਚ

---

ਪਾਠ ਨੰ. 237 ਦੀ ਟਿੱਪਣੀ।

ਪੁਰਾਣੇ ਸਮੇਂ ਦੇ ਰਾਜੇ ਕਿਸੇ ਖੁਸ਼ੀ ਦੇ ਮੌਕੇ ਜਾਂ ਭਗਵਾਨ ਮਹਾਵੀਰ ਦੇ ਪਧਾਰਨ, ਕਿਸੇ ਵਿਦਵਾਨ ਮੁਨੀ ਦੇ ਸ਼ਹਿਰ ਪਹੁੰਚਣ, ਕਿਸੇ ਤੀਰਥੰਕਰ ਦੇ ਕਲਿਆਨਕ ਸਮੇਂ ਆਪਣੇ ਰਾਜ ਵਿਚ ਪਸ਼ੂਆਂ ਦੇ ਸ਼ਿਕਾਰ ਮਾਸ ਸ਼ਰਾਬ ਵੇਚਣ ਤੇ ਪਾਬੰਦੀ ਲਾ ਦਿੰਦੇ ਸਨ ਇਹ ਪਰੰਪਰਾ ਮੁਗਲਾਂ ਦੇ ਸਮੇਂ ਅਕਬਰ ਤਕ ਚਲਦੀ ਰਹੀ। ਅਜ ਕਲ ਵੀ ਸਰਕਾਰ ਮਹਾਵੀਰ ਜੈਅੰਤੀ ਤੇ ਸੰਵਤਸਰੀ ਪਰਵ ਨੂੰ ਮਾਸ ਦੀਆਂ ਦੁਕਾਨਾਂ ਬੰਦ ਕਰਵਾ ਦਿੰਦੀ ਹੈ। ਟੀਕਾਕਾਰ ਦਾ ਕਥਨ ਹੈ। अमाघातो रूढि शब्दत्वात् अमारिरित्यर्थः ।

ਇਸਤੋਂ ਛੁਟ ਕਈ ਵਾਰ ਜੰਗਲੀ ਨਸਲਾਂ ਦੇ ਜਾਨਵਰਾਂ ਦੀ ਰਖਿਆ ਜਾਂ ਪਸ਼ੂਆਂ ਦੀ ਗਿਣਤੀ ਵਧਾਉਣ ਲਈ ਮਾਸ ਤੇ ਸ਼ਿਕਾਰ ਤੇ ਪਾਬੰਦੀ ਲਾ ਦਿਤੀ ਜਾਂਦੀ ਹੈ ਕਿਉਂਕਿ ਲਗਾਤਾਰ ਜਾਨਵਰਾਂ ਨੂੰ ਮਾਰਨ ਨਾਲ ਕਈ ਜਾਨਵਰਾਂ ਦੀਆਂ ਨਸਲਾਂ ਹੀ ਦੁਨੀਆਂ ਤੋਂ ਖਤਮ ਹੋ ਗਈਆਂ ਹਨ ਭਾਰਤ ਅਤੇ ਕਈ ਵਿਦੇਸ਼ਾਂ ਵਿਚ ਹੁਣ ਵੀ ਸ਼ਿਕਾਰ ਉਪਰ ਸਾਲ ਵਿਚ ਕਈ ਮਹੀਨੇ ਪਾਬੰਦੀ ਰਹਿੰਦੀ ਹੈ।

ਪਹੁੰਚੀ, ਉਸਦੇ ਵਾਲ ਖਿਲਰੇ ਹੋਏ ਸਨ ਸਾੜੀ ਹੇਠਾਂ ਨੂੰ ਜਾ ਰਹੀ ਸੀ, ਉਹ ਉਥੇ ਪਹੁੰਚ ਕੇ ਬੜੀਆਂ ਅਦਾਵਾਂ ਤੇ ਸਿੰਗਾਰ ਵਿਖਾਉਂਦੀ ਮਹਾਂਸਤਕ ਨੂੰ ਆਖਣ ਲਗੀ "ਹੇ ਦੇਵਤਿਆਂ ਦੇ ਪਿਆਰੇ ! ਤੁਸੀਂ ਮੇਰੇ ਨਾਲ ਮਨ ਭਾਉਂਦੇ ਭੋਗ ਭੋਗ ਰਹੇ ਸੀ ਉਨਾਂ ਨੂੰ ਛਡ ਕੇ ਇਥੇ ਕੀ ਕਰਨ ਆ ਗਏ ? ਸਵਰਗ ਤੇ ਮੁਕਤੀ ਦੀ ਇਛਾ ਲਈ ਧਰਮ ਤੇ ਪੁੰਨ ਇਕਠਾ ਕਰਨ ਤੁਸੀਂ ਇਥੇ ਆਏ ਹੋ, ਪਰ ਸਵਰਗ ਤੇ ਮੋਕਸ਼ ਵਿਚ ਇਸ ਦੁਨੀਆਂ ਦੇ ਭੋਗਾਂ ਤੋਂ ਵਧ ਕੀ ਪਿਆ ਹੈ ? ।242।

ਧਰਮ ਤੇ ਪੁੰਨਾਂ ਦਾ ਫਲ ਵੀ ਇਸਤੋਂ ਵਧ ਕੀ ਹੈ ? ।243।

ਮਹਾਸ਼ਤਕ ਸ਼੍ਰਮਣਾਂ ਦੇ ਉਪਾਸਕ ਨੇ ਰੇਵਤੀ ਗਾਥਾਪਤਨੀ ਦੀਆਂ ਅਜਿਹੀਆਂ ਹਰਕਤਾਂ ਤੋਂ ਕੋਈ ਧਿਆਨ ਨਾ ਦਿਤਾ ਉਹ ਧਰਮ ਧਿਆਨ ਵਿਚ ਲਗੇ ਰਹੇ ।।244।।

ਜਦ ਰੇਵਤੀ ਗਾਥਾਪਤਨੀ ਨੇ ਦੋ ਤਿੰਨ ਵਾਰ ਸ਼੍ਰਮਣਾ ਦੇ ਉਪਾਸਕ ਮਹਾਸ਼ਤਕ ਨੂੰ ਇਸੇ ਪ੍ਰਕਾਰ ਕਿਹਾ ਫਿਰ ਵੀ ਉਹ ਮਜਬੂਤ ਰਿਹਾ ।245।

ਰੇਵਤੀ ਗਾਥਾਪਤਨੀ, ਮਹਾਸ਼ਤਕ ਸ਼੍ਰਮਣਾਂ ਦੇ ਉਪਾਸਕ ਰਾਹੀਂ ਬੇਇਜਤ ਹੋਣ ਤੇ ਜਿਥੇ ਆਈ ਸੀ ਉਧਰ ਵਾਪਿਸ ਚਲੀ ਗਈ ।246।

ਇਸਤੋਂ ਬਾਅਦ ਮਹਾਸ਼ਤਕ ਸ਼੍ਰਮਣਾ ਦਾ ਉਪਾਸਕ ਪਹਿਲੀ ਪ੍ਰਤਿਮਾ ਤੋਂ ਲੈਕੇ 11ਵੀਂ ਪ੍ਰਤਿਮਾਂ ਦੀ ਸ਼ਾਸਤਰਾਂ ਅਨੁਸਾਰ ਅਰਾਧਨਾ ਕਰਨ ਲਗਾ ।247।

ਇਸਤੋਂ ਬਾਅਦ ਘਰ ਤੱਪਸਿਆ ਕਾਰਣ ਉਸਦਾ ਸਰੀਰ ਸੁਕ ਗਿਆ, ਨਸਾਂ ਵਿਖਾਈ ਦੇਣ ਲਗ ਪਈਆਂ ।248।

ਇਕ ਦਿਨ ਅਧੀ ਰਾਤ ਦੇ ਸਮੇਂ ਧਰਮ ਜਗਰਾਤਾ ਕਰਦੇ ਸਮੇਂ ਉਸਨੂੰ ਖਿਆਲ ਆਇਆ ਕਿ ਮੇਰਾ ਸਰੀਰ ਤਪਸਿਆ ਕਾਰਣ ਸੁਕ ਗਿਆ ਹੈ ਨਸਾਂ ਦਿਖ ਰਹੀਆਂ ਹਨ ਹੁਣ ਇਹੋ ਠੀਕ ਹੈ ਕਿ ਮੈਂ ਮੌਤ ਸਮੇਂ ਕਰਨ ਵਾਲਾ ਗਿਆਨੀਆਂ ਵਾਲਾ ਮਰਨ-ਵਰਤ (ਸੰਥਾਰਾ) ਧਾਰਨ ਕਰਾਂ ਅਤੇ ਸ਼ੁਭ ਵਿਚਾਰਾਂ ਰਾਂਹੀ ਸਰੀਰ ਦਾ ਤਿਆਗ ਕਰਾਂ । ਇਹ ਸੋਚ ਕੇ ਮਹਾਸਤਕ ਨੇ ਵੀ ਆਨੰਦ ਦੀ ਤਰਾਂ ਆਖਰੀ ਸੰਥਾਰਾ ਧਾਰਣ ਕੀਤਾ । ਜਿੰਦਗੀ ਤੇ ਮੌਤ ਦੋਹਾਂ ਦੀ ਇੱਛਾ ਤੋਂ ਰਹਿਤ ਹੋਕੇ ਜਿੰਦਗੀ ਗੁਜਾਰਨ ਲਗਾ ।249।

ਸ਼ੁਭ ਅਧਿਵਸਾਯੇ (ਅਧਯਵਸਾਯੋ) ਅਗਿਆਨ ਦੇ ਖਾਤਮੇ ਤੋਂ ਬਾਅਦ ਅਵੱਧੀ ਗਿਆਨ ਪੈਦਾ ਹੋ ਗਿਆ । ਸਿਟੇ ਵਜੋਂ ਉਹ ਪੂਰਵ ਦਿਸ਼ਾ ਵਿਚ ਲਵਨ ਸਮੁੰਦਰ ਨੂੰ ਇਕ ਇਕ ਹਜਾਰ ਯੋਜਨ ਜਾਨਣ ਤੇ ਵੇਖਣ ਲਗਾ ਦੱਖਣ ਤੇ ਪਛਮ ਵਲ ਵੀ ਇਕ-ਇਕ ਹਜਾਰ

ਯੋਜਨ ਤਕ ਜਾਨਣ ਤੇ ਵੇਖਣ ਲਗਾ। ਉੱਤਰ ਦਿਸ਼ਾ ਵਲ ਚੁਲਹਿਮਵਾਨ ਪਰਵਤ ਤਕ ਵੇਖਣ ਤੇ ਜਾਣਨ ਲਗਾ। ਅਧੋਦਿਸ਼ਾ (ਪਤਾਲ) ਵਿਚ ਰਤਨ ਪ੍ਰਭਾ ਨਾਂ ਦੀ ਨਰਕ ਧਰਤੀ ਦਾ ਲੋਲਪਾਚਯੁਤ (ਨਰਕ ਦਾ ਹਿਸਾ) ਦੇਖਣ ਲਗਾ ਜਿਥੇ ਨਾਰਕੀਆਂ ਦੀ ਉਮਰ 45000 ਸਾਲ ਹੈ।250।

ਇਸਤੋਂ ਬਾਅਦ ਇਕ ਦਿਨ ਰੇਵਤੀ ਗਾਥਾਪਤਨੀ ਉਸੇ ਪ੍ਰਕਾਰ ਸ਼ਰਾਬ, ਮਾਸ ਵਿਚ ਪਾਗਲ ਹੋਈ, ਸਾੜੀ ਗਿਰਾਉਂਦੀ ਹੋਈ ਮਹਾਸ਼ਤਕ ਸ਼੍ਰਮਣਾ ਦੇ ਉਪਾਸਕ ਨੂੰ ਦੂਸਰੀ, ਤੀਸਰੀ ਵਾਰ ਕਾਮ-ਭੋਗ ਦੀ ਪ੍ਰਾਰਥਨਾ ਕਰਨ ਲਗੀ।251।

ਉਸ ਮਹਾਸ਼ਤਕ ਦੀ ਰੇਵਤੀ ਨਾਂ ਦੀ ਗਾਥਾਪਤਨੀ (ਸ਼ਰਾਬ ਮਾਸ ਵਿਚ ਪਾਗਲ ਹੋਈ) ਕਪੜੇ ਖਿਲਾਰਦੀ ਉਸਦੇ ਸਾਹਮਣੇ ਆਕੇ ਕਾਮ-ਵਾਸਨਾ ਅਤੇ ਸ਼ਿੰਗਾਰ ਭਰਪੂਰ ਹਰਕਤਾਂ ਕਰਨ ਲਗੀ ਰੇਵਤੀ ਦੇ ਤਿੰਨ ਵਾਰ ਕਾਮ-ਭੋਗ ਲਈ ਉਸ ਮਹਾਸਤਕ ਨੂੰ ਬੇਨਤੀ ਕਰਨ ਲਗੀ ਜਿਸ ਕਾਰਣ ਮਹਾਸ਼ਤਕ ਨੂੰ ਕਰੋਧ ਆ ਗਿਆ।252।

ਇਸਤੋਂ ਬਾਅਦ ਮਹਾਸ਼ਤਕ ਸ਼੍ਰਮਣਾ ਦੇ ਉਪਾਸਕ ਨੂੰ ਦੂਸਰੀ ਤੇ ਤੀਸਰੀ ਕਾਮ ਭੋਗ ਦੀ ਪ੍ਰਾਰਥਨਾ ਕਰਨ ਤੇ ਮਹਾਸਤਕ ਸ਼੍ਰਮਣਾ ਦਾ ਉਪਾਸਕ ਗੁੱਸੇ ਵਿਚ ਆ ਗਿਆ ਉਸਨੇ ਅਵਧੀ ਗਿਆਨ ਰਾਂਹੀ ਰੇਵਤੀ ਗਾਥਾਪਤਨੀ ਦਾ ਭਵਿਖ ਵੇਖ ਕੇ ਕਿਹਾ" ਤੂੰ ਸੱਤ ਦਿਨਾਂ ਦੇ ਅੰਦਰ-ਅੰਦਰ ਅਲਸ ਰੋਗ ਤੋਂ ਕਸ਼ਟ ਭੋਗਦੀ ਹੋਈ ਮਰ ਕੇ ਲੋਲੁਪਾਚਯੁਤ ਨਰਕ ਵਿਚ 84000 ਸਾਲ ਤਕ ਨਰਕ ਵਿਚ ਦੁਖ ਭੋਗੇਗੀ।253।

ਰੇਵਤੀ ਗਾਥਾਪਤਨੀ ਮਹਾਸ਼ਤਕ ਸ਼੍ਰਮਣਾ ਦੇ ਉਪਾਸਕ ਦੇ ਇਸ ਪ੍ਰਕਾਰ ਆਖਣ ਤੇ ਸੋਚਣ ਲਗੀ ਮਹਾਸ਼ਤਕ ਮੇਰੇ ਨਾਲ ਰੁਸ ਗਿਆ ਹੈ ਮੇਰੇ ਪ੍ਰਤੀ ਭੈੜੇ ਵਿਚਾਰ ਰਖਦਾ ਹੈ

---

ਪਾਠ ਨੰ. 253 ਦੀ ਟਿੱਪਣੀ।

ਅਲਸਕ ਰੋਗ ਵਾਰੇ ਟੀਕਾਕਾਰ ਆਖਦਾ ਹੈ ਕਿ ਇਹ ਪੇਟ ਦਰਦ ਹੈ ਇਸਦੇ ਲਛਣ ਇਸ ਪ੍ਰਕਾਰ ਹਨ।

नोर्ध्वं व्रजति नाधस्तादाहारो न च पच्चयते।
आमाशयेऽलसीभूतस्तेन सोऽलसक: स्मृप्त।।

ਅਰਥ—ਜਦੋਂ ਨਾ ਖਾਇਆ ਭੋਜਨ ਉਪਰ ਰਹਿੰਦਾ ਹੈ ਨਾ ਹੇਠਾਂ ਆਉਂਦਾ ਹੈ ਨਾ ਪਚਦਾ ਹੈ ਮੇਅਦੇ ਵਿਚ ਗਠ ਬਣ ਜਾਂਦੀ ਹੈ ਇਹੋ ਅਲਸਕ ਰੋਗ ਹੈ ਹੱਥ ਪੈਰ ਕੰਮ ਕਰਨ ਤੋਂ ਰੁਕ ਜਾਣ ਜਾਂ ਸੁਜ ਜਾਣ ਦਾ ਨਾਂ ਹੀ ਅਲਸਕ ਰੋਗ ਹੈ।

ਪਤਾ ਨਹੀਂ ਮੈਂ ਕਿਵੇਂ ਮਰਾਂਗੀ ਇਹ ਸੋਚ ਕੇ ਡਰਦੀ ਹੋਈ ਜਿਥੋਂ ਆਈ ਸੀ ਉਥੇ ਵਾਪਿਸ ਚਲੀ ਗਈ ।254।

ਰੇਵਤੀ ਗਾਥਾਪਤਨੀ ਸੱਤ ਦਿਨਾਂ ਦੇ ਅੰਦਰ-ਅੰਦਰ ਅਲਸ ਰੋਗ ਕਾਰਣ ਦੁਖ ਭੋਗਦੀ ਹੋਈ, ਬੇਵਸ ਹੋਕੇ ਮਰ ਗਈ ਅਤੇ ਲੋਲੁਪਾਚਯੁਤ ਨਰਕ ਵਿਚ 84000 ਸਾਲ ਦੀ ਉਮਰ ਭੋਗਣ ਵਾਲੀ ਨਾਰਕੀ ਦੇ ਰੂਪ ਵਿਚ ਪੈਦਾ ਹੋਈ ।।255।

ਉਸ ਕਾਲ, ਉਸ ਸਮੇਂ ਸ਼੍ਰਮਣ ਭਗਵਾਨ ਮਹਾਵੀਰ ਰਾਜਗ੍ਰਹਿ ਨਗਰੀ ਪਧਾਰੇ । ਧਰਮ ਸਭਾ ਲਗੀ । ਲੋਕ ਧਰਮ ਦੇ ਉਪਦੇਸ਼ ਸੁਣ ਕੇ ਵਾਪਿਸ ਚਲੇ ਗਏ ।256।

ਸ਼੍ਰਮਣ ਭਗਵਾਨ ਮਹਾਵੀਰ ਨੇ ਗੋਤਮ ਇੰਦਰ ਭੂਤੀ ਨੂੰ ਕਿਹਾ ਇਸੇ ਰਾਜਗ੍ਰਹਿ ਨਗਰ ਵਿਚ ਮੇਰਾ ਚੇਲਾ ਮਹਾਸ਼ਤਕ ਸ਼੍ਰਾਵਕ ਪੋਸ਼ਧਸ਼ਾਲਾ ਵਿਚ ਸੰਲੇਖਨਾ ਰਾਹੀਂ ਭਕਤ ਪਾਨ (ਖਾਣ ਪੀਣ ਦਾ ਤਿਆਗ) ਦਾ ਤਿਆਗ ਕਰਕੇ ਮੌਤ ਦੀ ਇੱਛਾ ਨਾ ਕਰਦਾ ਹੋਇਆ ਧਰਮ ਵਿਚ ਘੁਮ ਰਿਹਾ ਹੈ ।257।

ਉਸ ਮਹਾਸ਼ਤਕ ਦੀ ਪਤਨੀ ਕਪੜੇ ਖਿਲਾਰਦੀ ਪੋਸ਼ਧਸਾਲਾ ਵਿਚ ਆਕੇ ਕਾਮ-ਭੋਗ ਦੀਆਂ ਗੱਲਾਂ ਤੇ ਕ੍ਰਿਆਵਾਂ ਕਰਨ ਲਗੀ ਉਸਦੇ ਅਜੇਹਾ ਦੋ, ਤਿੰਨ ਵਾਰ ਆਖਣ ਤੇ ਮਹਾਸ਼ਤਕ ਨੂੰ ਗੁੱਸਾ ਆ ਗਿਆ ।258।

ਰੇਵਤੀ ਰਾਹੀਂ ਦੂਸਰੀ-ਤੀਸਰੀ ਵਾਰ ਆਖਣ ਤੇ ਮਹਾਸ਼ਤਕ ਨੂੰ ਗੁੱਸਾ ਆ ਗਿਆ । ਉਸਨੇ ਅਵਧੀ ਗਿਆਨ ਰਾਹੀਂ ਰੇਵਤੀ ਦਾ ਭਵਿਖ ਵੇਖ ਉਸਦੇ ਨਰਕ ਵਿਚ ਪੈਦਾ ਹੋਣ ਦੀ ਗਲ ਆਖੀ । ਹੇ ਦੇਵਤਿਆਂ ਦੇ ਪਿਆਰੇ ! ਮੌਤ ਸਮੇਂ ਸੰਲੇਖਨਾ ਰਾਂਹੀ ਭੋਜਨ ਛਡਨ ਵਾਲੇ ਸ਼੍ਰਾਵਕ ਸੱਚ, ਤੱਥ ਅਤੇ ਸਦਭੁਤ ਬਚਨਾਂ ਦਾ ਪ੍ਰਯੋਗ ਨਹੀਂ ਕਰਣਾ ਚਾਹੀਦੀ ਜੋ ਚੰਗੀ ਨਾ ਹੋਵੇ ਅਤੇ ਮਨ ਨੂੰ ਬੁਰੀ ਲਗੇ ਇਸ ਲਈ ਹੇ ਗੌਤਮ ! ਤੁਸੀਂ ਉਸ ਮਹਾਸ਼ਤਕ ਸ਼੍ਰਮਣਾ ਦੇ ਉਪਾਸਕ ਕੋਲ ਜਾਵੋ ਅਤੇ ਉਸ ਨੂੰ ਆਪਣੀ ਅੰਤ ਸਮੇਂ ਕੀਤੀ ਇਹ ਭੁੱਲ ਲਈ ਆਲੋਚਨਾ ਤੇ ਪ੍ਰਾਸ਼ਚਿਤ ਲੈਣ ਲਈ ਆਖੋ ।259।

---

259 ਪਾਠ ਦੀ ਟਿੱਪਣੀ

ਮੂਲ ਪਾਠ ਵਿਚ ਤਿੰਨ ਸ਼ਬਦ ਆਏ ਹਨ

सतेहि—सद्भिर्विद्यमानार्थे ਭਾਵ ਉਹ ਵਾਕ ਜਿਸ ਵਿਚ ਆਖੀ ਗਲ ਸਾਹਮਣੇ ਹੋਵੇ ।

तच्चहि तथ्येस्तत्त्वरूपैर्वाऽनुपचारिकैः—ਭਾਵ ਤੱਥ ਭਰਪੂਰ ਗੱਲ ਭਾਵ ਜਿਵੇਂ ਹੋਵੇ ਉਸੇ ਪ੍ਰਕਾਰ ਆਖਣਾ ਤਾਂਗੇ ਵਾਲੇ ਨੂੰ ਉਏ ਤਾਂਗੇ ਵਾਲਾ ਆਖਣਾ ।

ਇਸਤੋਂ ਬਾਅਦ ਭਗਵਾਨ ਗੌਤਮ ਸਵਾਮੀ ਨੇ ਸ਼੍ਰਮਣ ਭਗਵਾਨ ਮਹਾਵੀਰ ਦੇ ਉਪਰੋਕਤ ਕਥਨ ਨੂੰ ਬਿਨੇ ਨਾਲ ਸਵੀਕਾਰ ਕੀਤਾ ਅਤੇ ਉਹ ਉਸੇ ਸਮੇਂ ਰਾਜਗ੍ਰਹਿ ਵਿਖੇ ਮਹਾਸ਼ਤਕ ਦੇ ਘਰ ਪਹੁੰਚੇ ।260।

ਉਸ ਸਮੇਂ ਮਹਾਸ਼ਤਕ ਸ਼੍ਰਮਣਾਂ ਦਾ ਉਪਾਸਕ ਭਗਵਾਨ ਗੌਤਮ ਨੂੰ ਵੇਖਕੇ ਖੁਸ਼ ਹੋਇਆ ਤੇ ਉਸਨੇ ਬੰਦਨਾ ਨਮਸਕਾਰ ਕੀਤੀ । 261 ।

ਇਸ ਤੋਂ ਬਾਅਦ ਭਗਵਾਨ ਗੌਤਮ ਨੇ ਸ਼੍ਰਮਣਾਂ ਦੇ ਉਪਾਸਕ ਮਹਾਸ਼ਤਕ ਨੂੰ ਕਿਹਾ "ਹੇ ਦੇਵਤਿਆਂ ਦੇ ਪਿਆਰੇ ! ਸ਼੍ਰਮਣ ਭਗਵਾਨ ਮਹਾਵੀਰ ਦਾ ਇਹ ਕਥਨ ਹੈ ਕਿ ਸੰਲੇਖਨਾ ਧਾਰਨ ਕਰਨ ਵਾਲੇ ਸ਼੍ਰਾਵਕ ਨੂੰ ਅਜਿਹਾ ਕੌੜਾ ਸੱਚ ਆਖਣਾ ਯੋਗ ਨਹੀਂ ਤੁਸੀਂ ਆਪਣੀ ਪਤਨੀ ਰੇਵਤੀ ਨੂੰ ਜੋ ਇਸ ਪ੍ਰਕਾਰ ਆਖਿਆ ਹੈ । (ਜਿਵੇਂ ਮਹਾਸ਼ਤਕ ਨੇ ਆਪਣੀ ਪਤਨੀ

---

ਸ੍ਰੀ ਦਸ਼ਵੈਕਾਲਿਕ ਸੂਤਰ ਵਿਚ ਵੀ ਸਾਧੂ ਨੂੰ ਕੌੜਾ ਸਚ ਆਖਣ ਦੀ ਮਨਾਹੀ ਹੈ। ਅੰਨ੍ਹੇ ਨੂੰ ਅੰਨ੍ਹਾ, ਕਾਨੇ ਨੂੰ ਕਾਣਾ ਲੰਗੜੇ ਨੂੰ ਲੰਗੜਾ ਆਖਣਾ ਇਸੇ ਪ੍ਰਕਾਰ ਦਾ ਸਚ ਹੈ ।

ਤੀਹਏਹਿੰ—तिमेवोक्तं प्रकारमापन्नैर्न मात्रयाऽपि न्यूनाधिकैः—
ਭਾਵ ਜਿਵੇਂ ਆਖੇ ਉਸੇ ਪ੍ਰਕਾਰ ਹੋਵੇ ਕੋਈ ਵਧਾ ਚੜ੍ਹਾ ਕੇ ਗਲ ਨਾ ਆਖੇ ।
अनिष्टै—अवाछितै—ਅਜਿਹੀ ਗਲ ਜੋ ਕਿਸੇ ਨੂੰ ਚੰਗੀ ਨਾ ਲਗੇ ।

अकान्तै स्वरूपेणा कमनीयै—ਜੋ ਗਲ ਭੱਦੀ ਹੋਵੇ ਜਾਂ ਜੋ ਹਰ ਸੁਨਣ ਵਾਲੇ ਨੂੰ ਬੁਰੀ ਭੱਦੀ ਲਗੇ ।

अप्रियै—अप्रीतिकारकैः—ਜਿਸਨੂੰ ਸੁਣ ਕੇ ਹਰ ਆਮ ਖਾਸ ਦਾ ਮਨ ਦੁਖੀ ਹੋਵੇ ।

अमनोज्ञै—मनसा न ज्ञायन्ते नाभिलष्यन्ते वक्तुमपि यानि तैः—
ਜਿਸ ਬਚਨ ਨੂੰ ਮਨ ਬੋਲਨਾ ਨਾ ਚਾਹੁੰਦਾ ਹੋਵੇ ।

अमन आपैः—न मनसा आप्यन्ते प्राप्यन्ते चिन्तयाऽपि यानि तैः वचने चिन्तने च येषाँ मनो नोत्सहत—ਭਾਵ ਮਨ ਜਿਸਨੂੰ ਸੋਚਨਾ ਤੇ ਵਿਚਾਰਨਾ ਵੀ ਨਾ ਚਾਹੇ ।

ਉਪਰੋਕਤ ਸੱਚੀਆਂ ਗਲਾਂ ਕਾਰਨ ਹਰ ਆਮ ਤੇ ਖਾਸ ਆਦਮੀ ਨੂੰ ਮੁਸੀਬਤ ਬਣ ਸਕਦੀ ਹੈ। ਭਗਵਾਨ ਨੇ ਇਹ ਫਰਮਾਇਆ ਕਿ ਬੋਲਣ ਲਗੇ ਵੀ ਮਨੁਖ ਨੂੰ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ । ਕੌੜਾ ਸੱਚ ਜੋ ਦੇਸ਼, ਕੌਮ ਜੀਵ ਤੇ ਮਨੁਖ ਜਾਤੀ ਵਿਚ ਕਲੇਸ਼, ਦੁਖਾਂ ਲੜਾਈ ਝਗੜੇ ਦਾ ਕਾਰਨ ਬਣੇ, ਨਹੀਂ ਬੋਲਣਾ ਚਾਹੀਦਾ ।

ਨੂੰ ਦਸਿਆ ਸੀ ਕਿ ਤੂੰ ਮਰ ਕੇ ਨਰਕ ਵਿਚ ਜਾਵੇਗੀ) ਉਸ ਲਈ ਤੁਸੀਂ ਆਪਣੇ ਪਾਪ ਦੀ ਆਲੋਚਨਾ ਕਰੋ ਅਤੇ ਯੋਗ ਪ੍ਰਾਸ਼ਚਿਤ ਲਵੋ ।।262।।

ਇਸ ਤੋਂ ਬਾਅਦ ਭਗਵਾਨ ਗੌਤਮ ਦੇ ਅਜਿਹਾ ਆਖਣ ਤੇ ਮਹਾਸ਼ਤਕ ਸ਼੍ਰਮਣਾਂ ਦੇ ਉਪਾਸ਼ਕ ਨੇ ਉਨਾਂ ਦੇ ਬਚਨਾਂ ਨੂੰ ਬਿਨੈ ਪੂਰਵਕ ਸਵੀਕਾਰ ਕੀਤਾ ਅਤੇ ਯੋਗ ਪ੍ਰਾਸ਼ਚਿਤ ਲਿਆ ।263।

ਇਸ ਤੋਂ ਬਾਅਦ ਗੌਤਮ ਮਹਾਸ਼ਤਕ ਸ਼੍ਰਮਣਾਂ ਦੇ ਉਪਾਸ਼ਕ ਕੋਲੋਂ ਵਾਪਿਸ ਸ਼੍ਰਮਣ ਭਗਵਾਨ ਮਹਾਵੀਰ ਪਾਸ ਪੁਜੇ ਉਨ੍ਹਾਂ ਨੂੰ ਬੰਦਨਾ ਨਮਸਕਾਰ ਕੀਤਾ ਸੰਜਮ ਅਤੇ ਤਪ ਰਾਹੀਂ ਆਪਣੀ ਆਤਮਾ ਦੇ ਵਿਕਾਸ ਵਿਚ ਲਗ ਗਏ ।264।

ਇਸ ਤੋਂ ਬਾਅਦ ਸ਼੍ਰਮਣ ਭਗਵਾਨ ਮਹਾਵੀਰ ਰਾਜਗ੍ਰਹਿ ਨਗਰ ਤੋਂ ਹੋਰ ਸ਼ਹਿਰਾਂ ਨੂੰ ਪਵਿਤਰ ਕਰਦੇ ਹੋਏ ਧਰਮ ਪ੍ਰਚਾਰ ਕਰਨ ਲਗੇ । 265 ।

ਇਸ ਤੋਂ ਬਾਅਦ ਮਹਾਸ਼ਤਕ ਸ਼੍ਰਮਣਾਂ ਦਾ ਉਪਾਸਕ ਅਨੇਕਾਂ ਪ੍ਰਕਾਰ ਦੇ ਸ਼ੀਲ ਵਰਤਾਂ ਰਾਹੀਂ ਆਤਮਾ ਨੂੰ ਪਵਿਤਰ ਕਰਦਾ ਹੋਇਆ ਜ਼ਿਦਗੀ ਗੁਜ਼ਾਰਨ ਲਗਾ । 20 ਸਾਲ ਸ਼੍ਰਾਵਕ ਧਰਮ ਦਾ ਪਾਲਣ ਕੀਤਾ । ਇਕ ਮਹੀਨੇ ਤਕ ਸੰਲੇਖਨਾ (ਮਰਨ ਵਰਤ) ਚਲਿਆ 460 ਵਰਤ ਕੀਤੇ ਆਲੋਚਨਾ ਪ੍ਰਤਿਕਰਮਾ ਅਤੇ ਸਮਾਧੀ ਰਾਹੀਂ ਆਤਮਾ ਨੂੰ ਪਵਿਤਰ ਕਰਦਾ ਹੋਇਆ ਆਖਰੀ ਸਮੇਂ ਸੌਧਰਮ ਦੇਵ ਲੋਕ ਦੇ ਅਰੁਣਾ ਵਸਤਕ ਵਿਮਾਨ ਵਿਚ ਪੈਦਾ ਹੋਇਆ ਜਿਥੇ ਉਸ਼ਦੀ ਉਮਰ 4 ਪਲਯੋਪਮ ਦੀ ਹੈ ਉਥੇ ਉਹ ਮਹਾਵਿਦੇਹ ਖੇਤਰ ਵਿਚ ਪੈਦਾ ਹੋਵੇਗਾ ਅਤੇ ਸਿਧ ਗਤੀ ਪ੍ਰਾਪਤ ਕਰੇਗਾ ।

(ਇਸਤੋਂ ਬਾਅਦ ਦਾ ਵਾਰਤਾਲਾਪ ਪਹਿਲੇ ਅਧਿਐਨ ਦੇ ਸ਼੍ਰੀ ਸੁਧਰਮਾਂ-ਜੰਬੂ ਸਵਾਮੀ ਦੇ ਵਾਰਤਾਲਾਪ ਦੀ ਤਰਾਂ ਸਮਝਨਾ ਚਾਹੀਦਾ ਹੈ ।

———



# • ੯ •

ਇਸ ਅਧਿਐਨ ਵਿਚ ਸ਼੍ਰਾਵਸਤੀ ਨਗਰੀ ਨਿਵਾਸੀ ਨੰਦਨੀ-ਪਿਤਾ ਉਪਾਸਕ ਦਾ ਚਾਰਿਤਰ ਦਸਿਆ ਗਿਆ ਹੈ। ਜਾਪਦਾ ਹੈ ਇਸ ਦੇ ਜੀਵਨ ਵਿਚ ਕੋਈ ਦੁਖਦਾਈ ਘਟਨਾ ਨਹੀਂ ਹੋਈ। ਇਸ ਨੇ ਵੀ 12 ਵਰਤ ਅਤੇ ਪ੍ਰਤਿਮਾਵਾਂ ਗ੍ਰਹਿਣ ਉਪਾਸਨਾ ਕੀਤੀਆਂ ਇਹ 23ਵੇਂ ਚੌਮਾਸੇ ਵਿਚ ਭਗਵਾਨ ਮਹਾਵੀਰ ਦਾ ਉਪਾਸਕ ਬਣਿਆ। 14 ਸਾਲ ਘਰ ਰਹਿ ਕੇ, ਬੜੇ ਪੁੱਤਰ ਨੂੰ ਘਰ ਦਾ ਕੰਮ ਕਾਜ ਸੰਭਾਲ ਕੇ ਧਰਮ ਧਿਆਨ ਵਿਚ ਲੱਗਾ। ਅੰਤਮ ਸਮੇਂ ਅਰੁਣਾਵ ਵਿਮਾਨ ਵਿਚ ਪੈਦਾ ਹੋਇਆ। ਭਵਿੱਖ ਵਿਚ ਇਹ ਵੀ ਸਿੱਧ, ਬੁੱਧ ਮੁਕਤ ਹੋਵੇਗਾ।

# ਨੌਵਾਂ ਅਧਿਐਨ

(ਨੌਵੇਂ ਅਧਿਐਨ ਦਾ ਸ਼ੁਰੂ ਦਾ ਵਾਰਤਾਲਾਪ ਪਹਿਲੇ ਅਧਿਐਨ ਦੀ ਤਰ੍ਹਾਂ ਹੀ ਹੈ) ਇਸ ਪ੍ਰਕਾਰ ਹੇ ਜੰਬੂ ਉਸ ਕਾਲ, ਉਸ ਸਮੇਂ, ਸ੍ਰਾਵਸ਼ਤੀ ਨਾਂ ਦੀ ਨਗਰੀ ਸੀ। ਕੋਸ਼ਟਕ ਨਾਂ ਦਾ ਚੇਤਯ ਸੀ, ਜਿਤਸ਼ਤਰੂ ਨਾਂ ਦਾ ਰਾਜਾ ਰਾਜ ਕਰਦਾ ਸੀ ਉਸੇ ਨਗਰੀ ਵਿਚ ਨੰਦਨੀ ਪਿਤਾ ਦਾ ਨਾਂ ਗਾਥਾਪਤੀ ਸ਼ਾਨ ਸ਼ੋਕਤ ਨਾਲ ਰਹਿੰਦਾ ਸੀ ਉਸਦੇ ਖਜਾਨੇ ਵਿਚ 4 ਕਰੋੜ ਸੋਨੇ ਦੀਆਂ ਮੋਹਰਾਂ, 4 ਕਰੋੜ ਵਿਉਪਾਰ ਵਿਚ ਅਤੇ 4 ਕਰੋੜ ਸੋਨੇ ਦੀਆਂ ਮੋਹਰਾਂ ਘਰ ਦੇ ਸਾਜ ਸਮਾਨ ਵਿਚ ਲਗੀਆਂ ਹੋਈਆਂ ਸਨ ਦਸ-ਦਸ ਹਜਾਰ ਦੀ ਸੰਖਿਆ ਵਾਲੇ 4 ਬ੍ਰਿਜ ਸਨ ਅਸ਼ਵਨੀ ਨਾਂ ਦੀ ਪਤਨੀ ਸੀ।266।

ਭਗਵਾਨ ਮਹਾਵੀਰ ਉਸ ਨਗਰੀ ਵਿਚ ਪਧਾਰੇ, ਧਰਮ ਸਭਾ ਲਗੀ, ਆਨੰਦ ਦੀ ਤਰਾਂ ਨੰਦਨੀ ਪਿਤਾ ਨੇ ਵੀ ਗ੍ਰਹਿਸਥ ਧਰਮ ਅੰਗੀਕਾਰ ਕੀਤਾ, ਉਸਤੋਂ ਵਾਅਦ ਭਗਵਾਨ ਮਹਾਵੀਰ ਦੇਸ਼ਾਂ-ਵਿਦੇਸ਼ਾਂ ਵਿਚ ਧਰਮ ਪ੍ਰਚਾਰ ਕਰਨ ਲਈ ਲਗੇ ਤੁਰ ਪਏ।267।

ਨੰਦਨੀ ਪਿਤਾ ਵੀ ਸ਼੍ਰਮਣਾ ਦਾ ਉਪਾਸਕ ਬਣਕੇ ਜਿੰਦਗੀ ਗੁਜਾਰਨ ਲਗਾ।268।

ਇਸਤੋਂ ਬਾਅਦ ਨੰਦਨੀਪਿਤਾ ਸ਼੍ਰਮਣਾ ਦਾ ਉਪਾਸਕ ਬਹੁਤ ਸਮੇਂ ਤਕ ਅਨੇਕਾਂ ਪ੍ਰਕਾਰ ਸੀਲ ਤੇ ਵਰਤਾਂ ਰਾਹੀਂ ਆਤਮਾ ਨੂੰ ਪਵਿੱਤਰ ਕਰਨ ਲਗਾ। 4 ਸਾਲ ਬੀਤ ਗਏ ਉਸਨੇ ਆਨੰਦ ਦੀ ਤਰਾਂ ਬੜੇ ਪੁਤਰ ਨੂੰ ਘਰ ਦਾ ਕਮ ਕਾਜ ਸੰਭਾਲ ਕੇ ਆਪ ਪੋਸ਼ਧਸ਼ਾਲਾ ਵਿਚ 20 ਸਾਲ ਤਕ ਭਗਵਾਨ ਮਹਾਵੀਰ ਰਾਂਹੀ ਦਸੇ ਧਰਮ ਦੀ ਅਰਾਧਨਾ ਕਰਦਾ ਰਿਹਾ। ਫਰਕ ਸਿਰਫ ਇਹ ਹੈ ਕਿ ਉਹ ਮਰਕੇ ਅਰੁਣਾਵ ਵਿਮਾਨ ਵਿਚ ਪੈਦਾ ਹੋਇਆ ਉਥੇ ਉਮਰ ਭੋਗ ਕੇ ਮਹਾਵਿਦੇਹ ਖੇਤਰ ਵਿਚ ਉਹ ਜਨਮ ਲਵੇਗਾ ਫਿਰ ਸਿਧ ਬੁਧ ਮੁਕਤ ਹੋਵੇਗਾ।269।।

(ਬਾਕੀ ਇਸ ਅਧਿਐਨ ਦਾ ਆਖੀਰੀ ਹਿੱਸਾ ਵੀ ਪਹਿਲੇ ਅਧਿਐਨ ਦੀ ਤਰਾਂ ਹੈ।)

○



# • ੧੦ •

ਇਸ ਅਧਿਐਨ ਦੇ ਵਿਚ ਸ਼੍ਰਾਵਸਤੀ ਨਿਵਾਸੀ ਸਾਲੀਨੀਪਿਆ ਨੇ ਚਾਰਿੱਤਰ, ਵਰਤ ਗ੍ਰਹਿਣ ਕਰਨ ਅਤੇ ਪ੍ਰਤਿਮਾਵਾਂ ਦਾ ਵਿਧੀ ਅਨੁਸਾਰ ਪਾਲਨ ਕੀਤਾ। ਇਸ ਨੇ ਵੀ ਬੜੇ ਪੁੱਤਰ ਨੂੰ ਘਰ ਦਾ ਕੰਮ ਸੰਭਾਲ ਕੇ ਸੌਧਰਮ ਕਲਪ ਦੇ ਅਰੁਣਕੀਲ ਨਾਮ ਦੇ ਵਿਮਾਨ ਵਿਚ ਦੇਵਤਾ ਰੂਪ ਵਿਚ ਪੈਦਾ ਹੋਇਆ। ਦੇਵਤਾ ਰੂਪ ਵਿਚ ਉਸ ਦੀ ਆਯੂ 4 ਪਲਯੋਪਮ ਹੈ। ਭਵਿੱਖ ਵਿਚ ਸਿੱਧ ਬੁੱਧ ਮੁਕਤ ਹੋਵੇਗਾ। ਇਹ ਵੀ 23ਵੇਂ ਚੌਮਾਸੇ ਵਿਚ ਭਗਵਾਨ ਮਹਾਵੀਰ ਦਾ ਉਪਾਸਕ ਬਣਿਆ

# ਦਸਵਾਂ ਅਧਿਐਨ

(ਦਸਵੇਂ ਅਧਿਐਨ ਦਾ ਸੁਰੂ ਦਾ ਵਾਰਤਾਲਾਪ ਪਹਿਲੇ ਅਧਿਐਨ ਦੀ ਤਰ੍ਹਾਂ ਹੀ ਹੈ ।) ਸ਼੍ਰੀ ਸੁਧਰਮਾ ਸਵਾਮੀ ਫਰਮਾਂਦੇ ਹਨ, ਹੇ ਜੰਬੂ ਉਸ ਕਾਲ ਉਸ ਸਮੇ ਸ਼੍ਰਾਵਸਤੀ ਨਾਂ ਦੀ ਨਗਰੀ ਸੀ । ਕੋਸਟਕ ਨਾਂ ਦਾ ਚੇਤਯ ਸੀ । ਜਿਤਸ਼ਤਰੂ ਨਾਂ ਦਾ ਰਾਜਾ ਰਾਜ ਕਰਦਾ ਸੀ ਉਸ ਸ਼੍ਰਾਵਸਤੀ ਨਾਂ ਦੀ ਨਗਰੀ ਵਿਚ ਹੀ ਸਾਲੀਹੀਪਿਤਾ ਨਾਂ ਦਾ ਗਾਥਾਪਤੀ ਰਹਿੰਦਾ ਸੀ । ਉਹ ਧਨ, ਅਨਾਜ ਨਾਲ ਭਰਪੂਰ ਸੀ ਉਸ ਦੀਆਂ 4 ਕਰੋੜ ਸੋਨੇ ਦੀਆਂ ਮੋਹਰਾਂ ਖਜਾਨੇ ਵਿਚ 4 ਕਰੋੜ ਸੋਨੇ ਦੀਆਂ ਮੋਹਰਾਂ ਵਿਉਪਾਰ ਵਿਚ ਤੇ 4 ਕਰੋੜ ਸੋਨੇ ਦੀਆਂ ਮੋਹਰਾਂ ਘਰੇਲੂ ਸਾਜ ਸਮਾਨ ਵਿਚ ਲਗੀਆਂ ਹੋਈਆਂ ਸਨ ਦਸ-ਦਸ ਹਜਾਰ ਦੀ ਸੰਖਿਆ ਵਾਲੇ ਗਾਵਾਂ ਦੇ 4 ਬ੍ਰਿਜ ਸਨ ਫਾਲਗੁਨੀ ਨਾਂ ਦੀ ਪਤਨੀ ਸੀ ।270।

ਉਸ ਸਮੇਂ ਉਸੇ ਨਗਰੀ ਵਿਚ ਸ਼੍ਰਮਣ ਭਗਵਾਨ ਮਹਾਵੀਰ ਪਧਾਰੇ, ਆਨੰਦ ਦੀ ਤਰਾਂ ਸਾਲੀਹੀਆਪਿਆ ਨੇ ਵੀ ਗ੍ਰਹਿਸਥ ਧਰਮ ਸਵੀਕਾਰ ਕੀਤਾ । ਆਨੰਦ ਦੀ ਤਰਾਂ ਬੜੇ ਪੁੱਤਰ ਨੂੰ ਘਰ ਦਾ ਕੰਮ ਕਾਜ ਸੰਭਾਲਕੇ ਭਗਵਾਨ ਮਹਾਵੀਰ ਦੇ ਧਰਮ ਦੀ ਅਰਾਧਨਾ ਕਰਨ ਲਗਾ ਫਰਕ ਸਿਰਫ ਇਹ ਹੈ ਕਿ ਇਸ ਨੇ ਵੀ ਆਨੰਦ ਦੀ ਤਰਾਂ ਉਪਾਸਕ ਦੀਆਂ 11 ਪ੍ਰਤਿਮਾਵਾਂ ਸਵੀਕਾਰ ਕੀਤੀਆਂ ਪਰ ਇਸ ਨੂੰ ਕਿਸੇ ਤਰਾਂ ਦਾ ਕਸਟ ਨਹੀਂ ਝਲਣਾ ਪਿਆ ਇਸ ਦੀ ਬਾਕੀ ਦੀਆਂ ਘਟਨਾਵਾਂ ਕਾਮਦੇਵ ਉਪਾਸਕ ਦੀ ਤਰਾਂ ਸਮਝਨੀਆਂ ਚਾਹੀਦੀਆਂ ਹਨ ਇਹ ਵੀ ਮਰ ਕੇ ਸੌਧਰਮ ਕਲਪ ਨਾਂ ਦੇ ਦੇਵ ਲੋਕ ਦੇ ਅਰੁਣਕੀਲ ਵਿਮਾਲ ਵਿਚ ਦੇਵਤਾ ਦੇ ਰੂਪ ਵਿਚ ਪੈਦਾ ਹੋਇਆ ਇਸਦੀ ਉਮਰ ਉਥੇ 4 ਪਲਯੋਪਮ ਦੀ ਹੈ ਇਹ ਵੀ ਇਥੋਂ ਮਰ ਕੇ ਮਹਾਂਵਿਦੇਹ ਖੇਤਰ ਵਿਚ ਜਨਮ ਲਵੇਗਾ ਅਤੇ ਫਿਰ ਸਿਧ ਬੁਧ ਮੁਕਤ ਹੋਵੇਗਾ ।271।

ਦਸਾਂ ਸ਼੍ਰਮਣਾਂ ਦੇ ਉਪਾਸਕਾਂ ਨੇ 15ਵੇਂ ਸਾਲ ਉਪਾਸਕ ਬਨ ਕੇ ਘਰ ਦਾ ਕੰਮ ਕਾਜ ਛਡਕੇ ਧਰਮ ਸਾਧਨਾ ਕੀਤੀ ਦਸਾਂ ਦੀ ਧਰਮ ਅਰਾਧਨਾ ਦਾ ਕੁਲ ਸਮਾ 20 ਸਾਲ ਹੈ ।272।

ਇਸ਼ ਪ੍ਰਕਾਰ ਹੇ ਜੰਬੂ ਸ਼੍ਰਮਣ ਭਗਵਾਨ ਮਹਾਵੀਰ ਜੋ ਹੁਣ ਮੁਕਤੀ ਨੂੰ ਪ੍ਰਾਪਤ ਹੋ ਗਏ ਹਨ ਸਤਵੇਂ ਅੰਗ ਸ਼੍ਰੀ ਉਪਾਸਕ ਦਸ਼ਾਂਗ ਸੂਤਰ ਦਾ ਇਹ ਅਰਥ ਫਰਮਾਇਆ ਹੈ ।272।

●

# ਸੰਗ੍ਰਹਿ ਗਾਥਾ

(ਇਹ ਗਾਥਾਵਾਂ ਮੂਲ ਆਗਮ ਦਾ ਹਿੱਸਾ ਨਹੀਂ ਹਨ ਸਗੋਂ ਟੀਕਾਕਾਰ ਨੇ ਅਪਣੀ ਟੀਕਾ ਵਿਚ ਸ਼੍ਰੀ ਅਭੈਦੇਵ ਸੂਰੀ ਨੇ ਵਰਨਣ ਕੀਤੀਆਂ ਸਨ)।

ਵਨਿਜ ਗਰਾਮ ਵਿਚ ਇਕ ਉਪਾਸਕ, ਚੰਪਾ ਵਿਚ ਇਕ ਉਪਾਸਕ, ਬਨਾਰਸ ਵਿਚ ਦੋ ਉਪਾਸਕ, ਕਪਿੱਲਪੁਰ ਵਿਚ ਇਕ ਉਪਾਸਕ, ਪੋਲਾਸਪੁਰ ਵਿਚ ਇਕ ਉਪਾਸਕ, ਰਾਜ ਗ੍ਰਹਿ ਵਿਚ ਇਕ ਅਤੇ ਸ਼੍ਰਾਵਸਤੀ ਨਗਰੀ ਵਿਚ ਦੋ ਉਪਾਸਕ ਪੈਦਾ ਹੋਏ।

ਪਹਿਲੇ ਦੀ ਪਤਨੀ ਦਾ ਨਾਂ ਸਿਵਨੰਦਾ, ਦੂਸਰੇ ਦੀ ਪਤਨੀ ਦਾ ਨਾਂ ਭਦਰਾ, ਤੀਸਰੇ ਦੀ ਪਤਨੀ ਦਾ ਨਾਂ ਸਿਆਮਾ, ਚੌਥੀ ਦੀ ਪਤਨੀ ਦਾ ਨਾਂ ਧੰਨਾ, ਪੰਜਵੀਂ ਦੀ ਪਤਨੀ ਦਾ ਬਹੁਲਾ, ਛੇਵੀਂ ਪਤਨੀ ਦਾ ਨਾਂ ਪੁਸ਼ਪਾ, ਸਤਵੇਂ ਦੀ ਪਤਨੀ ਦਾ ਨਾਂ ਅਗਨੀਮਿਤਰਾ, ਅਠਵੇਂ ਦੀ ਰੇਵਤੀ ਨਾਂ ਦੀ 13 ਪਤਨੀਆਂ, ਨੌਵੇਂ ਦੀ ਪਤਨੀ ਦਾ ਨਾਂ ਅਸ਼ਵਨੀ ਤੇ ਦਸਵੇਂ ਦੀ ਪਤਨੀ ਦਾ ਨਾਂ ਫਾਲਗੁਣੀ ਸੀ।

ਪਹਿਲੇ ਦੇ ਜੀਵਨ ਦੀ ਵਿਸ਼ੇਸ਼ ਘਟਨਾ ਅਵਧੀ ਗਿਆਨ ਦੀ ਘਟਨਾ ਤੇ ਗੌਤਮ ਦੀ ਸੰਕਾ, ਦੂਸਰੇ ਦੀ ਪਿਸ਼ਾਚ ਦਾ ਉਪਦ੍ਰਵ, ਤੀਸਰੇ ਦੀ ਪਿਸ਼ਾਚ ਰਾਹੀਂ ਮਾਂ ਦੇ ਕਤਲ ਦੀ ਧਮਕੀ ਤੇ ਡੋਲਨਾਂ ਚੌਥੇ ਦੀ ਪਿਸਾਚ ਰਾਹੀਂ 16 ਰੋਗ ਪੈਦਾ ਕਰਨ ਦੀ ਧਮਕੀ ਤੇ ਡੋਲਨਾ, ਪੰਜਵੇਂ ਦੀ ਸੰਪਤੀ ਵਿਖੇਰਨ ਦੀ ਘਟਨਾਂ ਤੋਂ ਡਰਨਾ, ਛੇਵੀਂ ਦਾ ਦੇਵਤੇ ਰਾਹੀ ਅੰਗੂਠੀ ਤੇ ਦੁਪਟਾ ਚੁਕ ਕੇ ਗੋਸਾਲਕ ਦੇ ਮਤ ਦੀ ਪ੍ਰਸੰਸਾ ਕਰਨਾ ਤੇ ਦੇਵਤੇ ਨੂੰ ਲਾਜੁਆਵ ਕਰਨਾ, ਸਤਵੇਂ ਦੀ ਪਤਨੀ ਰਾਹੀਂ ਉਸਨੂੰ ਧਰਮ ਵਿਚ ਸਥਿਰ ਕਰਨਾ, ਅਠਵੇਂ ਦੀ ਰੇਵਤੀ ਦਾ ਉਪਦਰਵ, ਨੌਵੇਂ ਤੇ ਦਸਵੇਂ ਦੇ ਜੀਵਨ ਦੀ ਕੋਈ ਘਟਨਾ ਨਹੀਂ।

ਪਹਿਲਾ ਅਰੁਣ, ਦੂਸਰਾ ਅਰੁਣਾਵ, ਤੀਸਰਾ ਅਰੁਣਪ੍ਰਭ ਚੌਥਾ ਅਰੁਣਕਾਤ ਪੰਜਵਾਂ ਅਰੁਣਸ਼ਰੇਸਟ, ਛੇਵਾਂ ਅਰੁਣਧਵੰਜ, ਸਤਵਾਂ ਅਰੁਣਭੂਤ, ਅਠਵਾਂ ਅਰੁਣਾਵਤਸਕ, ਨੌਵਾਂ ਅਰੁਣਾਗਵ ਅਤੇ ਦਸਵਾਂ ਅਰੁਣਕੀਲ ਨਾਮਕ ਦੇਵ ਵਿਮਾਨਾਂ ਵਿਚ ਦੇਵਤੇ ਦੇ ਰੂਪ ਵਿਚ ਪੈਦਾ ਹੋਏ ਸਨ।

ਪਹਿਲੇ ਦੇ ਗਾਵਾਂ ਦੇ 4 ਬਿਰਜ, ਦੂਸਰੇ ਦੇ 6 ਬਿਰਜ, ਤੀਸਰੇ ਦੇ ਅਠ ਬ੍ਰਿਜ, ਚੌਥੇ ਦੇ 6 ਬ੍ਰਿਜ, ਪੰਜਵੇਂ ਦੇ 6 ਬ੍ਰਿਜ, ਛੇਵੇਂ ਦੇ 6 ਬ੍ਰਿਜ, ਸਤਵੇਂ ਦੇ 6 ਬ੍ਰਿਜ, ਅਠਵੇਂ ਦੇ 8 ਬਿਰਜ, ਨੌਵੇਂ ਦੇ 4 ਬ੍ਰਿਜ, ਤੇ ਦਸਵੇਂ ਦੇ 4 ਬ੍ਰਿਜ ਸਨ ਪਹਿਲੇ ਕੋਲ 12 ਕਰੋੜ,

ਦੂਸਰੇ ਕੋਲ 18 ਕਰੋੜ, ਤੀਸਰੇ ਕੋਲ 24 ਕਰੋੜ, ਚੋਥੇ ਕੋਲ 18 ਕਰੋੜ, ਪੰਜਵੇਂ ਕੋਲ 18 ਕਰੋੜ, 6ਵੇਂ ਕੋਲ 18 ਕਰੋੜ, ਸਤਵੇਂ ਕੋਲ 3 ਕਰੋੜ, ਅਠਵੇਂ ਕੋਲ 20 ਕਰੋੜ, ਰੇਵਤੀ ਕੋਲ 8 ਕਰੋਡ, ਨੌਵੇਂ ਕੋਲ 12 ਕਰੋੜ ਤੇ ਦਸਵੇਂ ਕੋਲ 12 ਕਰੋੜ ਸੋਨੇ ਦੀਆਂ ਮੋਹਰਾਂ ਸਨ ।

ਸਾਰੇ ਉਪਾਸਕਾਂ ਨੇ ਇਸਨਾਨ, ਦਾਤੁਨ, ਫੁੱਲ ਮਾਲਿਸ਼ ਦੇ ਤੇਲ, ਬਟਨਾ, ਇਸ਼ਨਾਨ ਦੀ ਸੰਖਿਆ, ਕਪੜੇ ਸੁਗੰਧਿਤ ਲੇਪ, ਫੁਲ, ਜੇਵਰ ਧੂਪ, ਪੀਣ ਦੀਆਂ ਚੀਜ਼ਾਂ, ਖਾਣ ਦੀਆਂ ਚੀਜ਼ਾਂ, ਚੌਲ, ਸ਼ੁਧ ਘੀ, ਸਾਗ ਮਿਠਾ ਭੋਜਨ ਬਨਾਉਣ ਵਾਲੀਆਂ ਜੇਮਣ, ਖਾਣ ਅਤੇ ਪੀਣ ਦੀ ਸੰਖਿਆ ਨਿਰਧਾਰਿਤ ਕੀਤੀ । ਦੋ ਸ਼ਾਵਕਾਂ ਨੂੰ ਅਵਧਿਗਿਆਨ ਪ੍ਰਾਪਤ ਹੋਇਆ ਅਤੇ ਭਿੰਨ-ਭਿੰਨ ਦਿਸ਼ਾਵਾਂ ਵੇਖਣ ਲਗੇ ।

ਪੂਰਵਦਿਸ਼ਾ—ਲਵਨ ਸਮੁਦਰ ਵਿਚ 500 ਯੋਜਨ ਤੱਕ ਇਸੇ ਪ੍ਰਕਾਰ ਦਖਣ ਤੇ ਪਛਮ ਤਕ ।

ਉਤਰਦਿਸਾ—ਚੁਲ ਹਿਮਵਾਨ ਪਰਵਤ ਤਕ ।

ਉਰਧਵਦਿਸ਼ਾ—ਸੌਧਰਮ ਦੇਵਲੋਕ ਵਿਚ ਸੌਧਰਮ ਕਲਪ ਵਿਮਾਨ ਤਕ ।

ਅਧੋਦਿਸ਼ਾ—ਪਹਿਲੀ ਰਤਨ ਪ੍ਰਭਾ ਨਾਂ ਦੀ ਨਰਕ ਦਾ ਲੋਲਪਾਚਯੁਤ ਨਾਂ ਦੀ ਜਗ੍ਹਾ ਜਿਥੇ 89000 ਉਮਰ ਵਾਰੇ ਨਾਰਕੀ ਜੀਵ ਰਹਿੰਦੇ ਹਨ । ਮਹਾਸ਼ਤਕ ਨੇ ਤਿਨ ਦਿਸਾਵਾਂ ਵੱਲ 1500, 1500 ਯੋਜਨ ਤਕ ਅਵਧੀ ਗਿਆਨ ਰਾਹੀਂ ਵੇਖਿਆ ਤੇ ਜਾਣਿਆ ।

ਹਰ ਸ਼ਾਵਕ ਨੇ 11 ਪ੍ਰਤਿਮਾਵਾਂ ਗ੍ਰਹਿਣ ਕੀਤੀਆਂ ਨਾਂ ਇਸ ਪ੍ਰਕਾਰ ਹਨ ।

1. ਦਰਸਨ, 2. ਵਰਤ, 3. ਸਮਾਇਕ, 4. ਪੋਸ਼ਧ, 5. ਦਿਵਾ ਬ੍ਰਹਮਚਾਰੀ, 6. ਬ੍ਰਹਮਚਰਜ, 7. ਸਚਿਤ ਪਰਿਤਿਆਗ, 8. ਆਰੰਭ ਪਰਿਤਿਆਗ, 9. ਪ੍ਰੇਮਜ, 10. ਉਦਿਸ਼ਟ ਭੋਜਨ ਪਰਿਤਿਆਗ, 11. ਸ਼੍ਰਮਣ ਭੂਤ ।



### ਸ਼੍ਰੀ ਉਪਾਸਕਦਸ਼ਾਂਗ ਵਿਚ ਆਏ

# ਮਹਾਪੁਰਸ਼ਾਂ ਦੀ ਜਾਨਕਾਰੀ

**ਜੰਬੂ ਸਵਾਮੀ**—ਆਪ ਦਾ ਜਨਮ ਰਾਜਗ੍ਰਹਿ ਨਗਰ ਵਿਖੇ ਹੋਇਆ। ਆਪ 64 ਕਰੋੜ ਦਾ ਦਹੇਜ ਅਤੇ 8 ਪਤਨੀਆਂ ਨੂੰ ਛਡ ਕੇ ਭਗਵਾਨ ਮਹਾਵੀਰ ਦੇ ਸਿਸ਼ ਸੁਧਰਮਾ ਸਵਾਮੀ ਪਾਸ ਸਾਧੂ ਬਣੇ। ਆਪ ਆਖਰੀ ਕੇਵਲ-ਗਿਆਨੀ ਸਨ। ਅੱਜ ਸਾਰਾ ਜੈਨ ਸਾਹਿਤ ਸੁਧਰਮਾ ਦੇ ਉੱਤਰ ਅਤੇ ਜੰਬੂ ਸਵਾਮੀ ਦੇ ਪ੍ਰਸ਼ਨਾਂ ਦਾ ਸਿੱਟਾ ਹੈ। ਜੰਬੂ ਸਵਾਮੀ ਦੇ ਮਨ ਵਿਚ ਇੱਛਾ ਜਾਗਦੀ ਹੈ ਅਤੇ ਸੁਧਰਮਾਂ ਸਵਾਮੀ ਜੰਬੂ ਸਵਾਮੀ ਨੂੰ ਉਸੇ ਪ੍ਰਕਾਰ ਦਸਦੇ ਹਨ ਜਿਵੇਂ ਉਹਨਾਂ ਭਗਵਾਨ ਮਹਾਵੀਰ ਤੋਂ ਸੁਣਿਆ ਸੀ। ਸੁਧਰਮਾ ਸਵਾਮੀ ਅਤੇ ਜੰਬੂ ਸਵਾਮੀ ਦਾ ਜੈਨ ਸਾਹਿਤ ਵਿਚ ਉਹ ਹ ੀ ਸਥਾਨ-ਹੈ ਜੋ ਗੀਤਾ ਵਿਚ ਸ਼੍ਰੀ ਕ੍ਰਿਸ਼ਨ ਅਤੇ ਅਰਜੁਨ ਜੀ ਦਾ ਹੈ। ਜਬੂੰ ਸਵਾਮੀ ਦਾ ਤੱਪ ਅਤੇ ਤਿਆਗ ਮਹਾਨ ਹੈ।

**ਮਹਾਵੀਰ ਸਵਾਮੀ**—ਸ੍ਰਮਣ, ਮਹਾਵੀਰ ਤੇ ਵਰਧਮਾਨ, ਇਹ ਤਿਨ ਨਾਂ 24 ਵੇਂ ਤੀਰਥੰਕਰ ਦੇ ਹਨ ਆਪ ਦਾ ਜਨਮ 599 ਈ. ਪੂ. ਖਤਰੀ ਕੁੰਡ ਗਰਾਮ ਦੇ ਰਾਜਾ ਸਿਧਾਰਥ ਦੇ ਘਰ ਹੋਇਆ, ਆਪ ਦੀ ਮਾਂ ਮਹਾਰਾਣੀ ਤ੍ਰਿਸ਼ਲਾ ਸੀ। ਜੋ ਵੇਸ਼ਾਲੀ ਗਣਤੰਤਰ ਦੇ ਰਾਜ਼ਾ ਚੇਟਕ ਦੀ ਪੁਤਰੀ ਸੀ। ਉਸ ਸਮੇਂ ਦੇ ਭਾਰਤ ਦੇ 8 ਬੜੇ ਰਾਜਾ ਆਪ ਦੇ ਰਿਸ਼ਤੇਦਾਰ ਸਨ। 30 ਸਾਲ ਦੀ ਉਮਰ ਵਿਚ ਘਰ ਛਡ ਕੇ ਤਪਸਿਆ ਲਈ ਤੁਰ ਪਏ। 12 ਸਾਲ ਦੀ ਕਠੋਰ ਸਾਧਨਾ ਵਿਚ ਸੱਚਾ ਕੇਵਲ ਗਿਆਨ ਪ੍ਰਾਪਤ ਕਰਕੇ ਅਰਿਹੰਤ ਅਤੇ ਤੀਰਥੰਕਰ ਅਖਵਾਏ। ਆਪਨੇ ਅਪਣੇ ਸਮੇਂ ਫੈਲੇ ਵੈਦਿਕ ਅੰਧ ਵਿਸ਼ਵਾਸ, ਬਲੀ ਪ੍ਰਥਾ, ਜਾਤਪਾਤ, ਯੱਗ ਆਦਿ ਕ੍ਰਿਆ ਕਾਂਡਾਂ ਵਿਰੁਧ ਅਵਾਜ ਉਠਾਈ। ਇਸਤਰੀਆਂ ਅਤੇ ਛੋਟੀ ਜਾਤ ਦੇ ਲੋਕਾਂ ਨੂੰ ਬਰਾਬਰ ਦਾ ਦਰਜਾ ਦਿਤਾ। ਆਪਨੇ ਅਹਿੰਸਾ, ਅਪਰਿਗ੍ਰਹਿਵਾਦ ਅਤੇ ਅਨੇਕਾਂਤਵਾਦ ਆਦਿ ਸਿਧਾਂਤਾਂ ਦੀ ਸੂਖਮ ਵਿਆਖਿਆ ਦਿਤੀ। ਆਪ ਦੇ ਸਾਧੂਆਂ ਦੀ ਗਿਣਤੀ 14 ਹਜਾਰ ਸ਼ੀ ਅਤੇ ਸਾਧਵੀਆਂ ਦੀ ਗਿਣਤੀ 36000 ਸੀ 42 ਸਾਲ ਦੀ ਅਵਸਥਾ ਵਿਚ ਕੇਵਲ-ਗਿਆਨ ਪ੍ਰਾਪਤ ਕੀਤਾ। 72 ਸਾਲ ਦੀ ਉਮਰ ਵਿਚ ਆਪਨੇ ਪਾਵਾਪੁਰੀ ਵਿਖੇ ਦੀਵਾਲੀ ਵਾਲੇ ਦਿਨ ਮੁਕਤੀ ਪ੍ਰਾਪਤ ਕੀਤੀ। ਆਪ ਵਾਰੇ ਉੱਝ ਤੇ 45 ਆਗਮਾਂ ਵਿਚ ਹੀ ਸੰਪੂਰਨ ਵਿਆਖਿਆ ਭਰੀ ਪਈ ਹੈ। ਪਰ ਆਪਦਾ ਜੀਵਨ ਕਲਪ

ਸੂਤਰ, ਆਵਸ਼ਕ ਨਿਉਰਕਤੀ, ਆਵਸ਼ਕ ਚੂਰਣੀ ਅਤੇ ਤਰੇਸ਼ਠ ਪੁਰਸ਼ ਸ਼ਲਾਕਾ ਚਾਰਿਤਰ ਵਿਚ ਸਿਲਸਿਲੇਵਾਰ ਨਾਲ ਮਿਲਦਾ ਹੈ।

ਆਪ ਦੀ ਤੱਪਸਿਆ ਵਾਰੇ ਸ਼ਾਸਤਰਕਾਰਾਂ ਦਾ ਕਥਨ ਹੈ ਕਿ "23 ਤੀਰਥੰਕਰਾਂ ਦਾ ਤੱਪ ਇਕ ਪਾਸੇ ਰੱਖ ਦਿਉ, ਅਤੇ ਇਕਲੇ ਮਹਾਵੀਰ ਦਾ ਤੱਪ ਇੱਕ ਪਾਸੇ, ਤਾਂ ਵੀ ਭਗਵਾਨ ਮਹਾਵੀਰ ਦੇ ਤੱਪ ਦਾ ਪਲੜਾ ਭਾਰੀ ਹੈ।

**ਆਨੰਦ**— (ਵੇਖੋ ਪਹਿਲਾ ਅਧਿਐਨ) ਇਸ ਨੇ ਭਗਵਾਨ ਮਹਾਵੀਰ ਤੋਂ ਵਿਧੀ ਸਹਿਤ ਵਰਤ ਗ੍ਰਹਿਣ ਕੀਤੇ।

**ਸ਼ਿਵਾਨੰਦਾ**—ਇਹ ਆਨੰਦ ਉਪਾਸ਼ਕ ਦੀ ਧਰਮ ਪਤਨੀ ਸੀ। ਬੜੀ ਸੋਹਣੀ ਸਮਝ ਦੀ ਮਾਲਿਕ ਸੀ ਇਸ ਨੇ ਵੀ ਭਗਵਾਨ ਮਹਾਵੀਰ ਪਾਸੋਂ ਸ਼੍ਰਾਵਿਕਾ ਦੇ 12 ਵਰਤਾਂ ਨੂੰ ਧਾਰਣ ਕੀਤਾ। ਬੜੀ ਸ਼ਰਧਾ ਨਾਲ ਭਗਵਾਨ ਦੇ ਦਰਬਾਰ ਵਿਚ ਆਨੰਦ ਤੋਂ ਪਿਛੋਂ ਪਹੁੰਚੀ ਸੀ।

**ਕੋਣਿਕ**—ਇਹ ਮਗਧ ਸਮਰਾਟ ਸ਼੍ਰੇਣਿਕ (ਬਿੰਬਸਾਰ) ਦਾ ਪੁਤਰ ਸੀ। ਪਿਤਾ ਨੂੰ ਕੈਦ ਕਰਕੇ ਗੱਦੀ ਤੇ ਬੈਠਾ ਸੀ। ਬੁੱਧ ਸਾਹਿਤ ਨੇ ਇਸ ਦਾ ਨਾਂ ਅਜਾਤਸ਼ਤਰੂ ਆਖਿਆ ਹੈ। ਇਸ ਨੇ ਹੀ ਵੈਸ਼ਾਲੀ ਗਣਤੰਤਰ ਦਾ ਵਿਨਾਸ਼ ਕੀਤਾ ਸੀ। ਇਹ ਸ਼੍ਰਮਣ ਭਗਵਾਨ ਮਹਾਵੀਰ ਦਾ ਬਹੁਤ ਭਗਤ ਸੀ। ਜਦ ਵੀ ਭਗਵਾਨ ਰਾਜਗ੍ਰਹਿ ਆਉਂਦੇ, ਇਹ ਅਪਣੀ ਚਾਰ ਪ੍ਰਕਾਰ ਦੀ ਸੈਨਾ ਲੈਕੇ ਦਰਸ਼ਨ ਕਰਨ ਜਰੂਰ ਆਉਂਦਾ।

**ਜੇਠਪੁਤ**—ਆਨੰਦ ਉਪਾਸ਼ਕ ਦਾ ਬੜਾ ਪੁਤਰ, ਪਰ ਇਸ ਦਾ ਨਾਂ ਸੂਤਰ ਵਿਚ ਨਹੀਂ ਆਇਆ।

**ਪੂਰਣਸੇਠ**—ਇਹ ਵਿਦਵਾਨ ਸ਼੍ਰਾਵਕ ਸੀ। ਇਸ ਦਾ ਵਰਨਣ ਸ਼੍ਰੀ ਭਗਵਤੀ ਸੂਤਰ ਵਿਚ ਆਇਆ ਹੈ। ਇਹ ਵੀ ਅਪਣੇ ਬੜੇ ਪੁੱਤਰ ਨੂੰ ਘਰ ਦਾ ਭਾਰ ਸੰਭਾਲ ਕੇ ਸ੍ਰਾਵਕ ਧਰਮ ਦਾ ਪਾਲਨ ਕਰਨ ਲਗਾ।

**ਗੌਤਮ ਸਵਾਮੀ** — ਆਪ ਵਾਰੇ ਪਹਿਲੇ ਅਧਿਐਨ ਵਿਚ ਪੂਰਾ ਵਰਨਣ ਹੈ। ਆਪ ਦਾ ਜਨਮ ਗੋਬਰ ਨਾਂ ਦੇ ਪਿੰਡ ਵਿਚ ਬ੍ਰਿਜ ਮਾਂ ਦੀ ਕੁਖੇ ਹੋਇਆ। ਆਪ ਦਾ ਪੂਰਾ ਨਾਂ ਇੰਦਰਭੂਤੀ ਸੀ ਆਪ 500 ਚੇਲਿਆਂ ਦੇ ਗੁਰੂ ਸਨ ਆਪ ਵੇਦ, ਵੇਦਾਂਗ ਦੇ ਪ੍ਰਕਾਂਡ ਪੰਡਿਤ ਸਨ। ਭਗਵਾਨ ਮਹਾਵੀਰ ਤੋਂ 8 ਸਾਲ ਬੜੇ ਸਨ। ਜਦੋਂ ਭਗਵਾਨ ਮਹਾਵੀਰ ਕੇਵਲ-ਗਿਆਨ ਪ੍ਰਾਪਤ ਕਰਕੇ ਪਾਵਾਪੁਰੀ ਨਗਰੀ ਪਹੁੰਚੇ ਤਾਂ ਗੌਤਮ ਇੰਦਰ ਭੂਤੀ ਅਪਣੇ ਸਾਥੀ 4400 ਬ੍ਰਾਹਮਣ ਨਾਲ ਸੋਮਿਲ ਬ੍ਰਾਹਮਣ ਦੀ ਯੱਗ ਸ਼ਾਲਾ ਵਿਚ ਯੱਗ ਕਰ ਰਿਹਾ ਸੀ।

ਆਪਨੂੰ ਆਤਮਾ ਦੀ ਹੋਂਦ ਜਾਂ ਅਣਹੋਂਦ ਵਾਰੇ ਸ਼ਕ ਸੀ। ਭਗਵਾਨ ਮਹਾਵੀਰ ਆਪਦਾ ਸ਼ਕ ਦੂਰ ਕੀਤਾ। ਆਪਨੂੰ ਮਹਾਵੀਰ ਪ੍ਰਤਿ ਬੇਹੱਦ ਪ੍ਰੇਮ ਸੀ। ਭਗਵਾਨ ਮਹਾਵੀਰ ਨੇ ਆਪ ਦੀ ਹਰ ਸੰਕਾ ਦੂਰ ਕੀਤੀ। ਆਪ ਗਣਧਰਾਂ ਵਿਚ ਪਹਿਲੇ ਗਣਧਰ ਸਨ। ਆਪ ਸਰਲ ਅਤੇ ਸਾਂਤ, ਸੁਭਾਅ ਦੇ ਸਾਂਤ ਸਨ ਆਪਨੂੰ ਭਗਵਾਨ ਮਹਾਵੀਰ ਨਾਲ ਅਥਾਹ ਪਿਆਰ ਸੀ ਭਗਵਾਨ ਮਹਾਵੀਰ ਦੇ ਪ੍ਰੇਮ ਦਾ ਮੋਹ ਇਨ੍ਹਾਂ ਨੂੰ ਕੇਵਲ ਗਿਆਨੀ ਨਹੀਂ ਸੀ ਬਨਣ ਦਿੱਤਾ। ਭਗਵਾਨ ਮਹਾਵੀਰ ਇਸ ਕਮਜੋਰੀ ਨੂੰ ਸਮਝਦੇ ਸਨ। ਉਹਨਾਂ ਅਪਣੇ ਨਿਰਵਾਨ ਸਮੇ ਗੌਤਮ ਸਵਾਮੀ ਨੂੰ ਕਿਸੇ ਲਾਗਲੇ ਪਿੰਡ ਭੇਜ ਦਿਤਾ ਤਾਕਿ "ਇਹ ਮੌਤ ਦਾ ਗਮ ਨਾ ਕਰੇ" ਪਰ ਇਹੋ ਗਮ ਵਿਚ ਆਪ ਨੇ ਸੱਚਾ ਕੇਵਲ ਗਿਆਨ ਪ੍ਰਾਪਤ ਕਰ ਲਿਆ। ਆਪ ਅਤਿਅੰਤ ਨਰਮ ਸਨ 4 ਗਿਆਨ ਦੇ ਧਾਰਕ ਹੋਕੇ ਵੀ ਆਨੰਦ ਜੇਹੇ ਮਾਮੂਲੀ ਸ਼੍ਰਾਵਕ ਤੋਂ ਆਪ ਮੁਆਫੀ ਮੰਗਣ ਗਏ, ਜੋ ਆਪ ਦੀ ਮਹਾਨਤਾ ਨੂੰ ਚਾਰ ਚੰਦ ਲਗਾਉਂਦੀ ਹੈ। ਆਪ ਵਾਰੇ ਵਿਸੇਸਕ ਭਾਸ਼ਯ ਨਾਮਕ ਗ੍ਰੰਥ ਵਿਚ ਕਾਫੀ ਵਿਸਥਾਰ ਨਾਲ ਆਉਂਦਾ ਹੈ। ਭਗਵਾਨ ਮਹਾਵੀਰ ਦੇ ਨਿਰਵਾਨ ਤੋਂ ਵਾਅਦ ਸੱਮੁਚੇ ਸੰਘ ਦੀ ਵਾਗਡੋਰ ਆਪ ਦੇ ਹੱਥ ਆ ਗਈ।

**ਕਾਮਦੇਵ**—(2) ਵੇਖੋ ਦੂਸਰਾ ਅਧਿਐਨ।

**ਭੱਦਰਾ**—(2) ਕਾਮਦੇਵ ਦੀ ਪਤਨੀ ਦਾ ਨਾਂ ਹੈ ਇਸ ਵਾਰੇ ਹੋਰ ਵਿਆਖਿਆ ਪ੍ਰਾਪਤ ਨਹੀਂ ਹੁੰਦੀ।

**ਇੱਕ ਦੇਵ**—(2) ਇਸਦਾ ਨਾਂ ਪ੍ਰਾਪਤ ਨਹੀਂ, ਪਰ ਸ਼ਕਦਰ ਦੇਵਤਾ ਰਾਹੀ ਕਾਮ ਦੇਵ ਸ਼੍ਰਾਵਕ ਦੀ ਪ੍ਰੀਖਿਆ ਲੈਣ ਆਇਆ ਕਈ ਪ੍ਰਕਾਰ ਦੇ ਕਸ਼ਟ ਦਿਤੇ ਪਰ ਸ਼੍ਰਾਵਕ ਅਡੋਲ ਰਿਹਾ। ਆਖਰ ਵਿਚ ਸ਼੍ਰਾਵਕ ਤੋਂ ਮੁਆਫੀ ਮੰਗ ਕੇ ਅਪਣੀ ਜਗਾ ਤੇ ਵਾਪਿਸ ਹੋ ਗਿਆ।

**ਸ਼ਕਦਰ**—(2) ਇਸ ਵਾਰੇ ਦੂਸਰੇ ਅਧਿਐਨ ਵਿਚ ਵਿਸਥਾਰ ਨਾਲ ਟੀਕਾਕਾਰ ਅਭੈਦੇਵ ਸੂਰੀ ਦਾ ਮੱਤ ਦਸ ਦਿੱਤਾ ਗਿਆ ਹੈ।

**ਸ਼ੰਖ**—(2) ਇਸ ਸ੍ਰਾਵਕ ਦਾ ਵਰਨਣ ਸ਼੍ਰੀ ਭਗਵਤੀ ਸੂਤਰ ਵਿਚ ਵਿਸਥਾਰ ਨਾਲ ਮਿਲਦਾ ਹੈ। ਇਹ ਸ਼੍ਰਾਵਕ ਤੱਤਵ ਗਿਆਨ ਦਾ ਮਹਾਨ ਜਾਨਕਾਰ ਸੀ ਇਸ ਨੇ ਭਗਵਤੀ ਸੂਤਰ ਵਿਚ ਭਗਵਾਨ ਮਹਾਵੀਰ ਤੋਂ ਧਾਰਮਿਕ ਜਾਗਰਣ ਦੀ ਵਿਆਖਿਆ ਪੁੱਛੀ ਹੈ।

**ਚੁਲਨੀਪਿਤਾ**—(3) ਇਸ ਵਾਰੇ ਵਰਨਣ ਲਈ ਤੀਸਰਾ ਅਧਿਐਨ ਵੇਖੋ।

**ਸ਼ਿਆਮਾ** (3) ਚੁਲਨੀਪਿਤਾ ਦੀ ਧਰਮਪਤਨੀ ਇਸ ਸੰਖੇਪ ਵਰਨਣ ਮਿਲਦਾ ਹੈ।

**ਪਿਸ਼ਾਚ**—(3) ਇਸ ਦੇਵ ਦਾ ਕੋਈ ਨਾਂ ਨਹੀਂ ਮਿਲਦਾ, ਇਸਨੇ ਚੁਲਨੀ ਪਿਤਾ ਨੂੰ ਧਰਮ ਤੋਂ ਗਿਰਾਉਣ ਲਈ ਬਹੁਤ ਤਸੀਹੇ ਦਿਤੇ।

**ਭਦਰਾ**—(3) ਇਹ ਚੁਲਨੀਪਿਤਾ ਦੀ ਮਾਂ ਸੀ ਜੋ ਮਹਾਨ ਸ਼੍ਰਾਵਿਕਾ ਸੀ ਜਦੋਂ ਪਿਸ਼ਾਚ ਦੇ ਕਸ਼ਟਾਂ ਕਾਰਣ ਚੁਲਨੀਪਿਤਾ ਦਾ ਮਨ ਡੋਲ ਗਿਆ ਤਾਂ ਇਸਨੇ ਚੁਲਨੀ-ਪਿਤਾ ਨੂੰ ਧਰਮ ਵਿਚ ਦਰਿੜ ਕੀਤਾ।

**ਸੁਰਾਦੇਵ** (4) ਵੇਖੋ ਚੋਥਾ ਅਧਿਐਨ।

**ਧਨਾ** (4) ਸੁਰਾਦੇਵ ਦੀ ਪਤਨੀ ਸੀ। ਜਿਸਨੇ ਸੁਰਾਦੇਵ ਨੂੰ ਧਰਮ ਵਿਚ ਡੋਲਣ ਤੋਂ ਬਚਾਇਆ ਅਤੇ ਵਰਤਾਂ ਵਿਚ ਪੱਕਾ ਕੀਤਾ।

**ਚੁਲਸ਼ਤਕ** (5) ਵੇਖੋ ਪੰਜਵਾਂ ਅਧਿਐਨ।

**ਬਹੁਲਾ** (5) ਚੁਲਸ਼ਤਕ ਦੀ ਧਰਮ ਪਤਨੀ। ਇਹ ਵੀ ਆਦਰਸ਼ ਸ਼੍ਰਾਵਿਕਾ ਸੀ ਜਿਸ ਨੇ ਚੁਲਸ਼ਤਕ ਨੂੰ ਧਰਮ ਧਿਆਨ ਵਿਚ ਸਥਿਰ ਕੀਤਾ।

**ਕੁਡਕੋਲਿਕ** (6) ਵੇਖੋ 6 ਅਧਿਐਨ

**ਪੁਸ਼ਾ** (6) ਕੁੰਡਕੋਲਿਕ ਦੀ ਧਰਮ-ਪਤਨੀ

**ਦੇਵ** (6) ਇਕ ਮਿਥਿਆਤਵੀ ਦੇਵਤਾ ਜੋਕਿ ਗੋਸ਼ਾਲਕ ਮੰਖਲੀਪੁਤਰ ਦਾ ਪ੍ਰਸ਼ੰਸਕ ਸੀ ਉਸ ਸ਼੍ਰਾਵਕ ਕੋਲ, ਉਸ ਦੇਵਤੇ ਨੇ ਗੋਸ਼ਾਲਕ ਦੇ ਧਰਮ ਦੀ ਪ੍ਰਸ਼ੰਸਾ ਕੀਤੀ। ਪਰ ਸ਼੍ਰਾਵਕ ਅਪਣੇ ਧਰਮ ਤੇ ਦਰਿੜ੍ਹ ਰਿਹਾ।

**ਸਧਾਲਪੁਤਰ** (7) ਵੇਖੋ ਛੇਵਾਂ ਅਧਿਐਨ। ਇਹ ਜਾਤ ਦਾ ਘੁਮਾਰ ਸੀ ਅਤੇ ਆਜੀਵਨ ਗੋਸ਼ਾਲਕ ਦਾ ਧਰਮ ਉਪਾਸਕ ਸੀ। ਇਸ ਦੀਆਂ 500 ਘੁਮਾਰ ਦੇ ਧੰਦੇ ਦੀਆਂ ਦੁਕਾਨਾਂ ਸਨ। ਇਹ ਭਗਵਾਨ ਮਹਾਵੀਰ ਦੀ ਪ੍ਰੇਰਣਾ ਨਾਲ ਸ਼੍ਰਾਵਕ ਬਣ ਗਿਆ।

**ਅਗਨੀਮਿਤਰਾ** (7) ਸਧਾਲਪੁਤਰ ਦੀ ਧਰਮਪਤਨੀ ਸੀ (ਵੇਖੋ ਅਧਿਐਨ 7)

**ਮਹਾ ਸ਼ਤਕ** (8) (ਵੇਖੋ ਅਠਵਾਂ ਅਧਿਐਨ) ਇਹ ਮਹਾਨ ਸ਼੍ਰਾਵਕ ਸੀ ਪਰ ਇਸ ਦੀਆਂ ਰੇਵਤੀ ਆਦਿ 12 ਔਰਤਾਂ ਸਨ।

**ਰੇਵਤੀ** (8) ਮਹਾਸ਼ਤਕ ਦੀ ਪਤਨੀ ਸੀ ਇਸ ਅਪਣੀ 12 ਸੌਕਣਾਂ ਨੂੰ ਮਾਰ ਕੇ ਉਨ੍ਹਾਂ ਦਾ ਦਾਜ ਕਬਜ਼ੇ ਵਿਚ ਕਰ ਲਿਆ ਸੀ। ਇਹ ਮਾਸ ਸ਼ਰਾਬ ਦੀ ਬਹੁਤ

ਸ਼ੌਕੀਨ ਸੀ। ਇਕ ਦਿਨ ਮਾਸ ਖਾ ਕੇ ਤੇ ਸ਼ਰਾਬ ਪੀ ਕੇ, ਰਾਤ ਨੂੰ ਉਸ ਥਾਂ ਤੇ ਪੁਜ ਗਈ ਜਿਥੇ ਮਹਾਸ਼ਤਕ ਪੌਸ਼ਧ ਵਰਤ ਕਰ ਰਿਹਾ ਸੀ। ਮਹਾਸ਼ਤਕ ਨੂੰ ਭੋਗ ਵਿਲਾਸ ਲਈ ਪ੍ਰਾਰਥਨਾ ਕਰਨ ਲਗੀ। ਮਹਾਸ਼ਤਕ ਨੇ ਗੁਸਾ ਖਾ ਕੇ ਰੇਵਤੀ ਨੂੰ ਸ੍ਰਾਪ ਦਿਤਾ "ਤੂੰ ਅੱਠ ਦਿਨਾਂ ਵਿਚ ਮਰਕੇ ਨਰਕ ਵਿਚ ਜਾਵੇਂਗੀ।" ਭਗਵਾਨ ਮਹਾਵੀਰ ਨੇ ਮਹਾਸ਼ਤਕ ਨੂੰ ਆਖਿਆ ਕਿ, ਕੜੇ ਬਚਨ ਸ਼੍ਰਾਵਕ ਨੂੰ ਨਹੀਂ ਬੋਲਨੇ ਚਾਹੀਦੇ, ਇਸ ਲਈ ਤੂੰ ਇਸਦਾ ਪ੍ਰਾਸ਼ਚਿਤ ਕਰ ?

**ਨੰਦਨੀਪਿਤਾ (9)** (ਵੇਖੋ ਨੌਵਾਂ ਅਧਿਐਨ)

**ਅਸ਼ਵਨੀ (9)** ਵੇਖੋ ਨੌਵਾਂ ਅਧਿਐਨ) ਨੰਦਨੀਪਿਤਾ ਦੀ ਧਰਮਪਤਨੀ)

**ਸਾਲਹੀਪਿਤਾ (10)** (ਵੇਖੋ ਦਸਵਾਂ ਅਧਿਐਨ)

**ਫਲਗੁਣੀ (10)** ਸਾਲਹੀ ਪਿਤਾ ਦੀ ਧਰਮਪਤਨੀ

# ਸ਼੍ਰੀ ਉਪਾਸਕ ਦਸ਼ਾਂਗ ਸੂਤਰ

# ਇਕ

# ਸਮਿਖਿਆਤਮਕ ਅਧਿਐਨ

# ਸ੍ਰੀ ਉਪਾਸਕ ਦਸਾਂਗ ਸੂਤਰ

ਜੈਨ ਆਗਮ ਸਾਹਿਤ ਵਿਚ ਸ੍ਰੀ ਉਪਾਸਕ ਦਸਾਂਗ ਸੂਤਰ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਪ੍ਰਮੁਖ 11 ਅੰਗ ਸ਼ਾਸਤਰਾਂ ਵਿਚੋਂ ਇਹ ਸਤਵਾਂ ਅੰਗ ਹੈ।

ਅਚਾਰੀਆ ਰਕਸ਼ਿਤ ਨੇ ਸਮੁਚੇ ਆਗਮ ਸਾਹਿਤ ਨੂੰ ਵਿਸ਼ੇ ਦੇ ਪੱਖੋਂ ਚਾਰੇ ਹਿਸਿਆਂ ਵਿਚ ਵੰਡਿਆ ਹੈ।

**1. ਚਰਨਕਰਨਯੋਗ**— ਇਸ ਵਿਚ ਅਚਾਰਾਂਗ, ਦਸਵੈਕਾਲਿਕ, ਆਵਸ਼ਯਕ ਆਦਿ ਚਾਰ ਦੇ ਵਿਆਖਿਆ ਕਰਨ ਵਾਲੇ ਇਸ ਸ਼੍ਰੇਣੀ ਵਿਚ ਆਉਂਦੇ ਹਨ।

**2. ਧਰਮਕਥਾਨੁਯੋਗ**—ਧਾਰਮਿਕ ਘਟਨਾਵਾਂ, ਉਦਾਹਰਨਾਂ ਤੇ ਚਾਰਿਤਰਾਂ ਦੀ ਵਿਆਖਿਆ ਕਰਨ ਵਾਲੇ ਗਿਆਤਾਧਰਮ ਕਥਾ, ਉੱਤਰਾਧਿਐਨ ਸੂਤਰ ਤੇ ਉਪਾਸਕ ਦਸਾਂਗ ਆਦਿ ਸਾਮਲ ਹਨ।

**3. ਗਣਿਤਾਨੁਯੋਗ**—ਗਣਿਤ ਦੀ ਵਿਆਖਿਆ ਕਰਨ ਵਾਲੇ ਸੂਰਜ, ਚੰਦ, ਧਰਤੀ ਇਸ ਸ਼੍ਰੇਣੀ ਵਿਚ ਆਉਂਦੇ ਹਨ।

**4. ਦਰਵਾਯਾਨੁਯੋਗ** ਦਾਰਸਨਿਕ ਤੱਤਾਂ ਦੀ ਵਿਆਖਿਆ ਕਰਨ ਵਾਲੇ ਦ੍ਰਿਸ਼ਟੀਵਾਦ, ਸੂਤਰਕ੍ਰਿਤਾਂਗ ਆਦਿ ਇਸ ਵਿਚ ਸ਼ਾਮਲ ਹਨ।

ਪਰ ਇਹ ਕੋਈ ਪੱਕੀ ਭੇਦ-ਰੇਖਾ ਨਹੀਂ, ਦਰ-ਅਸਲ ਸਾਰੇ ਆਗਮਾਂ ਵਿਚ ਚਾਰੇ ਯੋਗਾਂ ਦਾ ਮਿਸ਼ਰਨ ਮਿਲ ਜਾਂਦਾ ਹੈ।

## ਉਪਾਸਕ ਦਸਾਂਗ ਸ਼ਬਦ ਦਾ ਅਰਥ

ਉਪਾਸਕ ਤੋਂ ਭਾਵ ਹੈ ਉਪਾਸਨਾ ਕਰਨ ਵਾਲਾ ਅਤੇ ਦਸਾਂਗ ਤੋਂ ਭਾਵ ਹੈ 10 ਵਾਂ ਅੰਗ ਭਾਵ 10 ਉਪਾਸਕਾਂ ਦਾ ਵਰਨਣ ਕਰਨ ਵਾਲਾ ਗ੍ਰੰਥ। ਸ਼ਵਾਲ ਪੈਦਾ ਹੋ ਸਕਦਾ ਹੈ ਕਿ ਭਗਵਾਨ ਮਹਾਵੀਰ ਦੇ ਲੱਖਾਂ ਉਪਾਸਕ ਸਨ, ਫੇਰ ਇਨ੍ਹਾਂ 10 ਦਾ ਵਰਨਣ ਕਰਨ ਦੀ ਕੀ ਜਰੂਰਤ ਸੀ ? ਇਹ ਪ੍ਰਸ਼ਨ ਬਹੁਤ ਸੁਭਾਵਿਕ ਹੈ।

ਸਭ ਤੋਂ ਪਹਿਲਾਂ ਸਾਨੂੰ ਇਹ ਜਾਨਣਾ ਜ਼ਰੂਰੀ ਹੈ ਕਿ ਉਪਾਸਕ ਸ਼ਬਦ ਦਾ ਕੀ ਅਰਥ ਹੈ ? ਜੈਨ ਧਰਮ ਵਿਚ ਦੋ ਪ੍ਰਕਾਰ ਦਾ ਧਰਮ ਫਰਮਾਇਆ ਗਿਆ ਹੈ।

**1. ਸ਼੍ਰਮਣ (ਸਾਧੂ ਸਾਧਵੀਆਂ) ਦਾ ਧਰਮ**—ਜੋ ਪੰਜ ਮਹਾਵਰਤ,ਪੰਜ ਸਮਿਤੀਆਂ ਤੇ ਤਿੰਨੇ ਗੁਪਤੀਆਂ ਦਾ ਦਰਿੜ੍ਹਤਾ ਨਾਲ ਪਾਲਣ ਕਰਦਾ ਹੈ ਉਸਨੂੰ ਅਸੀ ਮੁਨੀ, ਸੰਜਤੀ, ਸ਼੍ਰਮਣ, ਭਿਕਸ਼ੂ ਜਾਂ ਨਿਰਗਰੰਥ ਆਖ ਸਕਦੇ ਹਾਂ ਸ਼੍ਰਮਣ ਇਨ੍ਹਾਂ ਪ੍ਰਤਿਗਿਆਵਾਂ ਤੇ ਮਨ ਬਚਨ ਤੇ

ਸਰੀਰ ਰਾਹੀਂ ਆਪ ਚਲਦਾ ਹੈ ਅਤੇ ਇਨ੍ਹਾਂ ਵਰਤਾਂ ਦੇ ਦੋਸ਼ਾਂ ਪ੍ਰਤਿ ਆਪ ਹੀ ਨਹੀਂ ਬਚਦਾ ਸਗੋਂ ਉਹ ਇਸ ਦੋਸ ਨੂੰ ਨਾ ਤਾਂ ਆਪਣੇ ਲਈ ਕਰਵਾਉਂਦਾ ਹੈ ਅਤੇ ਨਾ ਹੀ ਕਰਦੇ ਨੂੰ ਚੰਗਾ ਜਾਣਦਾ ਹੈ।

2. **ਸ਼੍ਰਾਵਕ ਧਰਮ**—ਇਸਨੂੰ ਹੀ ਉਪਾਸਕ ਧਰਮ, ਗ੍ਰਿਹਸਥੀ ਦਾ ਧਰਮ ਆਖਦੇ ਹਨ। ਸ਼੍ਰਾਵਕ ਕਿਸ ਨੂੰ ਆਖਦੇ ਹਨ ? ਇਸਦਾ ਵਿਸਥਾਰ ਨਾਲ ਵਰਨਣ ਇਸ ਸੂਤਰ ਦੇ ਪਹਿਲੇ ਅਧਿਐਨ ਤੋਂ ਵਿਸਥਾਰ ਨਾਲ ਮਿਲਦਾ ਹੈ। ਸੰਖੇਪ ਵਿਚ ਅਸੀਂ ਆਖਦੇ ਹਾਂ ਕਿ ਜੋ ਦੇਵ, ਗੁਰੂ ਤੇ ਧਰਮ ਤੇ ਸੱਚੀ ਸ਼ਰਧਾ ਰਖਦਾ ਹੈ, ਉਹ ਸ਼੍ਰਾਵਕ ਹੈ।

ਸ਼੍ਰਾਵਕ ਸਮਿਅਕਤਵ ਤੋਂ ਅਗੇ ਸ਼੍ਰਾਵਕ ਦੇ 12 ਵਰਤਾਂ ਦਾ ਪਾਲਣ ਕਰਦਾ ਹੈ। ਇਸ ਵਿਚ ਸਾਧੂ ਵਾਲੇ ਅਹਿੰਸਾ, ਸਚ, ਚੋਰੀ ਨਾ ਕਰਨਾ, ਜਰੂਰਤ ਤੋਂ ਵਧ ਸੰਗ੍ਰਹਿ ਨਾ ਕਰਨਾ ਬ੍ਰਹਮਚਰਯ ਆਦਿ ਵਰਤ ਵੀ ਸ਼ਾਮਲ ਹਨ। ਇਹੋ ਵਰਤ ਸਾਧੂ ਦੀ ਹਾਲਤ ਵਿਚ ਮਹਾਵਰਤ ਅਖਵਾਉਂਦੇ ਹਨ ਪਰ ਗ੍ਰਿਹਸਥ ਦੀ ਹਾਲਤ ਵਿਚ ਅਣੂਵਰਤ ਅਖਵਾਉਂਦੇ ਹਨ ਅਣੂ ਤੋਂ ਭਾਵ ਛੋਟਾ ਹੈ ਅਰਥਾਤ ਇਨ੍ਹਾਂ ਵਰਤਾਂ ਦੀ ਕੁਝ ਛੋਟ ਰਖਕੇ ਪਾਲਣ ਕਰਨਾ ਹੀ ਅਣੂਵਰਤ ਜਾਂ ਸ਼ੀਲ ਵਰਤ ਹੈ।

ਹੁਣ ਅਸੀਂ ਪਹਿਲੇ ਪ੍ਰਸ਼ਨ ਵਲ ਫਿਰ ਆਉਂਦੇ ਹਾਂ ਕਿ ਜਦ ਭਗਵਾਨ ਮਹਾਵੀਰ ਦੇ ਲੱਖਾਂ ਉਪਾਸਕ ਸਨ ਤਾਂ ਇਨ੍ਹਾਂ ਦਾ ਹੀ ਵਰਨਣ ਕਿਉਂ ਕੀਤਾ ਗਿਆ ਮੇਰੀ ਛੋਟੀ ਜਿਹੀ ਰਾਏ ਅਨੁਸਾਰ ਇਸਦੇ ਹੇਠ ਲਿਖੇ ਕਾਰਨ ਸਨ।

---

1. ਦੇਵ ਤੋਂ ਭਾਵ ਅਰਿਹੰਤ ਜਾਂ ਤੀਰਥੰਕਰ ਅਤੇ ਮੁਕਤ ਸਿਧ ਆਤਮਾਵਾਂ ਹਨ ਜੋ ਰਾਗ-ਦਵੇਸ਼ ਆਦਿ ਵਿਕਾਰਾਂ ਤੇ ਕਾਬੂ ਪਾਕੇ ਨਿਰਵਾਨ ਹਾਸਲ ਕਰਦੀਆਂ ਹਨ। ਇਹੋ ਦੇਵ ਹੈ ਭਾਵ ਇਨ੍ਹਾਂ ਮੁਕਤ ਆਤਮਾਵਾਂ ਦੇ ਜੀਵਨ ਤੋਂ ਪ੍ਰੇਰਣਾ ਲੈਕੇ ਆਤਮਾ ਦਾ ਵਿਕਾਸ ਕਰਨਾ ਹੀ ਇਨ੍ਹਾਂ ਪ੍ਰਤਿ ਸੱਚੀ ਸ਼ਰਧਾ ਹੈ।

2. ਗੁਰੂ ਤੋਂ ਭਾਵ ਪੰਜ ਮਹਾਵਰਤ, ਪੰਜ ਸਮਿਤੀਆਂ, ਤਿੰਨ ਗੁਪਤੀਆਂ ਦਾ ਜੋ ਮਨ, ਬਚਨ ਤੇ ਸਰੀਰ ਰਾਹੀਂ ਪਾਲਣ ਕਰਦੇ ਹਨ 22 ਪਰੀਸ਼ੈਹ ਸਹਿਨ ਕਰਦੇ ਹਨ। ਧਰਮ ਉਪਦੇਸ਼ ਦਿੰਦੇ ਹਨ। ਉਨ੍ਹਾਂ ਪ੍ਰਤਿ ਸ਼ਰਧਾ ਰਖਣਾ, ਉਨ੍ਹਾਂ ਨੂੰ ਸ਼ੁਧ ਭੋਜਨ, ਕਪੜਾ ਤੇ ਭਾਂਡਾ ਦਾਨ ਦੇਣਾ ਇਹੋ ਗੁਰੂ ਪ੍ਰਤਿ ਸੱਚੀ ਸ਼ਰਧਾ ਹੈ।

3. ਧਰਮ ਤੋਂ ਭਾਵ ਹੈ।

ਨੌ ਤੱਤਵਾਂ—ਛੇ ਦਰਵ, ਸਚੇ ਦੇਵ, (ਅਰਿਹੰਤ-ਤੀਰਥੰਕਰ) ਗੁਰੂ ਤੇ ਜੈਨ ਸ਼ਾਸਤਰਾਂ ਪ੍ਰਤਿ ਸੱਚੀ ਸ਼ਰਧਾ ਤੇ ਵਿਸ਼ਵਾਸ ਕਰਦਾ ਹੈ ਅਤੇ ਇਨ੍ਹਾਂ ਪ੍ਰਤਿ ਗਿਆਨ ਰਖਦਾ ਹੈ।

1. ਇਹ ਉਪਾਸਕ ਸਾਰੇ ਹੀ ਧਨੀ ਸਨ। ਭਗਵਾਨ ਮਹਾਵੀਰ ਇਹ ਦਸਨਾ ਚਾਹੁੰਦੇ ਸਨ ਕਿ ਰਾਜਿਆਂ ਵਰਗੀ ਸਥਿਤੀ ਹੁੰਦਿਆਂ ਹੋਇਆਂ ਵੀ ਇਕ ਮਨੁਖ ਕਿਵੇਂ ਨਿਰਵਾਨ ਪ੍ਰਾਪਤ ਕਰ ਸਕਦਾ ਹੈ ਧਨ ਆਪਣੇ ਆਪ ਵਿਚ ਪਰਿਗ੍ਰਹਿ ਜਾਂ ਪਾਪ ਦਾ ਕਾਰਣ ਨਹੀਂ— ਪਾਪ ਦਾ ਕਾਰਣ ਧਨ ਪ੍ਰਤਿ ਮੋਹ ਹੈ। ਕਰੋੜਾਂ ਦਾ ਧਨ ਹੁੰਦਿਆਂ ਹੋਇਆਂ ਵੀ ਉਨ੍ਹਾਂ ਕਿਸ ਤਰ੍ਹਾਂ ਗ੍ਰਹਿਸਥ ਧਰਮ ਦਾ ਪਾਲਨ ਕੀਤਾ, ਇਹ ਹੀ ਦਰਸਾਉਣਾ ਇਸ ਸੂਤਰ ਦਾ ਭਾਵ ਹੈ।

2. ਇਸ ਸੂਤਰ ਵਿਚ ਜਿਨ੍ਹਾਂ ਉਪਾਸਕਾਂ ਦਾ ਵਰਨਣ ਆਇਆ ਹੈ ਉਨ੍ਹਾਂ ਨਾਲ ਕੋਈ ਨਾ ਕੋਈ ਘਟਨਾ ਸੰਬੰਧਿਤ ਹੈ। ਜਿਸ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਉਪਾਸਕਾਂ ਦਾ ਜੀਵਨ ਉਨ੍ਹਾਂ ਲੱਖਾਂ ਉਪਾਸਕਾਂ ਤੋਂ ਖਾਸ ਤੇ ਨਵੇਕਲਾ ਸੀ, ਜੋਕਿ ਆਮ ਮਨੁਖ ਲਈ ਪ੍ਰੇਰਣਾ ਦਾ ਕਾਰਨ ਬਨ ਸਕਦਾ ਸੀ।

3. ਇਸ ਸੂਤਰ ਵਿਚ ਜਿਨ੍ਹਾਂ ਉਪਾਸਕਾਂ ਦਾ ਵਰਨਣ ਆਇਆ ਹੈ ਉਹ ਕਈ ਜਾਤੀਆਂ ਨਾਲ ਸੰਬੰਧਿਤ ਹਨ ਭਗਵਾਨ ਮਹਾਵੀਰ ਇਹ ਸਿਧ ਕਰਨਾ ਚਾਹੁੰਦੇ ਸਨ ਕਿ ਨਿਰਗਰੰਥ ਧਰਮ ਵਿਚ ਜਾਤੀ, ਰੰਗ ਦਾ ਕੋਈ ਮਹੱਤਵ ਨਹੀਂ। ਮਹੱਤਵ ਹੈ, ਤਾਂ ਗਿਆਨ, ਦਰਸ਼ਨ, ਚਾਰਿਤਰ, ਤਪ ਦਾਨ, ਸੀਲ, ਤਪ ਤੇ ਦਿਆ ਦਾ ਹੈ।

4. ਇਸ ਸੂਤਰ ਦਾ ਇਕ ਉਦੇਸ਼ ਉਪਾਸਕ ਦੇ 12 ਵਰਤਾਂ ਦੀ ਵਿਆਖਿਆ ਵੀ ਹੈ, 12 ਪ੍ਰਤਿਮਾਵਾਂ ਦੀ ਵਿਆਖਿਆ ਵੀ ਹੈ। ਇਸ ਆਗਮ ਦਾ ਇਕ ਹੋਰ ਉਦੇਸ਼ ਇਹ ਵੀ ਹੈ ਕਿ ਨਾ ਤਾਂ ਸਾਰੇ ਸਾਧੂ ਹੀ ਮਹਾਨ ਹੁੰਦੇ ਹਨ ਨਾ ਹੀ ਸਾਰੇ ਗ੍ਰਹਿਸਥ। ਸਗੋਂ ਕਈ ਵਾਰ ਗ੍ਰਹਿਸਥੀ ਮੁਨੀਆਂ ਤੋਂ ਮਹਾਨ ਹੁੰਦੇ ਹਨ ਜੋਕਿ ਦੇਵਤੇ ਤੇ, ਪਸ਼ੂ ਤੇ ਮਨੁਖਾਂ ਰਾਹੀਂ ਦਿਤੇ ਕਸ਼ਟਾਂ ਨੂੰ ਸ਼ਾਂਤੀ ਪੂਰਵਕ ਸਹਿਨ ਕਰਦੇ ਹਨ।

## ਉਪਾਸਕ ਦਸ਼ਾਂਗ ਵਿਚ ਵਰਨਣ ਸਮਾਜਿਕ ਹਾਲਤ

ਉਪਾਸਕ ਦਸ਼ਾਂਗ ਸਾਰੇ ਜੈਨ ਸਾਹਿਤ ਵਿਚੋਂ ਇਕੋ ਇਕ ਆਗਮ ਹੈ ਜੋਕਿ ਮਹਾਵੀਰ ਦੇ ਸਮੇਂ ਦੇ ਪ੍ਰਮੁਖ ਉਪਾਸਕ ਦੀ ਸਹੀ ਤਸਵੀਰ ਖਿਚਦਾ ਹੈ ਭਾਵੇਂ ਹੋਰ ਆਗਮਾਂ ਵਿਚ ਵੀ ਉਪਾਸਕ ਦਾ ਵਰਨਣ ਆਇਆ ਹੈ ਪਰ ਉਪਾਸ਼ਕ ਦਸ਼ਾਂਗ ਵਿਚ ਤੇ ਸਿਰਫ ਉਪਾਸਕਾਂ ਦਾ ਹੀ ਵਰਨਣ ਹੈ ਉਨ੍ਹਾਂ ਦੀ ਸਮਾਜਿਕ, ਰਾਜਨੀਤਿਕ, ਆਰਥਿਕ ਤੇ ਧਾਰਮਿਕ ਸਥਿਤੀ ਦਾ ਵਰਨਣ ਹੈ।

ਉਸ ਸਮੇਂ ਉਪਾਸਕ ਦੀ ਸਮਾਜਿਕ ਸਥਿਤੀ ਬਹੁਤ ਹੀ ਆਦਰ ਵਾਲੀ ਸੀ ਭਾਵੇਂ ਉਸ ਸਮੇਂ ਸਮਾਜ ਚਾਰ ਵਰਨਾਂ ਵਿਚ ਵੰਡਿਆ ਹੋਇਆ ਸੀ ਪਰ ਜੈਨ ਉਪਾਸਕ ਇਕ ਦੂਸਰੇ ਨੂੰ ਦੇਵਾਨੁਪ੍ਰਿਯ, ਆਯੁਸ਼ਮਾਨ ਆਦਿ ਸਤਿਕਾਰ ਯੋਗ ਸ਼ਬਦਾਂ ਨਾਲ ਸੰਬੋਧਿਤ ਕਰਦੇ ਸਨ।

ਮਾਂ ਪਿਓ ਦਾ ਬਹੁਤ ਸਤਿਕਾਰ ਕੀਤਾ ਜਾਂਦਾ ਸੀ ਮਾਂ ਨੂੰ ਦੇਵ ਗੁਰੂ ਦ ਸਮਾਨ ਸਮਝਿਆ ਜਾਂਦਾ ਸੀ। ਉਨ੍ਹਾਂ ਦੀ ਇਜਤ ਕਰਨਾ ਧਰਮ ਸਮਝਿਆ ਜਾਂਦਾ ਸੀ।

ਪਤਨੀ ਲਈ ਵੀ ਉਸ ਸਮੇਂ ਧਰਮ ਸਹਾਇਕਾ, ਧਰਮ ਵੈਦ ਆਦਿ ਆਦਰਯੋਗ ਸ਼ਬਦ ਇਸਤੇਮਾਲ ਕੀਤੇ ਜਾਂਦੇ ਸਨ।

ਉਪਾਸਕ ਤੇ ਉਪਾਸਿਕਾਵਾਂ ਬੜੇ ਸ਼ਾਨ-ਸ਼ੌਕਤ ਨਾਲ ਧਾਰਮਿਕ ਰਥ ਤੇ ਸੁਆਰ ਹੋਕੇ ਨੌਕਰ ਚਾਕਰ ਨਾਲ ਲੈਕੇ ਜਾਂਦੇ ਸਨ। ਕਪੜੇ ਤੇ ਗਹਿਣੇ ਸਾਦੇ ਪਰ ਬਹੁਮੁਲੇ ਪਾਏ ਜਾਂਦੇ ਸਨ। ਸਮੋਸਰਨ ਤੋਂ ਪਹਿਲਾਂ ਉਹ ਜੂਤੇ ਤੇ ਰਥ ਦੂਰ ਹੀ ਰੋਕ ਲੈਂਦੇ ਸਨ ਕਈ ਉਪਾਸਕ ਪੈਦਲ ਵੀ ਪਰ ਸ਼ਾਨ ਸ਼ੌਕਤ ਤੇ ਛਤਰ ਧਾਰਨ ਕਰਕੇ ਜਾਂਦੇ ਸਨ।

ਸ਼੍ਰਾਵਕ ਲੋਕ ਆਪਣੇ ਰਿਸ਼ਤੇਦਾਰਾਂ ਤੇ ਮਿਤਰਾਂ ਦਾ ਬਹੁਤ ਧਿਆਨ ਰਖਦੇ ਸਨ। ਕੋਈ ਵੀ ਬੜਾ ਕੰਮ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਭੋਜਨ ਕੀਤਾ ਜਾਂਦਾ ਸੀ ਜਦ ਆਨੰਦ ਆਦਿ ਉਪਾਸਕਾਂ ਨੇ ਆਪਣੇ ਬੜੇ ਪੁਤਰਾਂ ਨੂੰ ਘਰ ਦੀ ਦੇਖ-ਭਾਲ ਸੰਭਾਲੀ ਤਾਂ ਉਨ੍ਹਾਂ ਵੀ ਆਪਣੇ ਮਿਤਰਾਂ ਤੇ ਰਿਸ਼ਤੇਦਾਰਾਂ ਨੂੰ ਇਕੱਠਾ ਕਰਕੇ ਪਹਿਲਾਂ ਭੋਜਨ ਕਰਾਇਆ ਤੇ ਫਿਰ ਅਜਿਹਾ ਕਰਨ ਦੀ ਸੂਚਨਾ ਦਿਤੀ। ਸ਼੍ਰਾਵਕ ਲੋਕ ਧਰਮ ਦੇ ਮਾਮਲੇ ਵਿਚ ਪਤੀ ਨਾਲ ਹੋਰ ਮੈਂਬਰਾਂ ਨਾਲ ਚਰਚਾ ਕਰਦੇ।

ਉਸ ਸਮੇਂ ਸ਼੍ਰਾਵਕ ਧਰਮ ਹਰ ਆਦਮੀ ਇਕਲਾ ਇਕਲਾ ਗ੍ਰਹਿਣ ਕਰਦਾ ਸੀ। ਇਹ ਜ਼ਰੂਰੀ ਨਹੀਂ ਕਿ ਘਰ ਦੇ ਸਾਰੇ ਹੀ ਆਦਮੀ ਸ਼੍ਰਾਵਕ ਹੋਣ। ਭਗਵਾਨ ਮਹਾਵੀਰ ਨੇ ਕਦੇ ਵੀ ਕਿਸੇ ਨੂੰ ਮਜਬੂਰਨ ਜਾਂ ਲਾਲਚ ਦੇਕੇ ਉਪਾਸਕ ਨਹੀਂ ਸੀ ਬਣਾਇਆ। ਉਹ ਤਾਂ ਆਖਦੇ ਸਨ ਕਿ "ਮਨੁਖ ਨੂੰ ਆਪਣੀ ਆਤਮਿਕ ਤੇ ਸਰੀਰਕ ਸਥਿਤੀ ਵੇਖ ਕੇ ਧਰਮ ਗ੍ਰਹਿਣ ਕਰਨਾ ਚਾਹੀਦਾ ਹੈ।"

ਉਸ ਸਮੇਂ ਜੋ ਲੋਕ ਜੈਨ ਧਰਮ ਦੇ ਉਪਾਸਕ ਨਹੀਂ ਸਨ ਉਹ ਖੁਲੇ ਆਮ ਮਾਸ' ਸ਼ਰਾਬ ਦੀ ਵਰਤੋਂ ਕਰਦੇ ਸਨ ਰੇਵਤੀ ਗਾਥਾਪਤਨੀ ਤਾਂ ਗਾਂ ਦਾ ਮਾਸ ਵੀ ਖਾਂਦੀ ਸੀ। ਉਸ ਸਮੇਂ ਮਾਸ ਤੇ ਸ਼ਰਾਬ ਦਾ ਪ੍ਰਚਾਰ ਉਸ ਸਮੇਂ ਦੇ ਵੈਦਿਕ ਧਰਮ ਦਾ ਅੰਗ ਬਣ ਚੁਕਾ ਸੀ ਜਗ੍ਹਾ ਜਗ੍ਹਾ ਹਿੰਸਕ ਯਗ ਹੁੰਦੇ ਸਨ ਮਨੁਸਮ੍ਰਿਤੀ ਵਿਚ ਕਈ ਪ੍ਰਕਾਰ ਦੇ ਸ਼੍ਰਾਧਾਂ ਲਈ ਭਿੰਨ ਭਿੰਨ ਪ੍ਰਕਾਰ ਦੇ ਮਾਸ ਬ੍ਰਾਹਮਣਾਂ ਨੂੰ ਖਿਲਾਉਣ ਲਈ ਲਿਖਿਆ ਗਿਆ ਹੈ।

ਬਹੁਪਤਨੀ ਪ੍ਰਥਾ ਆਮ ਸੀ। ਹਰ ਪਤਨੀ ਆਪਣੇ ਦਹੇਜ ਦੀ ਮਾਲਕਿਨ ਆਪ ਹੁੰਦੀ ਸੀ। ਉਸ ਸਮੇਂ ਇਸਤਰੀਆਂ ਨੂੰ ਸੰਪਤੀ ਰਖਣ ਦਾ ਅਧਿਕਾਰ ਸੀ। ਕਈ ਵਾਰ ਧਨ ਦੇ ਲਾਲਚ ਲਈ ਉਹ ਆਪਣੀਆਂ ਸੌਕਣਾਂ ਨੂੰ ਜਹਿਰ ਜਾਂ ਹਥਿਆਰ ਨਾਲ ਮਾਰ ਦਿੰਦੀਆਂ ਸਨ ਅਤੇ ਉਨ੍ਹਾਂ ਦੀ ਸੰਪਤੀ ਆਪਣੇ ਕਬਜ਼ੇ ਵਿਚ ਕਰ ਲੈਂਦੀਆਂ ਸਨ। ਉਸ

ਸਮੇਂ ਔਰਤਾਂ ਦੇ ਬਹੁਤ ਦਾਸੀਆਂ ਹੁੰਦੀਆਂ ਸਨ। ਰੇਵਤੀ ਗਾਥਾਪਤਨੀ ਤਾਂ ਇੰਨੀ ਕਾਮੁਕ ਸੀ ਕਿ ਉਹ ਮਾਸ ਸ਼ਰਾਬ ਵਿਚ ਮਸਤ ਹੋਈ ਜੈਨ ਉਪਾਸਰੇ ਵਿਚ ਪਹੁੰਚ ਗਈ ਅਤੇ ਆਪਣੇ ਪਤੀ ਨੂੰ ਕਾਮ ਭੋਗ ਦੀ ਪ੍ਰਾਰਥਨਾ ਕਰਨ ਲਗੀ। ਤੰਗ ਆਕੇ ਮਹਾਸ਼ਤਕ ਸ਼੍ਰਾਵਕ ਅਪਣੀ ਪਤਨੀ ਨੂੰ ਸ਼ਰਾਪ ਦਿੰਦਾ ਹੈ।

ਲੋਕ ਬਹੁਤ ਹੀ ਐਸ਼ ਆਰਾਮ ਦੀ ਜ਼ਿੰਦਗੀ ਗੁਜ਼ਾਰਦੇ ਸਨ।

ਉਸ ਸਮੇਂ ਨੌਕਰਾਂ ਤੇ ਦਾਸ ਦਾਸੀਆਂ ਨਾਲ ਉਪਾਸਕ ਲੋਕ ਬਹੁਤ ਚੰਗਾ ਵਿਵਹਾਰ ਕਰਦੇ ਸਨ ਉਨ੍ਹਾਂ ਨੂੰ ਦੇਵਾਨੁਪ੍ਰਿਆ ਜਾਂ ਕੋਟਵਿੰਕ ਪੁਰਸ਼ (ਪ੍ਰੀਵਾਰ ਦਾ ਮੈਂਬਰ) ਆਖ ਕੇ ਸੰਬੋਧਨ ਕਰਦੇ ਸਨ।

ਉਸ ਸਮੇਂ ਇਸਨਾਨ ਪਿਛੋਂ ਸਰੀਰ ਪੂੰਝਣ ਲਈ ਗੰਧ ਕਸਾਂਏ ਨਾਮਕ ਵਰਤਰ ਦਾ ਇਸਤੇਮਾਲ ਕੀਤਾ ਜਾਂਦਾ ਸੀ। ਦਾਤੁਨ ਦੇ ਰੂਪ ਵਿਚ ਮਲਹਟੀ ਦਾ ਇਸਤੇਮਾਲ ਹੁੰਦਾ ਸੀ। ਉਸ ਸਮੇਂ ਸਿਰ ਤੇ ਅੱਖਾਂ ਧੋਣ ਲਈ ਦੁਧੀਆ ਆਵਲੇ ਦਾ ਪ੍ਰਯੋਗ ਕੀਤਾ ਜਾਂਦਾ ਸੀ।

ਮਾਲਿਸ਼ ਆਦਿ ਕਰਨ ਲਈ ਸੁਤਪਾਕ ਅਤੇ ਸਹਸਚਰਪਾਕ ਨਾਮਕ ਤੇਲ ਦੀ ਵਰਤੋਂ ਵੀ ਉਪਾਸਕ ਲੋਕ ਕਰਦੇ ਸਨ।

ਬਟਨੇ ਦੇ ਰੂਪ ਵਿਚ ਕਣਕ ਦਾ ਆਟਾ ਵੀ ਇਸਤੇਮਾਲ ਹੁੰਦਾ ਸੀ।

ਉਪਾਸ਼ਕ ਲੋਕ ਕਪਾਹ ਦੇ ਬਨੇ ਕਪੜੇ ਪਹਿਨਦੇ ਸਨ ਸਰੀਰਕ ਸ਼ਿੰਗਾਰ ਲਈ ਅਗਰ, ਕੁੰਕੁਮ ਤੇ ਚੰਦਨ ਦੀ ਵਰਤੋਂ ਕੀਤੀ ਜਾਂਦੀ ਸੀ ਸਫੇਦ ਕਮਲ ਤੇ ਮਾਲਤੀ ਦੇ ਫੁੱਲਾਂ ਦੇ ਹਾਰ ਵੀ ਲੋਕ ਗਲਾਂ ਵਿਚ ਪਾਉਂਦੇ ਸਨ।

ਉਪਾਸਕ ਲੋਕ ਆਪਣੇ ਨਾਂ ਦੀ ਕੀਮਤੀ ਅੰਗੂਠੀ ਜ਼ਰੂਰ ਪਹਿਨਦੇ ਸਨ। ਧੂਪ ਆਦਿ ਰੂਪ ਵਿਚ ਅਗਰੂ ਤੇ ਲੋਂਵਾਨ ਦੀ ਵਰਤੋਂ ਕੀਤੀ ਜਾਂਦੀ ਸੀ।

ਉਪਾਸਕ ਆਪਣੀਆਂ ਪ੍ਰਤਿਗਿਆ ਕਰਦੇ ਸਮੇਂ ਪੀਣ ਵਾਲੇ ਪਦਾਰਥਾਂ ਦੇ ਰੂਪ ਵਿਚ ਮੂੰਗੀ ਦੀ ਦਾਲ ਦਾ ਪਾਣੀ, ਘੀ ਵਿਚ ਤਲੇ ਚਾਵਲਾਂ ਦਾ ਪਾਣੀ ਜਾਂ ਕਾਂਜੀ ਦੀ ਵਰਤੋਂ ਦੀ ਮਰਿਆਦਾ ਕਰਦੇ ਸਨ।

ਉਸ ਸਮੇਂ ਕਮਲ ਨਾਂ ਦੀ ਉਤਮ ਕਿਸਮ ਦਾ ਚੌਲ ਬਹੁਤ ਮਸ਼ਹੂਰ ਸੀ। ਦਾਲਾਂ ਵਿਚ ਮਟਰ, ਮੂੰਗੀ ਅਤੇ ਉੜਦ ਦੀ ਦਾਲ ਦੀ ਬਹੁਤ ਵਰਤੋਂ ਕੀਤੀ ਜਾਂਦੀ ਸੀ।

ਘੀ ਦੇ ਰੂਪ ਵਿਚ ਗਊ ਦਾ ਦਾਨੇਦਾਰ ਘੀ ਬਹੁਤ ਉੱਤਮ ਮੰਨਿਆ ਜਾਂਦਾ ਸੀ।

ਉਸ ਸਮੇਂ ਬਾਥੂ,ਚੂਚੂ, ਘੀਆ, ਸਵੋਸਤੀਕ ਅਤੇ ਮੰਡਕੀਕ ਸਬਜ਼ੀਆਂ ਬਹੁਤ ਪ੍ਰਚਲਿਤ ਸਨ। ਉਸ ਸਮੇਂ ਕਾਂਜੀ ਵਿਚ ਦਾਲ ਦੀਆਂ ਪਕੌੜੀਆਂ ਬੜੇ ਸ਼ੌਕ ਨਾਲ ਇਮਲੀ ਦੀ ਚਟਨੀ ਪਾਕੇ ਖਾਈਆਂ ਜਾਂਦੀਆਂ ਸਨ।

ਲੋਕ ਪਾਨ ਖਾਨ ਦੇ ਬਹੁਤ ਸ਼ਕੀਨ ਸਨ। ਪਾਨ ਵਿਚ ਅਨੇਕਾਂ ਕਿਸਮ ਦੇ ਖੁਸ਼ਬੂਦਾਰ ਪਦਾਰਥ ਪਾਏ ਜਾਂਦੇ ਸਨ ਜਿਨ੍ਹਾਂ ਵਿਚੋਂ ਪੰਜ ਬਹੁਤ ਚੰਗੇ ਮੰਨੇ ਜਾਂਦੇ ਸਨ। ਇਨ੍ਹਾਂ ਨੂੰ ਪੰਚਸੁਗੰਧ ਆਖਦੇ ਸਨ ਇਹ ਪਦਾਰਥ ਸਨ ਕੰਕੋਲ, ਕਾਲੀ ਮਿਰਚ, ਏਲਾ, ਲੌਂਗ, ਦਾਲ-ਚੀਨੀ ਤੇ ਕਪੂਰ।

ਉਸ ਸਮੇਂ ਲੋਕ ਆਪਣੀਆਂ ਇਸਤਰੀਆਂ ਤੇ ਗੁਪਤ ਭੇਦ ਪ੍ਰਕਟ ਕਰ ਦਿੰਦੇ ਸਨ ਗਲਤ ਲਿਖਤਾਂ ਲਿਖ ਕੇ ਲੋਕਾਂ ਨੂੰ ਧੋਖਾ ਦੇ ਦਿੰਦੇ ਸਨ।

ਉਨ੍ਹਾਂ ਦਿਨਾਂ ਵਿਚ ਸਮਗਲਿੰਗ ਦਾਂ ਬਹੁਤ ਜੋਰ ਸੀ ਕਈ ਲੋਕ ਸਮਗਲਿੰਗ ਕਰਨ ਲਈ ਚੋਰਾਂ ਦੀ ਨਿਯੁਕਤੀ ਕਰ ਦਿੰਦੇ ਸਨ। ਗਲਤ ਤੇ ਘਟ ਤੋਲਣ ਦਾ ਰਿਵਾਜ ਕਾਫ਼ੀ ਜ਼ੋਰਾਂ ਤੇ ਸੀ। ਲੋਕ ਨਕਲੀ ਬੱਟੇ ਇਸਤੇਮਾਲ ਕਰਦੇ ਸਨ। ਕਈ ਲੋਕ ਮਿਲਾਵਟਾਂ ਵੀ ਕਰਦੇ ਸਨ। ਅਸਲੀ ਚੀਜ਼ ਨੂੰ ਨਕਲੀ ਤੇ ਨਕਲੀ ਨੂੰ ਅਸਲੀ ਆਖਣ ਦੀ ਬਹੁਤ ਬੁਰਾਈ ਵੀ ਸੀ। ਲੋਕ ਕਈ ਵਾਰੀ ਗਲਤ ਢੰਗਾਂ ਨਾਲ ਸਰਹੱਦਾਂ ਦੀ ਉਲੰਘਣਾ ਕਰ ਦਿੰਦੇ ਸਨ।

ਇਸ ਸਮੇਂ ਲੋਕਾਂ ਵਿਚ ਇਕ ਬਹੁਤ ਬੜੀ ਬੁਰਾਈ ਇਹ ਸੀ ਕਿ ਲੋਕ ਕਾਮ ਭੋਗਾਂ ਵਿਚ ਬਹੁਤ ਫਸੇ ਹੋਏ ਸਨ। ਉਹ ਕਈ ਢੰਗਾਂ ਨਾਲ ਅਨੈਤਿਕ ਕੰਮ ਕਰਦੇ ਸਨ ਜਿਵੇਂ ਕਿਸੇ ਔਰਤ ਨੂੰ ਕੁਝ ਸਮੇਂ ਲਈ ਪਤਨੀ ਸਮਝ ਕੇ ਭੋਗ ਕਰਨਾ, ਵੇਸ਼ਯਾ, ਕੁਮਾਰੀ ਅਤੇ ਵਿਧਵਾ ਔਰਤਾਂ ਨਾਲ ਭੋਗ ਕਰਨਾ ਅਤੇ ਹੋਰ ਕਈ ਢੰਗਾਂ ਨਾਲ ਵਾਸਨਾ ਪੂਰਤੀ ਕਰਦੇ ਸਨ। ਕਈ ਵਾਰ ਲੋਕ ਗਲਤ ਰਿਸ਼ਤੇਦਾਰੀ ਸਥਾਪਿਤ ਕਰਾ ਦਿੰਦੇ ਸਨ। ਕਈ ਲੋਕ ਅਨੈਤਿਕ ਤੇ ਅਪ੍ਰਾਕ੍ਰਿਤ ਕਾਮ ਵਾਸਨਾ ਪੂਰੀ ਕਰਦੇ ਸਨ।

**ਰਾਜਨੀਤਿਕ ਅਵਸਥਾਂ**—ਉਸ ਸਮੇ ਬਹੁਤ ਦੇਸ ਵਿਚ ਰਾਜ ਤੰਤਰ ਸੀ ਰਾਜੇ ਵੀ ਹੋਰ ਲੋਕਾਂ ਨਾਲ ਭਗਵਾਨ ਮਹਾਵੀਰ ਦੇ ਦਰਸ਼ਨ ਕਰਨ ਜਾਇਆ ਕਰਦੇ ਸਨ। ਰਾਜ਼ੇ ਲੋਕ ਨਗਰ ਦੇ ਸੇਠਾਂ ਦਾ ਬਹੁਤ ਸਤਿਕਾਰ ਤਰਦੇ ਸਨ ਆਨੰਦ ਉਪਾਸਕ ਤੋਂ ਬਾਣਜ ਗ੍ਰਾਮ ਦਾ ਜਿਤਸਤਰੂ ਰਾਜਾ ਬਹੁਤ ਸਾਰੇ ਕੰਮਾ, ਯੋਜਨਾਵਾਂ, ਪਰਿਵਾਰਿਕ ਪ੍ਰਸ਼ਨ ਰਾਜਨਿਤਿਕ ਮਾਮ ਲਿਆ ਅਤੇ ਹੋਰ ਲੈਣ ਦੇਣ ਵਿਚ ਰਾਏ ਮਸਵਰਾ ਲਿਆ ਕਰਦਾ ਸੀ।

ਰਾਜੇ ਤੋਂ ਛੁਟ ਈਸਵਰ, ਸੈਨਾਪਤੀ, ਸਾਰਥਵਾਹ, ਕੋਟਵੀਕ ਪੁਰਸ ਦਾ ਬਹੁਤ ਮਾਨ ਸੀ। ਈਸਵਰ 72 ਕਲਾਵਾਂ ਦਾ ਜਾਨਕਾਰ ਹੁੰਦਾ ਸੀ। ਉਹ ਸ਼ਾਸਤਰ ਵਿਦਿਆ ਵਿਚ ਨਿਪੁੰਨ ਹੁੰਦਾ ਸੀ।

ਉਪਾਸਕ ਦਸਾਂਗ ਵਿਚ ਜਿਤਸ਼ਤਰੂ ਤੇ ਸ਼੍ਰੇਣਿਕ ਦੋ ਰਾਜਿਆਂ ਦਾ ਵਰਨਣ ਆਉਂਦਾ ਹੈ। ਇਕੱਲਾ ਸ਼੍ਰੇਣਿਕ ਰਾਜਗ੍ਰਹਿ ਦਾ ਰਾਜਾ ਸੀ ਬਾਕੀ ਸਾਰਿਆਂ ਨਗਰਾਂ ਦਾ ਰਾਜਾ ਜਿਤਸ਼ਤਰੂ ਆਖਿਆ ਗਿਆ ਹੈ। ਬੜੀ ਹੈਰਾਨੀ ਦੀ ਗੱਲ ਹੈ ਕਿ ਉਹ ਇੰਨੇ ਦੇਸਾਂ ਦਾ

ਰਾਜਾ ਕਿਵੇਂ ਹੋ ਗਿਆ ਕਿਉਂਕਿ ਸ਼੍ਰੇਣਿਕ ਦੇ ਮਰਨ ਤੋਂ ਬਾਅਦ ਉਸ ਦਾ ਪੁੱਤਰ ਅਜਾਤ-ਸ਼ਤਰੂ ਤੇ ਜਾਂ ਕੋਣਿਕ ਗੱਦੀ ਤੇ ਬੈਠਾ ਸੀ। ਜੈਨ ਸਾਹਿਤ ਵਿਚ ਇਹ ਤਾਂ ਆਉਂਦਾ ਹੈ ਕਿ ਉਸਨੇ ਆਸ ਪਾਸ ਦੇ ਦੇਸਾਂ ਨੂੰ ਜਿਤ ਕੇ ਮਗਧ ਨੂੰ ਵਿਸ਼ਾਲ ਦੇਸ਼ ਦਾ ਰੂਪ ਦਿਤਾ ਪਰ ਭਗਵਾਨ ਮਹਾਵੀਰ ਦਾ 22ਵਾਂ ਚੌਮਾਸਾ ਰਾਜਗ੍ਰਹਿ ਸੀ ਅਤੇ 16ਵਾਂ ਬਣਿਆ ਨਗਰ ਵਿਚ। ਪਿਤਾ ਤੋਂ ਪਹਿਲਾਂ ਪੁੱਤਰ ਕਿਵੇਂ ਰਾਜਾ ਅਖਵਾ ਸਕਦਾ ਹੈ ਲਗਦਾ ਹੈ ਕਿ ਜਿਤਸ਼ਤਰੂ ਇਕ ਵਿਸ਼ੇਸ਼ਕ ਹੈ।

**ਆਰਥਿਕ ਸਥਿਤੀ**—ਉਸ ਸਮੇ ਵਿਉਪਾਰ ਬਹੁਤ ਜ਼ੋਰ-ਸ਼ੋਰ ਨਾਲ ਹੁੰਦਾ ਸੀ। ਸ਼੍ਰਾਵਕ ਲੋਕ ਵਿਦੇਸ਼ਾਂ ਵਿਚ ਵਿਉਪਾਰ ਕਰਦੇ ਸਨ ਧਨ ਸੰਭਾਲ ਕੇ ਰਖਣ ਦਾ ਢੰਗ ਬੜਾ ਅਜੀਬ ਸੀ। ਕੁਝ ਧਨ ਵਿਉਪਾਰ ਵਿਚ ਲਾਇਆ ਜਾਂਦਾ ਸੀ। ਕੁਝ ਖ਼ਜ਼ਾਨੇ ਵਿਚ ਰਖਿਆ ਜਾਂਦਾ ਸੀ। ਕੁਝ ਘਰ ਦੇ ਸਾਜ ਸਮਾਨ ਦੇ ਰੂਪ ਵਿਚ ਰਖਿਆ ਜਾਂਦਾ ਸੀ।

ਉਸ ਸਮੇ ਵਿਉਪਾਰ ਤੋਂ ਛੁਟ ਲੋਕ ਖੇਤੀ ਬਾੜੀ ਜ਼ੋਰਾਂ ਤੇ ਕਰਦੇ ਸਨ। ਜ਼ਮੀਨ ਨੂੰ ਮਾਪਨ ਲਈ ਹਲ ਦਾ ਹਿਸਾਬ ਲਾਇਆ ਜਾਂਦਾ ਸੀ ਇਕ ਹਲ ਹੇਠ 100 ਬਿਘੇ ਜ਼ਮੀਨ ਮੰਨੀ ਜਾਂਦੀ ਸੀ। ਲੋਕ ਪਸ਼ੂਆਂ ਨੂੰ ਬਹੁਤ ਪਾਲਦੇ ਸਨ। ਪਸ਼ੂਆਂ ਦਾ ਹਿਸਾਬ ਰਖਣ ਦੇ ਢੰਗ ਨੂੰ ਬ੍ਰਿਜ ਆਖਿਆ ਜਾਂਦਾ ਸੀ। 100000 ਪਸ਼ੂਆਂ ਦਾ ਇਕ ਬ੍ਰਿਜ ਹੁੰਦਾ ਸੀ।

ਬੈਲ ਗੱਡੀਆਂ, ਨੌਕਾਵਾਂ, ਜਹਾਜ਼ ਰਥ ਆਦਿ ਦਾ ਇਸਤੇਮਾਲ ਕੀਤਾ ਜਾਂਦਾ ਸੀ। ਉਸ ਸਮੇ ਦਾਸ ਪ੍ਰਥਾ ਆਮ ਸੀ।

ਉਸ ਸਮੇ ਕਈ ਲੋਕ ਡੰਗਰਾਂ ਤੇ ਪੁਰਸ਼ਾਂ ਨੂੰ ਨਪੁੰਸਕ ਕਰਨ ਦਾ ਕੰਮ ਕਰਦੇ ਸਨ। ਕਈ ਲੋਕ ਪਸ਼ੂਆਂ ਅਤੇ ਮਜ਼ਦੂਰਾਂ ਤੇ ਬਹੁਤ ਭਾਰ ਲੱਦ ਦਿਆ ਕਰਦੇ ਸਨ। ਪਸ਼ੂਆਂ ਦੀ ਖੁਰਾਕ ਵਲ ਲੋਕ ਬਹੁਤ ਘਟ ਧਿਆਨ ਦਿੰਦੇ ਸ਼ਨ।

ਉਸ ਸਮੇ ਕਈ ਲੋਕ ਕੋਲੇ ਬਨਾ ਕੇ ਵੇਚਣ ਦਾ ਕੰਮ ਕਰਦੇ ਸਨ। ਕਈ ਹਰੇ ਭਰੇ ਜੰਗਲਾਂ ਨੂੰ ਕਟ ਦਿੰਦੇ ਸਨ। ਕਈ ਲੋਕ ਗੱਡੇ ਤੇ ਰਥ ਬਨਾਉਣ ਦਾ ਕੰਮ ਕਰਦੇ ਸਨ।

ਕਈ ਲੋਕ ਕਿਰਾਏ ਤੇ ਪਸ਼ੂਆਂ ਤੇ ਮਨੁੱਖਾਂ ਨੂੰ ਭਾਰ ਢੋਣ ਲਈ ਦੇ ਦਿੰਦੇ ਸਨ। ਖਾਨ ਵਿਚ ਧਾਤ ਕੱਢਣ ਦਾ ਕੰਮ ਆਮ ਸੀ।

ਇਸੇ ਪ੍ਰਕਾਰ ਦੰਦ, ਲਾਖ, ਸ਼ਰਾਬ, ਜ਼ਹਿਰ, ਬਾਲ ਕੋਹਲੂ ਚਕੀ ਚਲਾਉਣ ਦਾ ਕੰਮ ਜੰਗਲ ਵਿਚ ਅੱਗ ਲਾਉਣ ਦਾ ਕੰਮ, ਤਲਾਓ ਸੁਕਾਉਣ ਦਾ ਕੰਮ, ਬੁਰੇ ਕੰਮਾਂ ਲਈ ਵੇਸ਼ਯਾ ਵਿਰਤੀ ਕਰਾਉਣਾ, ਹਿੰਸਕ ਜਾਨਵਰ ਪਾਲਣ ਦਾ ਕੰਮ ਵਿਉਪਾਰ ਪੱਧਰ ਤੇ ਕੀਤਾ ਜਾਂਦਾ ਸੀ।

ਉਸ ਸਮੇ ਸਿਕੇ ਦਾ ਨਾਂ ਹਿਰਣ ਜਾਂ ਸਵਰਨ ਸੀ। ਇਹ 32 ਰੱਤੀ ਦਾ ਹੁੰਦਾ ਸੀ ਉਸ ਸਮੇ ਸੁਵਰਨ ਮਾਸੇ, ਕਾਰਸਾਰਪਣ, ਮਾਸਕ, ਅਰਧਮਾਸਕ, ਰੁਪਕ, ਪਣਿਕ, ਪਾਯਕਕੇ, ਕਵੜਗ, ਕਾਕਣੀ, ਦਰੂਮ, ਦੀਨਾਰ, ਕੇਵਰਿਗ, ਸਾਮਰਕ ਨਾਂ ਦੇ ਸਿਕਿਆਂ ਦਾ ਵਰਨਣ ਵੀ ਮਿਲਦਾ ਹੈ।

# ਸ਼ਹਿਰਾਂ ਦਾ ਵਰਨਣ

ਸ੍ਰੀ ਉਪਾਸਕ ਦਸਾਂਗਸੂਤਰ ਵਿਚ ਜਿਨ੍ਹਾਂ ਸ਼ਹਿਰਾਂ ਦਾ ਵਰਨਣ ਆਇਆ ਹੈ ਹੁਣ ਅਸੀਂ ਉਹਨਾਂ ਦੀ ਭੂਗੋਲਿਕ ਸਥਿਤੀ ਬਾਰੇ ਵਿਚਾਰ ਕਰਦੇ ਹਾਂ।

1 **ਚੰਪਾ**—ਭਗਵਾਨ ਮਹਾਵੀਰ ਨੇ ਤੇਰ੍ਹਵਾਂ ਚੌਮਾਸਾ ਇਥੇ ਕੀਤਾ ਸੀ, ਇਹ ਅੰਗ ਦੇਸ਼ ਦੀ ਰਾਜਧਾਨੀ ਸੀ। ਅਜ-ਕਲ ਜ਼ਿਲਾ ਭਾਗਲਪੁਰ ਕੋਲ ਚੰਪਾਪੁਰ ਨਾਂ ਦਾ ਪਿੰਡ ਗਗਾ ਦੇ ਕਿਨਾਰੇ ਵਸਿਆ ਹੋਇਆ ਹੈ।

2. **ਬਣਿਆਗਰਾਮ**—ਇਥੇ ਭਗਵਾਨ ਮਹਾਵੀਰ ਨੇ 15ਵਾਂ ਚੌਮਾਸਾ ਕੀਤਾ ਸੀ। ਇਹ ਵੈਸ਼ਾਲੀ ਦਾ ਇਕ ਉਪਭਾਗ ਸੀ। ਅਜਕਲ ਦੇ ਜ਼ਿਲਾ ਮੁਜ਼ਫਰਪੁਰ ਕੋਲ ਵਸਾੜ ਪਿੰਡ ਹੀ ਵੈਸ਼ਾਲੀ ਹੈ। ਇਸ ਤੋਂ ਕੁਝ ਦੂਰ ਅਜ ਕਲ ਬਾਣਿਆ ਨਾਂ ਦਾ ਪਿੰਡ ਹੈ ਇਥੇ ਦਾ ਰਾਜ ਗਣਤੰਤਰ ਸੀ। ਗਣਤੰਤਰ ਦਾ ਮੁਖੀ ਚੇਟਕ ਰਾਜਾ ਸੀ ਜੋ ਭਗਵਾਨ ਮਹਾਵੀਰ ਦਾ ਨਾਨਾ ਜਾਂ ਮਾਮਾ ਸੀ।

3. **ਵਾਰਾਣਸੀ**—ਅਜ ਕਲ ਉਤਰ ਪ੍ਰਦੇਸ਼ ਵਿਚ ਗੰਗਾ ਦੇ ਕਿਨਾਰੇ ਵਸਿਆ ਬਨਾਰਸ ਸ਼ਹਿਰ ਹੀ ਵਾਰਾਣਸੀ ਹੈ ਭਗਵਾਨ ਮਹਾਵੀਰ ਨੇ ਆਪਣਾ 18ਵਾਂ ਚੌਮਾਸਾ ਇਥੇ ਕੀਤਾ ਸੀ।

4. **ਆਲਭਿਆ**—ਆਲਭਿਆ ਦਾ ਜ਼ਿਕਰ ਦੇਸ਼ ਤੇ ਰਾਜਧਾਨੀ ਦੋਹਾਂ ਰੂਪਾਂ ਵਿਚ ਮਿਲਦਾ ਹੈ ਇਹ ਸ਼੍ਰਾਵਸਤੀ ਤੋਂ 30 ਯੋਜਨ ਤੇ ਬਨਾਰਸ ਤੇ 12 ਯੋਜਨ ਸੀ ਈਟਾਵਾ ਤੋਂ 27 ਮੀਲ ਉੱਤਰ ਪੂਰਵ ਵਿਚ ਆਇਵਾ ਨਾਂ ਦਾ ਪਿੰਡ ਹੀ ਆਲਭਿਆ ਹੈ।

5. **ਕੰਪਲਪੁਰ**—ਭਗਵਾਨ ਮਹਾਵੀਰ ਨੇ ਆਪਣਾ 21ਵਾਂ ਚੌਮਾਸਾ ਇਥੇ ਕੀਤਾ ਸੀ। ਇਸ ਨੂੰ ਉੱਤਰੀ ਪੰਜਾਲ ਦੇਸ਼ ਦੀ ਰਾਜਧਾਨੀ ਮੰਨਿਆ ਜਾਂਦਾ ਹੈ ਅਜਕਲ ਫਰੁਖਾਬਾਦ ਦੇ ਕੋਲ ਕੰਪਿਲ ਨਾਂ ਦਾ ਪਿੰਡ ਹੀ ਕਪਿਲਪੁਰ ਹੈ।

7. **ਪੋਲਾਸਪਰ**—ਇਸ ਨਗਰ ਬਾਰੇ ਕੁਝ ਪਤਾ ਨਹੀਂ, ਪਰ ਲਗਦਾ ਹੈ ਕਿ ਇਹ ਵੀ ਪੰਚਾਲ ਦੇਸ਼ ਵਿਚ ਹੋਵੇਗਾ।

8. **ਸ਼੍ਰਾਵਸਤੀ**—ਇਹ ਕੋਸ਼ਲ ਦੇਸ਼ ਦੀ ਰਾਜਧਾਨੀ ਸੀ। ਅਜ ਕਲ ਜ਼ਿਲਾ ਮੇਰਠ ਦੇ ਕਰੀਬ ਸੇਹਠ ਮਹੇਠ ਨਾਂ ਦੇ ਪਿੰਡ ਵਿਚ ਇਸ ਸ਼ਹਿਰ ਦੇ ਖੰਡਰ ਸਨ ਇਹ ਆਜੀਵਕ ਫਿਰਕੇ ਵਾਲਿਆਂ ਦਾ ਬਹੁਤ ਬੜਾ ਕੇਂਦਰ ਸੀ।

9. **ਰਾਜਗ੍ਰਹਿ**—ਇਥੇ ਭਗਵਾਨ ਮਹਾਵੀਰ ਨੇ ਸਭ ਤੋਂ ਜਿਆਦਾ ਚੌਮਾਸੇ ਕੀਤੇ। ਇਥੋਂ ਦਾ ਰਾਜਾ ਸ਼੍ਰੇਣਿਕ ਭਗਵਾਨ ਮਹਾਵੀਰ ਦਾ ਧਰਮ ਉਪਾਸਕ ਸੀ ਅਜ ਕਲ ਜਿਲਾ ਨਾਲੰਦਾ ਵਿਖੇ ਰਾਜਗਿਰਾ ਹੀ ਪੁਰਾਣਾ ਰਾਜਗ੍ਰਹਿ ਹੈ।

# ਜੈਨ ਸੰਸਕ੍ਰਿਤੀ ਦੀ ਇਕ ਝਲਕ

ਭਾਰਤੀ ਸੰਸਕ੍ਰਿਤੀ ਦੀ ਵਿਚਾਰਧਾਰਾ ਨੂੰ ਪ੍ਰਮੁਖ ਰੂਪ ਵਿਚ ਅਸੀਂ ਦੋ ਭਾਗਾਂ ਵਿਚ ਵੰਡ ਸਕਦੇ ਹਾਂ (1) ਵੈਦਿਕ (2) ਸ਼੍ਰਮਣ। ਵੈਦਿਕ ਪਰੰਪਰਾ ਯੋਗ, ਵਰਨ ਆਸ਼੍ਰਮ, ਜ਼ਾਤ ਪਾਤ, ਦੇਵੀ ਦੇਵਤਿਆਂ ਅਤੇ ਵੇਦਾਂ ਵਿਚ ਵਿਸ਼ਵਾਸ ਰਖਦੀ ਸੀ। ਸ਼੍ਰਮਣ ਪਰੰਪਰਾ ਯੋਗ, ਧਿਆਨ, ਵਰਤ, ਕਰਮ ਵਿਚਾਰ ਧਾਰਾ, ਤਪੱਸਿਆ, ਪੁਨਰ ਜਨਮ ਨਿਰਵਾਣ ਵਿਚ ਵਿਸਵਾਸ ਰਖਦੀ ਸੀ।

ਆਰੀਆਂ ਦੇ ਭਾਰਤ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਜੋ ਵਿਕਾਸ ਭਰਪੂਰ ਸਭਿਅਤਾ ਇਸ ਧਰਤੀ ਤੇ ਫੈਲੀ ਹੋਈ ਸੀ ਅਤੇ ਜ਼ਿਨ੍ਹਾਂ ਲੋਕਾਂ ਨਾਲ ਆਰੀਆ ਜਾਤੀ ਦਾ ਯੁੱਧ ਹੋਇਆ ਉਹ ਇਹ ਸ਼੍ਰਮਣਾਂ ਦੀ ਹੀ ਸਭਿਅਤਾ ਸੀ। ਸ਼੍ਰਮਣਾਂ ਦੇ ਪ੍ਰਮੁਖ ਰੂਪ ਵਿਚ ਕਈ ਸੰਪਰਦਾਏ ਰਹੇ ਹਨ—ਜਿਨ੍ਹਾਂ ਵਿਚੋਂ ਜੈਨ, (ਨਿਰਗਰੰਥ) ਬੋਧ, ਆਜੀਵਕ, ਗੈਰਿਕ, ਤਾਪਸ ਆਦਿ ਪ੍ਰਸਿਧ ਸਨ।

ਸਾਖਯ ਦਰਸ਼ਨ ਵੀ ਵੈਦਿਕ ਵਿਚਾਰਧਾਰਾ ਦਾ ਪ੍ਰਮੁਖ ਵਿਰੋਧੀ ਸੀ। ਉਸ ਦਰਸ਼ਨ ਨੇ ਕਠ, ਸਵੇਤਾਸੁਵਰ, ਪ੍ਰਸ਼ਨ ਮੈਤਰਯਾਣੀ ਜੇਹੇ ਪੁਰਾਤਨ ਉਪਨਿਸ਼ਧ ਨੂੰ ਪ੍ਰਭਾਵਿਤ ਕੀਤਾ ਸੀ। ਅੱਜ ਕਲ ਗੈਰੀਕ, ਤਾਪਸ ਤਾਂ ਵੈਦਿਕ ਪਰੰਪਰਾ ਵਿਚ ਮਿਲ ਗਏ ਹਨ। ਅਜੀਵਕ ਸੰਪਰਦਾਏ ਵੀ ਅਜ ਕਲ ਖਤਮ ਹੋ ਗਿਆ ਹੈ। ਅਜ ਕਲ ਸ਼੍ਰਮਣਾਂ ਦੀਆਂ ਦੋ ਪ੍ਰਮੁਖ ਵਿਚਾਰਧਾਰਾਂ ਹੀ ਬਚ ਗਈਆਂ ਹਨ (1) ਜੈਨ ਅਤੇ (2) ਬੁਧ।

## ਜੈਨ ਤੇ ਬੁੱਧ

ਇਨ੍ਹਾਂ ਵਿਚੋਂ ਜੈਨ ਵਿਚਾਰਧਾਰਾ ਭਾਰਤ ਦੀ ਸਭ ਤੋਂ ਪੁਰਾਤਨ ਵਿਚਾਰਧਾਰਾ ਹੈ। ਇਸ ਗਲ ਦੀ ਗਵਾਹੀ ਹੜੱਪਾ ਤੇ ਮੋਹਨਜੋਦੜੋਂ ਦੀਆਂ ਸਭਿਅਤਾਵਾਂ ਦਿੰਦੀਆਂ ਹਨ। ਭਾਵੇਂ ਅਜ ਤਕ ਉਸ ਲਿਪਿ ਨੂੰ ਪੂਰੀ ਤਰ੍ਹਾਂ ਨਹੀਂ ਪੜ੍ਹਿਆ ਜਾ ਸਕਿਆ ਪਰ ਮੋਹਨਜੋਦੜੋਂ ਤੋਂ ਪ੍ਰਾਪਤ ਧਿਆਨ ਵਿਚ ਬੈਠੇ ਯੋਗੀ ਦੀਆਂ ਮੂਰਤੀਆ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ ਕਿ ਆਰੀਆ ਤੋਂ ਪਹਿਲਾ ਜੋ ਸਭਿਅਤਾ ਭਾਰਤ ਵਿਚ ਨਿਵਾਸ ਕਰਦੀ ਸੀ ਉਹ ਸ਼੍ਰਮਣ ਸੰਸਕ੍ਰਿਤੀ ਦਾ ਹੀ ਇਕ ਪ੍ਰਮੁਖ ਅੰਗ ਸੀ ਅਤੇ ਇਸੇ ਸਭਿਅਤਾ ਦਾ ਆਰੀਆਂ ਨੇ ਵਿਨਾਸ਼ ਕੀਤਾ ਸੀ। ਹੁਣ ਅਸੀਂ ਭਾਰਤ ਦੇ ਪੁਰਾਤਨ ਇਤਿਹਾਸ ਤੋਂ ਇਸ ਸਬੰਧੀ ਜਾਨਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕਰਾਂਗੇ।

---

(1) ਪ੍ਰਵਚਨ ਸਾਰੋ ਦਵਾਰ ਗਾਥਾ 731-33।

ਵੇਦ ਸੰਸਾਰ ਦੀ ਸਭ ਤੋਂ ਪੁਰਾਤਨ ਪੁਸਤਕ ਹੈ। ਇਸ ਵਿਚੋਂ ਰਿਗਵੇਦ ਕਾਫੀ ਮਹੱਤਵ ਪੂਰਨ ਹੈ। ਇਸ ਵੇਦ ਵਿਚ ਉਸ ਸਮੇਂ ਦੇ ਪੁਰਾਤਨ ਧਰਮ ਦੀ ਰੂਪ ਰੇਖਾ ਦਾ ਪਤਾ ਲਗਦਾ ਹੈ। ਰਿਗਵੇਦ ਵਿਚ 'ਵਾਤਰਸਨਾ ਮਨੀ' ਦਾ ਵਰਨਣ ਇਸ ਪ੍ਰਕਾਰ ਮਿਲਦਾ ਹੈ "ਮੁਨੀ ਦੀ ਭਾਵਨਾ ਨਾਲ ਰੰਗੇ ਅਸੀਂ ਹਵਾ ਵਿਚ ਸਥਿਤ ਹੋ ਗਏ ਹਾਂ। ਦੋਸਤੋ ਤੁਸੀਂ ਸਾਡਾ ਸ਼ਰੀਰ ਹੀ ਵੇਖਦੇ ਹੋ"।[1]

ਤੈਤਰੀਆਰਯਨਕ ਨੇ ਸ਼੍ਰਮਣਾਂ ਨੂੰ ਹੀ ਵਾਤਰਸ਼ਨਾ ਰਿਸ਼ੀ ਤੇ ਉਰਧਮੰਥੀ (ਬ੍ਰਹਮ-ਚਾਰੀ) ਆਖਿਆ ਹੈ।

वातरशना ह वा ऋषय: श्रमणा उर्ध्वमन्थिनो बभूवु:

(2/7/1 ਸਫਾ 137)

ਇਹ ਸ਼੍ਰਮਣ ਪਹਿਲੇ ਤੀਰਥੰਕਰ ਭਗਵਾਨ ਰਿਸ਼ਵਦੇਵ ਦੇ ਚੇਲੇ ਸਨ। ਇਸ ਗੱਲ ਦਾ ਸਮਰਥਨ ਸ਼੍ਰੀਮਦ ਭਾਗਵਤ (5/3/20) ਵਿਚ ਇਸ ਪਰਕਾਰ ਮਿਲਦਾ ਹੈ 'ਭਗਵਾਨ ਰਿਸ਼ਵ ਸ਼੍ਰਮਣਾਂ, ਰਿਸ਼ੀਆਂ ਤੇ ਬ੍ਰਹਮਚਾਰੀਆਂ ਦਾ ਧਰਮ ਪ੍ਰਗਟ ਕਰਨ ਲਈ ਸ਼ੁਕਲ ਧਿਆਨ ਦੇ ਰੂਪ ਵਿਚ ਪ੍ਰਗਟ ਹੋਏ"।[2]

ਸ਼੍ਰਮਣਾਂ ਦਾ ਵਰਨਣ ਬ੍ਰਹਦ ਆਰਨਯਕ ਉਪਨਿਸ਼ਧ[3] ਤੇ ਰਮਾਇਣ[4] ਵਿਚ ਵੀ ਮਿਲਦਾ ਹੈ।

ਰਿਗਵੇਦ ਵਿਚ ਸ਼੍ਰਮਣਾ ਲਈ ਕੇਸ਼ੀ ਸ਼ਬਦਾਂ ਦਾ ਵਰਨਣ ਵੀ ਮਿਲਦਾ ਹੈ। ਕੇਸ਼ੀ ਭਗਵਾਨ ਰਿਸ਼ਵਦੇਵ ਦਾ ਹੀ ਇਕ ਨਾਂ ਹੈ। ਰਿਗਵੇਦ ਵਿਚ ਕੇਸ਼ੀ ਤੇ ਰਿਸ਼ਵਦੇਵ ਦਾ ਵਰਨਣ ਇਕੱਠਾ ਹੀ ਮਿਲਦਾ ਹੈ।[5]

ਅਥਰਵਵੇਦ ਜਿਸ ਵਿਚ 'ਵਰਾਤਿਆ' (व्रात्य) ਕਾਡ ਦਾ ਵਰਨਣ ਹੈ ਉਸਦੀ ਤੁਲਨਾ ਭਗਵਾਨ ਰਿਸ਼ਵਦੇਵ ਦੀ ਤਪੱਸਿਆ ਨਾਲ ਕੀਤੀ ਜਾ ਸਕਦੀ ਹੈ। ਵਰਾਤਿਆ ਵਾਰੇ ਪ੍ਰਸਿਧ ਵੇਦਾਂ ਦੇ ਟੀਕਾਕਾਰ ਸ੍ਰੀ ਸਾਯਨ ਦਾ ਕਥਨ ਹੈ "ਉਹ ਵਿਦਿਆ ਨਾਲ ਭਰਪੂਰ, ਮਹਾਨ ਅਧਿਕਾਰ ਵਾਲੇ ਪੁੰਨ ਪ੍ਰਤਾਪ ਵਾਲੇ, ਸੰਸਾਰ ਰਾਹੀਂ ਪੂਜਨ ਯੋਗ ਤੇ ਪ੍ਰਮੁਖ ਬ੍ਰਾਹਮਣ ਹਨ। ਇਹ ਵੈਦਿਕ ਸੰਸਕਾਰਾਂ ਤੋਂ ਰਹਿਤ ਹਨ"।

---

(1) ਰਿਗਵੇਦ 10/11/136/2।

(2) धर्मान् दर्शयितुकामो वातरशनानां श्रमणानामृषीणामूर्ध्वम-न्थिनां शुक्लतया तदन्ववततार।

(3) ਬ੍ਰਹਦਾਰ ਨਕ ਉਪਨਿਸ਼ਧ 4/3/22।

(4) ਬਾਲਕਾਂਡ ਸਰਗ 14/22।

तापसा भुञ्जते चापि श्रमणा भुञ्जते तथा

(5) ਰਿਗਵੇਦ 10/9/102/6।

"ਜੇ ਕੋਈ 'ਵਰਾਤਿਆ' ਤਪੱਸਵੀ ਤੇ ਵਿਦਵਾਨ ਹੋਵੇ ਉਹ ਤਾਂ ਸਤਿਕਾਰ ਜਰੂਰ ਪਾਵੇਗਾ ਅਤੇ ਪਰਮਾਤਮਾ ਦੀ ਤਰ੍ਹਾਂ ਪੂਜਿਆ ਜਾਵੇਗਾ ਭਾਵੇਂ ਬ੍ਰਾਹਮਣ ਉਸ ਨਾਲ ਗੁੱਸਾ ਹੀ ਰੱਖਣ।"[1]

ਰਿਗਵੇਦ ਵਿਚ ਭਗਵਾਨ ਰਿਸ਼ਵਦੇਵ ਦਾ ਕਾਫੀ ਜ਼ਿਕਰ ਆਉਂਦਾ ਹੈ।[2] ਕਈ ਲੋਕ ਇਨ੍ਹਾਂ ਸ਼ਬਦਾਂ ਦੇ ਅਰਥ ਬਦਲ ਦਿੰਦੇ ਹਨ।

ਰਿਗਵੇਦ ਵਿਚ ਸ਼੍ਰਮਣ ਸੰਸਕ੍ਰਿਤੀ ਦਾ ਇਕ ਬਹੁਤ ਹੀ ਪਿਆਰਾ ਸ਼ਬਦ 'ਅਰਹਨ' ਵੀ ਮਿਲਦਾ ਹੈ। ਅਰਹਨ ਤੋਂ ਭਾਵ ਹੈ ਰਾਗ ਦਵੇਸ਼ ਨੂੰ ਜਿੱਤ ਕੇ ਸਰਵੱਗ ਬਨਣ ਵਾਲਾ। ਇਹ ਸ਼ਬਦ ਆਮ ਤੌਰ ਤੇ ਤੀਰਥੰਕਰਾਂ ਲਈ ਵਰਤਿਆ ਜਾਂਦਾ ਹੈ।[3]

ਵੈਦਿਕ ਲੋਕ ਵੀ 'ਅਰਹਨ' ਸ਼ਬਦ ਜੈਨ ਧਰਮ ਲਈ ਹੀ ਸਮਝਦੇ ਰਹੇ ਹਨ। 'ਹਨੂਮਾਨ ਨਾਟਕ' ਵਿਚ ਆਖਿਆ ਗਿਆ ਹੈ :

अर्हन्नित्यथ जैनशासनरता: ।

ਆਰੀਆ ਦੇ ਭਾਰਤ ਆਉਣ ਤੋਂ ਪਹਿਲਾਂ ਜੋ ਜਾਤੀਆਂ ਭਾਰਤ ਵਿਚ ਰਹਿੰਦੀਆਂ ਸਨ ਉਨ੍ਹਾਂ ਵਿਚ ਨਾਗ, ਦਰਾਵਿੜ ਅਤੇ ਅਸੁਰ ਬਹੁਤ ਪ੍ਰਸਿਧ ਹਨ। ਦਾਸ ਲੋਕ ਇੰਨੇ ਵਿਕਾਸ ਸ਼ੀਲ ਨਹੀਂ ਸਨ। ਇਨ੍ਹਾਂ ਜਾਤੀਆਂ ਨਾਲ ਹੀ ਆਰੀਆ ਦੇ ਕਈ ਯੁੱਧ ਹੋਏ।

ਪੁਰਾਨਾਂ[4] ਵਿਚ ਜਗ੍ਹਾ ਜਗ੍ਹਾ ਇਹ ਲਿਖਿਆ ਗਿਆ ਹੈ ਕਿ ਅਸੁਰ ਲੋਕ ਅਰਿਹੰਤਾਂ ਦੇ ਉਪਾਸਕ ਸਨ।

---

(1) i) ਅਥਰਵਵੇਦ ਸਾਯਨ ਭਾਸ਼ਯ 15/1/1/1।
कश्चिद् विद्वत्तमं
महाधिकारं पुण्यशीलं विश्वसमान्यं ब्रह्मणविशिष्टे व्रात्यमनुलक्ष्य वचनमिति मन्तव्यम्।
ii) 15/1/1/1।

(2) ਰਿਗਵੇਦ 1/24/140/1-2/4/33/15-5/2/28-4
6/1/1/8,—6/2-19-11,—10-12-166-1।

(3) ਰਿਗਵੇਦ 2-4-33-10।

(4) ਵਿਸ਼ਨੂੰ ਪੁਰਾਣ 3/17/18।
ਪਦਮ ਪੁਰਾਨ ਸ੍ਰਿਸ਼ਟੀ ਖੰਡ ਅਧਿਆਏ 13/170-410।
ਮਤਸਯ ਪੁਰਾਨ 24/43-49।
ਦੇਵੀ ਭਾਗਵਤ 4/13/54-57।

ਵਿਸ਼ਨੂੰ ਪੁਰਾਣ ਵਿਚ ਮਾਯਾ ਮੋਹ ਨਾਂ ਦੇ ਜੈਨ ਭਿਕਸ਼ੂ ਨੇ ਅਸੁਰਾ ਨੂੰ ਅਰਿਹੰਤ ਧਰਮ ਦੀ ਦੀਖਿਆ ਦਿਤੀ। ਉਹ ਵੇਦਾਂ ਵਿਚ ਵਿਸ਼ਵਾਸ ਨਹੀਂ ਰਖਦਾ ਸੀ। ਉਹ ਅਨੇਕਾਂਤ ਵਾਦ ਵਿਚ ਵਿਸ਼ਵਾਸ ਰਖਦਾ ਸੀ।[2]

ਉਪਨਿਸ਼ਦਾਂ ਵਿਚ ਇਹ ਵਰਨਣ ਵੀ ਕੀਤਾ ਗਿਆ ਹੈ ਕਿ ਆਤਮ ਵਿਦਿਆ ਦੇ ਮਾਲਿਕ ਸਭ ਤੋਂ ਪਹਿਲਾਂ ਖਤਰੀ ਸਨ। ਇਨ੍ਹਾਂ ਖਤਰੀਆਂ ਚੇ ਮੁਖੀ ਦਾ ਨਾਂ ਹੀ ਰਿਸ਼ਵਦੇਵ ਸੀ[3] ਜੋ ਨਾਭੀ ਤੇ ਮਰੂਦੇਵੀ ਦੇ ਪੁੱਤਰ ਸਨ। ਇਹ ਆਤਮ ਵਿਦਿਆ, ਯੱਗ, ਜਾਤ ਪਾਤ ਤੋਂ ਰਹਿਤ ਸੀ। ਇਸ ਵਿਦਿਆ ਵਿਚ ਧਿਆਨ ਤੇ ਤਪੱਸਿਆ ਹੀ ਪ੍ਰਧਾਨ ਸੀ।

ਵੇਦ ਤੇ ਉਪਨਿਸ਼ਦਾਂ ਤੋਂ ਛੁੱਟ ਮਹਾਭਾਰਤ ਵਿਚ ਵੀ ਭਗਵਾਨ ਰਿਸ਼ਵਦੇਵ ਦਾ ਵਰਨਣ ਹੈ।[4]

## ਜੈਨ ਤੀਰਥੰਕਰ

ਜੈਨ ਪਰੰਪਰਾ ਵਿਚ 24 ਤੀਰਥੰਕਰ ਮੰਨੇ ਜਾਂਦੇ ਹਨ। ਕਈ ਇਤਿਹਾਸਕਾਰ ਉਨ੍ਹਾਂ ਦੀ ਹੋਂਦ ਵਾਰੇ ਸ਼ਕ ਪ੍ਰਗਟ ਕਰਦੇ ਹਨ। ਕਈ ਲੋਕ ਜੈਨ ਤੇ ਬੁਧ ਧਰਮ ਨੂੰ ਵੈਦਿਕ ਧਰਮ ਵਿਰੁਧ ਇਕ ਬਗਾਵਤ ਸਮਝਦੇ ਹਨ। ਕਈ ਲੋਕ ਮਹਾਵੀਰ ਨੂੰ ਗੌਤਮ ਬੁਧ ਦਾ ਚੇਲਾ ਜਾ ਗੌਤਮ ਬੁਧ ਨੂੰ ਮਹਾਵੀਰ ਦਾ ਚੇਲਾ ਆਖਦੇ ਹਨ।

ਜੈਨ ਧਰਮ ਵਿਚ 6 ਆਰੇ ਮੰਨੇ ਜਾਂਦੇ ਹਨ। ਹਰ ਯੁਗ ਵਿਚ ਚੌਵੀ ਤੀਰਥੰਕਰ ਹੁੰਦੇ ਹਨ। ਵਰਤਮਾਨ ਸਮੇਂ ਹੋਏ ਤੀਰਥੰਕਰਾਂ ਬਾਰੇ ਜਿਥੇ ਵੇਦਾਂ ਵਿਚ ਵਰਨਣ ਮਿਲਦਾ ਹੈ ਉਥੇ ਪੁਰਾਣਾਂ[1] ਮਹਾਭਾਰਤ[2] ਤੇ ਬੋਧੀ ਗਰੰਥਾਂ ਵਿਚ ਕਾਫੀ ਜਾਨਕਾਰੀ ਮਿਲਦੀ ਹੈ ਡਾ: ਰਾਧਾ

---

(2) ਵਿਸ਼ਨੂੰ ਪੁਰਾਨ 3/18/12—13-14—3/18/27
3/18/25—3/18/28-29—3/18/8-11।

(3) ੳ) ਵਾਯੂ ਪੁਰਾਣ ਪੁਰਵ ਅਰਧ 33।50।
ਅ) ਬ੍ਰਹਮਾਂਡ ਪੁਰਾਣ ਪੁਰਵ ਅਰਧ ਅਨੁਸ਼ਪਾਦ 14।60।

(4) ऋषभादीनां महायोगिनामाचारादिष्वेव
अर्हतादयो मोहिता:।
ਮਹਾਂਭਾਰਤ ਸਾਂਤੀ ਪੁਰਵ ਮੋਕਸ਼ ਧਰਮ ਅਧਿਆਏ 263/20।

(1) ਜੈ: ਸਾ: ਈ: ਪੁ: ਪੰਨਾ 108।
(2) ਦੀਰਘ ਨਿਕਾਣੇ 1/1 (5-15) 1/2 (21)

ਕ੍ਰਿਸ਼ਨ ਨੇ ਯਜੁਰਵੇਦ ਵਿਚ ਰਿਸ਼ਵ, ਅਜੀਤ ਅਤੇ ਅਰਿਸ਼ਟਨੇਮੀ ਦੀ ਹੋਂਦ ਦੀ ਸੂਚਨਾ ਦਿਤੀ ਹੈ।

ਬੋਧ ਗਰੰਥ ਅਗੁੰਤਰਨਿਕਾਏ ਵਿਚ ਅਰਕ ਨਾਮ ਦੇ ਤੀਰਥੰਕਰ ਦਾ ਵਰਨਣ ਹੈ[2]। ਇਸੇ ਪ੍ਰਕਾਰ ਬੁਧ ਥੇਰਗਾਥਾ ਵਿਚ ਅਜੀਤ ਨਾਂ ਦੇ ਪ੍ਰਤੇਯੇਕ ਬੁਧ ਦਾ ਵਰਨਣ ਹੈ।[3]

ਬੋਧ ਪਿਟਕਾਂ ਗਰੰਥਾਂ ਵਿਚ ਭਗਵਾਨ ਪਾਰਸ਼ ਨਾਥ ਦੇ ਚਤੁਰਯਾਮ ਧਰਮ ਦਾ ਵਰਨਣ ਹੈ। ਇਸ ਗਰੰਥ ਵਿਚ ਭਗਵਾਨ ਮਹਾਵੀਰ ਨੂੰ ਨਿਗਠੇ ਨਾਯ ਪੁਤ (ਨਿਰਗਰੰਥ ਗਿਆਤਾ ਪੁਤਰ) ਪੰਜਵੇਂ ਤੀਰਥੰਕਰ ਦੇ ਰੂਪ ਵਿਚ ਕਈ ਥਾਂ ਤੇ ਸਤਿਕਾਰ ਨਾਲ ਯਾਦ ਕੀਤਾ ਗਿਆ ਹੈ।

'ਸੋਰਸ਼ਨ' ਨੇ ਮਹਾਭਾਰਤ ਦੇ ਖਾਸ ਨਾਮਾਂ ਦਾ ਇਕ ਕੋਸ਼ ਬਨਾਇਆ ਹੈ। ਜਿਸ ਵਿਚ ਸੁਪਾਰਸ਼ਵ, ਚੰਦਰ ਤੇ ਸੁਮਤੀ ਤਿੰਨ ਤੀਰਥੰਕਰਾਂ ਦੇ ਨਾਵਾਂ ਦੀ ਸੂਚਨਾ ਮਿਲਦੀ ਹੈ। ਇਥੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਇਹ ਤਿੰਨੇ ਹੀ ਅਸੁਰ ਸਨ ਜੋ ਕਿ ਅਰਿਹੰਤ ਧਰਮ ਦੇ ਉਪਾਸਕ ਸਨ। ਇਨ੍ਹਾਂ ਤਿੰਨਾਂ ਨੂੰ ਅੰਸ਼ਾ ਅਵਤਾਰ ਮੰਨਿਆ ਗਿਆ ਹੈ। ਸੁਮਤੀ ਨਾਂ ਦੇ ਇਕ ਰਿਸ਼ੀ ਦਾ ਵਰਨਣ ਵੀ ਆਇਆ ਹੈ।

ਭਾਗਵਤ ਵਿਚ ਰਿਸ਼ਵਦੇਵ ਨੂੰ ਵਿਸ਼ਨੂੰ ਦਾ ਅਵਤਾਰ ਮੰਨਿਆ ਗਿਆ ਹੈ। ਅਵਤਾਰ ਦੇ ਰੂਪ ਵਿਚ ਤਾਂ ਨਹੀਂ, ਪਰ ਸ਼ਿਵ ਦੇ ਜੋ ਹਜ਼ਾਰਾਂ ਨਾਂ ਮਹਾਭਾਰਤ ਵਿਚ ਦਰਜ ਹਨ ਉਨ੍ਹਾਂ ਵਿਚ ਵਿਸ਼ਨੂੰ ਦੇ ਸ਼ਰੇਅੰਸ਼, ਅਨੰਤ, ਧਰਮ, ਸ਼ਾਂਤੀ ਤੇ ਸੰਭਵ ਨਾਂ ਵੀ ਦਿਤੇ ਗਏ ਹਨ। ਸ਼ਿਵ ਦੇ ਨਾਉਂ ਵਿਚ ਅਜਿਤ ਤੇ ਰਿਸ਼ਵ ਦੇ ਨਾਉਂ ਆਉਂਦੇ ਹਨ ਜੋ ਸਭ ਤੀਰਥੰਕਰਾਂ ਦੇ ਨਾਉਂ ਹਨ।[4]

'ਸ਼ਾਂਤੀ' ਵਿਸ਼ਨੂੰ ਦਾ ਨਾਂ ਵੀ ਕਿਹਾ ਗਿਆ ਹੈ। ਵਿਸ਼ਨੂੰ ਤੇ ਸ਼ਿਵ ਦਾ ਨਾਂ 'ਵਰਤ' ਵੀ ਹੈ। ਇਹ ਸਭ ਤੀਰਥੰਕਰਾਂ ਦੇ ਨਾਉਂ ਵੀ ਹਨ। ਇਨ੍ਹਾਂ ਨਾਵਾਂ ਦੀ ਮਹਾਨਤਾ ਇਸ ਕਰਕੇ ਬਹੁਤ ਹੈ ਕਿਉਂਕਿ ਇਹ ਵੇਦ ਵਿਰੋਧੀ ਅਸੁਰ ਸਨ। ਪੁਰਾਣਾਂ ਅਨੁਸਾਰ ਅਸੁਰ ਜੈਨ ਧਰਮ ਦੇ ਜਾਂ ਅਰਿਹੰਤਾਂ ਦੇ ਉਪਾਸਕ ਸਨ।

## ਜੈਨ ਸਾਹਿਤ ਦਾ ਦੂਸਰੇ ਸਾਹਿਤ ਤੇ ਅਸਰ

ਅੱਜ ਕਲ ਉਪਨਿਸ਼ਧਾਂ ਦਾ ਅਵੈਦਿਕ ਹਿੱਸਾ, ਗੀਤਾ, ਮਹਾਭਾਰਤ, ਸਾਂਖਯ ਦਰਸ਼ਨ ਉਪਰ ਸ਼੍ਰਮਣ ਸੰਸਕ੍ਰਿਤੀ ਦੀ ਬਹੁਤ ਡੂੰਘੀ ਛਾਪ ਹੈ। ਇਸੇ ਲਈ ਸ਼੍ਰੀ ਉੱਤਰਾਧਿਐਨ

(3) ਥੇਰ ਗਾਥਾ (1-20)।

(4) ਜੈਨ ਸਾਹਿਤ ਦਾ ਇਤਿਹਾਸ ਭਾਗ: 1 ਪੰਨਾ 23-24-25।

ਦੀਆਂ ਕਈ ਗਾਥਾਵਾਂ ਗੀਤਾ, ਮਹਾਭਾਰਤ ਤੇ ਬੋਧੀ ਗਰੰਥਾਂ ਵਿਚ ਮਿਲਦੀਆਂ ਹਨ। ਕਈ ਕਹਾਨੀਆਂ ਵੀ ਨਾਂ ਦੇ ਹੇਰ ਫੇਰ ਨਾਲ ਮਹਾਭਾਰਤ ਤੇ ਬੋਧੀ ਗਰੰਥਾਂ ਵਿਚ ਮਿਲਦੀਆਂ ਹਨ। ਸ਼੍ਰਮਣ ਪਰੰਪਰਾ ਦੀ ਸਭ ਤੋਂ ਬੜੀ ਦੇਨ ਧਿਆਨ, ਤਪੱਸਿਆ, ਵਰਤ ਆਦਿ ਦੀ ਮਹਾਨ ਪਰੰਪਰਾ ਹੈ। ਭਗਵਾਨ ਮਹਾਵੀਰ ਇਸੇ ਪਰੰਪਰਾ ਦੀ ਆਖਰੀ ਕੜੀ ਸਨ ਉਹ ਸੰਸਥਾਪਕ ਨਹੀਂ ਸ਼੍ਰਮਣ ਪਰੰਪਰਾ ਭਾਰਤ ਦੀ ਆਦ ਕਾਲ ਤੋਂ ਚਲੀ ਪਰੰਪਰਾ ਹੈ। ਇਹ ਯੱਗ ਵਿਰੋਧੀ ਹੈ ਜਾਤ ਪਾਤ ਤੋਂ ਰਹਿਤ ਹੈ। ਵਰਨ ਆਸ਼ਰਮ ਲਈ ਇਸ ਵਿਚ ਕੋਈ ਥਾਂ ਨਹੀਂ। ਵੇਦਾਂ ਵਿਚ ਵਰਨਣ ਕੀਤੇ ਅਸ਼ੁਰਾਂ ਦਾ ਧਰਮ ਇਸੇ ਨਾਲ ਸਬੰਧਿਤ ਹੈ।

## ਜੈਨ ਸਮਰਾਟ

ਇਹੋ ਪਰੰਪਰਾ ਨੂੰ ਅੱਗੇ ਚਲ ਕੇ ਭਾਰਤ ਦੇ ਕਈ ਮਹਾਨ ਰਾਜਿਆਂ ਬਿੰਵਸਾਰ, ਅਜਾਤਸ਼ਤਰੂ, ਚੰਦਰਗੁਪਤ ਮੋਰੀਆ, ਸੰਪ ਪ੍ਰਤਿ, ਕੁਨਾਲ, ਖਾਰਵੇਲ ਅਤੇ ਕੁਮਾਰ ਪਾਲ ਨੇ ਅਪਨਾਇਆ। ਹਰ ਇਤਿਹਾਸ ਦਾ ਵਿਦਿਆਰਥੀ ਇਨ੍ਹਾਂ ਬਾਰੇ ਜਾਨਦਾ ਹੈ।

ਮਹਾਤਮਾ ਬੁਧ ਅਤੇ ਮਹਾਵੀਰ ਦੇ ਮਾਤਾ ਪਿਤਾ ਵੀ ਸ਼੍ਰਮਣਾਂ ਦੇ ਉਪਾਸਕ ਸਨ।

ਚੰਦਰਗੁਪਤ ਭਾਰਤ ਦਾ ਪਹਿਲਾ ਸਮਰਾਟ ਸੀ ਜਿਸ ਬਾਰੇ ਪ੍ਰਮਾਣਿਕ ਇਤਿਹਾਸ ਜੈਨ ਸਾਹਿਤ ਤੋਂ ਹੀ ਮਿਲਦਾ ਹੈ। ਸਮਪ੍ਰਤਿ ਤੇ ਖਾਰਵੇਲ ਤਾਂ ਜੈਨ ਧਰਮ ਵਿਚ ਉਹ ਹੀ ਥਾਂ ਰਖਦੇ ਹਨ ਜੋ ਬੋਧ ਧਰਮ ਵਿਚ ਅਸ਼ੋਕ ਦੀ ਹੈ। ਕੁਮਾਰ ਪਾਲ ਆਖਰੀ ਭਾਰਤੀ ਰਾਜਾ ਸੀ ਜਿਸ ਦੇ ਸਮੇਂ ਪ੍ਰਸਿਧ ਜੈਨ ਸਾਹਿਤਕਾਰ ਅਚਾਰੀਆ ਹੇਮ ਚੰਦਰ ਪੈਦਾ ਹੋਏ। ਖਾਰਵੇਲ ਨੇ ਦਖਣੀ ਭਾਰਤ ਵਿਚ ਜੈਨ ਧਰਮ ਦਾ ਪ੍ਰਚਾਰ ਕੀਤਾ। ਅੱਜ ਵੀ ਇਨ੍ਹਾਂ ਰਾਜਿਆਂ ਰਾਹੀਂ ਖੁਦਾਏ ਸ਼ਿਲਾਲੇਖ, ਮੰਦਰ ਤੇ ਮੂਰਤੀਆਂ ਪ੍ਰਾਪਤ ਹੁੰਦੀਆਂ ਹਨ। ਜੈਨ ਪਰੰਪਰਾ ਦੇ ਅਸ਼ੋਕ ਵੀ ਪਹਿਲਾਂ ਜੈਨ ਧਰਮ ਦਾ ਉਪਾਸਕ ਸੀ। ਪਰ ਬਾਅਦ ਵਿਚ ਬੁਧ ਬਣ ਗਿਆ।

## ਜੈਨ ਕਲਾ ਦੇ ਕੇਂਦਰ

ਜੈਨ ਧਰਮ ਨੇ ਭਾਰਤੀ ਸੰਸਕ੍ਰਿਤੀ ਨੂੰ ਜਿਥੇ ਧਿਆਨ ਤੇ ਤਪ ਦੀ ਪਰੰਪਰਾ ਪ੍ਰਦਾਨ ਕੀਤੀ ਉਥੇ ਕਲਾ ਤੇ ਸਾਹਿਤ ਵਿਚ ਵੀ ਸਭ ਤੋਂ ਅੱਗੇ ਰਿਹਾ ਹੈ। ਜੈਨ ਕਲਾ ਦੇ ਪ੍ਰਮੁਖ ਕੇਂਦਰ ਮਥੁਰਾ, ਪਾਲੀਤਾਨਾ, ਸਮੇਤ ਸਿਖਰ, ਰਾਣਕਪੁਰ, ਆਬੂ, ਰਾਜਗਿਰੀ, ਖੁਜਰਾਹੋ, ਰੇਵਤਗਿਰੀ ਤੇ ਸ਼੍ਰਮਣ ਬੇਲਗੋਲਾ ਹਨ। ਜੋ ਅੱਜ ਵੀ ਮਨੁੱਖ ਨੂੰ ਮਾਨਸਿਕ ਸ਼ਾਂਤੀ ਪ੍ਰਦਾਨ ਕਰਦੇ ਹਨ।

## ਜੈਨ ਸਾਹਿਤ

ਜੈਨ ਸਾਹਿਤਕਾਰਾਂ ਨੇ ਅਜੇਹਾ ਕੋਈ ਵਿਸ਼ਾ ਨਹੀਂ ਜਿਸ ਉਪਰ ਸਾਹਿਤ ਨਾਂ ਰਚਿਆ ਹੋਵੇ। ਆਗਮਾਂ ਤੇ ਰਚੇ ਟੀਕਾ, ਟੱਬਾ, ਅਵਚੂਰਨੀ, ਨਿਯੁਕਤੀਆਂ ਤੋਂ ਛੁਟ ਜੋਤਸ਼, ਭਗੋਲ, ਖੰਗੋਲ, ਵਿਆਕਰਨ, ਨਿਆਏ, ਯੋਗ, ਮੰਤਰ, ਜੰਤਰ, ਗਣਿਤ, ਇਤਹਾਸ, ਆਯੁਰਵੇਦ, ਕਵਿਤਾ ਅਤੇ ਨੀਤੀ ਤੇ ਹਜ਼ਾਰਾਂ ਦੀ ਸੰਖਿਆ ਵਿਚ ਰਚਨਾ ਕੀਤੀ।



# ਮਹਾਂਮੰਤਰ ਨਵਕਾਰ [ਨਮਸਕਾਰ ਮੰਤਰ]

ਨਮੋ ਅਰਿਹੰਤਾਣੰ

ਨਮੋ ਸਿਧਾਣੰ

ਨਮੋ ਆਯਾਰਿਆਣੰ

ਨਮੋ ਉਭੱਝਾਯਾਣੰ

ਨਮੋ ਲੋਏ ਸੱਬ ਸਾਹੂਣੰ

ਏਸੋ ਪੰਚ ਨਮੋਕਕਾਰੋ, ਸੱਬ ਪਾਵੱ ਪਨਾਸਣੋ
ਮੰਗਲਾਣੰ ਚ ਸੱਬੇ ਸਿੰ, ਪੜਮ ਹੱਵਈ ਮੰਗਲੰ

**ਅਰਥ**—(1) ਅਰਿਹੰਤ ਦੇਵ ਨੂੰ ਨਮਸਕਾਰ ਹੋਵੇ ।

(2) ਸਿੱਧ (ਮੁਕਤ ਆਤਮਾਵਾਂ) ਨੂੰ ਨਮਸਕਾਰ ਹੋਵੇ ।

(3) ਅਚਾਰਿਆ (ਸੰਘ ਦੇ ਨੇਤਾ) ਨੂੰ ਨਮਸਕਾਰ ਹੋਵੇ ।

(4) ਉਪਾਧਿਆਏ (ਸਿਖਿਆ ਦੇਣ ਵਾਲੇ ਅਧਿਆਪਕ) ਨੂੰ ਨਮਸਕਾਰ ਹੋਵੇ ।

(5) ਇਸ ਲੋਕ ਵਿਚ ਘੁਮਣ ਵਾਲੇ ਸਾਰੇ ਸਾਧੂਆਂ ਨੂੰ ਨਮਸਕਾਰ ਹੋਵੇ ।

ਇਨ੍ਹਾਂ ਪੰਜਾਂ ਨੂੰ ਨਮਸਕਾਰ ਕਰਨ ਨਾਲ ਸਭ ਪ੍ਰਕਾਰ ਦੇ ਪਾਪਾਂ ਦਾ ਨਾਸ਼ ਹੁੰਦਾ ਹੈ । ਸਾਰੇ ਪ੍ਰਮੁਖ ਮੰਗਲਾਂ ਵਿਚ ਇਹ ਸਭ ਤੋਂ ਪ੍ਰਮੁਖ ਮੰਗਲ ਹੈ । ਇਸ ਦਾ ਜਾਪ ਕਰਨ ਨਾਲ ਚਾਰੋਂ ਪਾਸੇ ਮੰਗਲ ਹੀ ਮੰਗਲ ਹੋ ਜਾਂਦਾ ਹੈ ।

**ਭਾਵ ਅਰਥ**—ਨਵਕਾਰ ਮੰਤਰ ਦਾ ਜੈਨ ਧਰਮ ਦੇ ਚਾਰੇ ਫਿਰਕਿਆਂ ਵਿਚ ਬਹੁਤ ਹੀ ਸ਼ਤਿਕਾਰ ਯੋਗ ਸਥਾਨ ਹੈ । ਪੁਰਾਤਨ ਅਚਾਰੀਆਵਾਂ ਦਾ ਕਥਨ ਹੈ ਕਿ ਇਸ ਮੰਤਰ ਤੋਂ ਵਧ ਕੇ ਕੋਈ ਗਿਆਨ ਨਹੀਂ । ਇਸ ਮੰਤਰ ਵਿਚ 14 ਪੂਰਵਾਂ ਦਾ ਸਾਰ ਆ ਜਾਂਦਾ ਹੈ । ਇਸ ਮੰਤਰ ਵਿਚ ਹੋਰਨਾਂ ਮੰਤਰਾਂ

ਦੀ ਤਰ੍ਹਾਂ ਕਿਸੇ ਵਿਸ਼ੇਸ਼ ਵਿਅਕਤੀ ਜਾਂ ਦੇਵੀ ਦੇਵਤਾ ਨੂੰ ਨਮਸਕਾਰ ਨਹੀਂ ਕੀਤਾ ਗਿਆ। ਸਗੋਂ ਗੁਣਾਂ ਤੇ ਅਧਾਰਿਤ ਮਹਾਂਪੁਰਸ਼ਾਂ ਨੂੰ ਬਿਨਾ ਕਿਸੇ ਜਾਤ, ਪਾਤ, ਰੰਗ ਨਸਲ ਤੋਂ ਪਰ੍ਹਾਂ ਹਟ ਕੇ ਨਮਸਕਾਰ ਕੀਤਾ ਗਿਆ ਹੈ। ਇਹ ਮੰਤਰ ਬਹੁਤ ਪ੍ਰਭਾਵਸ਼ਾਲੀ ਹੈ। ਪੁਰਾਤਨ ਸਮੇਂ ਤੋਂ ਇਸ ਮੰਤਰ ਤੇ ਅਧਾਰਿਤ ਬਹੁਤ ਸਾਰੇ ਮੰਤਰ ਗ੍ਰੰਥਾਂ ਦੀ ਰਚਨਾ ਵੀ ਹੋਈ ਹੈ।

ਹੁਣ ਅਸੀਂ ਅਰਿਹੰਤ, ਸਿੱਧ, ਅਚਾਰੀਆਏ, ਉਪਾਧਿਆਏ ਤੇ ਸਾਧੂ ਆਦਿ ਸ਼ਬਦਾਂ ਦੇ ਅਰਥਾਂ ਤੇ ਉਨ੍ਹਾਂ ਦੇ ਗੁਣਾਂ ਦੀ ਵਿਆਖਿਆ ਕਰਦੇ ਹਾਂ :—

## ਅਰਿਹੰਤ

ਅਰਿਹੰਤ ਸ਼ਬਦ ਜੈਨ ਤੇ ਬੁਧ ਧਰਮ ਵਿਚ ਬਹੁਤ ਮਹੱਤਵ ਰਖਦਾ ਹੈ। ਜੈਨ ਧਰਮ ਅਨੁਸਾਰ ਅਰਿਹੰਤ ਉਹ ਹੈ ਜੋ ਆਤਮਿਕ ਦੁਸ਼ਮਨਾਂ (ਕਾਮ, ਕਰੋਧ ਆਦਿ ਪੰਜ ਮਾਨਸਿਕ ਦੁਸ਼ਮਨਾਂ) ਨੂੰ ਜਿੱਤ ਲੈਂਦਾ ਹੈ।

ਚਾਰ ਆਤਮਾ ਦੇ ਗੁਣਾਂ ਦਾ ਨਾਸ਼ ਕਰਨ ਵਾਲੇ ਕਰਮਾਂ (1) ਗਿਆਨਵਰਨੀਆ (2) ਦਰਸ਼ਨਵਰਨੀਆ (3) ਮੋਹਨੀਆ (4) ਅੰਤਰਾਏ, ਦਾ ਖਾਤਮਾ ਕਰਦਾ ਹੈ। ਅਰਿਹੰਤ ਭਗਵਾਨ ਦੀ ਮਹੱਤਤਾ ਪ੍ਰਗਟ ਕਰਨ ਵਾਲੇ 12 ਗੁਣ ਹੁੰਦੇ ਹਨ।[1]

ਬੁਧ ਧਰਮ ਅਨੁਸਾਰ ਅਰਿਹੰਤ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਗਈ ਹੈ "ਜਿਸਨੇ ਸੰਸਾਰ ਦਾ ਪੈਂਡਾ ਤਹਿ ਕਰ ਲਿਆ ਹੈ ਜੋ ਸ਼ੋਗ ਰਹਿਤ ਹੈ ਅਤੇ ਹਰ ਤਰ੍ਹਾਂ ਸੁਤੰਤਰ ਹੈ। ਜਿਸ ਦੀਆਂ ਸਾਰੀਆਂ ਗੰਢਾਂ ਨਿਰਮੂਲ ਹੋ ਗਈਆਂ ਹਨ, ਉਸ ਦੇ ਲਈ ਦੁਖ ਨਹੀਂ।[2]

ਸਾਰਥੀ ਦੁਆਰਾ ਚੰਗੀ ਤਰ੍ਹਾਂ ਸਿਖਾਏ ਹੋਏ ਘੋੜਿਆਂ ਵਾਂਗ ਜਿਸ ਮਨੁਖ ਦੀਆਂ ਇੰਦਰੀਆਂ ਸ਼ਾਂਤ ਹੋ ਗਈਆਂ ਹਨ ਅਭਿਮਾਨ ਖਤਮ ਹੋ ਗਿਆ ਹੈ ਅਤੇ ਜੋ ਵਿਕਾਰ ਰਹਿਤ ਹੈ ਉਸ ਵਿਅਕਤੀ ਦੀ ਦੇਵਤੇ ਵੀ ਚਾਹ ਕਰਦੇ ਹਨ।[3]

ਇਸ ਪ੍ਰਕਾਰ ਦੇ ਮਨੁੱਖ, ਜੋ ਸੱਚੇ ਗਿਆਨ ਰਾਹੀਂ ਮੁਕਤ ਹੈ ਉਸਦਾ ਮਨ ਸ਼ਾਂਤ ਹੁੰਦਾ ਹੈ, ਉਸ ਦੇ ਬੋਲ ਤੇ ਕਰਮ ਵੀ ਸ਼ਾਂਤ ਹਨ। ਸੱਚੇ ਗਿਆਨ ਰਾਹੀਂ ਮੁਕਤ ਤੇ ਸ਼ਾਂਤ "ਸੰਤਪੁਰਸ਼" ਦਾ ਮਨ, ਬਾਣੀ ਤੇ ਮਨ ਸਭ ਸ਼ਾਂਤ ਹੁੰਦਾ ਹੈ।[4]

---

(2) ਧਮ ਪਦ ਗਾਥਾ 7/90

(3) ਧਮ ਪਦ ਗਾਥਾ 7/94

(4) ਧਮ ਪਦ ਗਾਥਾ 7/96

ਉਪਰੋਕਤ ਮਨੁੱਖ ਪ੍ਰਿਥਵੀ ਵਾਂਗ ਸਹਿਨਸ਼ੀਲ, ਪੱਕੇ ਥੰਮ ਦੀ ਤਰਾਂ ਅਡੋਲ ਤੇ ਚਿੱਕੜ ਤੋਂ ਰਹਿਤ ਤਲਾ ਵਾਂਗ ਹੁੰਦਾ ਹੈ। ਇਸ ਤਰਾਂ ਦੇ ਮਨੁੱਖ ਦਾ ਜਨਮ ਮਰਣ ਦਾ ਚੱਕਰ ਮਿਟ ਜਾਂਦਾ ਹੈ।

(1) ਅਨੰਤ ਗਿਆਨ (2) ਅਨੰਤ ਦਰਸ਼ਨ (3) ਅਨੰਤ ਚਾਰਿਤਰ (4-5) ਅਨੰਤ ਬਲਵੀਰਜ (6) ਅਨੰਤ ਸ਼ਾਯਕ ਸਮਿਕੱਤਵ (7) ਵਜਰ ਰਿਸਵ ਨਾਰਾਚ ਸਹਨੰਨਾ (8) ਸਮਚਤੁਰ ਸਸਤਰ ਸੰਸਥਾਨ (9) 34 ਅਤਿਸ਼ੈ (10) ਬਾਣੀ ਦੇ 35 ਗੁਣ (11) ਇਕ ਹਜ਼ਾਰ ਸਰੀਰ ਲੱਛਣ (12) 64 ਇੰਦਰਾਂ ਰਾਹੀ ਪੂਜਨਯੋਗ ਇਹ ਗੁਣ ਅਰਿਹੰਤ ਤੇ ਤੀਰਥੰਕਰਾਂ ਦੇ ਹਨ। ਤੀਰਥੰਕਰ ਇਕ ਸਮੇਂ ਵਿਚ 24 ਹੀ ਹੁੰਦੇ ਹਨ। ਤੀਰਥੰਕਰ ਤੋਂ ਭਾਵ ਸਾਧੂ, ਸਾਧਵੀ, ਸ਼ਰਾਵਕ ਤੇ ਸ਼ਰਾਵਿਕਾ ਰੂਪੀ ਚਹੁੰ ਪੱਖੀ ਤੀਰਥ ਦਾ ਸੰਸਥਾਪਕ ਹੈ।

ਅਤਿਸ਼ੈ ਤੋਂ ਭਾਵ ਹੈ ਉਹ ਗੁਣ ਜੋ ਹੋਰ ਮਨੁਖਾਂ ਵਿਚ ਨਾ ਪਾਏ ਜਾਣ। ਇਨ੍ਹਾਂ ਵਿਚੋਂ ਚਾਰ ਅਤਿਸ਼ੈ ਜਨਮ ਸਮੇਂ, 15 ਕੇਵਲ ਗਿਆਨ ਸਮੇਂ ਅਤੇ 15 ਦੇਵਤਿਆਂ ਰਾਹੀਂ ਪ੍ਰਗਟ ਕੀਤੇ ਜਾਂਦੇ ਹਨ। ਸੰਖੇਪ ਵਿਚ 34 ਅਤਿਸ਼ੈ ਇਸ ਪ੍ਰਕਾਰ ਹਨ।

(1) ਸਰੀਰ ਦੇ ਬਾਲ ਨਹੀਂ ਵਧਦੇ ਅਤੇ ਜਿੰਨੇ ਵਧਦੇ ਵੀ ਹਨ ਉਹ ਸੋਹਣੇ ਲਗਦੇ ਹਨ।

(2) ਸ਼ਰੀਰ ਤੇ ਮਿੱਟੀ, ਮੈਲ ਨਹੀਂ ਜੰਮਦੀ।

(3) ਖ਼ੂਨ ਅਤੇ ਮਾਸ ਗਊ ਦੇ ਦੁਧ ਵਾਂਗ ਸਫੈਦ ਤੇ ਮਿੱਠਾ ਹੁੰਦਾ ਹੈ।

(4) ਸਾਹਾਂ ਵਿਚ ਖੁਸ਼ਬੂ ਹੁੰਦੀ ਹੈ।

(5) ਆਮ ਮਨੁਖ ਉਨ੍ਹਾਂ ਨੂੰ ਭੋਜਨ ਕਰਦੇ ਨਹੀਂ ਵੇਖ ਸਕਦਾ। ਪਰ ਅਵਧੀ ਗਿਆਨੀ ਵੇਖ ਸਕਦਾ ਹੈ।

(6) ਤੀਰਥੰਕਰ ਅਤੇ ਅਰਿਹੰਤ ਜ਼ਦ ਚਲਦੇ ਹਨ ਉਨ੍ਹਾਂ ਅੱਗੇ ਇਕ ਧਰਮ ਚੱਕਰ ਚਲਦਾ ਹੈ। ਜਿੱਥੇ ਭਗਵਾਨ ਠਹਿਰਦੇ ਹਨ ਧਰਮ ਚੱਕਰ ਵੀ ਠਹਿਰ ਜਾਂਦਾ ਹੈ।

(7) ਤੀਰਥੰਕਰ ਦੇ ਸਿਰ ਤੇ ਤਿੰਨ ਛਤਰ ਆਕਾਸ਼ ਤੋਂ ਹੀ ਵਿਖਾਈ ਦਿੰਦੇ ਹਨ। ਸਾਰੇ ਛਤਰ ਮੋਤੀਆਂ ਦੀ ਝਾਲਰ ਵਾਲੇ ਹੁੰਦੇ ਹਨ।

(8) ਗਊ ਦੇ ਦੁਧ ਦੀ ਤਰਾਂ ਅਤੇ ਕਮਲ ਦੇ ਫੁੱਲਾਂ ਦੀ ਤਰਾਂ ਉਜਲ ਦੇ ਝਾਲਰ ਝੁਲਾਏ ਜ਼ਾਂਦੇ ਹਨ। ਉਨ੍ਹਾਂ ਦੀ ਡੰਡੀ ਰਤਨਾਂ ਦੀ ਬਣੀ ਹੁੰਦੀ ਹੈ।

(9) ਅਰਿਹੰਤ ਭਗਵਾਨ ਜਿਥੇ ਵਿਰਾਜਦੇ ਹਨ ਉਥੇ ਸਫੁਟੀਕ ਮਨੀ ਦੀ ਤਰਾਂ